ਐਤਵਾਰ, 2 ਨਵੰਬਰ, 2025
17 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 152

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SUNDAY, 2 NOVEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 8+6=14

## 22.58 ਲੱਖ ਦਾ ਵਿਕਿਆ 0001

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਦੇ ਲੋਕ ਮਹਿੰਗੀਆਂ ਗੱਡੀਆਂ ਅਤੇ ਫੈਂਸੀ ਨੰਬਰ ਰੱਖਣ ਦੇ ਸ਼ੌਕੀ ਹਨ। ਇਸ ਦਾ ਪ੍ਰਮਾਣ ਇਹ ਹੈ ਕਿ ਚੰਡੀਗੜ੍ਹ ਵਿੱਚ ਹਾਲ ਹੀ ਵਿੱਚ ਹੋਈ ਫੈਂਸੀ ਨੰਬਰਾਂ ਦੀ ਨਿਲਾਮੀ ਵਿੱਚ 0001 ਨੰਬਰ 22.58 ਲੱਖ ਰੁਪਏ ਵਿੱਚ ਨੀਲਾਮ ਹੋਇਆ ਹੈ। ਇਸੇ ਨਿਲਾਮੀ ਦੌਰਾਨ 0007 ਨੰਬਰ 10.94 ਲੱਖ ਰੁਪਏ ਵਿੱਚ ਨਿਲਾਮ ਹੋਇਆ। ਯੂ ਟੀ ਪ੍ਰਸ਼ਾਸਨ ਦੇ ਆਰ ਐੱਲ ਏ ਵੱਲੋਂ 29 ਤੋਂ 31 ਅਕਤੂਬਰ ਤੱਕ ਨਵੀਂ ਸੀਰੀਜ਼ 38-01-42 ਦੇ ਫੈਂਸੀ ਨੰਬਰਾਂ ਦੀ ਨਿਲਾਮੀ ਕੀਤੀ ਗਈ ਹੈ। ਇਸ ਦੌਰਾਨ ਯੂ ਟੀ ਪ੍ਰਸ਼ਾਸਨ ਨੇ ਫੈਂਸੀ ਨੰਬਰਾਂ ਦੀ ਨਿਲਾਮੀ ਤੋਂ 2.71 ਕਰੋੜ ਰੁਪਏ ਦਾ ਮਾਲੀਆ ਇਕੱਠਾ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿਛਲੀ ਵਾਰ ਫੈਂਸੀ ਨੰਬਰਾਂ ਦੀ ਹੋਈ ਨਿਲਾਮੀ ਦੌਰਾਨ ਚੰਡੀਗੜ੍ਹ ਵਿੱਚ 0001 ਨੰਬਰ 36 ਲੱਖ ਰੁਪਏ ਵਿੱਚ ਨਿਲਾਮ ਹੋਇਆ ਸੀ।

## ਧਰਮਿੰਦਰ ਹਸਪਤਾਲ ਦਾਖਲ

**ਮੁੰਬਈ** : ਦਿੱਗਜ਼ ਬਾਲੀਵੁੱਡ ਅਦਾਕਾਰ ਧਰਮਿੰਦਰ ਨੂੰ ਇੱਥੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। 89 ਸਾਲਾ ਅਦਾਕਾਰ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਦੱਖਣੀ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਸੂਤਰ ਨੇ ਦੱਸਿਆ ਕਿ ਉਹ ਵੀਰਵਾਰ ਨੂੰ ਹਸਪਤਾਲ ਗਏ ਸਨ, ਕਿਉਂਕਿ ਰਿਪੋਰਟਾਂ ਦੇ ਨਤੀਜਿਆਂ ਨੂੰ ਆਉਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ, ਇਸ ਲਈ ਪਰਵਾਰ ਨੇ ਫੈਸਲਾ ਕੀਤਾ ਕਿ ਜਦੋਂ ਤੱਕ ਸਮੁੱਚੀ ਰੁਟੀਨ ਜਾਂਚ ਸਹੀ ਢੰਗ ਨਾਲ ਨਹੀਂ ਹੋ ਜਾਂਦੀ, ਉਦੋਂ ਤੱਕ ਉਨ੍ਹਾਂ ਦਾ ਉੱਥੇ ਰਹਿਣਾ ਬਿਹਤਰ ਹੋਵੇਗਾ। ਉਹ ਬਜ਼ੁਰਗ ਹਨ ਅਤੇ ਉਨ੍ਹਾ ਨੂੰ ਡਾਕਟਰਾਂ ਦੀ ਸਹੀ ਦੇਖਭਾਲ ਦੀ ਲੋੜ ਹੈ। ਚਿੰਤਾ ਦੀ ਕੋਈ ਗੱਲ ਨਹੀਂ ਹੈ।

## ਮੁੱਖ ਮੰਤਰੀਆਂ ਨੂੰ ਸੱਦਾ-ਪੱਤਰ



**ਚੰਡੀਗੜ੍ਹ** : ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ ਨਾਲ ਮੁਲਾਕਾਤ ਕੀਤੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਰਾਜ ਪੱਧਰੀ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਰਸਮੀ ਸੱਦਾ ਦਿੱਤਾ।

## ਫ਼ਿਰੋਜ਼ਪੁਰ ਕੈਂਟ ਤੱਕ ਜਾਵੇਗੀ ਦਿੱਲੀ-ਮੋਗਾ ਐੱਕਸਪ੍ਰੈੱਸ

**ਚੰਡੀਗੜ੍ਹ** : ਪੰਜਾਬ ਵਿੱਚ ਰੇਲਵੇ ਕਨੈਕਟੀਵਿਟੀ ਲਈ ਇੱਕ ਵੱਡੇ ਕਦਮ ਤਹਿਤ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਐਲਾਨ ਕੀਤਾ ਹੈ ਕਿ 22485 ਦਿੱਲੀ-ਮੋਗਾ ਐੱਕਸਪ੍ਰੈੱਸ ਨੂੰ ਹੁਣ ਫ਼ਿਰੋਜ਼ਪੁਰ ਕੈਂਟ ਤੱਕ ਕੀਤਾ ਗਿਆ ਹੈ। ਸੋਧੀ ਹੋਈ ਸਮਾਂ-ਸੂਚੀ ਅਨੁਸਾਰ ਇਹ ਰੇਲ ਗੱਡੀ ਦਿੱਲੀ ਤੋਂ ਚੱਲੇਗੀ, ਜਾਖਲ ਅਤੇ ਲੁਧਿਆਣਾ ਹੁੰਦੀ ਹੋਈ ਦੁਪਹਿਰ 1:57 'ਤੇ ਮੋਗਾ ਪਹੁੰਚੇਗੀ, ਜਿੱਥੋਂ ਇਹ 01:59 'ਤੇ ਫ਼ਿਰੋਜ਼ਪੁਰ ਕੈਂਟ ਲਈ ਅੱਗੇ ਵਧੇਗੀ। ਇਸ ਰੇਲ ਗੱਡੀ ਦਾ ਫਿਰੋਜ਼ਪੁਰ ਕੈਂਟ ਪਹੁੰਚਣ ਦਾ ਸਮਾਂ ਦੁਪਹਿਰ 3:00 ਵਜੇ ਨਿਰਧਾਰਤ ਕੀਤਾ ਗਿਆ ਹੈ। ਵਾਪਸੀ ਦੀ ਯਾਤਰਾ 'ਤੇ ਰੇਲ ਗੱਡੀ ਫ਼ਿਰੋਜ਼ਪੁਰ ਕੈਂਟ ਤੋਂ ਦੁਪਹਿਰ 03:35 'ਤੇ ਰਵਾਨਾ ਹੋਵੇਗੀ ਅਤੇ ਰਾਤ 11:35 'ਤੇ ਦਿੱਲੀ ਪਹੁੰਚੇਗੀ। ਇਸ ਮੌਕੇ ਰੇਲ ਰਾਜ ਮੰਤਰੀ ਨੇ ਪੰਜਾਬ ਵਿੱਚ ਰੇਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਜੋਂ ਸਮਰਥਨ ਅਤੇ ਵਚਨਬੱਧਤਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।

## ਮੰਦਰ 'ਚ ਭਗਦੜ, 10 ਮੌਤਾਂ



**ਕਾਸੀਬੁੱਗਾ** : ਸ੍ਰੀਕਾਕੁਲਮ ਜ਼ਿਲ੍ਹੇ ਦੇ ਇੱਕ ਮੰਦਰ ਵਿੱਚ ਵਾਪਰੀ ਭਗਦੜ ਦੀ ਘਟਨਾ ਕਾਰਨ ਕਈ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਸ੍ਰੀਕਾਕੁਲਮ ਜ਼ਿਲ੍ਹੇ ਦੇ ਕਾਸ਼ੀਬੁੱਗਾ ਵਿੱਚ ਇੱਕ ਮੰਦਰ 'ਚ ਹੋਈ ਭਗਦੜ 'ਚ ਘੱਟੋ-ਘੱਟ 10 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਇਹ ਭਗਦੜ ਵੈਂਕਟੇਸ਼ਵਰਾ ਮੰਦਰ ਵਿੱਚ ਸਵੇਰੇ ਕਰੀਬ 11.30 ਵਜੇ ਹੋਈ। ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ 'ਐੱਕਸ' 'ਤੇ ਇੱਕ ਪੋਸਟ ਵਿੱਚ ਕਿਹਾ, 'ਸ੍ਰੀਕਾਕੁਲਮ ਜ਼ਿਲ੍ਹੇ ਦੇ ਕਾਸ਼ੀਬੁੱਗਾ ਵੈਂਕਟੇਸ਼ਵਰ ਮੰਦਰ ਵਿੱਚ ਹੋਈ ਭਗਦੜ ਤੋਂ ਮੈਂ ਦੁਖੀ ਹਾਂ। ਇਹ ਬਹੁਤ ਦੁੱਖ ਦੀ ਗੱਲ ਹੈ ਕਿ ਇਸ ਮੰਦਭਾਗੀ ਘਟਨਾ ਵਿੱਚ ਸ਼ਰਧਾਲੂਆਂ ਦੀ ਮੌਤ ਹੋ ਗਈ ਹੈ। ਮੈਂ ਪੀੜਤ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ।' ਉਨ੍ਹਾ ਅਧਿਕਾਰੀਆਂ ਨੂੰ ਜ਼ਖ਼ਮੀ ਵਿਅਕਤੀਆਂ ਲਈ ਬਿਹਤਰ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# .ਗ਼ਦਰ ਲਹਿਰ ਸਦਾ ਜ਼ਿੰਦਾ ਰਹੇਗੀ : ਮੇਲੇ ਦਾ ਪੈਗ਼ਾਮ

**ਜਲੰਧਰ (ਕੇਸਰ)**

ਗ਼ਦਰੀ ਬਾਬਿਆਂ ਦਾ ਮੇਲਾ ਸਿਖਰਲੇ ਦਿਨ ਨਵੀਆਂ ਪੁਲਾਂਘਾਂ ਭਰਦਾ ਲੋਕ ਮਨਾਂ 'ਤੇ ਗ਼ਦਰੀ ਵਿਰਾਸਤ ਅਤੇ ਲੋਕ ਪੱਖੀ ਸੱਭਿਆਚਾਰ ਦੀ ਅਮਿਟ ਛਾਪ ਛੱਡ ਗਿਆ। ਕਮੇਟੀ ਮੈਂਬਰ ਕੁਲਬੀਰ ਸਿੰਘ ਸੰਘੇੜਾ ਨੇ 34ਵੇਂ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਉਹਨਾ ਆਪਣੇ ਭਾਸ਼ਣ 'ਚ ਗ਼ਦਰ ਲਹਿਰ ਦੀ ਪ੍ਰਸੰਗਤਾ ਉਭਾਰਦੇ ਹੋਏ ਇਸ ਦੀ ਮੁੱਲਵਾਨ ਵਿਰਾਸਤ ਤੋਂ ਸਿਖਣ ਦਾ ਸੁਨੇਹਾ ਦਿੱਤਾ। ਉਨ੍ਹਾ ਕਿਹਾ ਕਿ ਗ਼ਦਰ ਲਹਿਰ ਦਾ ਪਰਚਮ ਬੁਲੰਦ ਰੱਖਣ ਦੀ ਲੋੜ ਹੈ।

ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸਵਾਗਤੀ ਸ਼ਬਦਾਂ 'ਚ ਗ਼ਦਰ ਲਹਿਰ ਦੀ ਨਰੋਈ ਪਰੰਪਰਾ ਮਨੀਂ ਵਸਾਉਣ ਦਾ ਹੋਕਾ ਦਿੱਤਾ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਾਮਰਾਜੀ ਦਾਬੇ ਤੋਂ ਮੁਕਤ ਭਾਰਤ ਸਿਰਜਣ ਦੀ ਮਾਰਗ-ਦਰਸ਼ਕ ਹੈ ਗ਼ਦਰ ਲਹਿਰ।

ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ 'ਗ਼ਦਰੀ ਫੁੱਲ ਖਿੜਦੇ ਰਹਿਣਗੇ' ਸੰਗੀਤ ਨਾਟ-ਓਪੇਰਾ 'ਝੰਡੇ ਦਾ ਗੀਤ' ਸੱਤਪਾਲ ਬੰਗਾ ਪਟਿਆਲਾ ਦੀ ਨਿਰਦੇਸ਼ਨਾ 'ਚ ਪੰਜਾਬ ਦੀਆਂ ਦਰਜਨਾਂ ਨਾਟ ਮੰਡਲੀਆਂ ਅਤੇ ਮਿਹਨਤਕਸ਼ ਲੋਕਾਂ ਦੇ ਪਰਵਾਰਾਂ 'ਚੋਂ ਆਏ 100 ਤੋਂ ਵੱਧ ਕਲਾਕਾਰਾਂ ਨੇ ਸਮਾਂ ਬੰਨ੍ਹ ਦਿੱਤਾ। ਖ਼ਾਸ ਕਰਕੇ ਬਾਲ ਕਲਾਕਾਰਾਂ ਨੇ ਮੇਲਾ ਲੁੱਟ ਲਿਆ। ਉਹ ਗ਼ਦਰੀ ਬਾਬਿਆਂ ਦੇ ਮੇਲੇ ਦੀ ਅਨਮੋਲ ਕਲਾਕਾਰ ਪੂੰਜੀ ਬਣ ਗਈ। ਝੰਡੇ ਦੇ ਗੀਤ ਨੇ ਗੁਲਾਬ ਕੌਰ ਦੀ ਇਤਿਹਾਸਕ ਭੂਮਿਕਾ, ਕੁਰਬਾਨੀ, ਆਦਿਵਾਸੀ ਖੇਤਰਾਂ 'ਚ ਕਤਲੋਗਾਰਤ, ਜ਼ਹੀਨ ਬੁੱਧੀਜੀਵੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਤਾੜ ਕੇ ਰੱਖਣ, ਕਾਰਪੋਰੇਟ ਫ਼ਿਰਕੂ ਫਾਸ਼ੀ ਹੱਲੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਇਸ ਨਾਟ ਓਪੇਰੇ ਨੇ ਕਦੇ ਤਾੜੀਆਂ ਦੀ ਗੂੰਜ ਪੁਆਈ, ਕਦੇ ਨਾਅਰਿਆਂ ਦੀ ਗੂੰਜ ਪੈਂਦੀ ਰਹੀ।

ਇਸ ਮੌਕੇ ਕਮੇਟੀ ਵੱਲੋਂ ਮੇਲੇ ਸੰਬੰਧੀ ਸੋਵੀਨਰ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਦੀਆਂ ਦੇਸ਼ ਭਗਤ ਕਮੇਟੀਆਂ ਅਤੇ ਬਾਹਰਲੇ ਮੁਲਕਾਂ ਤੋਂ ਆਏ ਜਥੇਬੰਦੀਆਂ ਦੇ ਕਾਮਿਆਂ ਨੇ ਵੀ ਮੰਚ 'ਤੇ ਖੜ੍ਹੇ ਹੋ ਕੇ ਮੇਲੇ ਅਤੇ ਕਮੇਟੀ ਨਾਲ ਹਮੇਸ਼ਾ ਖੜ੍ਹੇ ਹੋਣ ਦਾ ਅਹਿਦ ਕੀਤਾ। ਕਮੇਟੀ ਵੱਲੋਂ ਪ੍ਰਕਾਸ਼ਤ ਪੁਸਤਕ ਰਘਬੀਰ ਕੌਰ ਐੱਮ ਐੱਲ ਏ ਵੀ ਲੋਕ ਅਰਪਤ ਕੀਤੀ ਗਈ। ਇਸ ਲੋਕ ਅਰਪਣ ਮੌਕੇ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਬਾਹਰੋਂ ਆਏ ਪਰਵਾਰਾਂ ਅਤੇ ਦੇਸ਼ ਭਗਤ ਕਮੇਟੀਆਂ ਦੇ ਅੰਗ-ਸੰਗ ਸਨ।

ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਅਤੇ ਗੜ੍ਹਦੀਵਾਲਾ (ਰੁਪਿੰਦਰ) ਦੀ ਸੰਗੀਤ ਮੰਡਲੀ ਨੇ ਇਨਕਲਾਬੀ ਗੀਤਾਂ ਰਾਹੀਂ ਰੰਗ ਬੰਨ੍ਹਿਆ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਉਹਨਾ ਦਾ ਲਿਖਿਆ ਨਾਟਕ 'ਧਰਤ ਵੰਗਾਰੇ ਤਖ਼ਤ ਨੂੰ' ਪੇਸ਼ ਕੀਤਾ ਗਿਆ। ਇਸ ਨਾਟਕ ਨੂੰ ਭਰੇ ਪੰਡਾਲ ਨੇ ਸਾਹ ਰੋਕ ਕੇ ਦੇਖਿਆ।

ਸਾਰੀ ਰਾਤ ਨਾਟਕ ਤੇ ਗੀਤ-ਸੰਗੀਤ ਇਹ ਸਤਰਾਂ ਲਿਖਣ ਵੇਲੇ ਸ਼ੁਰੂ ਹੋ ਗਿਆ।







## ਰਾਜਪਾਲ ਵੱਲੋਂ ਮਜੀਠੀਆ 'ਤੇ ਕੇਸ ਚਲਾਉਣ ਦੀ ਪ੍ਰਵਾਨਗੀ



**ਚੰਡੀਗੜ੍ਹ** : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸੂਬੇ ਦੇ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਕੇਸ ਚਲਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਪੰਜਾਬ ਕੈਬਨਿਟ ਵੱਲੋਂ 8 ਸਤੰਬਰ ਨੂੰ ਇਸ ਸੰਬੰਧੀ ਸਿਫ਼ਾਰਸ਼ ਕੀਤੇ ਜਾਣ ਤੋਂ ਬਾਅਦ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 19 ਤਹਿਤ ਜਾਰੀ ਕੀਤੀ ਗਈ ਹੈ। ਮਜੀਠੀਆ 'ਤੇ 700 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਬਣਾਉਣ ਦਾ ਦੋਸ਼ ਹੈ, ਜੋ ਉਨ੍ਹਾ ਦੀ ਐਲਾਨੀ ਆਮਦਨ ਨਾਲੋਂ ਲਗਭਗ 1,200 ਫੀਸਦੀ ਜ਼ਿਆਦਾ ਹੈ। ਇਹ ਜਾਇਦਾਦ ਕਥਿਤ ਤੌਰ 'ਤੇ 2013 ਦੇ ਡਰੱਗ ਤਸਕਰੀ ਨੈੱਟਵਰਕ ਨਾਲ ਜੁੜੇ 540 ਕਰੋੜ ਰੁਪਏ ਦੀ ਮਨੀ ਲਾਂਡਰਿੰਗ ਰਾਹੀਂ ਹਾਸਲ ਕੀਤੀ ਗਈ।

## ਭਾਜਪਾ ਵਾਲੇ ਸ਼ੀਸ਼ ਮਹਿਲ 'ਚ ਤਾਂ ਅਰੂਸਾ ਆਲਮ ਵੀ ਠਹਿਰਦੀ ਰਹੀ : ਮਾਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਨੂੰ ਇੱਕ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਭਾਜਪਾ ਪੰਜਾਬ ਦੇ ਅਸਲ ਮੁੱਦਿਆਂ ਦੀ ਬਜਾਏ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੈਕਟਰ ਦੋ ਦੀ 50 ਨੰਬਰ ਕੋਠੀ 'ਚ ਕੈਂਪ ਆਫਿਸ ਬਣਿਆ ਹੈ ਜਿਸ ਬਾਰੇ ਭਾਜਪਾ ਸ਼ੀਸ਼ ਮਹਿਲ ਹੋਣ ਦਾ ਕੂੜ ਪ੍ਰਚਾਰ ਕਰ ਰਹੀ ਹੈ ਜੋ ਬੇਹੱਦ ਨਿੰਦਣਯੋਗ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੋਠੀ ਨੰਬਰ 50 ਇਸ ਲਾਈਨ ਦੀਆਂ ਆਮ ਕੋਠੀਆਂ ਵਾਂਗ ਹੈ ਤੇ ਇਸ ਲਾਈਨ ਵਿਚ 45 ਨੰਬਰ ਤੋਂ 50 ਨੰਬਰ ਵਾਲੀ ਲਾਈਨ ਵਿਚ ਹਰਿਆਣਾ ਦੇ ਭਾਜਪਾ ਮੰਤਰੀ ਦੀ ਕੋਠੀ ਵੀ ਹੈ। ਕੀ ਭਾਜਪਾ ਵਾਲੇ ਇਸ ਕੋਠੀ ਨੂੰ ਵੀ ਸ਼ੀਸ਼ ਮਹਿਲ ਦਾ ਨਾਂ ਦੇਣਗੇ। ਮੁੱਖ ਮੰਤਰੀ ਨੇ ਇਸ ਸਬੰਧੀ ਕਾਗਜ਼ ਦਿਖਾਉਂਦਿਆਂ ਕਿਹਾ ਕਿ ਕੋਠੀ ਨੰਬਰ 45 ਮੁੱਖ ਮੰਤਰੀ ਦੀ ਰਿਹਾਇਸ਼ ਹੈ ਤੇ ਕੋਠੀ ਨੰਬਰ 50 ਵਿਚ ਵਿਸ਼ੇਸ਼ ਕਥਨ ਲਿਖਿਆ ਹੋਇਆ ਹੈ ਕਿ ਇਹ ਕੈਂਪ ਆਫਿਸ ਹੈ ਤੇ ਮੁੱਖ ਮੰਤਰੀ ਪੰਜਾਬ ਦਾ ਹਿੱਸਾ ਹੈ ਜਿਸ ਨੂੰ ਗੈਸਟ ਹਾਊਸ ਵਜੋਂ ਵੀ ਵਰਤਿਆ ਜਾ ਸਕਦਾ ਹੈ। ਇਥੇ ਮੁੱਖ ਮੰਤਰੀ ਦੇ ਮਹਿਮਾਨ ਆ ਕੇ ਉਨ੍ਹਾਂ ਨੂੰ ਮਿਲਦੇ ਹਨ ਤੇ ਕਈ ਵਾਰ ਰਹਿੰਦੇ ਵੀ ਹਨ। ਉਨ੍ਹਾਂ ਇਸ ਮਾਮਲੇ 'ਤੇ ਭਾਜਪਾ ਤੋਂ ਜਵਾਬ ਮੰਗਦਿਆਂ ਕਿਹਾ ਕਿ ਭਾਜਪਾ ਦੇ ਇਸ ਵੇਲੇ ਆਗੂ ਤੇ ਕਾਂਗਰਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੇ ਕਾਰਜਕਾਲ ਵੇਲੇ ਇਸ ਗੈਸਟ ਹਾਊਸ ਵਿਚ ਉਨ੍ਹਾਂ ਦੀ ਮਹਿਮਾਨ ਅਰੂਸਾ ਆਲਮ ਵੀ ਆ ਕੇ ਰਹਿੰਦੇ ਰਹੇ ਹਨ ਤੇ ਕੈਪਟਨ ਦੇ ਏ ਜੀ ਅਤੁਲ ਨੰਦਾ ਵੀ ਰਹਿੰਦੇ ਰਹੇ ਹਨ।



ਇਹ ਆਮ ਕੋਠੀਆਂ ਵਾਂਗ ਹੀ ਹੈ ਤੇ ਇਸ ਨੂੰ ਸ਼ੀਸ਼ ਮਹਿਲ ਕਹਿਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ ਤੇ ਭਾਜਪਾ ਇਸ ਮਾਮਲੇ ਨੂੰ ਬੇਵਜਹਾ ਤੂਲ ਦੇ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਇਸ ਤੋਂ ਇਕ ਦਿਨ ਪਹਿਲਾਂ ਭਾਜਪਾ ਨੇ ਦੋਸ਼ ਲਗਾਇਆ ਸੀ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਕੋਟੇ ਹੇਠ ਚੰਡੀਗੜ੍ਹ ਵਿੱਚ ਸੈਵਨ ਸਟਾਰ ਸਹੂਲਤ ਵਾਲਾ ਸ਼ੀਸ਼ ਮਹਿਲ ਪ੍ਰਦਾਨ ਕੀਤਾ ਜਾ ਰਿਹਾ ਹੈ ਹਾਲਾਂ ਕਿ ਉਹ ਨਾ ਤਾਂ ਚੁਣੇ ਹੋਏ ਵਿਧਾਇਕ ਹਨ ਅਤੇ ਨਾ ਹੀ ਰਾਜ ਸਰਕਾਰ ਦਾ ਹਿੱਸਾ ਹਨ।

## ਕਰਜ਼ਾ ਮੁਆਫ ਕਰਾਉਣ ਵਾਲੀ ਆਦਤ ਚੰਗੀ ਨਹੀਂ : ਅਜੀਤ ਪਵਾਰ

**ਮੁੰਬਈ** : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਹਰ ਚੀਜ਼ ਮੁਫਤ ਕਿਉਂ ਚਾਹੀਦੀ ਹੈ ਤੇ ਉਹ ਕਰਜ਼ਾ ਮੁਆਫ ਕਰਨ ਦੀ ਮੰਗ ਕਿਉਂ ਕਰਦੇ ਰਹਿੰਦੇ ਹਨ। ਕਰਜ਼ਾ ਮੁਆਫੀ ਵਾਲੀ ਆਦਤ ਚੰਗੀ ਨਹੀਂ। ਇੱਕ ਰੈਲੀ ਵਿੱਚ ਉਨ੍ਹਾ ਕਿਹਾ ਕਿ ਸਾਬਕਾ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਵੇਲੇ ਖੇਤੀ ਕਰਜ਼ੇ ਮੁਆਫ ਕੀਤੇ ਗਏ ਅਤੇ ਫਿਰ ਦਵਿੰਦਰ ਫੜਨਵੀਸ ਤੇ ਊਧਵ ਠਾਕਰੇ ਦੀਆਂ ਸੂਬਾ ਸਰਕਾਰਾਂ ਵੇਲੇ ਮੁਆਫ ਕੀਤੇ ਗਏ। ਖੇਤੀ ਕਰਜ਼ੇ ਹਮੇਸ਼ਾ ਨਹੀਂ ਮੁਆਫ ਕੀਤੇ ਜਾ ਸਕਦੇ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਬਿਨਾਂ

• ਬਾਕੀ ਸਫਾ 2 'ਤੇ

## ਭਾਰਤੀ ਮੂਲ ਦੇ ਉਦਯੋਗਪਤੀ 'ਤੇ 4000 ਕਰੋੜ ਦੀ ਕਰਜ਼ਾ ਧੋਖਾਧੜੀ ਦੇ ਦੋਸ਼


**ਚੰਡੀਗੜ੍ਹ** : 'ਵਾਲ ਸਟਰੀਟ ਜਰਨਲ' ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਮੂਲ ਦੇ ਉਦਯੋਗਪਤੀ ਬੰਕਿਮ ਬ੍ਰਹਮਭੱਟ 'ਤੇ ਅਮਰੀਕਾ ਵਿੱਚ ਲਗਭਗ 500 ਮਿਲੀਅਨ ਡਾਲਰ (4000 ਕਰੋੜ ਰੁਪਏ) ਦੀ ਵੱਡੀ ਕਰਜ਼ਾ ਧੋਖਾਧੜੀ ਕਰਨ ਦਾ ਗੰਭੀਰ ਦੋਸ਼ ਲੱਗਾ ਹੈ। ਬ੍ਰਹਮਭੱਟ, ਜੋ ਕਿ ਅਮਰੀਕਾ ਸਥਿਤ ਬ੍ਰਾਡਬੈਂਡ ਟੈਲੀਕਾਮ ਕੰਪਨੀ ਬ੍ਰਿਜਵੋਇਸ ਅਤੇ ਬੈਂਕਾਈ ਗਰੁੱਪ ਦੇ ਸੰਸਥਾਪਕ ਹਨ, 'ਤੇ ਦੋਸ਼ ਹੈ ਕਿ ਉਨ੍ਹਾਂ ਕਰਜ਼ਾ ਲੈਣ ਲਈ ਆਪਣੀਆਂ ਕੰਪਨੀਆਂ ਦੇ ਖਾਤਿਆਂ ਵਿੱਚ ਨਕਲੀ ਗਾਹਕਾਂ ਅਤੇ ਨਕਲੀ ਇਨਵਾਇਸਾਂ ਨੂੰ ਦਿਖਾ ਕੇ ਕਰੋੜਾਂ ਡਾਲਰ ਦੇ ਕਰਜ਼ੇ ਹਾਸਲ ਕੀਤੇ ਹਨ। ਇਨ੍ਹਾਂ ਚੀਜ਼ਾਂ ਨੂੰ ਕਰਜ਼ੇ ਦੀ ਗਿਰਵੀ ਸੰਪਤੀ ਵਜੋਂ ਪੇਸ਼ ਕੀਤਾ ਗਿਆ। ਇਸ ਧੋਖਾਧੜੀ ਦੇ ਸ਼ਿਕਾਰ ਹੋਏ ਕਰਜ਼ਾਦਾਤਾਵਾਂ ਵਿੱਚ ਪ੍ਰਮੁੱਖ ਤੌਰ 'ਤੇ ਵਿਸ਼ਵਵਿਆਪੀ ਨਿਵੇਸ਼ ਕੰਪਨੀ ਬਲੈਕਰੌਕ ਦੀ ਪ੍ਰਾਈਵੇਟ ਕ੍ਰੈਡਿਟ ਸ਼ਾਖਾ ਐੱਚ ਪੀ ਐੱਸ ਇਨਵੈਸਟਮੈਂਟ ਪਾਰਟਨਰਜ਼ ਅਤੇ ਕਈ ਹੋਰ ਅਮਰੀਕੀ ਬੈਂਕ ਸ਼ਾਮਲ ਹਨ, ਜਿਨ੍ਹਾਂ ਨੇ ਆਪਣੀ ਰਕਮ ਦੀ ਵਸੂਲੀ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਧੋਖਾਧੜੀ ਦਾ ਖੁਲਾਸਾ ਜੁਲਾਈ 2025 ਵਿੱਚ ਉਦੋਂ ਹੋਇਆ, ਜਦੋਂ ਇੱਕ ਅਕਾਊਂਟਿੰਗ ਫਰਮ ਨੇ ਸ਼ੱਕੀ ਈਮੇਲ ਆਈ ਡੀਜ਼ ਲੱਭੀਆਂ, ਜੋ ਨਕਲੀ ਡੋਮੇਨਾਂ ਤੋਂ ਬਣਾਈਆਂ ਗਈਆਂ ਸਨ ਅਤੇ ਅਸਲ ਟੈਲੀਕਾਮ ਕੰਪਨੀਆਂ ਦੀ ਨਕਲ ਕਰ ਰਹੀਆਂ ਸਨ। ਰਿਪੋਰਟ ਅਨੁਸਾਰ ਜਦੋਂ ਬ੍ਰਹਮਭੱਟ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ, ਤਾਂ ਉਨ੍ਹਾ ਪਹਿਲਾਂ ਇਸ ਨੂੰ 'ਸਧਾਰਨ ਗਲਤੀ' ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ, ਪਰ ਬਾਅਦ ਵਿੱਚ ਉਹ ਫੋਨ ਕਾਲਾਂ ਦਾ ਜਵਾਬ ਦੇਣਾ ਬੰਦ ਕਰਕੇ ਗਾਇਬ ਹੋ ਗਿਆ। ਇਸ ਤੋਂ ਇਲਾਵਾ ਨਿਊ ਯਾਰਕ ਦੇ ਗਾਰਡਨ ਸਿਟੀ ਸਥਿਤ ਉਨ੍ਹਾਂ ਦਾ ਦਫ਼ਤਰ ਵੀ ਬੰਦ ਮਿਲਿਆ ਅਤੇ ਸਟਾਫ ਕਈ ਹਫ਼ਤਿਆਂ ਤੋਂ ਗੈਰਹਾਜ਼ਰ ਸੀ। ਇਹ ਮਾਮਲਾ ਇਸ ਸਮੇਂ ਅਮਰੀਕੀ ਅਦਾਲਤ ਵਿੱਚ ਵਿਚਾਰ-ਅਧੀਨ ਹੈ।






## 25 ਸਾਲ ਬਾਅਦ ਆਪਾਂ ਏਦਾਂ ਦੇ ਬਣ ਜਾਣਾ!

**ਨਵੀਂ ਦਿੱਲੀ** : ਜੇ ਬੰਦਾ ਜਿਸਮਾਨੀ ਹਰਕਤ ਕੀਤੇ ਬਿਨਾਂ ਇੱਕ ਥਾਂ ਬੈਠਾ ਤੇ ਲੰਮਾ ਪਿਆ ਮੋਬਾਈਲ ਨਾਲ ਹੀ ਚਿੰਬੜਿਆ ਰਿਹਾ ਤਾਂ 25 ਕੁ ਸਾਲ ਬਾਅਦ ਉਸ ਦਾ ਸਰੀਰ ਵੀ ਇਸ ਤਸਵੀਰ ਵਾਲੇ ਬੰਦੇ ਵਰਗਾ ਹੋ ਜਾਵੇਗਾ। ਬੰਦੇ ਦੀ ਇਹ ਡਿਜੀਟਲ ਸ਼ਕਲ ਵੀਵਾਰਡ ਨਾਂਅ ਦੀ ਐਪ ਨੇ ਸੰਸਾਰ ਸਿਹਤ ਜਥੇਬੰਦੀ ਤੇ ਸਿਹਤ 'ਤੇ ਨਜ਼ਰ ਰਖਦੀਆਂ ਹੋਰਨਾਂ ਜਥੇਬੰਦੀਆਂ ਦੇ ਅੰਕੜਿਆਂ ਦਾ ਅਧਿਐਨ ਕਰਕੇ ਬਣਾਈ ਹੈ। ਸੰਸਾਰ ਸਿਹਤ ਜਥੇਬੰਦੀ ਦਾ ਕਹਿਣਾ ਹੈ ਕਿ 80 ਫੀਸਦੀ ਗੱਭਰੂ ਘੱਟੋ-ਘੱਟ ਜਿਸਮਾਨੀ ਸਰਗਰਮੀ ਵੀ ਨਹੀਂ ਕਰ ਰਹੇ। ਹਰ ਚੀਜ਼ ਆਰਡਰ 'ਤੇ ਮੰਗਾਉਣ ਦੀ ਆਦਤ ਪਾ ਲਈ ਹੈ। ਬੱਸ, ਮੋਬਾਇਲ ਨਾਲ ਹੀ ਚਿੰਬੜੇ ਰਹਿੰਦੇ ਹਨ।



ਵੀਵਾਰਡ ਨੇ ਤਸਵੀਰ ਵਾਲੇ ਬੰਦੇ ਦਾ ਨਾਂਅ ਸੈਮ ਰੱਖਿਆ ਹੈ। ਉਸ ਮੁਤਾਬਕ ਮੋਬਾਇਲ ਨਾਲ ਚਿੰਬੜੇ ਰਹਿਣ ਵਾਲੇ ਸੈਮ ਦਾ ਭਾਰ ਵਧ ਗਿਆ ਹੈ, ਉਹ ਸਮੇਂ ਤੋਂ ਪਹਿਲਾਂ ਬੁੱਢਾ ਹੋ ਗਿਆ ਹੈ। ਬੈਠੇ ਰਹਿਣ ਕਾਰਨ ਢਿੱਡ ਵਧ ਗਿਆ ਹੈ। ਚਮੜੀ ਨਰਮ ਪੈ ਗਈ ਹੈ, ਡੇਲੇ ਨਿੱਕਲ ਆਏ ਹਨ। ਸ਼ੂਗਰ ਤੇ ਹਾਰਟ ਅਟੈਕ ਦੇ ਖਤਰੇ ਵਧਾ ਚੁੱਕਾ ਹੈ। ਜੇ ਲੋਕ ਮੋਬਾਇਲ ਨੂੰ ਇੰਜ ਹੀ ਚਿੰਬੜੇ ਰਹੇ ਤਾਂ ਸੈਮ ਵਰਗੇ ਬਣ ਜਾਣਗੇ।

## ਅੱਜ-ਨਾਮਾ

ਨਵੰਬਰ ਚੜ੍ਹਿਆ ਤਾਂ ਸਮਝੋ ਰੁੱਤ ਬਦਲੀ,
ਪੱਖੇ ਚਲਾਉਣ ਦੇ ਦਿਨ ਗਏ ਬੀਤ ਬੇਲੀ।
ਠੰਢ ਵੀ ਲੱਗਣੀ ਵਧਣ ਬਈ ਏਸ ਹਫਤੇ,
ਅਗਲੇ ਮਹੀਨੇ ਵਿੱਚ ਪਊਗੀ ਸੀਤ ਬੇਲੀ।
ਪਈ ਹੋਈ ਧੁੰਦ ਤਾਂ ਵੇਲੇ ਸਿਰ ਘਰ ਜਾਉ,
ਕਰਿਉ ਬਾਹਰ ਨਹੀਂ ਵਕਤ ਬਤੀਤ ਬੇਲੀ।
ਕਰਿਉ ਨਾਲ ਪਰਵਾਰ ਫਿਰ ਵਕਤ ਸਾਂਝਾ,
ਘਰ-ਪਰਵਾਰ ਦਾ ਮਾਣ ਲਉ ਗੀਤ ਬੇਲੀ।
ਆਉਂਦੇ ਤੰਗ ਕਈ ਲੋਕ ਪੰਜਾਬ ਦੇ ਵਿੱਚ,
ਪਹਿਲਾਂ ਗਰਮੀ ਤੋਂ ਉਹੀ ਸਨ ਤੰਗ ਬੇਲੀ।
ਬੁੜਬੁੜ ਕੀਤੀ ਦਾ ਅਸਰ ਨਾ ਪੈਣ ਲੱਗਾ,
ਹਾੜ ਸਿਆਲ ਤਾਂ ਕੁਦਰਤ ਦੇ ਰੰਗ ਬੇਲੀ।

-ਤੀਸ ਮਾਰ ਖਾਂ

# ਪੀ ਯੂ 'ਤੇ ਕਬਜ਼ੇ ਦੀ ਕੇਂਦਰੀ ਕੋਸ਼ਿਸ਼ ਦਾ ਪੰਜਾਬ 'ਚ ਵਿਆਪਕ ਵਿਰੋਧ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਢਾਂਚੇ ਵਿੱਚ ਵੱਡੀ ਤਬਦੀਲੀ ਕਰਦਿਆਂ 59 ਸਾਲ ਪੁਰਾਣੀ ਸੈਨੇਟ ਅਤੇ ਸਿੰਡੀਕੇਟ ਨੂੰ ਫੌਰੀ ਤੌਰ 'ਤੇ ਭੰਗ ਕਰ ਦਿੱਤਾ ਹੈ। ਇਹ ਪਹਿਲੀ ਵਾਰ ਹੈ, ਜਦੋਂ ਯੂਨੀਵਰਸਿਟੀ ਦੀਆਂ ਸਭ ਤੋਂ ਉੱਚੀਆਂ ਫੈਸਲਾ ਲੈਣ ਵਾਲੀਆਂ ਸੰਸਥਾਵਾਂ, ਜੋ 1882 ਵਿੱਚ ਸਥਾਪਤ ਹੋਈਆਂ ਸਨ ਅਤੇ 1947 ਤੋਂ ਬਾਅਦ ਚੰਡੀਗੜ੍ਹ ਵਿੱਚ ਪੁਨਰਗਠਤ ਕੀਤੀਆਂ ਗਈਆਂ ਸਨ, ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਵਾਨਗੀ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਯੂਨੀਵਰਸਿਟੀ ਐਕਟ 1947 ਦੀ ਧਾਰਾ 20 (1) (ਏ) ਦੇ ਤਹਿਤ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਮੁਤਾਬਕ ਯੂਨੀਵਰਸਿਟੀ ਦਾ ਸੰਚਾਲਨ ਹੁਣ ਵਾਈਸ ਚਾਂਸਲਰ ਦੀ ਅਗਵਾਈ ਹੇਠ ਇੱਕ ਬੋਰਡ ਆਫ ਗਵਰਨਰਜ਼ ਕਰੇਗਾ। ਇਸ ਬੋਰਡ ਵਿੱਚ ਕੇਂਦਰ ਸਰਕਾਰ, ਯੂ ਜੀ ਸੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ।

ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਾਅਦ ਯੂਨੀਵਰਸਿਟੀ ਹੁਣ ਸੈਨੇਟ ਚੋਣਾਂ ਨਹੀਂ ਕਰਵਾਏਗੀ ਅਤੇ ਨਾ ਹੀ ਗ੍ਰੈਜੂਏਟ ਵੋਟਰਾਂ ਲਈ ਪ੍ਰਤੀਨਿਧਤਾ ਹੋਵੇਗੀ। ਪਹਿਲਾਂ 91 ਮੈਂਬਰੀ ਸੈਨੇਟ ਅਤੇ 15 ਮੈਂਬਰੀ ਸਿੰਡੀਕੇਟ ਯੂਨੀਵਰਸਿਟੀ ਦੀਆਂ ਨੀਤੀਆਂ ਅਤੇ ਬਜਟ ਨਿਰਧਾਰਤ ਕਰਦੀਆਂ ਸਨ। ਹੁਣ ਇਹ ਅਧਿਕਾਰ ਇੱਕ ਨਵੇਂ ਨਾਮਜ਼ਦ ਬੋਰਡ ਨੂੰ ਤਬਦੀਲ ਕਰ ਦਿੱਤਾ ਜਾਵੇਗਾ।

ਇਸ ਫੈਸਲੇ ਤੋਂ ਬਾਅਦ ਕਈ ਯੂਨੀਵਰਸਿਟੀ ਫੈਕਲਟੀ, ਸਾਬਕਾ ਵਿਦਿਆਰਥੀਆਂ ਅਤੇ ਵਿਦਿਆਰਥੀ ਸੰਗਠਨਾਂ ਨੇ ਇਸ ਨੂੰ ਲੋਕਤੰਤਰੀ ਢਾਂਚੇ 'ਤੇ ਹਮਲਾ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੈਨੇਟ ਅਤੇ ਸਿੰਡੀਕੇਟ ਹੀ ਇੱਕੋ-ਇੱਕ ਮੰਚ ਸਨ, ਜਿੱਥੇ ਫੈਕਲਟੀ, ਵਿਦਿਆਰਥੀ ਅਤੇ ਸਾਬਕਾ ਵਿਦਿਆਰਥੀ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਇਹ ਦੇਸ਼ ਦੇ ਫੈਡਰਲ ਢਾਂਚੇ ਦਾ ਅਪਮਾਨ ਹੈ ਤੇ ਪੰਜਾਬ ਦੇ ਵਿੱਦਿਅਕ ਅਤੇ ਬੌਧਕ ਢਾਂਚੇ ਉੱਤੇ ਹਮਲਾ ਹੈ। ਉਹ ਵੀ 'ਪੰਜਾਬ ਦਿਵਸ' ਦੇ ਮੌਕੇ 'ਤੇ, ਜਿਸ ਦੀ ਕਾਇਮੀ ਲਈ ਹਜ਼ਾਰਾਂ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ। ਬਠਿੰਡਾ ਦੀ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਆਪਣੇ ਕਬਜ਼ੇ ਹੇਠ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾ ਕੇਂਦਰ ਦੇ ਫੈਸਲੇ ਨੂੰ ਤਾਨਾਸ਼ਾਹੀ ਕਦਮ ਕਰਾਰ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਦੇ ਫੈਸਲੇ ਨੂੰ ਪੰਜਾਬ ਨਾਲ ਇੱਕ ਹੋਰ ਬੇਇਨਸਾਫੀ ਕਰਾਰ ਦਿੱਤਾ ਹੈ। ਕੇਂਦਰ ਸਰਕਾਰ ਦੇ ਪੰਜਾਬ ਦੇ ਹੱਕਾਂ ਵਿਰੁੱਧ ਜਾ ਕੇ ਕੀਤੇ ਜਾ ਰਹੇ ਅਜਿਹੇ ਇਕਪਾਸੜ ਫੈਸਲੇ ਪੰਜਾਬ ਦੇ ਲੋਕਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਹੇ ਹਨ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੇ ਇਸ ਕਦਮ ਨੂੰ ਪੰਜਾਬ ਵਿਰੋਧੀ ਅਤੇ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਚੀਮਾ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਲਈ ਬੇਹੱਦ ਖ਼ਤਰਨਾਕ ਹੈ ਅਤੇ ਇਹ ਪੰਜਾਬ ਤੋਂ ਉਸ ਦੀ ਵਿਰਾਸਤ ਖੋਹਣ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ। ਕੇਂਦਰ ਨੂੰ ਅਜਿਹਾ ਫੈਸਲਾ ਲੈਣ ਤੋਂ ਪਹਿਲਾਂ ਪੰਜਾਬ ਸਰਕਾਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ। ਚੀਮਾ ਨੇ ਕਿਹਾ, 'ਪੰਜਾਬ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਅਸੀਂ ਚੁੱਪ ਨਹੀਂ ਰਹਾਂਗੇ ਅਤੇ ਅਸੀਂ ਇਸ ਦਾ ਸਖਤ ਵਿਰੋਧ ਕਰਾਂਗੇ। ਇਸ ਫੈਸਲੇ ਖਿਲਾਫ ਜਲਦੀ ਹੀ ਕੋਈ ਵੱਡਾ ਐਕਸ਼ਨ ਲਿਆ ਜਾਵੇਗਾ।'

ਆਪ ਸਾਂਸਦ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਯੂਨੀਵਰਸਿਟੀ ਦੇ ਲੋਕਤੰਤਰੀ ਢਾਂਚੇ ਨੂੰ ਕਿਵੇਂ ਬਦਲ ਸਕਦੀ ਹੈ? ਕੰਗ ਨੇ ਕਿਹਾ ਕਿ ਇਹ ਬੇਸ਼ਰਮ ਕਾਰਾ ਸੁਧਾਰ ਨਹੀਂ ਹੈ, ਇਹ ਵਿਨਾਸ਼ ਹੈ। ਇਹ ਸੰਘਵਾਦ, ਅਕਾਦਮਿਕ ਆਜ਼ਾਦੀ ਅਤੇ ਸਹਿਕਾਰੀ ਸ਼ਾਸਨ ਦੀ ਭਾਵਨਾ 'ਤੇ ਸਿੱਧਾ ਹਮਲਾ ਹੈ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਤਾਨਾਸ਼ਾਹੀ ਫੈਸਲੇ ਨੂੰ ਪੰਜਾਬ ਦੀ ਗੌਰਵਮਈ ਵਿਰਾਸਤ, ਲੋਕਤੰਤਰ ਅਤੇ ਬੌਧਿਕਤਾ ਉਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।ਕੇਂਦਰ ਦਾ ਇਹ ਆਪਹੁਦਰਾ ਕਦਮ ਪੰਜਾਬ ਦੀ ਮਿਹਨਤ ਨਾਲ ਹਾਸਲ ਕੀਤੀ ਖ਼ੁਦਮੁਖਤਿਆਰੀ, ਅਕਾਦਮਿਕ ਆਜ਼ਾਦੀ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਢਾਹ ਲਾਉਣ ਵਾਲਾ ਹੈ।

• ਬਾਕੀ ਸਫਾ 2 'ਤੇ

## ਸ੍ਰੀਮਦ ਭਾਗਵਤ ਗਿਆਨ ਜੱਗ ਨੂੰ ਲੈ ਕੇ ਵਿਸ਼ਾਲ ਕਲਸ਼ ਯਾਤਰਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ ਮਾਇਆ ਗਾਰਡਨ ਸੁਨਾਮ ਵੱਲੋਂ ਸ੍ਰੀਮਦ ਭਾਗਵਤ ਗਿਆਨ ਜੱਗ ਦੀ ਸ਼ੁਰੂਆਤ ਦੇ ਸੰਬੰਧ 'ਚ ਇੱਕ ਭੰਡਾ ਯਾਤਰਾ ਤੇ ਵਿਸ਼ਾਲ ਕਲਸ਼ ਯਾਤਰਾ ਦਾ ਆਯੋਜਨ ਕੀਤਾ ਗਿਆ।ਇਹ ਕਲਸ਼ ਯਾਤਰਾ ਸ੍ਰੀ ਕਲਿਆਣ ਗਊਸ਼ਾਲਾ ਤੋਂ ਸ਼ੁਰੂ ਹੋ ਕੇ ਸ੍ਰੀ ਸ਼ਿਵ ਮੰਦਰ ਮਾਇਆ ਗਾਰਡਨ 'ਚ ਸਮਾਪਤ ਹੋਈ।ਯਾਤਰਾ ਵਿੱਚ 51 ਸੁਹਾਗਣਾਂ ਨੇ ਕਲਸ਼ ਧਾਰਨ ਕਰਕੇ ਭਗਤੀ ਭਾਵਨਾ ਨਾਲ ਹਿੱਸਾ ਲਿਆ।ਇਸ ਪਵਿੱਤਰ ਯਾਤਰਾ ਦੀ ਅਗਵਾਈ ਸ੍ਰੀ ਸ਼ਿਵ ਮੰਦਰ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਕਾਂਸਲ ਨੇ ਕੀਤੀ।ਉਨ੍ਹਾਂ ਨਾਲ ਸਹਿਯੋਗ ਵਿੱਚ ਸੁਨੀਤਾ ਸ਼ਰਮਾ, ਨਿਰਮਲਾ ਸ਼ਰਮਾ, ਮਾਧਵੀ ਸਿੰਗਲਾ, ਰੀਟਾ ਜਿੰਦਲ, ਅੰਜੂ ਕਾਂਸਲ, ਅਨੀਤਾ ਜਿੰਦਲ, ਅੰਜੂ ਮੁਕੇਸ਼ ਕਾਂਸਲ, ਡਾ. ਗਗਨਦੀਪ ਵਾਵਾ, ਸੰਤੋਸ਼ ਜਿੰਦਲ, ਵਿਜੇਤਾ ਗੋਇਲ, ਆਸ਼ਿਮਾ ਗੋਇਲ, ਗਗਨ ਜਿੰਦਲ, ਮੋਨਿਕਾ ਅਗਰਵਾਲ, ਅੰਜੂ ਮੱਖਣ, ਸਪਨਾ, ਅਨੁ ਗਰਗ, ਰਿਤਿਕਾ ਬਾਂਸਲ, ਸਨੇਹ ਸਿੰਗਲਾ, ਸਨੇਹਾ ਗੋਇਲ, ਸੁਨੀਤਾ ਗਰਗ, ਨੈਨਾ ਕਪੂਰ, ਰੇਣੂ ਗੋਇਲ, ਲਤਾ ਕਾਂਸਲ, ਨਿਸ਼ਾ ਗਰਗ, ਮੰਜੂ ਰਾਣੀ, ਸ਼ਵੇਤਾ, ਯੋਗਿਤਾ ਕਾਂਸਲ, ਕੰਚਨ ਜਿੰਦਲ, ਕਰੀਨਾ ਸਿੰਗਲਾ, ਸ਼ਿਖਾ, ਸ਼ਰੁਤੀ ਗਰਗ, ਵਨੀਤਾ ਸ਼ਰਮਾ, ਬਬੀਤਾ ਬਾਂਸਲ, ਸਿਮਰਨ ਕਾਂਸਲ, ਮੰਜੂ ਮਿੱਤਲ, ਕਰੀਨਾ ਸਿੰਗਲਾ, ਸੁਮਨ ਲਤਾ ਜਿੰਦਲ, ਕਿਰਣ ਸਿੰਗਲਾ, ਅਨੁਰਾਧਾ ਸ਼ਾਸਤਰੀ, ਵਿੰਦੂ ਸ਼ਰਮਾ, ਪਵਨ ਕੈਪਟੀ, ਸ੍ਰੀਮਤੀ ਐਡਵੋਕੇਟ ਸੰਦੀਪ ਬਾਂਸਲ, ਰਜਨੀ ਸੁਸ਼ੀਲ ਗੋਇਲ, ਮੀਨੂ ਅਦਲੱਖਾ ਤੇ ਦੀਕਸ਼ਾ ਸ਼ਰਮਾ ਨੇ ਭਾਗ ਲਿਆ।

# ਨਗਰ ਸੁਧਾਰ ਸਭਾ ਦਾ ਵਫ਼ਦ ਨਵੇਂ ਕਾਰਜ ਸਾਧਕ ਅਫ਼ਸਰ ਨੂੰ ਮਿਲਿਆ

**ਚਾਰ ਮਹੀਨਿਆਂ ਤੋਂ ਲਟਕ ਰਹੀਆਂ ਮੰਗਾਂ ਲਾਗੂ ਕਰਨ ਦੀ ਕੀਤੀ ਮੰਗ**



**ਜਗਰਾਉਂ (ਨਛੱਤਰ ਸੰਧੂ)**-ਨਗਰ ਸੁਧਾਰ ਸਭਾ ਦਾ ਵਫ਼ਦ ਪ੍ਰਧਾਨ ਅਵਤਾਰ ਸਿੰਘ ਦੀ ਅਗਵਾਈ 'ਚ ਨਗਰ ਕੌਂਸਲ 'ਚ ਨਵੇਂ ਕਾਰਜਸਾਧਕ ਅਫ਼ਸਰ ਹਰਨਰਿੰਦਰ ਸਿੰਘ ਨੂੰ ਮਿਲਿਆ।ਵਫ਼ਦ 'ਚ ਡਿਸਪੋਜ਼ਲ ਰੋਡ 'ਤੇ ਮਹੀਨਿਆਂ ਬੱਧੀ ਕੂੜਾ ਨਾ ਚੁੱਕੇ ਜਾਣ ਕਾਰਨ ਬਣੇ ਕੂੜੇ ਦੇ ਪਹਾੜ ਨੂੰ ਪੱਕੇ ਤੌਰ 'ਤੇ ਚੁਕਵਾਉਣ ਲਈ ਸਮਾਜਸੇਵੀ ਸਹਿਯੋਗਸ਼ੀਲ ਕਮੇਟੀ ਦੇ ਆਗੂ ਸਰਪੰਚ ਬਲਜਿੰਦਰ ਸਿੰਘ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਮਦਨ ਸਿੰਘ ਤੇ ਡਿਸਪੋਜ਼ਲ ਰੋਡ ਗਊਸ਼ਾਲਾ ਦੇ ਪ੍ਰਧਾਨ ਨਵੀਨ ਗੋਇਲ ਵੀ ਸ਼ਾਮਲ ਸਨ। ਵਫ਼ਦ ਨੇ ਮੰਗ ਕੀਤੀ ਕਿ ਡਿਸਪੋਜ਼ਲ ਰੋਡ 'ਤੇ ਚਾਰ ਸਕੂਲ, ਚਾਰ ਧਾਰਮਿਕ ਸਥਾਨ, ਗਊਸ਼ਾਲਾ, ਕਈ ਕਲੋਨੀਆਂ ਤੇ ਮਜ਼ਦੂਰ ਬਸਤੀਆਂ ਸਥਿਤ ਹਨ, ਬਦਬੂ ਤੇ ਗੰਦਗੀ ਕਾਰਨ ਲੋਕ ਲੰਮੇ ਸਮੇਂ ਤੋਂ ਛਟਪਟਾ ਰਹੇ ਹਨ।ਇਸ ਲਈ ਇਸ ਜਗ੍ਹਾ ਤੋਂ ਕੂੜੇ ਦਾ ਡੰਪ ਪੱਕੇ ਤੌਰ 'ਤੇ ਹਟਾਇਆ ਜਾਵੇ।ਵਫ਼ਦ ਨੇ ਸ਼ਹਿਰ ਭਰ ਚੋਂ ਵਿਸ਼ੇਸ਼ ਕਰ ਸੂਆ ਰੋਡ (ਡਾ. ਹਰੀ ਸਿੰਘ ਰੋਡ) ਤੇ ਸਾਇੰਸ ਕਾਲਜ ਤੋਂ ਕੂੜੇ ਦੇ ਡੰਪ ਪੱਕੇ ਤੌਰ 'ਤੇ ਹਟਾਉਣ ਦੀ ਮੰਗ ਕੀਤੀ।ਕਾਰਜਸਾਧਕ ਅਫਸਰ ਨੇ ਦੱਸਿਆ ਕਿ ਕੂੜੇ ਦੇ ਨਿਪਟਾਰੇ ਲਈ ਨਵੀਂ ਜਗ੍ਹਾ ਦੀ ਭਾਲ ਕੀਤੀ ਜਾ ਰਹੀ ਹੈ ਤੇ ਸਮੱਸਿਆ ਦਾ ਪੱਕਾ ਹੱਲ ਜਲਦੀ ਕਰ ਦਿੱਤਾ ਜਾਵੇਗਾ।ਇਸ ਸਮੇਂ ਵਫ਼ਦ ਨੇ ਗਊਸ਼ਾਲਾ ਨੂੰ ਦਿੱਤੇ ਜਾਣ ਵਾਲੇ ਸੈੱਸ ਦੇ ਬਕਾਇਆ ਖੜ੍ਹੇ ਪੰਜੀ ਲੱਖ ਰੁਪਏ ਦੇਣ ਦੀ ਮੰਗ ਕੀਤੀ ਤਾਂ ਕਾਰਜਸਾਧਕ ਅਫ਼ਸਰ ਨੇ ਜਲਦ ਅਦਾਇਗੀ ਕਰਨ ਦਾ ਭਰੋਸਾ ਦਿਵਾਇਆ।ਗਊਸ਼ਾਲਾ ਪ੍ਰਬੰਧਕਾਂ ਨੇ ਦੱਸਿਆ ਕਿ ਜੇਕਰ ਪ੍ਰਸ਼ਾਸਨ ਸ਼ਹਿਰ 'ਚ ਹੋਰ ਲਾਵਾਰਸ ਪਸ਼ੂ ਨਾ ਵੜਨ ਦੇਣ ਦਾ ਭਰੋਸਾ ਦੇਵੇ ਤਾਂ ਉਹ ਇਸ ਸਮੇਂ ਸ਼ਹਿਰ ਦੇ ਬਜ਼ਾਰਾਂ, ਗਲੀਆਂ 'ਚ ਘੁੰਮ ਰਹੇ ਸਾਰੇ ਲਾਵਾਰਿਸ ਪਸ਼ੂਆਂ ਨੂੰ ਸੰਭਾਲਣ ਲਈ ਤਿਆਰ ਹਨ।ਕਾਰਜਸਾਧਕ ਅਫਸਰ ਨੇ ਸਿਵਲ ਤੇ ਪੁਲਸ ਪ੍ਰਸ਼ਾਸਨ ਨਾਲ ਵਿਚਾਰ ਕੇ ਮਸਲੇ ਦਾ ਹੱਲ ਕਰਨ ਦਾ ਭਰੋਸਾ ਦਿੱਤਾ।ਵਫ਼ਦ ਨੇ ਨਵ-ਨਿਰਮਤ ਕੱਚਾ ਮਲਕ ਰੋਡ ਦੇ ਕਿਨਾਰਿਆਂ ਤੇ ਸੜਕ ਦੇ ਟੁੱਟਣ ਤੋਂ ਬਚਾਅ ਲਈ ਮਿੱਟੀ ਪਾਉਣ, ਮਲਕ ਰੋਡ ਤੇ ਰਾਏਕੋਟ ਰੋਡ ਦੀ ਮੁਰੰਮਤ ਦਾ ਮਹੀਨਿਆਂ ਤੋਂ ਲਟਕ ਰਿਹਾ ਕੰਮ ਜਲਦੀ ਮੁਕੰਮਲ ਕਰਨ, ਸ਼ੇਰਪੁਰਾ ਰੋਡ ਤੇ ਮਲਕ ਰੋਡ ਦੇ ਦੋਨੋਂ ਪਾਸੇ ਖੜਾ ਜੰਗਲ ਸਾਫ ਕਰਾਉਣ ਦੀ ਮੰਗ ਕੀਤੀ।ਵਫ਼ਦ ਨੇ ਨਗਰ ਕੌਂਸਲ ਵੱਲੋਂ ਇਸੇ ਮਹੀਨੇ ਵਿਕਾਸ ਕਾਰਜਾਂ ਦੇ ਪਵਾਏ ਤੇ ਖੋਲ੍ਹੇ ਮਨਜ਼ੂਰ ਟੈਂਡਰਾਂ ਦੀ ਲਿਸਟ ਦੇਣ ਤੇ ਰਹਿ ਗਏ ਵਿਕਾਸ ਕਾਰਜਾਂ ਦੇ ਟੈਂਡਰ ਦੁਬਾਰਾ ਪਾਉਣ ਦੀ ਵੀ ਜ਼ੋਰਦਾਰ ਮੰਗ ਕੀਤੀ।ਇਸ ਸਮੇਂ ਬੋਲਦਿਆਂ ਸਭਾ ਦੇ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਜਗਰਾਉਂ ਸ਼ਹਿਰ ਆਮ ਆਦਮੀ ਪਾਰਟੀ ਦੀ ਧੜੇਬੰਦਕ ਸਿਆਸਤ ਦੀ ਭੇਟ ਚੜ੍ਹ ਗਿਆ ਹੈ ਤੇ ਬੁਰੀ ਤਰ੍ਹਾਂ ਤੜਪ ਰਿਹਾ ਹੈ।ਕੌਂਸਲ ਨੂੰ ਸੱਤਾ ਦੇ ਜ਼ੋਰ ਇਕ ਵਾਰ ਫਿਰ ਪ੍ਰਧਾਨ ਰਹਿਤ ਕਰਕੇ ਸ਼ਹਿਰ ਨੂੰ ਹੰਕਾਰ ਤੋਂ ਗੰਦੀ ਸਿਆਸਤ ਦੀ ਬਲੀ ਚੜ੍ਹਾ ਦਿੱਤਾ ਗਿਆ ਹੈ। ਵਫ਼ਦ 'ਚ ਗੁਰਮੇਲ ਸਿੰਘ ਰੂਮੀ, ਮੁਖਤਿਆਰ ਸਿੰਘ, ਅਸ਼ੋਕ ਭੰਡਾਰੀ, ਜਸਵੰਤ ਸਿੰਘ ਕਲੇਰ, ਬਲਵਿੰਦਰ ਸਿੰਘ ਕਾਨੂੰਨਗੋ, ਗੁਰਪ੍ਰੀਤ ਸਿੰਘ ਭਜਨਗੜ੍ਹ, ਜਗਦੀਸ਼ ਸਿੰਘ ਕਾਉਂਕੇ ਆਦਿ ਸ਼ਾਮਲ ਸਨ।

## ਖੁੱਡੀਆਂ ਨੇ ਸਿੱਖਵਾਲਾ 'ਚ ਖਾਲ ਦੀ ਪਾਈਪ ਲਾਈਨ ਪਾਉਣ ਦੀ ਕਰਵਾਈ ਸ਼ੁਰੂਆਤ

**ਇਸ ਪ੍ਰੋਜੈਕਟ ਨਾਲ 650 ਏਕੜ ਤੇ 150 ਘਰਾਂ ਨੂੰ ਹੋਵੇਗਾ ਲਾਭ : ਖੁੱਡੀਆਂ**



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਭੀੜਿਆਣਾ)**- ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਹਰ ਖੇਤ ਵਿੱਚ ਪਾਣੀ ਪਹੁੰਚਾਉਣ ਦੇ ਵਾਅਦੇ ਨੂੰ ਪੂਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੇ ਪਿੰਡ ਸਿੱਖਵਾਲਾ ਵਿਖੇ ਮੋਘਾ ਨੰਬਰ 2200 ਟੀ. ਆਰ. ਆਊਟਲੈੱਟ ਆਫ ਸਿੱਖਵਾਲਾ ਮਾਈਨਰ ਦੇ ਖਾਲ ਦੀ ਪਾਈਪ ਲਾਈਨ ਪਾਉਣ ਦੀ ਸ਼ੁਰੂਆਤ ਮੌਕੇ ਕੀਤਾ।ਉਨ੍ਹਾਂ ਦੱਸਿਆ ਕਿ ਇਹ ਪਾਈਪ ਲਾਈਨ 450 ਐੱਮ.ਐੱਮ. ਦੀ 18 ਇੰਚੀ ਦੀ ਲੰਬਾਈ 6560 ਮੀਟਰ ਹੈ ਤੇ ਇਸ 'ਤੇ 1 ਕਰੋੜ 3 ਲੱਖ ਰੁਪਏ ਦਾ ਖਰਚਾ ਆਵੇਗਾ।ਇਸ ਪਾਈਪ ਲਾਈਨ ਦੇ ਪੈਣ ਨਾਲ 650 ਏਕੜ ਜ਼ਮੀਨ ਤੇ 150 ਘਰਾਂ ਨੂੰ ਪਾਣੀ ਮਿਲੇਗਾ।ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਦੇ ਕਿਸਾਨਾਂ ਦੀ ਇਹ ਲੰਬੇ ਸਮੇਂ ਦੀ ਮੰਗ ਸੀ ਤੇ ਅੱਜ ਇਸ ਮੰਗ ਨੂੰ ਪੂਰਾ ਕੀਤਾ ਗਿਆ ਹੈ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਆਖਿਆ ਕਿ ਇਸ ਸਾਰੇ ਕੰਮ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਿਆ ਜਾਵੇ ਤੇ ਇਸ ਨੂੰ ਜਲਦ ਤੋਂ ਜਲਦ ਕਿਸਾਨਾਂ ਦੇ ਸਪੁਰਦ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਪਾਣੀ ਸਬੰਧੀ ਮੁਸ਼ਕਲ ਪੇਸ਼ ਨਾ ਆਵੇ।ਇਸ ਮੌਕੇ ਪਿੰਡ ਸਿੱਖਵਾਲਾ ਦੇ ਸਰਪੰਚ ਹਰਪਿੰਦਰ ਸਿੰਘ, ਸਰਪੰਚ ਖੁਸ਼ਵੀਰ ਸਿੰਘ ਸਹਿਣਾ ਖੇੜਾ, ਜਗਵਿੰਦਰ ਸਿੰਘ ਕਾਲਾ ਸਰਪੰਚ ਭੀਟੀਵਾਲਾ, ਰਾਜ ਬਹਾਦਰ ਸਰਪੰਚ ਰੋੜਾਂਵਾਲੀ, ਵਿਭਾਗ ਦੇ ਐੱਸ.ਈ. ਰੁਪਿੰਦਰ ਸਿੰਘ, ਐੱਸ.ਡੀ.ਓ. ਨਿਖਿਲ ਨਾਗਰਪਾਲ, ਜੇ. ਈ. ਦਿਲਪ੍ਰੀਤ ਸਿੰਘ, ਟੋਜੀ ਲੰਬੀ, ਗੁਰਬਾਜ ਸਿੰਘ ਪੀ.ਏ., ਟੋਨੀ ਭੁੱਲਰਵਾਲਾ ਤੋਂ ਇਲਾਵਾ ਕਿਸਾਨ ਹਾਜ਼ਰ ਸਨ।

## ਭੁਵੇਸ਼ ਭਾਸ਼ੀ ਨੇ ਜਨਮ ਦਿਨ ਮੌਕੇ ਲੋੜਵੰਦ ਮਰੀਜ਼ ਲਈ ਕੀਤਾ 37ਵੀਂ ਵਾਰ ਖ਼ੂਨ ਦਾਨ



**ਨਾਭਾ (ਵਰਿੰਦਰ ਵਰਮਾ)**-ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਭ ਤੋਂ ਵੱਡਾ ਪੁੰਨ ਖ਼ੂਨ ਦਾਨ ਕਰਨਾ ਹੈ।ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ ਤੇ ਆਪਣੇ ਸਰੀਰ ਦੀਆ ਬਿਮਾਰੀਆਂ ਨੂੰ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਨਾਭਾ ਤੋਂ ਖ਼ੂਨਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖ਼ੂਨਦਾਨੀ ਸਟੇਟ ਐਵਾਰਡੀ ਨੇ ਆਪਣੇ ਜਨਮ ਦਿਨ ਮੌਕੇ 37ਵੀਂ ਵਾਰ ਖ਼ੂਨ ਦਾਨ ਕੀਤਾ। ਉਨ੍ਹਾਂ ਕਿਹਾ ਕਿ ਲੱਗਭੱਗ ਹਰੇਕ ਵਿਅਕਤੀ ਖ਼ੂਨ ਦਾਨ ਕਰ ਸਕਦਾ ਹੈ, ਖ਼ੂਨ ਦਾਨ ਕਰਨ ਨਾਲ ਸਰੀਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਹੁੰਦੀ, ਇਸ ਤਰ੍ਹਾਂ ਦੇ ਗਲਤ ਪ੍ਰਚਾਰ ਤੋਂ ਬੱਚਿਆਂ ਜਾਏ, ਸਗੋਂ ਖ਼ੂਨ ਦਾਨ ਕਰਨ ਨਾਲ ਸਰੀਰ ਵਿੱਚ ਨਵੇਂ ਲਾਲ ਸੈੱਲ ਬਣਦੇ ਹਨ, ਜਿਸ ਨਾਲ ਮਨੁੱਖ ਤੰਦਰੁਸਤ ਰਹਿੰਦਾ ਹੈ।ਉਨ੍ਹਾ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਕਿਸੇ ਵੀ ਖਾਸ ਦਿਨ ਮੌਕੇ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ।ਖ਼ੂਨ ਦਾਨ ਕਰਨ ਨਾਲ ਆਪਣੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਜਿਪਸੀ ਬਾਂਸਲ ਤੇ ਬਲੱਡ ਬੈਂਕ ਵੱਲੋਂ ਵਿਕਾਸ ਮਿੱਤਲ, ਸਰਪ੍ਰਸਤ ਸੰਜੀਵ ਗਰਗ, ਸੁਸ਼ੀਲ ਗੋਇਲ ਸ਼ੀਲੂ, ਪੁਨੀਤ ਬਾਂਸਲ, ਅਵਤਾਰ ਸਿੰਘ ਟੋਨੀ ਆਦਿ ਹਾਜ਼ਰ ਸਨ।

## ਬਾਬਾ ਨੰਦ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਜਲਾਲਾਬਾਦ (ਬਲਵਿੰਦਰ ਸਿੰਘ)**-ਗੁਰਦੁਆਰਾ ਨਾਨਕਸਰ ਠਾਠ ਪਿੰਡ ਚੱਕ ਦਮਾਲ ਵਿਖੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ 28ਵਾਂ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਹੋਇਆਂ ਗੁਰਦਵਾਰੇ ਦੇ ਮੁੱਖ ਸੇਵਾਦਾਰ ਬਾਬਾ ਅਮਰਜੀਤ ਸਿੰਘ ਨੇ ਦੱਸਿਆ ਕਿ ਇਹ ਉਹ ਪਵਿੱਤਰ ਸਥਾਨ ਹੈ, ਜਿੱਥੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਨੇ ਕਿਰਤ ਕਰਦਿਆਂ ਮੁਢਲੇ ਦਿਨਾਂ ਵਿੱਚ ਭਗਤੀ ਕਰਨੀ ਸ਼ੁਰੂ ਕੀਤੀ ਸੀ।ਇਸ ਗੁਰਦੁਆਰਾ ਸਾਹਿਬ ਵਿੱਚ ਬਾਬਾ ਨੰਦ ਸਿੰਘ ਜੀ ਦੇ ਕਿਰਤ ਕਰਦਿਆਂ ਸਮੇਂ ਦੇ ਹੱਥਾਂ ਨਾਲ ਬਣਾਈਆਂ ਜੋੜੀਆਂ ਅਤੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸਤੀਰ ਵੀ ਗੁਰਦੁਆਰਾ ਸਾਹਿਬ ਵਿੱਚ ਮੌਜੂਦ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰ-ਦੂਰ ਤੋਂ ਆਉਂਦੀਆਂ ਹਨ।ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਉਸਤਾਦ ਬਾਬਾ ਸੇਵਾ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਬਲਜੀਤ ਸਿੰਘ ਜੀ ਨਾਨਕਸਰ ਪਾਤੜਾਂ ਵਾਲੇ, ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆਂ ਨੇ ਗੁਰਦੁਆਰਾ ਨਾਨਕਸਰ ਠਾਠ ਵਿਖੇ ਪਹੁੰਚ ਕੇ ਸੰਗਤਾਂ ਨੂੰ ਆਪਣੇ ਕਥਾ ਕੀਰਤਨ ਨਾਲ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਗੁਰਦੁਆਰਾ ਸਾਹਿਬ ਪਹੁੰਚੀਆਂ ਸੰਗਤਾਂ ਲਈ ਵੱਖ ਵੱਖ ਪਿੰਡਾਂ ਵੱਲੋਂ ਲੰਗਰ ਵੀ ਲਗਾਏ ਗਏ ਸਨ।

## ਰਾਇਟਵੇ ਏਅਰਲਿੰਕਸ ਨੇ ਲਵਾਇਆ ਯੂ ਕੇ ਵਿਜ਼ਟਰ ਵੀਜ਼ਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇੰਮੀਗ੍ਰੇਸ਼ਨ ਤੇ ਆਈਲਟਸ ਸੰਸਥਾ ਨੇ ਜਸਦੀਪ ਕੌਰ ਤੇ ਬਲਤੇਜ ਸਿੰਘ ਵਾਸੀ ਪਿੰਡ ਰਾਮੂੰਵਾਲਾ ਨਵਾਂ ਦੇ ਪਿਉ-ਧੀ ਦਾ ਯੂ ਕੇ ਦਾ ਵਿਜ਼ਟਰ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਓ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆ ਦੇ ਕੈਨੇਡਾ ਤੇ ਆਸਟ੍ਰੇਲੀਆ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ, ਉਹ ਯੂ ਕੇ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂ ਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਜਸਦੀਪ ਕੌਰ ਤੇ ਬਲਤੇਜ ਸਿੰਘ ਨੂੰ ਵਧਾਈ ਦਿੱਤੀ।

## ਹੇਮਕੁੰਟ ਸਕੂਲ ਦੇ ਵਲੰਟੀਅਰਜ਼ ਨੇ ਮਨਾਇਆ ਰਾਸ਼ਟਰੀ ਏਕਤਾ ਦਿਵਸ

**ਏਕਤਾ ਸਾਡੀ ਸਭ ਤੋਂ ਵੱਡੀ ਤਾਕਤ : ਚੇਅਰਮੈਨ ਸੰਧੂ**



**ਕੋਟ ਇਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਵਿਖੇ 5 ਪੰਜਾਬ ਬਟਾਲੀਅਨ ਦੇ ਕਮਾਂਡਰ ਕਰਨਲ ਸੁਨੀਲ ਕੁਮਾਰ ਤੇ ਐੱਨ.ਐੱਸ.ਐੱਸ. ਦੇ ਸਹਾਇਕ ਡਾਇਰੈਕਟਰ ਸ੍ਰ: ਦਵਿੰਦਰ ਸਿੰਘ ਲੋਟੇ ਦੀ ਯੋਗ ਅਗਵਾਈ ਹੇਠ ਐੱਨ.ਸੀ.ਸੀ. ਕੈਡਿਟਸ ਤੇ ਐੱਨ ਐੱਸ ਐੱਸ ਵਲੰਟੀਅਰਜ਼ ਦੁਆਰਾ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਏਕਤਾ ਤੇ ਅਖੰਡਤਾ ਦੇ ਸੁਨੇਹੇ ਨਾਲ ਭਾਸ਼ਣ, ਕਵਿਤਾਵਾ ਪੇਸ਼ ਕੀਤੀਆ ਗਈਆਂ।ਇਸ ਮੌਕੇ ਚੇਅਰਮੈਨ ਸ੍ਰ: ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਏਕਤਾ ਸਾਡੀ ਸਭ ਤੋਂ ਵੱਡੀ ਤਾਕਤ ਹੈ ਅਤੇ ਹਰ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਆਪਣਾ ਯੋਗਦਾਨ ਪਾਏ।ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਏਕਤਾ, ਅਨੁਸ਼ਾਸਨ ਤੇ ਭਾਈਚਾਰੇ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਰਾਸ਼ਟਰੀ ਏਕਤਾ, ਸੇਵਾ ਭਾਵਨਾ ਤੇ ਅਨੁਸ਼ਾਸਨ ਦੇ ਸਿਧਾਂਤਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਐੱਨ.ਸੀ.ਸੀ. ਏ.ਐੱਨ.ਓ. ਸਿਮਰਨਜੀਤ ਕੌਰ, ਐੱਨ.ਐੱਸ.ਐੱਸ. ਅਫ਼ਸਰ ਅਮੀਰ ਸਿੰਘ ਤੇ ਸੁਰਿੰਦਰ ਕੌਰ ਹਾਜ਼ਰ ਸਨ।

## ਸੈਂਟ੍ਰਲ ਕੋਆਪ੍ਰੇਟਿਵ ਬੈਂਕ ਦੇ ਪ੍ਰਬੰਧ ਨਿਰਦੇਸ਼ਕ ਕਟਾਰੀਆ ਵੱਲੋਂ ਪੀ ਟੀ ਯੂ ਅਧਿਕਾਰੀਆਂ ਨਾਲ ਮੀਟਿੰਗ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਸੈਂਟ੍ਰਲ ਕੋਆਪ੍ਰੇਟਿਵ ਬੈਂਕ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਭਾਸਕਰ ਕਟਾਰੀਆ ਵੱਲੋਂ ਪੰਜਾਬ ਟੈਕਨੀਕਲ ਯੂਨੀਵਰਸਿਟੀ 'ਚ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨਾਲ ਬੈਂਕ ਦੇ ਮਹਾਂਪ੍ਰਬੰਧਕ ਰਣਜੀਤ ਸਿੰਘ, 'ਵਰਸਟੀ ਦੇ ਵਾਇਸ ਚਾਂਸਲਰ ਡਾ. ਸੰਜੀਵ ਕੁਮਾਰ ਸ਼ਰਮਾ ਤੇ ਰਜਿਸਟਰਾਰ ਸ੍ਰੀ ਗੁਰਿੰਦਰਪਾਲ ਸਿੰਘ ਬਰਾੜ ਹਾਜ਼ਰ ਸਨ।ਸਮਾਗਮ ਵਿੱਚ ਬੈਂਕ ਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਹੋਈ।ਇਸ ਮੌਕੇ ਵਿਦਿਆਰਥੀਆਂ ਨੂੰ ਵਿੱਤੀ ਸੇਵਾਵਾਂ, ਸੇਵਿੰਗ ਖਾਤਿਆਂ ਤੇ ਐਜੂਕੇਸ਼ਨ ਲੋਨ ਸਕੀਮਾਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ।ਇਸ ਮੌਕੇ ਸ੍ਰੀ ਕਟਾਰੀਆ ਨੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ ਖੇਡ ਤੇ ਹੋਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੀਟਿੰਗ ਵਿੱਚ ਬੈਂਕ ਦੇ ਅਧਿਕਾਰੀ ਸ੍ਰੀ ਹਰਜੋਤ ਸਿੰਘ, ਸ੍ਰੀ ਹਰਪ੍ਰੀਤ ਸਿੰਘ ਤੇ ਸ੍ਰੀ ਆਕਾਸ਼ ਬਾਂਸਲ ਵੀ ਮੌਜੂਦ ਰਹੇ।

## ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਇਕ ਰੋਜ਼ਾ ਫੀਲਡ ਟ੍ਰਿਪ

**ਇਸ ਨਾਲ ਬੱਚਿਆਂ 'ਚ ਜਿਗਿਆਸਾ, ਆਤਮਵਿਸ਼ਵਾਸ ਤੇ ਸਮਝ ਵਧਦੀ : ਪ੍ਰਿੰ. ਜਿੰਦਲ**

**ਸ੍ਰੀ ਮੁਕਤਸਰ ਸਾਹਿਬ ਨਵੰਬਰ (ਸ਼ਮਿੰਦਰ ਪਾਲ/ਪੂਜਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਇੱਕ ਰੋਜ਼ਾ ਫੀਲਡ ਟ੍ਰਿਪ ਆਯੋਜਿਤ ਕੀਤਾ ਗਿਆ, ਜਿਸ ਵਿੱਚ ਜਮਾਤ ਪਹਿਲੀ ਤੋਂ ਪੰਜਵੀਂ ਦੇ ਬੱਚਿਆਂ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਮੁਕਤੇ ਏ ਮੀਨਾਰ ਪਾਰਕ ਲਿਜਾਇਆ ਗਿਆ।ਬੱਚਿਆਂ ਨੂੰ ਸੈਰ ਸਪਾਟੇ ਰਾਹੀਂ ਸਿੱਖਣ ਦਾ ਮੌਕਾ ਮਿਲਿਆ।ਉਨ੍ਹਾਂ ਨੇ ਕੁਦਰਤੀ ਸੁੰਦਰਤਾ ਦਾ ਅਨੰਦ ਮਾਣਦੇ ਹੋਏ ਨਵੀਂ ਜਾਣਕਾਰੀ ਪ੍ਰਾਪਤ ਕੀਤੀ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਫੀਲਡ ਟ੍ਰਿਪ ਬੱਚਿਆਂ ਦੇ ਵਿਅਕਤਿਤਵ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਨ੍ਹਾਂ ਨਾਲ ਬੱਚਿਆਂ ਨੂੰ ਕਿਤਾਬਾਂ ਤੋਂ ਬਾਹਰ ਦੀ ਦੁਨੀਆ ਦੇਖਣ ਤੇ ਉਸ ਤੋਂ ਕੁਝ ਸਿੱਖਣ ਦਾ ਮੌਕਾ ਮਿਲਦਾ ਹੈ।ਬਾਹਰ ਜਾ ਕੇ ਸਿੱਖਣ ਨਾਲ ਬੱਚਿਆਂ ਵਿੱਚ ਜਿਗਿਆਸਾ, ਆਤਮਵਿਸ਼ਵਾਸ ਤੇ ਸਮਝ ਵਧਦੀ ਹੈ।ਅਜਿਹੀਆਂ ਗਤੀਵਿਧੀਆਂ ਬੱਚਿਆਂ ਨੂੰ ਕੁਦਰਤ, ਇਤਿਹਾਸ ਤੇ ਸਮਾਜ ਨਾਲ ਜੋੜਦੀਆਂ ਹਨ।ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਸਕੂਲ ਅਗਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਸਿੱਖਣ-ਅਧਾਰਤ ਪ੍ਰੋਗਰਾਮ ਜਾਰੀ ਰੱਖੇਗਾ ਤਾਂ ਜੋ ਬੱਚਿਆਂ ਦਾ ਸਭਾਂਗੀ ਵਿਕਾਸ ਹੋ ਸਕੇ।ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਵਿੱਚ ਟੀਮਵਰਕ, ਸਮਾਜਿਕ ਸੂਝ-ਬੂਝ ਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੀਆਂ ਹਨ।ਸੁਪ੍ਰਿੰਟੈਂਡੈਂਟ ਤੇ ਮੀਡੀਆ ਕੋਆਰਡੀਨੇਟਰ ਮੇਜਰ ਚੰਦ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਫ਼ੀਲਡ ਟ੍ਰਿਪ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ।

## ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਵੱਡੇ ਸੰਘਰਸ਼ ਦਾ ਐਲਾਨ

*9 ਨੂੰ ਤਰਨ ਤਾਰਨ 'ਚ ਹੋਵੇਗੀ ਵਿਸ਼ਾਲ ਰੋਸ ਰੈਲੀ*

**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਸਾਂਝਾ ਮੋਰਚਾ ਪੰਜਾਬ ਦੇ ਕਨਵੀਨਰਾਂ ਦੀ ਆਨਲਾਈਨ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਹਰਿੰਦਰ ਕੌਰ ਸੁਤਰਾਣਾ, ਰਾਣੋ ਖੇੜੀ ਗਿਲਾ, ਸੰਤੋਸ਼ ਕੁਮਾਰੀ ਫਿਰੋਜ਼ਪੁਰ ਤੇ ਅਮਰਜੀਤ ਕੌਰ ਰਣ ਸਿੰਘ ਵਾਲਾ ਸਮੇਤ ਚਾਰ ਕਨਵੀਨਰਾਂ ਨੇ ਪੰਜਾਬ ਭਰ ਵਿਚ ਵਰਕਰਾਂ ਨੂੰ ਦਰਪੇਸ਼ ਜ਼ਿਲ੍ਹਾ ਪੱਧਰ ਤੇ ਸੂਬਾ ਪੱਧਰੀ ਸਮੱਸਿਆਵਾਂ 'ਤੇ ਡੂੰਘੀ ਵਿਚਾਰ ਚਰਚਾ ਕੀਤੀ।ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਲੰਮੇ ਸਮੇਂ ਤੋਂ ਲਮਕ ਅਵਸਥਾ ਵਿਚ ਰੱਖਿਆ ਗਿਆ ਹੈ, ਜਿਸ ਕਾਰਨ ਵਰਕਰਾਂ ਦੀਆਂ ਮੁਸ਼ਕਲਾਂ ਲਗਾਤਾਰ ਵੱਧ ਰਹੀਆਂ ਹਨ।ਸਾਂਝੇ ਮੋਰਚੇ ਵੱਲੋਂ ਲਗਾਤਾਰ ਮੰਗ ਪੱਤਰਾਂ ਰਾਹੀਂ ਮੰਗਾਂ ਦਾ ਵਿਸਥਾਰ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਮੰਗਾਂ ਜਿਵੇਂ ਕਿ ਕੇਂਦਰ ਸਰਕਾਰ ਵੱਲੋਂ ਨਿਰਧਾਰਤ 28,000 ਰੁਪਏ ਲਾਗੂ ਕਰਦੇ ਹੋਏ ਵਰਕਰਾਂ ਨੂੰ ਰੈਗੂਲਰ ਕਰਨਾ, ਕੱਟੇ ਗਏ ਭੱਤਿਆਂ ਨੂੰ ਬਹਾਲ ਕਰਨਾ, ਸੇਵਾਮੁਕਤ ਹੋ ਰਹੇ ਵਰਕਰਾਂ ਨੂੰ ਗੁਆਂਢੀ ਰਾਜ ਹਰਿਆਣਾ ਦੀ ਤਰਜ਼ 'ਤੇ 5 ਲੱਖ ਰੁਪਏ ਸਹਾਇਤਾ ਫੰਡ ਦੇਣਾ। ਫੈਸੀਲੀਟੇਟਰ ਦੇ ਟੂਰ ਮਨੀ ਵਿੱਚ ਵਾਧਾ ਕਰਨਾ, ਕੀਤੇ ਵਾਅਦੇ ਅਨੁਸਾਰ ਮਿਲਣ ਵਾਲਾ ਫਿਕਸਡ ਭੱਤਾ ਵਧਾ ਕੇ 10,000 ਕਰਨਾ।ਆਗੂਆਂ ਨੇ ਕਿਹਾ ਕਿ ਵਾਰ-ਵਾਰ ਮੀਟਿੰਗ ਦਾ ਸਮਾਂ ਮੰਗਣ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਹੋਈ।ਇਸੇ ਰੋਸ ਵਜੋਂ ਮੋਰਚੇ ਨੇ ਵੱਡਾ ਐਲਾਨ ਕਰਦੇ ਹੋਏ ਫੈਸਲਾ ਲਿਆ ਹੈ ਕਿ ਇਨ੍ਹਾਂ ਸਾਰੀਆਂ ਮੰਗਾਂ ਨੂੰ ਮਨਵਾਉਣ ਲਈ 9 ਨਵੰਬਰ ਨੂੰ ਤਰਨਤਾਰਨ ਵਿਖੇ ਇਕ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ।ਇਸ ਰੈਲੀ ਵਿੱਚ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਆਸ਼ਾ ਵਰਕਰ ਤੇ ਫੈਸਿਲੀਟੇਟਰ ਸ਼ਾਮਲ ਹੋ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਤੇ ਰੋਸ ਪ੍ਰਗਟ ਕਰਨਗੀਆਂ।ਮੋਰਚੇ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤੇ ਵਰਕਰਾਂ ਨੂੰ ਇੰਨਸੈਂਟਿਵ 'ਤੇ ਹੀ ਰੋਲਿਆ ਗਿਆ ਤਾਂ ਲੇਬਰ ਕੋਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ।ਆਗੂਆਂ ਨੇ ਕਿਹਾ ਕਿ ਇਸ ਸੰਘਰਸ਼ ਦੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਆਪ ਹੋਵੇਗੀ।

## ਕੈਪਟਨ ਹਰਚਰਨ ਸਿੰਘ ਰੋਡੇ ਦਾ ਦੇਹਾਂਤ, ਅੱਜ ਹੋਵੇਗਾ ਅੰਤਮ ਸੰਸਕਾਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਥਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁੱਖ ਨਾਲ ਸੁਣੀ ਜਾਵੇਗੀ ਕਿ ਕੈਪਟਨ ਹਰਚਰਨ ਸਿੰਘ ਰੋਡੇ 1 ਨਵੰਬਰ ਸਵੇਰੇ 6 ਵਜੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਤੇ 2 ਨਵੰਬਰ ਸਵੇਰੇ 11 ਵਜੇ ਉਨ੍ਹਾਂ ਦੇ ਜੱਦੀ ਪਿੰਡ ਰੋਡੇ ਵਿਖੇ ਅੰਤਿਮ ਸੰਸਕਾਰ ਕੀਤਾ ਜਾਵੇਗਾ।ਕੈਪਟਨ ਹਰਚਰਨ ਸਿੰਘ ਦਾ ਜਨਮ 1936 ਵਿੱਚ ਹੋਇਆ ਸੀ ਤੇ ਉਨ੍ਹਾਂ ਕਰੀਬ 90 ਸਾਲ ਦੀ ਉਮਰ ਬਤੀਤ ਕਰਕੇ ਗਏ ਹਨ।ਕੈਪਟਨ ਰੋਡੇ ਆਪਣੀ ਮੁੱਢਲੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਕਰੀਬ 20 ਸਾਲ ਦੀ ਉਮਰ ਵਿੱਚ ਹੀ ਫੌਜ ਵਿੱਚ ਭਰਤੀ ਹੋ ਗਏ ਸਨ ਅਤੇ ਕਰੀਬ 28 ਸਾਲ ਦੀ ਸਰਵਿਸ ਤੋਂ ਬਾਅਦ ਰਿਟਾਇਰ ਹੋਏ ਸਨ।ਉਹ ਬਾਬਾ ਜੋਗਿੰਦਰ ਸਿੰਘ ਜੀ ਦੇ ਅੱਠ ਬੱਚਿਆਂ ਵਿੱਚੋਂ ਸ਼ਹੀਦ ਭਾਈ ਜਾਗੀਰ ਸਿੰਘ ਤੇ ਸ਼ਹੀਦ ਭਾਈ ਜਗਜੀਤ ਸਿੰਘ ਤੋਂ ਬਾਅਦ ਤੀਜੇ ਸਥਾਨ ਉੱਤੇ ਸਨ।ਉਹ ਆਪਣੇ ਸਾਰੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਲੰਬੀ ਉਮਰ ਬਤੀਤ ਕਰਨ ਵਾਲੇ ਆਖਰੀ ਮੈਂਬਰ ਸਨ।

ਕੈਪਟਨ ਰੋਡੇ ਨੇ 1985 ਤੋਂ ਬਾਅਦ ਆਪਣੇ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਨਾਲ ਮਿਲ ਕੇ ਪੰਥਕ ਰਾਜਨੀਤੀ ਵਿੱਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਨਿਭਾਇਆ ਸੀ।

1985 ਵਿੱਚ ਬਾਬਾ ਜੀ ਵੱਲੋਂ ਗਠਨ ਕੀਤੇ ਸੰਯੁਕਤ ਅਕਾਲੀ ਦਲ ਨੂੰ ਕਾਇਮ ਕਰਨ ਵਿੱਚ ਵੀ ਉਨ੍ਹਾਂ ਦੀ ਵੱਡੀ ਭੂਮਿਕਾ ਰਹੀ ਸੀ, ਅੱਗੇ ਚੱਲ ਕੇ ਅਕਾਲੀ ਦਲ ਦੇ ਇਸ ਧੜੇ ਨੇ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬਹੁਤ ਵੱਡੀ ਸਫਲਤਾ ਹਾਸਲ ਕੀਤੀ ਸੀ।ਆਪਣੀਆਂ ਇਨ੍ਹਾਂ ਪੰਥਕ ਸਰਗਰਮੀਆਂ ਕਾਰਨ ਉਨ੍ਹਾਂ ਨੂੰ ਕੁੱਝ ਸਮਾਂ ਪਟਿਆਲ਼ਾ ਜੇਲ੍ਹ ਵਿੱਚ ਨਜ਼ਰਬੰਦ ਵੀ ਰਹਿਣਾ ਪਿਆ ਸੀ।ਹੁਣ ਭਾਵੇਂ ਕਾਫੀ ਲੰਬੇ ਵਕਫ਼ੇ ਤੋਂ ਉਨ੍ਹਾਂ ਨੇ ਆਪਣੇ ਆਪ ਨੂੰ ਸਰਗਰਮ ਸਿਆਸਤ ਤੋਂ ਲਾਂਭੇ ਕਰ ਲਿਆ ਸੀ, ਪਰ ਉਹ ਆਪਣੇ ਅੰਤਿਮ ਸਮੇਂ ਤੱਕ ਪੰਥ ਦੀ ਸਿਆਸਤ ਦੀ ਮੌਜੂਦਾ ਦੁਰਦਸ਼ਾ ਬਾਰੇ ਕਾਫੀ ਫਿਕਰਮੰਦ ਰਹਿੰਦੇ ਸਨ।ਆਪਣੀ ਫੌਜੀ ਜ਼ਿੰਦਗੀ ਵਾਂਗ ਰਾਜਨੀਤੀ ਨੂੰ ਵੀ ਇੱਕ ਬੱਝਵੇ ਜ਼ਾਬਤੇ ਤੇ ਅਸੂਲਾਂ ਵਿੱਚ ਵੇਖਣ ਦੇ ਚਾਹਵਾਨ ਕੈਪਟਨ ਰੋਡੇ ਇੱਕ ਬਹੁਤ ਹੀ ਸ਼ਾਨਦਾਰ ਤੇ ਭਰਪੂਰ ਜ਼ਿੰਦਗੀ ਜਿਉ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।

## ਜ਼ਿਲ੍ਹਾ ਪੱਧਰੀ ਖੇਡਾਂ 'ਚ ਮਾਤਾ ਸਾਹਿਬ ਕੌਰ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ




**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਥਾਨਕ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਟੈਕਨੀਕਲ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿਖੇ ਆਯੋਜਿਤ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ (ਅੰਡਰ-11) ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਕਰਾਟੇ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਸਕੂਲ ਦਾ ਨਾਂਅ ਰੌਸ਼ਨ ਕਰਦੇ ਹੋਏ ਜਮਾਤ 5 ਦੇ ਰਣਵੀਰ ਸਿੰਘ (+36 ਕਿਲੋਗ੍ਰਾਮ) ਨੇ ਸੋਨ ਤਮਗਾ ਜਿੱਤਿਆ।ਇਸੇ ਤਰ੍ਹਾਂ ਜਮਾਤ 5 ਦੇ ਵਿਨਾਇਕ (-36 ਕਿਲੋਗ੍ਰਾਮ) ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ।ਜਮਾਤ 5 ਦੇ ਰੀਹਾਨ ਨਾਧਾ (-32 ਕਿਲੋਗ੍ਰਾਮ) ਨੇ ਵੀ ਕਾਂਸੀ ਦਾ ਤਮਗਾ ਹਾਸਲ ਕੀਤਾ।ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਡਾ. ਵੰਦਨਾ ਧਵਨ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫ਼ਲਤਾ ਬੱਚਿਆਂ ਦੇ ਅਨੁਸ਼ਾਸਨ ਤੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦੀ ਹੈ।ਇਸ ਮੌਕੇ ਚੇਅਰਮੈਨ ਮਹੀਪਾਲ ਸਿੰਘ ਤੇ ਮੈਨੇਜਰ ਹਰਬੀਰ ਸਿੰਘ (ਮੈਨੇਜਮੈਂਟ) ਨੇ ਕਿਹਾ ਕਿ ਸਾਡਾ ਸਕੂਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ।ਕੋਚ ਸਵਰਨ ਸਿੰਘ ਤੇ ਬਖਸ਼ੀਸ਼ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਬੱਚਿਆਂ ਦੀ ਮਿਹਨਤ ਰੰਗ ਲਿਆਈ ਹੈ ਅਤੇ ਸਾਨੂੰ ਉਨ੍ਹਾਂ ਦੇ ਭਵਿੱਖ 'ਤੇ ਮਾਣ ਹੈ।ਇਸ ਦੌਰਾਨ ਕੋਆਰਡੀਨੇਟਰ ਅਭੈ ਬਜਾਜ, ਸੰਦੀਪ ਤੇ ਸ਼੍ਰੀਮਤੀ ਰਚਨਾ ਮੋਂਗਾ ਮੌਜੂਦ ਸਨ।

## ਲੌਂਗੋਵਾਲ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਿੰਗਲਵਾੜਾ ਸ਼ਾਖਾ ਦਾ ਦੌਰਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਸਥਾਨਕ ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਦਾ ਵੱਖ ਵੱਖ ਵਿੱਦਿਅਕ ਅਦਾਰਿਆਂ ਵੱਲੋਂ ਵਿਸ਼ੇਸ਼ ਦੌਰੇ ਜਾਰੀ ਹਨ।ਇਸੇ ਲੜੀ ਤਹਿਤ ਸ਼ਹੀਦ ਭਾਈ ਮਨੀ ਸਿੰਘ ਕਾਲਜ ਲੌਂਗੋਵਾਲ ਦੇ ਵਿਦਿਆਰਥੀਆਂ ਨੇ ਸ਼ਾਖਾ ਦਾ ਦੌਰਾ ਕੀਤਾ।ਕਾਲਜ ਪ੍ਰਿੰਸੀਪਲ ਡਾ. ਜਸਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਜਿੰਦਰ ਕੌਰ ਤੇ ਜਗਤਾਰ ਸਿੰਘ ਅਸਿਸਟੈਂਟ ਪ੍ਰੋਫੈਸਰ ਦੀ ਅਗਵਾਈ ਵਿੱਚ 36 ਵਿਦਿਆਰਥੀਆਂ ਦੇ ਗਰੁੱਪ ਦੇ ਸ਼ਾਖਾ ਵਿਖੇ ਪਹੁੰਚਣ 'ਤੇ ਤਰਲੋਚਨ ਸਿੰਘ ਚੀਮਾ ਮੁੱਖ ਪ੍ਰਬੰਧਕ ਤੇ ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ ਨੇ ਸਵਾਗਤ ਕੀਤਾ।ਮਨਦੀਪ ਕੌਰ ਚੱਠੇ ਨਾਲ ਵਿਦਿਆਰਥੀਆਂ ਨੇ ਵੱਖ ਵੱਖ ਵਾਰਡਾਂ ਦਾ ਦੌਰਾ ਕੀਤਾ ਤੇ ਮਰੀਜ਼ਾਂ ਨਾਲ ਕੁਝ ਸਮਾਂ ਬਿਤਾਇਆ।ਵਿਸ਼ੇਸ਼ ਲੈਕਚਰ ਸੈਸ਼ਨ ਦੌਰਾਨ ਸੁਰਿੰਦਰ ਪਾਲ ਸਿੰਘ ਸਿਦਕੀ ਪੀ ਆਰ ਓ ਨੇ ਭਗਤ ਪੂਰਨ ਸਿੰਘ ਜੀ ਦੇ ਜੀਵਨ ਬਾਰੇ ਦੱਸਿਆ।ਪਿੰਗਲਵਾੜਾ ਸ਼ਾਖਾ ਦੇ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਕੀਤੇ ਪ੍ਰਬੰਧਾਂ ਦੀ ਜਾਣਕਾਰੀ ਤੇ ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਦੀਆਂ ਜੀਵਨ ਦੀਆਂ ਪ੍ਰੇਰਨਾਵਾਂ ਤੇ ਡਾਕਟਰ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਦੇਸ਼ ਵਿਦੇਸ਼ ਵਿੱਚ ਕੀਤੇ ਜਾ ਰਹੇ ਮਾਨਵ ਭਲਾਈ ਦੇ ਕਾਰਜਾਂ ਬਾਰੇ ਵਿਚਾਰ ਵਟਾਂਦਰਾ ਕੀਤਾ।ਡਾ. ਉਪਾਸਨਾ ਨੇ ਮਰੀਜ਼ਾਂ ਦੀ ਸਿਹਤ ਤੰਦਰੁਸਤੀ ਲਈ ਸ਼ਾਖਾ ਦੇ ਵੱਖ ਵੱਖ ਵਾਰਡਾਂ ਵਿੱਚ ਸਥਾਪਤ ਮੈਡੀਕਲ ਸਹੂਲਤਾਂ ਬਾਰੇ ਦੱਸਿਆ।ਪ੍ਰੋਫੈਸਰ ਬਲਜਿੰਦਰ ਕੌਰ ਨੇ ਕਿਹਾ ਕਿ ਇਸ ਦੌਰੇ ਨਾਲ ਵਿਦਿਆਰਥੀਆਂ ਨੂੰ ਹੱਥੀਂ ਸੇਵਾ ਕਰਨ, ਮਾਨਵ ਭਲਾਈ ਤੇ ਸਦਾਚਾਰਕ ਗੁਣ ਅਪਣਾਉਣ ਦੀ ਪ੍ਰੇਰਨਾ ਮਿਲੀ ਹੈ।ਕਾਲਜ ਵਿਦਿਆਰਥੀ ਗਗਨਪ੍ਰੀਤ ਕੌਰ, ਰਾਜਵਿੰਦਰ ਕੌਰ ਤੇ ਮਾਨਵੀਰ ਸ਼ਰਮਾ ਨੇ ਕਿਹਾ ਕਿ ਮਰੀਜ਼ਾਂ ਨਾਲ ਤੇ ਉਨ੍ਹਾਂ ਵੱਲੋਂ ਨੱਚ ਟੱਪ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਜੋ ਕਿ ਸਾਡੀ ਜ਼ਿੰਦਗੀ ਦੇ ਯਾਦਗਾਰੀ ਪਲ ਬਣ ਗਏ ਹਨ।ਇਸ ਦੌਰੇ ਤੋਂ ਆਪਣੇ ਮਾਤਾ ਪਿਤਾ, ਬਜ਼ੁਰਗਾਂ ਦਾ ਸਤਿਕਾਰ ਤੇ ਸੇਵਾ ਸੰਭਾਲ ਕਰਨ ਦੀ ਪ੍ਰੇਰਨਾ ਮਿਲੀ ਹੈ।ਇਸ ਮੌਕੇ ਕੁਲਵੰਤ ਸਿੰਘ ਅਕੋਈ, ਸਾਕਸ਼ੀ, ਮਨਦੀਪ ਕੌਰ ਚੱਠੇ, ਹਰਵਿੰਦਰ ਸ਼ਰਮਾ, ਜਸ਼ਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਕਰਜ਼ਾ ਮੁਆਫ ਕਰਾਉਣ...

ਵਿਆਜ ਦੇ ਕਰਜ਼ੇ ਦਿੰਦੀ ਹੈ, ਫਿਰ ਵੀ ਕਿਸਾਨ ਕਰਜ਼ੇ ਮੁਆਫ ਕਰਨ ਦੀ ਮੰਗ ਕਰ ਰਹੇ ਹਨ। ਅਜੀਤ ਪਵਾਰ ਇਸ ਗੱਲੋਂ ਮੁਨਕਰ ਨਹੀਂ ਹਨ ਕਿ 2024 ਦੀਆਂ ਚੋਣਾਂ ਵੇਲੇ ਉਨ੍ਹਾ ਦੀ ਮਹਾਯੁਤੀ ਨੇ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਕਹਿ ਰਹੇ ਹਨ ਕਿ ਕਿਸਾਨਾਂ ਦੀ ਆਦਤ ਚੰਗੀ ਨਹੀਂ। ਇਹ ਉਹੀ ਅਜੀਤ ਪਵਾਰ ਹਨ, ਜਿਨ੍ਹਾ 2013 ਵਿੱਚ ਗੰਭੀਰ ਸੋਕੇ ਦੌਰਾਨ ਕਿਹਾ ਸੀ ਕਿ ਜਦ ਡੈਮ ਵਿੱਚ ਪਾਣੀ ਨਹੀਂ ਹੈ ਤਾਂ ਕੀ ਉਹ ਮੂਤ ਕਰਕੇ ਭਰ ਦੇਣ। ਕਰਜ਼ ਮੁਆਫੀ ਬਾਰੇ ਪਵਾਰ ਦੇ ਤਾਜ਼ਾ ਬਿਆਨ ਨੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਵੱਲੋਂ ਅਗਲੇ ਸਾਲ ਜੂਨ ਤੱਕ ਕਰਜ਼ ਮੁਆਫੀ ਕਰ ਦੇਣ ਦੇ ਵਾਅਦੇ ਬਾਰੇ ਸ਼ੰਕੇ ਪੈਦਾ ਕਰ ਦਿੱਤੇ ਹਨ। ਮਹਾਰਾਸ਼ਟਰ ਕਾਂਗਰਸ ਪ੍ਰਧਾਨ ਹਰਸ਼ਵਰਧਨ ਸਪਕਲ ਨੇ ਕਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਕਰਜ਼ਾ ਮੁਆਫੀ ਦਾ ਵਾਅਦਾ ਮਹਾਯੁਤੀ ਨੇ ਕੀਤਾ ਸੀ ਤੇ ਚੋਣਾਂ ਜਿੱਤਣ ਤੋਂ ਬਾਅਦ ਮੁਕਰ ਰਹੀ ਹੈ।

ਕਿਸਾਨ ਆਗੂ ਵਿਜੇ ਜਵਾਂਡੀਆ ਨੇ ਕਿਹਾ ਕਿ ਜੇ ਸਰਕਾਰ ਵਾਜਬ ਕੀਮਤਾਂ ਯਕੀਨੀ ਬਣਾਏ ਤਾਂ ਕਿਸਾਨ ਕਰਜ਼ਾ ਮੁਆਫੀ ਦੀ ਮੰਗ ਹੀ ਨਾ ਕਰਨ। ਕਪਾਹ ਤੇ ਸੋਇਆਬੀਨ ਐੱਮ ਐੱਸ ਪੀ ਤੋਂ ਘੱਟ ਕੀਮਤ 'ਤੇ ਵਿਕ ਰਹੇ ਹਨ। ਕਪਾਹ 6500 ਤੋਂ 7 ਹਜ਼ਾਰ ਰੁਪਏ ਕੁਇੰਟਲ ਵਿਕ ਰਹੀ ਹੈ। ਇਹ 15-20 ਸਾਲ ਪਹਿਲਾਂ ਵੀ ਏਨੇ ਦੀ ਵਿਕਦੀ ਸੀ। ਇਸ ਦਾ ਭਾਅ 10 ਹਜ਼ਾਰ ਤੋਂ 15 ਹਜ਼ਾਰ ਰੁਪਏ ਹੋਣਾ ਚਾਹੀਦਾ ਹੈ।

### ਪੀ ਯੂ 'ਤੇ ਕਬਜ਼ੇ ਦੀ...

ਇਹ ਪੰਜਾਬ ਦੀ ਰੂਹ ਉਤੇ ਹਮਲਾ ਹੈ। ਸੈਨੇਟ ਚੋਣਾਂ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ ਪਿਛਲੀਆਂ ਸੈਨੇਟ ਚੋਣਾਂ ਵਿੱਚ ਗ੍ਰੈਜੂਏਟ ਹਲਕੇ ਲਈ ਪੰਜਾਬ ਦੇ ਲੋਕਾਂ ਨੇ ਸਾਰੀਆਂ ਸੀਟਾਂ ਜਿੱਤ ਕੇ ਆਪਣੇ ਨੁਮਾਇੰਦੇ ਚੁਣੇ ਸਨ। ਇਹ ਲੋਕਾਂ ਦਾ ਸਪੱਸ਼ਟ ਫਤਵਾ ਸੀ। ਹੁਣ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ, ਜੋ ਬੈਲਟ ਬਾਕਸ ਰਾਹੀਂ ਭਰੋਸਾ ਨਹੀਂ ਜਿੱਤ ਸਕੀ, ਆਪਣੇ ਹੱਥਠੋਕਿਆਂ ਨੂੰ ਅੱਗੇ ਲਿਆ ਕੇ ਇਸ ਸਤਿਕਾਰਤ ਤੇ ਇਤਿਹਾਸਕ ਯੂਨੀਵਰਸਿਟੀ ਨੂੰ ਸਿਆਸਤ ਦਾ ਅਖਾੜਾ ਬਣਾਉਣਾ ਚਾਹੁੰਦੀ ਹੈ।

ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਕਾਦਮਿਕ ਭਾਈਚਾਰੇ, ਅਧਿਆਪਕਾਂ, ਵਿਦਿਆਰਥੀਆਂ ਅਤੇ ਸਟਾਫ਼ ਨਾਲ ਮਿਲ ਕੇ ਹਰ ਲੋਕਤੰਤਰੀ ਮੰਚ ਉਤੇ ਕੇਂਦਰ ਸਰਕਾਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਪੰਜਾਬ ਦੀ ਸ਼ਾਨਮੱਤੀ ਵਿਰਾਸਤ ਅਤੇ ਅਧਿਕਾਰਾਂ ਦੀ ਰੱਖਿਆ ਲਈ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਤਰੀਕਿਆਂ ਦੀ ਪੜਚੋਲ ਕੀਤੀ ਜਾਵੇਗੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਇਹ ਭਾਜਪਾ ਅਤੇ ਆਰ ਐੱਸ ਐੱਸ ਵੱਲੋਂ ਸਪੱਸ਼ਟ ਤੌਰ 'ਤੇ ਦੇਸ਼ ਦੀ ਇੱਕ ਇਤਿਹਾਸਕ ਸੰਸਥਾ ਨੂੰ ਹਾਈਜੈਕ ਕਰਨ ਦੀ ਘਟੀਆ ਕੋਸ਼ਿਸ਼ ਹੈ। ਕੋਈ ਵੀ ਪੰਜਾਬੀ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬੀ ਪਛਾਣ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਇਸ ਦਾ ਇਤਿਹਾਸ ਪੰਜਾਬੀ ਸੱਭਿਆਚਾਰ ਅਤੇ ਲੋਕਾਚਾਰ ਨਾਲ ਨੇੜਿਓਂ ਜੁੜਿਆ ਹੋਇਆ ਹੈ।

## ਕੈਰਲ ਸਕੂਲ 'ਚ ਜੈਨੇਸਿਸ ਡੈਂਟਲ ਹਸਪਤਾਲ ਵੱਲੋਂ ਜਾਂਚ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਹਿਰ ਦੇ ਕੈਰਲ ਕਾਨਵੈਂਟ ਸਕੂਲ ਵਿੱਚ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਇਕ ਮੁਫ਼ਤ ਡੈਂਟਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਸੁਕੀਰਤ ਕੌਰ, ਡਾ. ਸੁਲੇਖਾ ਤੇ ਡਾ. ਰਾਹੁਲ ਯਾਦਵ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਦੰਦਾਂ ਬਾਰੇ ਜਾਗਰੂਕ ਕੀਤਾ।

ਡਾਕਟਰਾਂ ਨੇ ਬੱਚਿਆਂ ਨੂੰ ਦੰਦਾਂ ਦੀ ਸਹੀ ਸਫਾਈ, ਬਰਸ਼ ਕਰਨ ਦਾ ਢੰਗ ਤੇ ਖਾਣ-ਪੀਣ ਵਿੱਚ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ, ਤਾਂ ਜੋ ਭਵਿੱਖ 'ਚ ਦੰਦਾਂ ਨਾਲ ਸਬੰਧਤ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਸਕੂਲ ਦੇ ਚੈਅਰਮੈਨ ਰਾਜੀਵ ਸ਼ਰਮਾ ਨੇ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਕੈਂਪ ਬੱਚਿਆਂ ਦੀ ਸਿਹਤ ਲਈ ਬਹੁਤ ਲਾਭਦਾਇਕ ਹੁੰਦੇ ਹਨ। ਇਸ ਸਫਲਤਾ ਵਿੱਚ ਕਾਲਜ ਦੇ ਪੀਆਰਓ ਰਣਜੀਤ ਸਿੰਘ, ਮਨਜੀਤ ਸਿੰਘ ਤੇ ਸਕੂਲ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਜ਼ਿਲ੍ਹਾ ਖੇਡਾਂ 'ਚ ਬਲਾਕ ਬਰੇਟਾ ਨੇ ਜਿੱਤੀ ਆਲ ਓਵਰ ਟਰਾਫੀ

**ਸੈਂਟਰ ਸਕੂਲ ਦਿਆਲਪੁਰਾ ਦੇ ਬੱਚਿਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ**



**ਬਰੇਟਾ (ਰੀਤਵਾਲ)**-ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਮੰਜੂ ਬਾਲਾ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸੱਤਪਾਲ ਸਿੰਘ ਦੀ ਰਹਿਨੁਮਾਈ ਹੇਠ ਦਸਮੇਸ਼ ਕਾਨਵੈਂਟ ਸਕੂਲ ਬਲਾਕ ਸਰਦੂਲਗੜ੍ਹ ਵਿਖੇ ਕਰਵਾਈਆਂ ਗਈਆਂ।ਹਰ ਸਾਲ ਦੀ ਤਰ੍ਹਾਂ ਇਸ ਸੈਸ਼ਨ ਵਿੱਚ ਵੀ ਸਰਕਾਰੀ ਪ੍ਰਾਇਮਰੀ ਸਕੂਲ ਦਿਆਲਪੁਰਾ ਦੇ ਬੱਚਿਆਂ ਨੇ ਜ਼ਿਲ੍ਹਾ ਖੇਡਾਂ ਵਿੱਚ ਬਾਕਮਾਲ ਪ੍ਰਦਰਸ਼ਨ ਕੀਤਾ।ਸਕੂਲ ਮੁਖੀ ਸੀ ਐੱਚ ਟੀ ਕੁਲਵਿੰਦਰ ਸਿੰਘ ਤੇ ਸਮੂਹ ਸਟਾਫ ਦੀ ਅਗਵਾਈ ਵਿੱਚ ਬੱਚਿਆਂ ਨੇ ਬਲਾਕ ਤੇ ਜ਼ਿਲ੍ਹਾ ਖੇਡਾਂ ਵਿੱਚ ਆਪਣੀਆਂ ਪ੍ਰਾਪਤੀਆਂ ਦਾ ਝੰਡਾ ਬੁਲੰਦ ਕੀਤਾ ਹੈ।ਸਕੂਲ ਦੇ 6 ਜ਼ਿਲ੍ਹਾ ਜੇਤੂ ਵਿਦਿਆਰਥੀ ਰਾਜ ਪੱਧਰੀ ਖੇਡਾਂ ਵਿੱਚ ਭਾਗ ਲੈਣਗੇ।ਕਰਾਟੇ ਖੇਡ ਦੇ ਨਤੀਜਿਆਂ ਵਿੱਚ ਹਰਜੋਤ ਕੌਰ ਨੇ 21 ਕਿੱਲੋ ਵਿੱਚ ਪਹਿਲਾ, ਨਵਦੀਪ ਕੌਰ ਨੇ -27 ਕਿੱਲੋ ਵਿੱਚ ਪਹਿਲਾ, ਰਾਜਦੀਪ ਕੌਰ ਨੇ 34 ਕਿੱਲੋ ਵਿੱਚ ਪਹਿਲਾ, ਮਨਿੰਦਰ ਸਿੰਘ ਨੇ -21 ਕਿੱਲੋ ਵਿੱਚ ਪਹਿਲਾ, ਜਸਕਰਨ ਸਿੰਘ ਨੇ-26 ਕਿੱਲੋ ਵਿੱਚ ਪਹਿਲਾ, ਕੋਮਲਪ੍ਰੀਤ ਕੌਰ ਨੇ 24 ਕਿੱਲੋ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਪ੍ਰਕਾਰ ਅਰਸ਼ਦੀਪ ਸਿੰਘ ਤੇ ਰਵਿੰਦਰ ਸਿੰਘ ਨੇ ਸਰਕਲ ਕਬੱਡੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਅਰਸ਼ਦੀਪ ਸਿੰਘ ਦੀ ਸਟੇਟ ਟੀਮ ਲਈ ਸਿਲੈਕਸ਼ਨ ਹੋਈ ਹੈ।100 ਮੀਟਰ ਦੌੜ ਵਿੱਚ ਕੋਮਲ ਨੇ ਤੀਜਾ ਤੇ ਪ੍ਰਿੰਸ ਨੇ 600 ਮੀਟਰ ਦੌੜ ਵਿੱਚ ਤੀਜਾ ਸਥਾਨ ਹਾਸਲ ਕੀਤਾ।ਜੇਤੂ ਬੱਚਿਆਂ ਨੂੰ ਸਕੂਲ ਮੈਨੇਜਮੈਂਟ ਕਮੇਟੀ ਤੇ ਸਟਾਫ਼ ਵੱਲੋਂ ਸਨਮਾਨਤ ਕੀਤਾ ਗਿਆ।ਸਕੂਲ ਮੁਖੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਬੱਚਿਆਂ ਦੀ ਇਹ ਪ੍ਰਾਪਤੀ ਸਮੂਹ ਸਟਾਫ਼ ਦੀ ਸਖਤ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਜੇਤੂ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਰਾਜ ਪੱਧਰੀ ਖੇਡਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਸਟਾਫ਼ ਗੁਰਪ੍ਰੀਤ ਕੌਰ, ਕੁਲਦੀਪ ਕੌਰ, ਸੀਮਾ ਰਾਣੀ, ਪਰਵਿੰਦਰ ਕੌਰ, ਰਾਜਦੀਪ ਕੌਰ, ਇੰਦੂ ਮੈਡਮ, ਭਗਵੰਤ ਕੌਰ, ਕਰਮਜੀਤ ਕੌਰ, ਐੱਸ ਐੱਮ ਸੀ ਮੈਂਬਰ ਮੇਲਾ ਸਿੰਘ ਜਸਵੀਰ ਸਿੰਘ, ਰਿੰਪੀ ਕੌਰ, ਅਮਨਦੀਪ ਕੌਰ, ਚਰਨਜੀਤ ਕੌਰ, ਬੂਟਾ ਸਿੰਘ ਤੇ ਜੇਤੂ ਬੱਚਿਆਂ ਦੇ ਮਾਪੇ ਹਾਜ਼ਰ ਸਨ।

## ਏਕਤਾ ਉਗਰਾਹਾਂ ਵੱਲੋਂ ਲੋਨ ਪੀੜਤ ਪਰਵਾਰ ਨੂੰ ਇਨਸਾਫ ਦੀ ਮੰਗ

**ਬੈਂਕ ਦੀਆਂ ਗਲਤ ਨੀਤੀਆਂ ਕਾਰਨ ਕਰਜ਼ੇ ਹੇਠ ਦੱਬਿਆ ਪਰਵਾਰ : ਕਿਸਾਨ ਆਗੂ**



ਧੂਰੀ (ਸੁਖਦੇਵ ਧੂਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਵੱਲੋਂ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਅਗਵਾਈ ਹੇਠ ਇਕ ਮੀਟਿੰਗ ਕੀਤੀ ਗਈ, ਜਿਸ ਵਿੱਚ ਦਰਸ਼ਨਾਂ ਦੇਵੀ ਪਤਨੀ ਸਵ. ਸ਼ਿਆਮ ਲਾਲ ਤੇ ਦਵਿੰਦਰ ਪਾਲ ਪਤਨੀ ਬਿੰਨੂ ਦੇ ਮਾਮਲੇ ਨੂੰ ਉਠਾਇਆ ਗਿਆ। ਪਰਵਾਰ ਨੇ ਦਸੰਬਰ 2015 ਵਿੱਚ ਸਟੇਟ ਬੈਂਕ ਆਫ ਇੰਡੀਆ ਤੋਂ ਤੇਰਾਂ ਲੱਖ ਰੁਪਏ ਦਾ ਕਰਜ਼ਾ ਮਕਾਨ ਬਣਾਉਣ ਲਈ ਲਿਆ ਸੀ।ਪਰਵਾਰ ਵੱਲੋਂ ਹੁਣ ਤੱਕ ਸੱਤ ਲੱਖ ਚੁਹੱਤਰ ਹਜ਼ਾਰ ਰੁਪਏ ਭਰ ਦਿੱਤੇ ਗਏ ਹਨ, ਪਰ ਸਰਕਾਰ ਦੀਆਂ ਗਲਤ ਨੀਤੀਆਂ ਤੇ ਪਰਵਾਰ ਦੀ ਮਾਲੀ ਕਮਜ਼ੋਰੀ ਕਾਰਨ ਬਾਕੀ ਕਰਜ਼ਾ ਚੁਕਾਉਣ ਤੋਂ ਅਸਮਰਥ ਹੈ।ਯੂਨੀਅਨ ਨੇ ਦੱਸਿਆ ਕਿ ਬੈਂਕ ਵੱਲੋਂ ਕੁੱਲ 26 ਲੱਖ ਰੁਪਏ ਦਾ ਲੋਨ ਪਾਸ ਕੀਤਾ ਗਿਆ ਸੀ, ਪਰ ਕੇਵਲ ਤੇਰਾਂ ਲੱਖ ਰੁਪਏ ਹੀ ਦਿੱਤੇ ਗਏ ਸਨ।ਇਸ ਤੋਂ ਇਲਾਵਾ, ਕਮਿਸ਼ਨ ਵਜੋਂ 1.50 ਲੱਖ ਤੇ ਬੀਮੇ ਵਜੋਂ 1 ਲੱਖ ਪਹਿਲਾਂ ਹੀ ਕੱਟ ਲਿਆ ਗਿਆ ਸੀ।ਕਰਜ਼ਾ ਦਿਵਾਉਣ ਵਾਲੇ ਦਾ ਨਾਮ ਹੈਪੀ ਗਰਗ ਵਕੀਲ ਏਜੰਟ, ਹਿਨਾ ਸਿੰਗਲਾ ਜੂਨੀਅਰ ਮੈਨੇਜਰ ਤੇ ਵੱਡੇ ਮੈਨੇਜਰ ਨੇ ਵਾਅਦਾ ਕੀਤਾ ਸੀ ਕਿ ਚਾਰ ਮਹੀਨੇ ਬਾਅਦ ਬਾਕੀ ਤੇਰਾਂ ਲੱਖ ਰੁਪਏ ਮਿਲਣਗੇ, ਪਰ ਅਜਿਹਾ ਨਹੀਂ ਹੋਇਆ।ਯੂਨੀਅਨ ਨੇ ਸਾਫ਼ ਕਿਹਾ ਹੈ ਕਿ ਕਿਸੇ ਵੀ ਕੀਮਤ 'ਤੇ ਇਸ ਪਰਵਾਰ ਦਾ ਕੁਰਕੀ ਵਰੰਟ ਜਾਂ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੌਕੇ ਕਿਸਾਨ ਆਗੂ ਹਰਪਾਲ ਸਿੰਘ ਪੇਧਨੀ, ਕਰਮਜੀਤ ਬੇਨੜਾ, ਜੋਰਾ ਸਿੰਘ, ਮਹਿੰਦਰ ਸਿੰਘ ਭਸੌੜ ਤੇ ਪਿੰਡ ਦੇ ਹੋਰ ਕਿਸਾਨ ਹਾਜ਼ਰ ਸਨ।

## ਐੱਮ ਏ ਐੱਮ ਸਕੂਲ ਦਾ ਬਲਾਕ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**-ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਸਮਸ਼ਪੁਰ ਵਿਖੇ ਕਰਵਾਏ ਬਲਾਕ ਪੱਧਰੀ ਖੇਡ ਮੁਕਾਬਲਿਆਂ ਵਿੱਚ ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦੇ ਖਿਡਾਰੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਬੈਡਮਿੰਟਨ ਵਿੱਚ ਜਪਦੀਪ ਕੌਰ ਤੇ ਆਲੀਆ ਕਲਿਆਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ।400 ਮੀਟਰ ਦੌੜ ਵਿੱਚ ਵਵਨਜੋਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਬੰਧਕ ਕਮੇਟੀ ਤੇ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਉਪਲਬਧੀਆਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਖੇਡਾਂ ਤੇ ਸਿੱਖਿਆ ਦੋਵਾਂ ਵਿੱਚ ਸ੍ਰੇਸ਼ਠਤਾ ਹਾਸਲ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ।

## ਲਾਇਨਜ਼ ਕਲੱਬ (ਯੂਥ) ਵੱਲੋਂ ਵਿਜੀਲੈਂਸ ਜਾਗਰੂਕਤਾ ਸੈਮੀਨਾਰ



**ਜਗਰਾਉਂ (ਅਮਿਤ ਖੰਨਾ)**-ਵਿਜਲੈਂਸ ਵਿਭਾਗ ਵੱਲੋਂ ਇਸ ਹਫਤੇ ਨੂੰ ਜਾਗਰੂਕ ਹਫਤਾ ਮਨਾਉਂਦਿਆਂ ਸਥਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸ਼ਹਿਰੀਆਂ ਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਲਾਇਨਜ਼ ਕਲੱਬ ਜਗਰਾਉਂ ਯੂਥ ਨੇ ਸੈਮੀਨਾਰ ਦਾ ਆਯੋਜਨ ਕੀਤਾ, ਜਿਸ ਵਿੱਚ ਡੀ ਐੱਸ ਪੀ ਲਵਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਪਤਵੰਤਿਆਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਵਿਭਾਗ ਆਪਣੇ ਤੌਰ 'ਤੇ ਰਿਸ਼ਵਤਖੋਰੀ ਨੂੰ ਠੱਲ੍ਹ ਨਹੀਂ ਪਾ ਸਕਦਾ। ਇਸ ਲਈ ਆਮ ਲੋਕਾਂ ਦਾ ਵੀ ਸਹਿਯੋਗ ਜ਼ਰੂਰੀ ਹੈ।ਉਨ੍ਹਾਂ ਆਖਿਆ ਕਿ ਜੇਕਰ ਕਿਸੇ ਸਰਕਾਰੀ ਵਿਭਾਗ 'ਚ ਕੋਈ ਵੀ ਰਿਸ਼ਵਤ ਦੀ ਮੰਗ ਕਰਦਾ ਹੈ, ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ, ਕੋਈ ਸਰਕਾਰੀ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕਿਸੇ ਨੇ ਆਪਣੀ ਆਮਦਨ ਤੋਂ ਵੱਧ ਜਾਇਦਾਦ ਬਣਾਈ ਹੈ ਜਾਂ ਕਿਸੇ ਤੋਹਫੇ ਦੇ ਰੂਪ ਵਿੱਚ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ, ਪਰ ਸਹੀ ਜਾਣਕਾਰੀ ਹੋਣੀ ਜ਼ਰੂਰੀ ਹੈ।ਇਸ ਮੌਕੇ ਲਾਈਨ ਕਲੱਬ ਜਗਰਾਉਂ ਯੂਥ ਦੇ ਪ੍ਰਧਾਨ ਤੇ ਪ੍ਰਸਿੱਧ ਸਮਾਜ ਸੇਵੀ ਰਜਿੰਦਰ ਜੈਨ ਕਾਕਾ ਨੇ ਆਖਿਆ ਕਿ ਅੱਜ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਪਤਾਲ ਤੱਕ ਪਹੁੰਚ ਗਈਆਂ ਹਨ।ਉਨ੍ਹਾਂ ਆਖਿਆ ਕਿ ਇਸ ਵਾਸਤੇ ਅਸੀਂ ਵੀ ਦੋਸ਼ੀ ਹਾਂ, ਕਿਉਂਕਿ ਅਸੀਂ ਆਪਣਾ ਕੰਮ ਵੀ ਮੇਜ ਥੱਲਿਓਂ ਰਿਸ਼ਵਤ ਰਾਹੀ ਕੰਮ ਕਰਨ ਨੂੰ ਪਹਿਲ ਦਿੰਦੇ ਹਾਂ, ਕਿਉਂਕਿ ਅਸੀਂ ਜਾਗਰੂਕ ਨਹੀਂ ਹਾਂ, ਅਸੀਂ ਮਿਹਨਤੀ ਨਹੀਂ ਹਾਂ।ਇਸ ਲਈ ਸਾਨੂੰ ਆਪਣੇ ਆਪ ਨੂੰ ਵੀ ਬਦਲਣਾ ਹੋਵੇਗਾ।ਇਸ ਮੌਕੇ ਅਧਿਆਪਕ ਰਸ਼ਪਾਲ ਸਿੰਘ, ਗੁਰਪ੍ਰੀਤ ਸਿੰਘ, ਨਰੇਸ਼ ਵਰਮਾ, ਸੁਨੀਲ ਕੁਮਾਰ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਸਕੂਲ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੇ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਤੇ ਸਮਾਜ ਸੇਵੀ ਜਥੇਬੰਦੀਆਂ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਗੌਰਵ ਵਰਮਾ, ਰਛਪਾਲ ਸਿੰਘ ਗਾਲਬ, ਮਨੀਸ਼ ਚੁੱਘ, ਕੈਪਟਨ ਨਰੇਸ਼ ਵਰਮਾ, ਪ੍ਰਿੰਸੀਪਲ ਸੁਨੀਲ ਕੁਮਾਰ, ਕੁਲਭੂਸ਼ਨ ਗੁਪਤਾ, ਜਵਾਹਰ ਲਾਲ ਵਰਮਾ, ਇੰਦਰਪ੍ਰੀਤ ਸਿੰਘ, ਬਲਜੋਤ ਸਿੰਘ ਤੇ ਮੈਡਮ ਸੰਤੋਸ਼ ਕੁਮਾਰੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# 15 ਆਧੁਨਿਕ ਪਿਸਤੌਲਾਂ ਸਣੇ 7 ਮੁਲਜ਼ਮ ਗ੍ਰਿਫ਼ਤਾਰ

**ਅੰਮ੍ਰਿਤਸਰ (ਹਰਿੰਦਰ ਜੀਤ ਸਿੰਘ)-** ਕਮਿਸ਼ਨਰੇਟ ਪੁਲਸ ਨੇ ਪਾਕਿਸਤਾਨੀ ਤਸਕਰਾਂ ਦੀ ਸ਼ਹਿ ਤੇ ਸਰਹੱਦ ਪਾਰੋਂ ਚਲਾਏ ਜਾ ਰਹੇ ਹਥਿਆਰ ਤਸਕਰੀ ਮਾਡਿਊਲ ਦੇ ਸੱਤ ਕਾਰਕੁਨਾਂ, ਜਿਨ੍ਹਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ, ਨੂੰ 15 ਆਧੁਨਿਕ ਪਿਸਤੌਲਾਂ ਸਮੇਤ



ਗ੍ਰਿਫ਼ਤਾਰ ਕਰਕੇ ਇਸ ਗਿਰੋਹ ਨੂੰ ਬੇਅਸਰ ਕੀਤਾ।ਇਹ ਜਾਣਕਾਰੀ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ਼ ਸੀਮਾ (30), ਅਮਨਦੀਪ ਸਿੰਘ ਉਰਫ਼ ਬੌਬੀ (23) ਦੋਵੇਂ ਵਾਸੀ ਫਕੀਰ ਸਿੰਘ ਕਲੋਨੀ, ਅੰਮ੍ਰਿਤਸਰ, ਬਲਵਿੰਦਰ ਸਿੰਘ ਉਰਫ਼ ਕਾਕਾ (26), ਗੁਰਦੇਵ ਸਿੰਘ (40), ਕਰਨਪ੍ਰੀਤ ਸਿੰਘ (19) ਅਤੇ ਹਰਮਨ ਸਿੰਘ (19) ਸਾਰੇ ਵਾਸੀ ਪਿੰਡ ਕੱਕੜ (ਅੰਮ੍ਰਿਤਸਰ ਦਿਹਾਤੀ) ਅਤੇ ਇੱਕ ਨਾਬਾਲਗ ਵਜੋਂ ਹੋਈ ਹੈ।ਦੋਸ਼ੀਆਂ ਤੋਂ ਬਰਾਮਦ ਕੀਤੇ ਗਏ ਹਥਿਆਰਾਂ ਵਿੱਚ 9 ਐੱਮਐੱਮ ਗਲੌਕ ਪਿਸਤੌਲਾਂ ਅਤੇ ਛੇ .30 ਬੋਰ ਪਿਸਤੌਲਾਂ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਵਿੱਚ ਪਾਕਿਸਤਾਨੀ ਹੈਂਡਲਰ ਦੇ ਸੰਪਰਕ ਵਿੱਚ ਸਨ ਅਤੇ ਪੰਜਾਬ ਭਰ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਪ੍ਰਾਪਤੀ ਅਤੇ ਸਪਲਾਈ ਵਿੱਚ ਸਰਗਰਮੀ ਨਾਲ ਸ਼ਾਮਲ ਸਨ।ਹੋਰ ਵੇਰਵੇ ਸਾਂਝੇ ਕਰਦੇ ਹੋਏ ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਇੱਕ ਨਾਬਾਲਗ, ਜੋ ਪਾਕਿਸਤਾਨੀ ਹੈਂਡਲਰਾਂ ਦੇ ਸੰਪਰਕ ਵਿੱਚ ਸੀ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਨੇੜਲੇ ਪਿੰਡ ਦਾ ਵਾਸੀ ਹੋਣ ਕਰਕੇ ਖੇਪਾਂ ਪ੍ਰਾਪਤ ਕਰਦਾ ਸੀ ਅਤੇ ਪੰਜਾਬ ਵਿੱਚੋਂ ਅੱਗੇ ਡਲਿਵਰ ਕਰਦਾ ਸੀ, ਨੂੰ ਪਹਿਲਾਂ ਵੀ ਦੋ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ।

# ਈਟੀਓ ਨੇ 1.70 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਪਿੰਡ ਵਾਸੀਆਂ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਮੰਡੀ ਵਿਖੇ 11.70 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ।ਸ: ਈ.ਟੀ.ਓ. ਨੇ ਜੰਡਿਆਲਾ ਦਾਣਾ ਮੰਡੀ ਵਿਖੇ 3 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 3 ਸਟੀਲ ਕਵਰ ਸ਼ੈੱਡ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਸ਼ੈੱਡ 6 ਮਹੀਨਿਆਂ ਵੀ ਬਣ ਕੇ ਤਿਆਰ ਹੋ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਸ਼ੈੱਡ ਦੇ ਬਣਨ ਨਾਲ ਹਲਕੇ ਦੇ ਆਲੇ ਦੁਆਲੇ ਪਿੰਡਾਂ ਦੇ ਕਿਸਾਨਾਂ ਨੂੰ ਕਾਫ਼ੀ ਸਹੂਲਤ ਮਿਲੇਗੀ ਅਤੇ ਉਹ ਆਪਣੀ ਫਸਲ ਇਨਾਂ ਸ਼ੈੱਡਾਂ ਹੇਠਾਂ ਰੱਖ ਸਕਣਗੇ, ਜਿਸ ਨਾਲ ਕਿ ਮੀਂਹ ਕਣੀ ਤੋਂ ਉਨਾਂ ਦੀ ਫਸਲ ਦਾ ਬਚਾਅ ਹੋਵੇਗਾ।ਉਪਰੰਤ ਈਟੀਓ. ਵੱਲੋਂ ਜੰਡਿਆਲਾ ਗੁਰੂ ਵਿਖੇ ਰੇਲਵੇ ਰੋਡ ਤੇ ਪਨਸਪ ਦੇ ਗੁਦਾਮ ਨੰਬਰ 1, 2,3,4 ਦੀ ਨਵੀਂ ਉਸਾਰੀ ਅਤੇ



ਗੁਦਾਮ ਨੰਬਰ 5 ਦੀ ਮੇਜਰ ਰਿਪੇਅਰ, ਸੜਕ , ਸੀਵਰੇਜ ਅਤੇ ਚਾਰਦਿਵਾਰੀ ਦਾ ਉਦਘਾਟਨ ਵੀ ਕੀਤਾ।ਉਨ੍ਹਾਂ ਦੱਸਿਆ ਕਿ ਇਸ ਕੰਮ ਉਤੇ ਤਕਰੀਬਨ 8 ਕਰੋੜ 70 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇਕ ਸਾਲ ਦੇ ਅੰਦਰ ਅੰਦਰ ਇਹ ਕੰਮ ਮੁਕੰਮਲ ਕੀਤਾ ਜਾਵੇਗਾ।ਇਸ ਮੌਕੇ ਸੁਨੀਲ ਪਾਸੀ ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਮੈਡਮ ਸੁਨੈਨਾ ਰੰਧਾਵਾ, ਮਹਿੰਦਰ ਸਿੰਘ ਢੱਡਵੰਡੀ, ਮਨਜਿੰਦਰ ਸਿੰਘ ਸਰਜਾ, ਗੁਰਪ੍ਰੀਤ ਸਿੰਘ ਸਾਰਾ, ਪ੍ਰਤਾਪ ਸਿੰਘ, ਅਮਨਦੀਪ ਸਿੰਘ, ਮੋਹਿਤ ਮਲਹੋਤਰਾ, ਸ਼ਬਲਾਲ ਸਿੰਘ, ਕਾਲੋ ਸ਼ਾਹ, ਜਗਤਾਰ ਸਿੰਘ, ਆੜ੍ਹਤੀ ਕਮਲ ਬੀਰ ਸਿੰਘ ਸੇਠ, ਆੜ੍ਹਤੀ ਅਰਸ਼ ਹਾਂਡਾ, ਨਵਦੀਪ ਸਿੰਘ ਨੀਟਾ, ਮੰਨਾ ਜਹਾਂਗੀਰ, ਰਾਜਾ ਭੈਣੀ, ਰਕੇਸ਼ ਕੁਮਾਰ, ਗੁਲਸ਼ੀ ਸ਼ਰਮਾ, ਸਰਬਜੀਤ ਸਿੰਘ, ਗਗਨਦੀਪ ਸਿੰਘ ਮੱਲਣ, ਅਮਨਦੀਪ ਸਿੰਘ ਸੋਹੀ, ਜਸਬੀਰ ਸਿੰਘ, ਸਰਬਜੀਤ ਸਿੰਘ, ਸਤੀਸ਼ ਕੁਮਾਰ, ਮਨੀਸ਼ ਯੂਨੀਅਨ ਦੇ ਪ੍ਰਧਾਨ ਹੀਰਾ ਸਿੰਘ, ਹਰਪ੍ਰੀਤ ਸਿੰਘ ਪੀਤੀ, ਸੁਰਿੰਦਰ, ਸ਼ੇਰ ਟਿੰਕੂ, ਪਰਮਿੰਦਰ ਸਿੰਘ, ਰਾਜਪਾਲ ਸਿੰਘ, ਲਲਿਤ ਕੁਮਾਰ ਦੁੱਗਲ, ਸੁਰਿੰਦਰ ਮੋਹਨ ਲਾਲੀ, ਜੈਨ ਸਭਾ ਦੇ ਪ੍ਰਧਾਨ ਬੰਟੀ ਜੈਨ, ਸ਼ੰਟੀ ਜੈਨ, ਸੌਰਵ ਜੈਨ, ਸੰਯਮ ਜੈਨ, ਕੁਲਵਿੰਦਰ ਸਿੰਘ ਵਿੱਕੀ, ਰਣਜੀਤ ਸਿੰਘ ਸੈਕਟਰੀ ਅਤੇ ਬਹੁਤ ਸਾਰੇ ਸ਼ੈਲਰਾਂ ਵਾਲੇ, ਮਾਰਕੀਟ ਕਮੇਟੀ ਸਟਾਫ, ਖਰੀਦ ਏਜੰਸੀਆਂ ਦਾ ਸਟਾਫ ਅਤੇ ਵੱਖ-ਵੱਖ ਮਹਿਕਮੇ ਦਾ ਸਟਾਫ ਹਾਜ਼ਰ ਸੀ।

## ਤਰਨ ਤਾਰਨ 'ਚ ਆਮ ਆਦਮੀ ਪਾਰਟੀ ਵੱਡੇ ਫਰਕ ਨਾਲ ਜਿੱਤੇਗੀ : ਬਰਸਟ

**ਤਰਨਤਾਰਨ :** ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ, ਜਿਸ ਤੋਂ ਸੂਬਾ ਵਾਸੀ ਬਹੁਤ ਖੁਸ਼ ਹਨ। ਜਿਸ ਦੇ ਚਲਦਿਆਂ ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਵੱਡੇ



ਅੰਤਰ ਨਾਲ ਜਿੱਤ ਹਾਸਲ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਵੱਲੋਂ ਤਰਨਤਾਰਨ ਵਿਖੇ ਚੋਣ ਪ੍ਰਚਾਰ ਦੌਰਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ, ਜਿਸ ਵੱਲੋਂ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਜਿਥੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਉਥੇ ਹੀ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ। ਬਰਸਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਨੂੰ ਭਾਰੀ ਬਹੁਮਤ ਨਾਲ ਜਿਤਾਉਣ।

## ਬਲਵਿੰਦਰ ਸਿੰਘ ਫੌਜੀ ਤੇ ਸਾਥੀਆਂ ਵੱਲੋਂ ਕਾਂਗਰਸੀ ਉਮੀਦਵਾਰ ਨੂੰ ਸਮਰਥਨ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)-** ਪਿੰਡ ਝਬਾਲ ਖਾਮ ਵਿਖੇ ਕਾਂਗਰਸੀ ਉਮੀਦਵਾਰ ਕਰਨਬੀਰ ਸਿੰਘ ਬੁਰਜ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਾਰੀ ਬਲ ਮਿਲਿਆ ਜਦੋਂ ਸਾਬਕਾ ਮੈਂਬਰ ਪੰਚਾਇਤ ਬਲਵਿੰਦਰ ਸਿੰਘ ਫੌਜੀ ਨੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਦਾ ਸਮਰਥ ਕਰਦਿਆਂ ਸਾਬਕਾ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ,ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਡਿਪਟੀ ਮੇਅਰ ਰਮਨ ਬਖਸ਼ੀ ਅਤੇ ਕਾਂਗਰਸ ਦੇ ਉਮੀਦਵਾਰ ਕਰਨਬੀਰ



ਸਿੰਘ ਬੁਰਜ ਦੀ ਹਾਜ਼ਰੀ ਵਿੱਚ ਕਾਂਗਰਸ ਪਾਰਟੀ ਨਾਲ ਚੱਲਣ ਦਾ ਅਹਿਦ ਕੀਤਾ ਤੇ ਕਿਹਾ ਕਿ ਉਹ ਪਾਰਟੀ ਦੀ ਜਿੱਤ ਲਈ ਦਿਨ ਰਾਤ ਇਕ ਕਰ ਦੇਣਗੇ। ਇਸ ਸਮੇਂ ਉਪਰੋਕਤ ਪਾਰਟੀ ਆਗੂਆਂ ਵੱਲੋਂ ਬਲਵਿੰਦਰ ਸਿੰਘ ਨੂੰ ਜੀ ਆਇਆਂ ਕਹਿੰਦਿਆਂ ਸਨਮਾਨਤ ਕੀਤਾ ਗਿਆ।ਇਸ ਮੌਕੇ ਸਾਬਕਾ ਬਲਾਕ ਪ੍ਰਧਾਨ ਗੁਰਪਾਲ ਸਿੰਘ ਜਗਤਪੁਰਾ, ਚੇਅਰਮੈਨ ਰਮਨ ਕੁਮਾਰ,ਸਾਬਕਾ ਜੇ ਈ ਨੌਨਿਹਾਲ ਸਿੰਘ ਕਸੇਲ, ਮੈਂਬਰ ਹਰਭਿੰਦਰ ਸਿੰਘ ਅਤੇ ਐੱਮਐੱਲਏ ਨਰੇਸ਼ ਪੁਰੀ ਸੁਜਾਨਪੁਰ ਦੇ ਟੀਮ ਮੈਂਬਰ ਜਰਨੈਲ ਸਿੰਘ, ਕਮਲ ਕੁਮਾਰ, ਰਾਜ ਕੁਮਾਰ ਅਤੇ ਮਨੀ ਵਰਮਾ ਆਦਿ ਹਾਜ਼ਰ ਸਨ।

## ਕਸੇਲ 'ਚ ਹਰਮੀਤ ਸੰਧੂ ਨੂੰ ਮਿਲਿਆ ਲੋਕਾਂ ਦਾ ਭਰਵਾਂ ਹੁੰਗਾਰਾ

**ਤਰਨਤਾਰਨ (ਪ੍ਰਿਤਪਾਲ ਸਿੰਘ)-** ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਜਿਵੇਂ-ਜਿਵੇਂ ਨੇੜੇ ਆ ਰਹੀ ਹੈ, ਲੋਕਾਂ ਦਾ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ ਵਿੱਚ ਸਮਰਥਨ ਅਤੇ ਵਿਸ਼ਵਾਸ ਵੀ ਵੱਧ ਰਿਹਾ ਹੈ। ਇਸੇ ਲੜੀ



ਤਹਿਤ ਪਿੰਡ ਕਸੇਲ ਵਿਖੇ 'ਆਪ' ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਪਿੰਡ ਵਾਸੀਆਂ ਨੇ ਇਕਜੁੱਟ ਹੋ ਕੇ ਸੰਧੂ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣ ਦਾ ਐਲਾਨ ਕੀਤਾ।ਪਿੰਡ ਵਿੱਚ ਪ੍ਰਧਾਨ ਸਾਹਿਬ ਸਿੰਘ ਬਾਲਮੀਕੀ, ਤਰਸੇਮ ਸਿੰਘ ਨਾਥ ਅਤੇ ਕੁਲਦੀਪ ਸਿੰਘ ਦੇ ਵਿਸ਼ੇਸ਼ ਸਹਿਯੋਗ ਨਾਲ ਇੱਕ ਪ੍ਰਭਾਵਸ਼ਾਲੀ ਮੀਟਿੰਗ ਹੋਈ।ਇਸ ਮੌਕੇ ਪਾਰਟੀ ਆਗੂਆਂ ਨੇ ਪਿੰਡ ਵਾਸੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਆਗੂਆਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

## ਟੀ ਸੀ ਇੰਟਰਨੈਸ਼ਨਲ ਸਕੂਲ ਵੱਲੋਂ ਏਕਤਾ ਲਈ 'ਮੈਰਾਥਨ'



**ਗੁਰਦਾਸਪੁਰ (ਦਿਨੇਸ਼ ਕੁਮਾਰ)-** ਟੀ. ਸੀ. ਇੰਟਰਨੈਸ਼ਨਲ ਸਕੂਲ ਨੇ ਭਾਰਤ ਦੇ ਮਹਾਨ ਆਜ਼ਾਦੀ ਘੁਲਾਟੀਏ ਅਤੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਮਨਾਉਣ ਲਈ ਏਕਤਾ ਲਈ ਮੈਰਾਥਨ ਦਾ ਆਯੋਜਨ ਕੀਤਾ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੇ ਚੇਅਰਮੈਨ ਸ਼੍ਰੀ ਰਵਿੰਦਰ ਸ਼ਰਮਾ ਨੇ ਕਿਹਾ ਕਿ ਸਰਦਾਰ ਵੱਲਭ ਭਾਈ ਪਟੇਲ ਨੇ ਭਾਰਤ ਨੂੰ ਇਕਜੁੱਟ ਕਰਨ ਲਈ ਕੰਮ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਦੇ ਦ੍ਰਿਸ਼ਟੀਕੋਣ ਅਤੇ ਅਗਵਾਈ ਕਾਰਨ ਹੀ ਅਸੀਂ ਅੱਜ ਇੱਕ ਮਜ਼ਬੂਤ ਅਤੇ ਸੰਯੁਕਤ ਭਾਰਤ ਦੇ ਨਾਗਰਿਕ ਹਾਂ।ਉਨ੍ਹਾਂ ਵਿਦਿਆਰਥੀਆਂ ਨੂੰ ਏਕਤਾ ਅਤੇ ਅਖੰਡਤਾ ਦੇ ਮੁੱਲਾਂ ਨੂੰ ਅਪਣਾਉਣ ਦੀ ਅਪੀਲ ਕੀਤੀ ।ਸਕੂਲ ਦੇ ਪ੍ਰਿੰਸੀਪਲ ਅਤੇ ਹੋਰ ਅਧਿਆਪਕਾਂ ਨੇ ਵੀ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ।

## ਅਜਨਾਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਤਿੰਨ ਦਿਨਾ ਮੁਫਤ ਮੈਡੀਕਲ ਕੈਂਪ ਲਗਾਇਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਸਾਹਿਬਜ਼ਾਦਾ ਅਜੀਤ ਸਿੰਘ ਚੈਰੀਟੇਬਲ ਟਰੱਸਟ ਮੁਹਾਲੀ ਦੇ ਡਾਕਟਰ ਅਤੇ ਪੈਰਾ ਮੈਡੀਕਲ ਸਟਾਫ ਦੀ ਸੱਤ ਮੈਂਬਰੀ ਟੀਮ ਦੁਆਰਾ ਤਹਿਸੀਲ ਅਜਨਾਲਾ ਦੇ ਵੱਖ-ਵੱਖ ਪਿੰਡਾਂ ਵਿੱਚ ਲੋੜਵੰਦ ਹੜ੍ਹ ਪ੍ਰਭਾਵਿਤ ਲੋਕਾਂ ਲਈ ਤਿੰਨ ਦਿਨਾ ਮੁਫਤ ਮੈਡੀਕਲ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ।ਟਰੱਸਟ ਦੇ ਚੇਅਰਮੈਨ ਸ: ਬਲਬੀਰ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ ਤੋਂ ਪੀੜਤਾਂ ਦੀ ਦੁਰਦਸ਼ਾ ਦਾ ਪਤਾ ਲਗਾ ਕੇ ਵੈਟਰਨਸ ਵੈੱਲਫੇਅਰ ਆਰਗਨਾਈਜੇਸ਼ਨ ਇੰਡੀਆ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪਿੰਡ ਗੁੱਜਰਪੁਰਾ ਨੇੜੇ ਅਜਨਾਲਾ ਵਿਖੇ ਬੇਸ ਕੈਂਪ ਸਥਾਪਿਤ ਕੀਤਾ ਹੈ।ਪਹਿਲੇ ਦਿਨ ਕੈਂਪ ਪਿੰਡ ਗੁੱਜਰਪੁਰਾ ਵਿਖੇ ਲਗਾਇਆ ਗਿਆ ਜਿੱਥੇ ਗਾਇਨੀਕਾਲੋਜਿਸਟ ਡਾ: ਹਰਦੀਪ ਕੌਰ ਅਤੇ ਬੱਚਿਆਂ ਦੇ ਮਾਹਿਰ ਡਾਕਟਰਾਂ ਨੇ 120 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ।ਦੂਜੇ ਅਤੇ ਤੀਜੇ ਦਿਨ ਪਿੰਡ ਗੱਗੋ ਮਾਹਲ ਵਿਖੇ ਕੈਂਪ ਲਗਾਇਆ ਗਿਆ ਜਿੱਥੇ ਹੋਰਨਾਂ ਤੋਂ ਇਲਾਵਾ ਡਾ: ਰਮਨੀਕ ਕੌਰ ਗਾਇਨੀਕਾਲੋਜਿਸਟ ਅਤੇ ਐੱਸ. ਕੇ. ਬਾਂਸਲ ਜਨਰਲ ਫਿਜੀਸ਼ੀਅਨ ਨੇ 600 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ।ਕੈਂਪ ਦੀ ਮੈਡੀਕਲ ਡਾਇਰੈਕਟਰ ਜਾਗਰਿਤੀ



ਬਹੁਗੁਣਾ ਨੇ ਦੱਸਿਆ ਕਿ ਲਗਭਗ 35 ਤੋਂ 40% ਮਰੀਜ਼ ਸ਼ੂਗਰ ਦੇ ਪਾਏ ਗਏ।ਉਨ੍ਹਾਂ ਇਹ ਵੀ ਦੱਸਿਆ ਕਿ ਲਗਭਗ 20% ਹੜ੍ਹਾਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕਿ ਚਮੜੀ ਦੀਆਂ ਬਿਮਾਰੀਆਂ ਅਤੇ ਉੱਲੀ ਮਾਰ ਬਿਮਾਰੀਆਂ ਆਦਿ ਨਾਲ ਸੰਬੰਧਿਤ ਕੇਸ ਵੀ ਮਿਲੇ।ਕੈਂਪ ਦੇ ਇੰਚਾਰਜ ਪਰਮਜੀਤ ਸਿੰਘ ਮੋਹਾਲੀ ਨੇ ਦੱਸਿਆ ਕਿ ਡਾਕਟਰਾਂ ਦੀਆਂ ਸਿਫਾਰਿਸ਼ਾਂ ਅਨੁਸਾਰ ਸਾਰੀਆਂ ਦਵਾਈਆਂ ਮੁਫਤ ਮੁਹੱਈਆ ਕੀਤੀਆਂ ਗਈਆਂ।

## ਖ਼ਾਲਸਾ ਕਾਲਜ ਸੈਨਿਕ ਸਕੂਲ ਨੇ ਰਾਸ਼ਟਰੀ ਏਕਤਾ ਦਿਵਸ 'ਤੇ ਸਾਈਕਲ ਰੈਲੀ ਕੱਢੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਦੇ ਮਕਸਦ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਖ਼ਾਲਸਾ ਕਾਲਜ ਸੈਨਿਕ ਸਕੂਲ (ਖ਼ਾਲਸਾ ਕਾਲਜ ਪਬਲਿਕ ਸਕੂਲ), ਜੀ. ਟੀ. ਰੋਡ ਵੱਲੋਂ ਅੱਜ ਰਾਸ਼ਟਰੀ ਏਕਤਾ ਦਿਵਸ ਦੇ ਸਬੰਧ 'ਚ ਸਾਈਕਲ ਰੈਲੀ ਕੱਢੀ ਗਈ।ਸਕੂਲ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੰਸਥਾ ਤੋਂ ਆਰੰਭ ਹੋ ਕੇ ਵਾਹਗਾ ਸਰਹੱਦ ਤੱਕ ਕੱਢੀ ਗਈ ਉਕਤ ਰੈਲੀ ਨੂੰ ਆਈ. ਟੀ. ਬੀ. ਪੀ. ਬਟਾਲੀਅਨ ਦੇ ਸੀ. ਓ. ਭਰਤ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।



ਇਸ ਮੌਕੇ ਪ੍ਰਿੰ: ਸ: ਗਿੱਲ ਨੇ ਏਕਤਾ ਦਿਵਸ ਸਬੰਧੀ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਇਕਜੁਟ ਹੋ ਕੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਉਕਤ ਰੈਲੀ ਦੌਰਾਨ ਆਈ. ਟੀ. ਬੀ. ਪੀ. ਤੋਂ ਡਿਪਟੀ ਸੀ. ਓ. ਸ: ਗੁਰਮਿੰਦਰ ਸਿੰਘ ਗਿੱਲ ਤੋਂ ਇਲਾਵਾ ਡੇਅ ਬੋਰਡਿੰਗ ਕਲਾਸਾਂ ਦੇ ਲਗਭਗ 70 ਕੈਡਿਟਾਂ ਨੇ ਸਾਈਕਲ ਰੈਲੀ 'ਚ ਸ਼ਿਰਕਤ ਕਰਦਿਆਂ ਵੱਖ-ਵੱਖ ਪੜ੍ਹਾਅ ਤੋਂ ਲੰਘਦੇ ਹੋਏ ਲੋਕਾਂ ਨੂੰ ਮਿਲ ਜੁਲ ਰਹਿਣ ਅਤੇ ਏਕੇ ਦੀ ਤਾਕਤ ਸਬੰਧੀ ਜਾਗਰੂਕ ਕੀਤਾ।

ਉਨ੍ਹਾਂ ਕਿਹਾ ਕਿ 'ਰਾਸ਼ਟਰੀ ਏਕਤਾ ਦਿਵਸ' ਦੇ ਸਬੰਧ 'ਚ ਸਕੂਲ ਤੋਂ ਵਾਹਗਾ ਬਾਰਡਰ ਤੱਕ ਕੱਢੀ ਗਈ ਉਕਤ ਸਾਈਕਲ ਰੈਲੀ ਦਾ ਅਟਾਰੀ ਵਿਖੇ ਪੁੱਜਣ 'ਤੇ ਬੀਐੱਸਐੱਫ਼ ਵਾਹਗਾ ਬਾਰਡਰ ਤੋਂ ਡਿਪਟੀ ਸੀਓ ਦਲਬੀਰ ਸਿੰਘ ਵੱਲੋਂ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਿਦਿਆਰਥੀਆਂ ਨੂੰ ਏਕਤਾ ਦਿਵਸ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਸਹੁੰ ਵੀ ਚੁੱਕਾਈ ਗਈ। ਉਨ੍ਹਾਂ ਕਿਹਾ ਕਿ ਉਕਤ ਰੈਲੀ ਦੇ ਆਯੋਜਨ ਦਾ ਮਕਸਦ ਦੇਸ਼ ਦੀ ਏਕਤਾ, ਇਕਸਾਰਤਾ ਅਤੇ ਸੁਰੱਖਿਆ ਨੂੰ ਹੋਰ ਵੀ ਮਜਬੂਤ ਕਰਨਾ ਸੀ।ਇਸ ਦੌਰਾਨ ਵਾਈਸ ਪ੍ਰਿੰਸੀਪਲ ਕਮਲਜੀਤ ਕੌਰ, ਸ: ਨਰਵਿੰਦਰ ਸਿੰਘ, ਸ: ਗੁਰਪ੍ਰੀਤ ਸਿੰਘ, ਸ: ਪਲਵਿੰਦਰ ਸਿੰਘ,ਅਵਨੀਤ ਕੌਰ, ਸੰਦੀਪ ਕੌਰ ਆਦਿ ਅਧਿਆਪਕਾਂ ਤੋਂ ਇਲਾਵਾ ਵੱਡੀ ਗਿਣਤੀ ਵਿਦਿਆਰਥੀ ਹਾਜ਼ਰ ਸਨ।

## ਸ਼ੇਰ ਵੁੱਡ ਕਲੋਨੀ ਦੇ ਪਾਰਕ ਨੂੰ ਭੌਂ ਮਾਫ਼ੀਏ ਤੋਂ ਬਚਾਇਆ ਜਾਵੇ : ਪੈਨਸ਼ਨਰਜ਼ ਯੂਨੀਅਨ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਸ਼ੇਰ ਵੁੱਡ ਕਲੋਨੀ ਦੇ ਲੋਕ ਭੌਂ ਮਾਫੀਏ ਤੋਂ ਬਹੁਤ ਪ੍ਰੇਸ਼ਾਨ ਹਨ ਕਿਉਂਕਿ ਇਸ ਕਲੋਨੀ ਦੇ ਪਾਰਕ ਨੂੰ ਹੜੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਕਲੋਨੀ ਦੇ ਵਸਨੀਕ ਦੱਸਦੇ ਹਨ ਕਿ ਕਲੋਨੀ ਦੇ ਕਾਨੂੰਨੀ ਪਾਰਕ ਨੂੰ ਕਥਿਤ ਤੌਰ 'ਤੇ ਇੱਥੋਂ ਦੇ ਮੌਜੂਦਾ



ਐੱਮਐੱਲਏ ਦੀ ਸ਼ਹਿ 'ਤੇ ਉਸਦੇ ਨੇੜਲੇ ਲੋਕ ਕਬਜ਼ਾ ਕਰਕੇ ਵੇਚਣ ਲਈ ਝੂਠੇ ਕਾਗਜ਼ਾਂ ਨਾਲ ਮਾਲਕਾਨਾ ਹੱਕ ਜਤਾ ਰਹੇ ਹਨ ਜੋ ਕਿ ਬਰਦਾਸ਼ਤਯੋਗ ਨਹੀਂ।ਪ੍ਰੈੱਸ ਨੂੰ ਇਹ ਬਿਆਨ ਜਾਰੀ ਕਰਦਿਆਂ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਪ੍ਰਧਾਨ ਬਲਰਾਜ ਸਿੰਘ ਭੰਗੂ ਸਿੰਘ, ਜਨਰਲ ਸਕੱਤਰ ਕੁਲਵੰਤ ਸਿੰਘ ਘੁੱਕੇਵਾਲੀ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸਲਾਹਕਾਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਇਸ ਕਲੋਨੀ ਵਿੱਚ ਜ਼ਿਆਦਾਤਰ ਸੇਵਾ ਮੁਕਤ ਅਧਿਆਪਕ ਤੇ ਮੁਲਾਜ਼ਮ ਰਹਿੰਦੇ ਹਨ, ਜਿਨ੍ਹਾਂ ਆਪਣੀ ਸਾਰੀ ਕਮਾਈ ਖ਼ਰਚ ਕੇ ਇੱਥੇ ਘਰ ਬਣਾਏ ਕਿ ਬੁਢਾਪਾ ਕੱਟਣ ਲਈ ਸੋਹਣੇ ਪਾਰਕ ਦੀ ਸਹੂਲਤ ਹੈ।ਇਹ ਪਾਰਕ ਹੈ ਵੀ ਪੁੱਡਾ ਅਪਰੂਵਡ ਕਲੋਨੀ ਪਾਸ। ਹੁਣ ਅਚਾਨਕ ਕੁੱਝ ਲੋਕ ਇਸਦੀ ਕਥਿਤ ਝੂਠੀ ਰਜਿਸਟ੍ਰੇਸ਼ਨ ਆਪਣੇ ਨਾਮ ਕਰਵਾ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਵਿੱਚ ਹਨ।ਹਲਕਾ ਐੱਮਐੱਲਏ ਦੇ ਨੇੜਲੇ ਇਨ੍ਹਾਂ ਲੋਕਾਂ ਦੀ ਸਾਜ਼ਿਸ਼ ਵਿਰੁੱਧ ਮਈ ਮਹੀਨੇ ਤੋਂ ਇਲਾਕਾ ਨਿਵਾਸੀਆਂ ਨੇ ਪ੍ਰਸ਼ਾਸਨ ਤੇ ਉਚ ਅਧਿਕਾਰੀਆਂ ਨੂੰ ਲਿਖ ਕੇ ਦਿੱਤਾ ਹੋਇਆ ਹੈ।ਹੁਣ ਦੁਬਾਰਾ ਫਿਰ ਇਹ ਮਾਫੀਆ ਕਬਜ਼ਾ ਕਰਨ ਦੀ ਫਿਰਾਕ ਵਿੱਚ ਹੈ।ਕਲੋਨੀ ਵਸਨੀਕਾਂ ਨੇ ਇਸ ਬਾਰੇ ਸੋਸ਼ਲ ਮੀਡੀਆ 'ਤੇ ਵੀਡੀਓ ਵੀ ਪਾਈ ਹੈ।ਪੰਜਾਬ ਪੈਨਸ਼ਨਰਜ਼ ਯੂਨੀਅਨ ਮੰਗ ਕਰਦੀ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਖ਼ਾਸ ਕਰ ਮੁੱਖ ਮੰਤਰੀ ਭਗਵੰਤ ਮਾਨ ਅਜਿਹੇ ਲੋਕਾਂ ਵਿਰੁੱਧ ਬਣਦੀ ਸਖ਼ਤ ਕਾਰਵਾਈ ਕਰਨ ਤਾਂ ਕਿ ਲੋਕ ਸੁਰੱਖਿਅਤ ਜ਼ਿੰਦਗੀ ਜੀ ਸਕਣ।ਜੇਕਰ ਸਰਕਾਰ ਨੇ ਇਧਰ ਧਿਆਨ ਨਾ ਦਿੱਤਾ ਤਾਂ ਯੂਨੀਅਨ ਕਲੋਨੀ ਵਾਸੀਆਂ ਦੀ ਮਦਦ ਵਿੱਚ ਆਉਣ ਲਈ ਮਜਬੂਰ ਹੋਵੇਗੀ।

## ਪਟੇਲ ਦੀ ਜਨਮ ਸ਼ਤਾਬਦੀ ਮੌਕੇ ਬਟਾਲਾ 'ਚ ਏਕਤਾ ਯਾਤਰਾ ਕੱਢੀ




**ਬਟਾਲਾ (ਤਰਲੋਕ ਬੱਗਾ)-** ਸ. ਵੱਲਭ ਭਾਈ ਪਟੇਲ ਦੀ 150ਵੀਂ ਜਨਮ ਸ਼ਤਾਬਦੀ ਮੌਕੇ ਬਟਾਲਾ ਵਿਚ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਆਗੂ ਅਤੇ ਵਰਕਰਾਂ ਵਲੋਂ ਏਕਤਾ ਯਾਤਰਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਵਿਜੇ ਸਾਂਪਲਾ ਨੇ ਕਿਹਾ ਕਿ ਸ.ਵੱਲਭ ਭਾਈ ਪਟੇਲ ਨੇ ਦੇਸ਼ ਦੀ ਏਕਤਾ ਕਾਇਮ ਰੱਖਣ ਵਿਚ ਅਹਿਮ ਰੋਲ ਅਦਾ ਕੀਤਾ ਜਿਨ੍ਹਾਂ ਦੇ ਸਿਧਾਂਤਾਂ ਉਪਰ ਚੱਲਣ ਦੀ ਲੋੜ ਹੈ।ਵਿਜੇ ਸਾਪਲਾ ਨੇ ਕਿਹਾ ਕਿ ਅੱਜ ਦੀ ਯਾਤਰਾ ਦਾ ਮੁੱਖ ਮਕਸਦ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਬਣਾਈ ਰੱਖਣਾ ਹੈ।ਇਸ ਦੇ ਨਾਲ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਵੀ ਇਸ ਯਾਤਰਾ ਦਾ ਮੁੱਖ ਉਦੇਸ਼ ਰਿਹਾ। ਹੀਰਾ ਵਾਲੀਆ ਨੇ ਕਿਹਾ ਕਿ ਸ.ਵੱਲਭ ਭਾਈ ਪਟੇਲ ਵਲੋਂ ਕੀਤੇ ਦੇਸ਼ ਹਿੱਤਾਂ ਦੇ ਕੰਮਾਂ ਨੂੰ ਕੋਈ ਵੀ ਭੁਲਾ ਨਹੀਂ ਸਕਦਾ ਕਿਉਂਕਿ ਉਨ੍ਹਾਂ ਨੇ ਆਪਣਾ ਜੀਵਨ ਦੇਸ਼ ਦੇ ਲੋਕਾਂ ਲਈ ਲਗਾਇਆ । ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਜ਼ਿਲ੍ਹਾ ਜਨਰਲ ਸੈਕਟਰੀ ਲਾਜਵੰਤ ਸਿੰਘ ਲਾਟੀ, ਪੰਜਾਬ ਮਹਿਲਾ ਮੋਰਚਾ ਜਨਰਲ ਸੈਕਟਰੀ ਅੰਬਿਕਾ ਖੰਨਾ, ਪੰਜਾਬ ਕਰਿਆ ਕਰਨੀ ਭੂਸਣ ਬਜਾਜ, ਵਾਈਸ ਪ੍ਰਧਾਨ ਸ਼ਕਤੀ ਸ਼ਰਮਾ, ਵਾਈਸ ਪ੍ਰਧਾਨ ਭਾਰਤ ਭੂਸ਼ਣ ਲੂਥਰਾ, ਓਮ ਪ੍ਰਕਾਸ਼, ਪੰਕਜ ਸ਼ਰਮਾ, ਅਨਿਲ ਭੱਟੀ, ਕੁਸ਼ਲ ਮਲਹੋਤਰਾ,ਸ੍ਰੀ ਕਾਂਤ ਸ਼ਰਮਾ ਤੋਂ ਇਲਾਵਾ ਕਈ ਲੋਕ ਹਾਜ਼ਰ ਸਨ।

## ਛੋਟੇ ਹਾਥੀ ਦੀ ਟੱਕਰ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)-** ਥਾਣਾ ਤਿੱਬੜ ਪੁਲਸ ਦੇ ਏਐੱਸਆਈ ਰਾਕੇਸ਼ ਕੁਮਾਰ ਨੇ ਕਿਹਾ ਕਿ ਆਪਣੇ ਬਿਆਨਾਂ ਵਿਚ ਅੰਜਨ ਕੁਮਾਰ ਪੁੱਤਰ ਸਤਪਾਲ ਵਾਸੀ ਤਾਲਿਬਪੁਰ ਨੇ ਦੱਸਿਆ ਕਿ ਮਿਤੀ 30 ਅਕਤੂਬਰ ਸਮਾਂ ਕਰੀਬ 5.30 ਨੂੰ ਮੇਰਾ ਭਰਾ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕਿ ਗੁਰਦਾਸਪੁਰ ਤੋਂ ਵਾਪਿਸ ਆਪਣੇ ਪਿੰਡ ਤਾਲਿਬਪੁਰ ਨੂੰ ਜਾ ਰਿਹਾ ਜਿਸ ਦੇ ਪਿੱਛੇ ਮੈਂ ਆਪਣੀ ਸਕੂਟਰੀ 'ਤੇ ਸਵਾਰ ਹੋ ਕਿ ਆ ਰਿਹਾ ਸੀ ਕਿ ਪਿੰਡ ਵਾੜਾ ਤੋਂ ਪਿੱਛੇ ਰੇਤ, ਬੱਜਰੀ ਦੇ ਡੰਪ ਕੋਲ ਪੁੱਜਾ ਤਾਂ ਸਾਹਮਣੇ ਤੋਂ ਇਕ ਛੋਟਾ ਹਾਥੀ ਜਿਸ ਨੂੰ ਪਰਮਿੰਦਰ ਸਿੰਘ ਪੁੱਤਰ ਸਰਦੂਲ ਸਿੰਘ ਵਾਸੀ ਗੋਹਤਪੋਖਰ ਚਲਾ ਰਿਹਾ ਸੀ, ਜਿਸ ਨੇ ਤੇਜ਼ ਰਫਤਾਰ ਬਿਨਾਂ ਹਾਰਨ ਦਿੱਤੇ ਗਲਤ ਸਾਈਡ ਲਿਆ ਕਿ ਮੇਰੇ ਭਰਾ ਦੇ ਮੋਟਰਸਾਈਕਲ ਵਿੱਚ ਮਾਰ ਦਿੱਤਾ ਜਿਸ ਨਾਲ ਮੇਰੇ ਭਰਾ ਨੂੰ ਕਾਫੀ ਸੱਟਾਂ ਲੱਗ ਗਈਆਂ ਜਿਸ ਨੂੰ ਸਵਾਰੀ ਦਾ ਪ੍ਰਬੰਧ ਕਰਕੇ ਅਬਰੋਲ ਹਸਪਤਾਲ ਦਾਖਲ ਕਰਵਾਇਆ ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਡਰਾਈਵਰ ਛੋਟਾ ਹਾਥੀ ਮੌਕੇ 'ਤੇ ਛੱਡ ਕੇ ਦੌੜ ਗਿਆ। ਥਾਣਾ ਤਿੱਬੜ ਪੁਲਸ ਨੇ ਛੋਟੇ ਹਾਥੀ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਨੰਗਲ ਕੋਟਲੀ ਦੀ ਔਰਤ ਦੀ ਵਾਲੀ ਲਾਹ ਲੁਟੇਰੇ ਹੋਏ ਰਫੂ-ਚੱਕਰ

**ਗੁਰਦਾਸਪੁਰ (ਜਨਕ ਮਹਾਜਨ)-** ਮੁੱਹਲਾ ਨੰਗਲ ਕੋਟਲੀ ਦੀ ਰਹਿਣ ਵਾਲੀ ਔਰਤ ਦੀ ਲੁਟੇਰਿਆਂ ਵੱਲੋਂ ਵਾਲੀ ਖੋਹਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ



ਅਨੁਸਾਰ ਦਿਨ-ਦਿਹਾੜੇ ਬਾਜ਼ਾਰ ਦੇ ਵਿਚਕਾਰ ਮੋਟਰਸਾਈਕਲ 'ਤੇ ਸਵਾਰ ਦੋ ਲੁਟੇਰਿਆਂ ਨੇ ਇਕ ਔਰਤ ਦੇ ਕੰਨ ਦੀ ਵਾਲੀ ਖੋਹ ਲਈ ਅਤੇ ਭੱਜ ਗਏ। ਮੁੱਹਲਾ ਨੰਗਲ ਕੋਟਲੀ ਦੇ ਰਹਿਣ ਵਾਲੇ ਕਰਮਚੰਦ ਦੀ ਪਤਨੀ ਨਿਰਮਲਾ ਦੇਵੀ ਸਵੇਰੇ ਲਗਭਗ 11.30 ਵਜੇ ਇਕ ਹੋਰ ਔਰਤ ਨਾਲ ਸੰਗਲਪੁਰਾ ਰੋਡ 'ਤੇ ਬਾਬਾ ਦੀ ਦਰਗਾਹ 'ਤੇ ਮੱਥਾ ਟੇਕਣ ਲਈ ਆਪਣੇ ਘਰੋਂ ਨਿਕਲ ਰਹੀ ਸੀ ਕਿ ਮੋਟਰਸਾਈਕਲ 'ਤੇ ਸਵਾਰ ਦੋ ਲੁਟੇਰਿਆਂ ਨੇ ਪਿੱਛੇ ਤੋਂ ਉਸ ਦੀਆਂ ਕੰਨ ਦੀ ਵਾਲੀ ਖੋਹ ਲਈ। ਇਹ ਜਗ੍ਹਾ ਮੰਡੀ ਚੌਕ ਹੈ ਜੋ ਕਿ ਭੀੜ-ਭੜੱਕੇ ਵਾਲਾ ਇਲਾਕਾ ਹੈ ਅਤੇ ਚੌਕ ਵਿੱਚ ਹਰ ਸਮੇਂ ਪੁਲਸ ਕਰਮਚਾਰੀ ਤਾਇਨਾਤ ਰਹਿੰਦੇ ਹਨ ਪਰ ਲੁਟੇਰਿਆਂ ਦੇ ਹੌਸਲੇ ਇਸ ਹੱਦ ਤੱਕ ਵਧ ਗਏ ਹਨ ਕਿ ਉਨ੍ਹਾਂ ਨੇ ਕਿਸੇ ਦੀ ਪਰਵਾਹ ਕੀਤੇ ਬਿਨਾਂ ਬਾਜ਼ਾਰ ਵਿਚ ਔਰਤ ਦੇ ਕੰਨਾਂ ਦੀ ਵਾਲੀ ਖੋਹ ਲਈ ਅਤੇ ਮੋਟਰਸਾਈਕਲ 'ਤੇ ਭੱਜ ਗਏ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਔਰਤ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਲੁਟੇਰਿਆਂ ਨੂੰ ਜਲਦ ਤੋਂ ਫੜ ਕੇ ਮੈਨੂੰ ਇਨਸਾਫ਼ ਦਿਵਾਇਆ ਜਾਵੇ।

## ਸਕਰਨੀ ਪਲਾਸਟਰ ਤੇ ਰੁਦਰਾ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ ਬਾਰਾਂ ਘਰਾਂ ਦੀ ਮੁਰੰਮਤ ਕਰਵਾ ਕੇ ਦਿੱਤੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-** ਸਕਰਨੀ ਪਲਾਸਟਰ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਰੁਦਰਾ ਫਾਉਂਡੇਸ਼ਨ ਵੱਲੋਂ ਹੜ੍ਹ ਪ੍ਰਭਾਵਿਤ ਇਕ ਸਰਕਾਰੀ ਸਕੂਲ ਅਤੇ 12 ਘਰਾਂ ਦੀ ਮੁਰੰਮਤ ਦਾ ਕੰਮ ਮੁਕੰਮਲ ਹੋਣ ਮਗਰੋਂ ਸਕੂਲ ਪ੍ਰਿੰਸੀਪਲ ਅਤੇ ਸਬੰਧਤ ਪਰਿਵਾਰਾਂ ਨੂੰ ਘਰਾਂ ਦੀਆਂ ਚਾਬੀਆਂ ਸੌਂਪੀਆਂ ਗਈਆਂ।ਸਕਰਨੀ ਪਲਾਸਟਰ ਦੇ ਮੈਨੇਜਿੰਗ ਡਾਇਰੈਕਟਰ ਅਸ਼ੋਕ ਗੁਪਤਾ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਪ੍ਰਸਿੱਧ ਪੰਜਾਬੀ ਗਾਇਕ ਪ੍ਰੀਤ ਹਰਪਾਲ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ, ਜਿਨ੍ਹਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝਬਕਰਾ ਦੇ ਪ੍ਰਿੰਸੀਪਲ



ਰਜੇਸ਼ ਕੁਮਾਰ ਨੂੰ ਸਕੂਲ ਦੀਆਂ ਅਤੇ 12 ਹੋਰ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀਆਂ ਚਾਬੀਆਂ ਸੌਂਪੀਆਂ ਗਈਆਂ। ਗੁਪਤਾ ਨੇ ਕਿਹਾ ਕਿ ਦੇਸ਼ ਅਤੇ ਸਮਾਜ ਨੇ ਉਨ੍ਹਾਂ ਨੂੰ ਬਹੁਤ ਕੁਝ ਦਿੱਤਾ ਹੈ ਅਤੇ ਜੇਕਰ ਹੁਣ ਉਨ੍ਹਾਂ ਨੂੰ ਲੋਕਾਂ ਲਈ ਕੁਝ ਕਰਨ ਦਾ ਮੌਕਾ ਮਿਲਿਆ ਹੈ ਤਾਂ ਉਹ ਅਪਣੀ ਪੂਰੀ ਟੀਮ ਦੇ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਖੜ੍ਹੇ ਹਨ।ਅਸ਼ੋਕ ਗੁਪਤਾ ਨੇ ਕਿਹਾ ਕਿ ਸਕਰਨੀ ਅਤੇ ਰੁਦਰਾ ਫਾਊਂਡੇਸ਼ਨ ਦੀਨਾਨਗਰ ਦੇ ਹੜ੍ਹ ਪ੍ਰਭਾਵਿਤ ਖੇਤਰ ਅੰਦਰ 10 ਪਰਿਵਾਰਾਂ ਨੂੰ ਨਵੇਂ ਘਰ ਬਣਾ ਕੇ ਦੇਣ, 50 ਦੇ ਕਰੀਬ ਘਰਾਂ ਦੀ ਮੁਰੰਮਤ ਅਤੇ ਇਕ ਸਰਕਾਰੀ ਸਕੂਲ ਦੀ ਮੁਰੰਮਤ ਦਾ ਜ਼ਿੰਮਾ ਲਿਆ ਸੀ ਅਤੇ ਸਿਰਫ ਦੇਣ ਦਾ ਹੀ ਨਹੀਂ ਸਗੋਂ ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਸਥਾਨਕ ਪੱਧਰ ਤੇ ਹੀ ਕਾਰੀਗਰਾਂ ਅਤੇ ਮਜ਼ਦੂਰਾਂ ਨੂੰ ਕੰਮ ਦਿੱਤਾ ਗਿਆ ਹੈ ਤਾਂ ਜੋ ਪੁਨਰਵਾਸ ਦੇ ਨਾਲ ਨਾਲ ਸਥਾਨਕ ਲੋਕਾਂ ਲਈ ਰੁਜ਼ਗਾਰ ਵੀ ਮੁਹੱਈਆ ਹੋ ਸਕੇ। ਉਨ੍ਹਾਂ ਕਿਹਾ ਕਿ ਭਾਵੇਂ ਕੰਮ ਕਰਨ ਵਾਲੇ ਕਾਰੀਗਰਾਂ ਦੀ ਕਮੀ ਕਾਰਨ ਰਫਤਾਰ ਕੁਝ ਹੌਲੀ ਹੈ ਪਰ ਜਲਦੀ ਹੀ ਸਾਰਾ ਟੀਚਾ ਮੁਕੰਮਲ ਕਰ ਲਿਆ ਜਾਵੇਗਾ।ਗੁਪਤਾ ਨੇ ਕਿਹਾ ਕਿ ਜਿਵੇਂ ਜਿਵੇਂ ਕੰਮ ਮੁਕੰਮਲ ਹੁੰਦਾ ਜਾ ਰਿਹਾ ਹੈ ਅਸੀਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਉਨ੍ਹਾਂ ਦੇ ਸੁਪਨਿਆਂ ਦੇ ਘਰਾਂ ਦੀਆਂ ਚਾਬੀਆਂ ਸੌਂਪ ਰਹੇ ਹਾਂ।



## ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਵੱਲੋਂ ਇੰਦਰਜੀਤ ਸਿੰਘ ਕੋਚ ਦਾ ਸਵਾਗਤ

**ਪਠਾਨਕੋਟ (ਦਵਿੰਦਰ ਸਿੰਘ)-** ਕ੍ਰਿਕਟ ਐਸੋਸ਼ੀਏਸ਼ਨ ਪਠਾਨਕੋਟ ਅਨੁਸਾਰ ਇੰਦਰਜੀਤ ਸਿੰਘ ਨੂੰ ਐਸੋਸ਼ੀਏਸ਼ਨ ਦਾ ਨਵਾਂ ਮੁੱਖ ਕੋਚ ਨਿਯੁਕਤ ਕੀਤਾ ਗਿਆ ਹੈ।ਕ੍ਰਿਕਟ ਜਗਤ ਦੀ ਇੱਕ ਪ੍ਰਸਿੱਧ ਹਸਤੀ ਇੰਦਰਜੀਤ ਸਿੰਘ ਪਹਿਲਾਂ ਹਿਮਾਚਲ ਪ੍ਰਦੇਸ਼ ਰਣਜੀ ਟ੍ਰਾਫੀ ਟੀਮ ਦੇ ਕਪਤਾਨ ਰਹਿ ਚੁੱਕੇ ਹਨ ਅਤੇ ਨਾਲ ਹੀ ਬੀ.ਸੀ.ਸੀ.ਆਈ. ਦੇ ਅਧੀਨ ਦੋ ਸਾਲਾਂ ਤੱਕ ਮੈਚ ਰੈਫਰੀ ਵਜੋਂ ਆਪਣੀਆਂ ਸੇਵਾਵਾਂ ਵੀ ਦੇ ਚੁੱਕੇ ਹਨ।ਪੇਸ਼ਾਵਰ ਕ੍ਰਿਕਟ ਵਿੱਚ ਦਹਾਕਿਆਂ ਦੇ ਤਜਰਬੇ ਨਾਲ, ਉਨ੍ਹਾਂ ਨੇ ਖਿਡਾਰੀ ਅਤੇ ਮਾਰਗਦਰਸ਼ਕ ਦੋਵਾਂ ਰੂਪਾਂ ਵਿੱਚ ਅਨੁਸ਼ਾਸਨ, ਗਿਆਨ ਅਤੇ ਰਣਨੀਤਿਕ ਸੋਚ ਦਾ ਸ਼ਾਨਦਾਰ ਉਦਾਹਰਣ ਪੇਸ਼ ਕੀਤਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸੰਨੀ ਮਹਾਜਨ ਨੇ ਕੀਤਾ।ਉਨ੍ਹਾਂ ਕਿਹਾ ਕਿ ਇਹ ਨਿਯੁਕਤੀ ਪਠਾਨਕੋਟ ਵਿੱਚ ਕ੍ਰਿਕਟ ਦੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

## ਮਾਸਟਰ ਹਰਦੀਪ ਸਿੰਘ ਦਾ ਯੰਗ ਸਿੱਖਿਆ ਸਟੇਟ ਐਵਾਰਡ ਨਾਲ ਸਨਮਾਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਚੰਗੀਆ ਸੇਵਾਵਾਂ ਨਿਭਾਉਣ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸ੍ਰੀ ਆਨੰਦਪੁਰ ਸਾਹਿਬ ਵਿਖੇ ਉਲੀਕੇ ਸਟੇਟ ਪੱਧਰੀ ਪ੍ਰੋਗਰਾਮ ਵਿੱਚ ਪੰਜਾਬ ਦੇ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭਿਖਾਰੀਵਾਲ ਦੇ ਸਮਾਜਿਕ ਸਿੱਖਿਆ (ਵਿਸ਼ੇ) ਦੇ ਮਾਸਟਰ ਹਰਦੀਪ ਸਿੰਘ ਨੂੰ ਯੰਗ ਸਿੱਖਿਆ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਯੰਗ ਸਿੱਖਿਆ ਸਟੇਟ ਐਵਾਰਡ ਮਿਲਣ ਮਗਰੋਂ ਮਾਸਟਰ ਹਰਦੀਪ ਸਿੰਘ ਦਾ ਸਕੂਲ ਪਹੁੰਚਣ ਤੇ ਪ੍ਰਿੰਸੀਪਲ ਪੁਨੀਤਾ ਸ਼ਰਮਾ ਅਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪਿੰਸੀਪਲ ਪੁਨੀਤਾ ਸ਼ਰਮਾ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਆਪਣੀ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭਿਖਾਰੀਵਾਲ ਦੇ ਅਧਿਆਪਕ ਹਰਦੀਪ ਸਿੰਘ ਨੂੰ ਯੰਗ ਸਿੱਖਿਆ ਸਟੇਟ ਅਵਾਰਡ ਨਾਲ ਸਮਾਨਿਤ ਕਰਨਾ ਸਾਡੇ ਸਕੂਲ ਅਤੇ ਇਲਾਕੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਲੈਕਚਰਾਰ ਗੋਪਾਲ ਕ੍ਰਿਸ਼ਨ, ਲੈਕਚਰਾਰ ਸੁਧੀਰ ਮਹਾਜਨ, ਬਲਵਿੰਦਰ ਕੁਮਾਰ, ਗੀਤਾਂਜਲੀ ਵੋਹਰਾ, ਗੁਰਬਾਜ ਸਿੰਘ, ਰਾਜਵਿੰਦਰ ਕੌਰ, ਸਤਨਾਮ ਸਿੰਘ, ਰਿਤਿਕਾ ਮਲਿਕ, ਕਿਰਨ ਕੁਮਾਰੀ, ਸਤਪਾਲ ਸਿੰਘ, ਅਰੁਣ ਕੁਮਾਰ, ਸੁਖਵੰਤ ਸਿੰਘ, ਵੀਰ ਸਿੰਘ, ਭੁਵਣ ਗੁਪਤਾ ਆਦਿ ਹਾਜਰ ਸਨ। ਇਸ ਮੌਕੇ ਸਟੇਟ ਐਵਾਰਡੀ ਹਰਦੀਪ ਸਿੰਘ ਨੇ ਪ੍ਰਿੰਸੀਪਲ ਪੁਨੀਤਾ ਸ਼ਰਮਾ ਅਤੇ ਸਮੂਹ ਸਕੂਲ ਦਾ ਤਹਿ-ਦਿਲੋਂ ਧੰਨਵਾਦ ਕਰਦਿਆਂ ਕਿਹਾ ਉਨ੍ਹਾਂ ਦੇ ਸਹਿਯੋਗ ਸਦਕਾ ਹੀ ਉਨ੍ਹਾਂ ਨੂੰ ਇਹ ਉਪਲਬਧੀ ਹਾਸਲ ਹੋਈ ਹੈ।

## ਕਿਰਤੋਵਾਲ ਖੁਰਦ 'ਚ ਹੈਪੀ ਸੀਡਰ ਤੇ ਸੁਪਰ ਸੀਡਰ ਮਸ਼ੀਨਾਂ ਨਾਲ ਕਣਕ ਦੀ ਬਿਜਾਈ ਸ਼ੁਰੂ

**ਪੱਟੀ (ਬਲਦੇਵ ਸਿੰਘ ਸੰਧੂ)-** ਖੇਤੀ ਕਰਦਿਆਂ ਹਰ ਕਿਸਾਨ ਦੀ ਸੋਚ ਹੁੰਦੀ ਹੈ ਕਿ ਫਸਲ ਉਤਪਾਦਨ ਦੀ ਲਾਗਤ ਘੱਟ ਹੋਵੇ ਅਤੇ ਆਮਦਨ ਵੱਧ ਹੋਵੇ ਪਰ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਉਹ ਖੇਤੀ ਤਕਨੀਕਾਂ ਨੂੰ ਵੇਖ, ਸਮਝ



ਕੇ ਹਿੰਮਤ ਅਤੇ ਲਗਨ ਨਾਲ ਯਤਨ ਕਰੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਪਿੰਡ ਕਿਰਤੋਵਾਲ ਖੁਰਦ ਵਿਖੇ ਉੱਦਮ ਅਤੇ ਉਤਸ਼ਾਹ ਨਾਲ ਪਿਛਲੇ ਛੇ ਸਾਲ ਤੋਂ ਸਫਲਤਾ ਪੂਰਵਕ ਪਰਾਲੀ ਪ੍ਰਬੰਧਨ ਕਰ ਰਹੇ ਕਿਸਾਨਾਂ ਦੁਆਰਾ ਹੈਪੀ ਸੀਡਰ ਅਤੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਦੇ ਸ਼ੁਭ ਆਰੰਭ ਦੌਰਾਨ ਕੀਤਾ।ਕਣਕ ਦੀ ਬਿਜਾਈ ਦੀ ਸ਼ੁਰੂਆਤ ਦੌਰਾਨ ਸਰਕਲ ਅਧਿਕਾਰੀ ਦਇਆਪ੍ਰੀਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਰੱਤਾ ਗੁੱਦਾ, ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਤੋਂ ਡਾ. ਨਵਜੋਤ ਸਿੰਘ ਬਰਾੜ ਅਤੇ ਡਾ. ਸਾਹਿਲ ਨੇ ਦੱਸਿਆ ਕਿ ਕਣਕ ਦੀ ਬਿਜਾਈ ਲਈ ਨਵੰਬਰ ਦਾ ਪਹਿਲਾ ਪੰਦਰਵਾੜਾ ਢੁਕਵਾਂ ਸਮਾਂ ਹੈ।ਉਨ੍ਹਾਂ ਕਿਹਾ ਕਿ ਫਸਲ ਦੇ ਚੰਗੇ ਝਾੜ ਲਈ ਢੁੱਕਵੀਂ ਤਕਨੀਕ ਦੀ ਚੋਣ ਦੇ ਨਾਲ-ਨਾਲ ਸਾਫ ਸੁਥਰੇ ਤਸਦੀਕਸ਼ੁਦਾ ਬੀਜ ਨੂੰ ਕੀਟ ਨਾਸ਼ਕ ਅਤੇ ਉਲੀ ਨਾਸ਼ਕ ਦਵਾਈ ਨਾਲ ਸੋਧ ਲੈਣਾ ਲਾਹੇਵੰਦ ਰਹਿੰਦਾ ਹੈ।ਇਸ ਮੌਕੇ ਰਣਵੀਰ ਸਿੰਘ, ਹਰਪ੍ਰੀਤ ਸਿੰਘ, ਲਹਿੰਬਰ, ਸੁਖਜਿੰਦਰ ਸਿੰਘ, ਗੁਰਸਿਮਰਨ ਸਿੰਘ ਖੇਤੀ ਉਪ ਨਿਰੀਖਕ ਅਤੇ ਰਾਜਬੀਰ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

## ਕੇਂਦਰੀ ਖੇਤੀ ਮੰਤਰਾਲਾ ਦੇ ਅਬਜ਼ਰਵਰ ਨੇ ਪਿੰਡਾਂ 'ਚ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਕੀਤਾ ਨਿਰੀਖਣ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-** ਖੇਤੀ ਮੰਤਰਾਲਾ ਅਤੇ ਕਮਿਸ਼ਨ ਫ਼ਾਰ ਏਅਰ ਕੁਆਲਿਟੀ ਮੈਨੇਜਮੈਂਟ, ਭਾਰਤ ਸਰਕਾਰ ਦੇ ਅਬਜ਼ਰਵਰ ਇੰਜੀਨੀਅਰ ਰਜੀਵ ਠਾਕਰ, ਰਕੇਸ਼ ਕੁਮਾਰ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ



ਅਤੇ ਉਪਰਾਲਿਆਂ ਬਾਬਤ ਜਾਣੂ ਕਰਵਾਇਆ। ਇਸ ਮੌਕੇ ਟੀਮ ਨੂੰ ਖੇਤਾਂ ਵਿੱਚ ਬੇਲਰਾਂ ਅਤੇ ਇਨਸਿਟੂ ਮਸ਼ੀਨਾਂ ਨਾਲ ਕੀਤੇ ਜਾ ਰਹੇ ਪਰਾਲੀ ਪ੍ਰਬੰਧਨ ਦਾ ਮੌਕਾ ਵੀ ਦਿਖਾਇਆ ਗਿਆ।ਇਸ ਮੌਕੇ ਸੁਝਵਾਨ ਸਕਸੈਨਾ ਸਾਇੰਟਿਸਟ ਨੇ ਬਲਾਕ ਖੇਤੀਬਾੜੀ ਅਫਸਰ ਡਾ. ਨਵਤੇਜ ਸਿੰਘ ਨਾਲ ਖੇਤੀਬਾੜੀ ਬਲਾਕ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਝੋਨੇ ਦੀ ਪਰਾਲੀ ਪ੍ਰਬੰਧਨ ਮਸ਼ੀਨਰੀ ਦਾ ਨਿਰੀਖਣ ਕੀਤਾ ।ਇਸ ਦੌਰਾਨ ਕਿਸਾਨਾਂ ਦੇ ਨਾਲ ਬਿਹਤਰ ਪਰਾਲੀ ਪ੍ਰਬੰਧਨ ਪ੍ਰਕਿਰਿਆ ਨੂੰ ਲਾਗੂ ਕਰਨ ਬਾਰੇ ਚਰਚਾ ਕੀਤੀ ਗਈ ਅਤੇ ਉਨ੍ਹਾਂ ਖੇਤ ਪੱਧਰ 'ਤੇ ਦਰਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਵੀ ਕੀਤੀ।ਇਸ ਦੌਰਾਨ ਸਰਕਲ ਇੰਚਾਰਜ ਡਾ. ਰਮਨਜੀਤ ਸਿੰਘ ਸੰਧੂ ਅਤੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਖਡੂਰ ਸਾਹਿਬ, ਸੁਖਬੀਰ ਸਿੰਘ ਜੂਨੀਅਰ ਤਕਨੀਸ਼ੀਅਨ, ਤਰਨ ਤਾਰਨ, ਰੁਪਿੰਦਰਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਨੇ ਜ਼ਿਲ੍ਹਾ ਪ੍ਰਸ਼ਾਸਨ ਕਿਸਾਨ ਸਰਪੰਚ ਰਵੇਲ ਸਿੰਘ, ਗੁਰਅਸੀਸ ਸਿੰਘ, ਧਰਮ ਸਿੰਘ, ਬਲਜਿੰਦਰ ਸਿੰਘ, ਹਰਪਾਲ ਸਿੰਘ, ਲੱਕੀ ਸਿੰਘ, ਜਗਰੂਪ ਸਿੰਘ ਕਲੱਸਟਰ ਅਫਸਰ, ਸਤਨਾਮ ਸਿੰਘ ਖੇਤੀਬਾੜੀ ਸਬ-ਇੰਸਪੈਕਟਰ, ਗੁਰਪ੍ਰਤਾਪ ਸਿੰਘ ਫੀਲਡ ਵਰਕਰ ਅਤੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੇ ਪਰਾਲੀ ਪ੍ਰਬੰਧਨ ਦੇ ਫ਼ਾਇਦੇ ਅਤੇ ਮੁਸ਼ਕਿਲਾਂ ਬਾਰੇ ਜਾਣੂ ਕਰਾਉਂਦਿਆਂ ਦੱਸਿਆ ਕਿ ਹੁਣ ਤੱਕ ਲਗਭਗ 500 ਏਕੜ ਤੱਕ ਪਰਾਲੀ ਦਾ ਸੁਚੱਜਾ ਪ੍ਰਬੰਧ ਕੀਤਾ ਜਾ ਚੁੱਕਾ ਹੈ। ਤਜਰਬਾ ਸਾਂਝਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ ਉਥੇ ਵਾਤਾਵਰਨ ਵੀ ਵਧੀਆ ਬਣਿਆ ਰਹਿੰਦਾ ਹੈ।ਇਸ ਦੌਰਾਨ ਸਤਨਾਮ ਸਿੰਘ ਸਬ-ਇੰਸਪੈਕਟਰ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।

## ਯੁਵਕ ਸੇਵਾਵਾਂ ਕਲੱਬ ਨੇ ਸਕੂਲ ਬਸਰਾਏ 'ਚ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)-** ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਯੁਵਕ ਸੇਵਾਵਾਂ ਕਲੱਬ ਬਸਰਾਏ ਨੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ



ਤਹਿਤ ਇਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਡਾਕਟਰ ਗੁਰਵਿੰਦਰ ਪਾਲ ਸਿੰਘ ਸਾਬੀ, ਪ੍ਰੋਫੈਸਰ ਧਿਆਨ ਸਿੰਘ ਅਤੇ ਪਰਵਿੰਦਰ ਕੁਮਾਰ ਸ਼ਰਮਾ ਆਦਿ ਸਮੇਤ ਵੱਖ-ਵੱਖ ਬੁਲਾਰਿਆਂ ਨੇ ਵਿਦਿਆਰਥੀਆਂ ਅਤੇ ਹੋਰ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਅਤੇ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਮਾੜੀ ਸੰਗਤ ਤੋਂ ਦੂਰ ਰਹਿ ਕੇ ਪੂਰੀ ਲਗਨ ਤੇ ਮਿਹਨਤ ਨਾਲ ਪੜ੍ਹਾਈ ਵੱਲ ਧਿਆਨ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਦੌਰਾਨ ਸਮਾਜਸੇਵੀ ਪਰਵਿੰਦਰ ਕੁਮਾਰ ਸ਼ਰਮਾ ਨੇ ਸਕੂਲ ਮੁਖੀ ਵਿਜੇ ਕੁਮਾਰ ਨੂੰ 3100 ਰੁਪਏ ਸਕੂਲ ਭਲਾਈ ਫੰਡ ਲਈ ਦਿੱਤੇ। ਇਸ ਸਾਰਿਆਂ ਨੇ ਪਰਵਿੰਦਰ ਕੁਮਾਰ ਸ਼ਰਮਾ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ। ਦੱਸਣਯੋਗ ਹੈ ਕਿ ਪਰਵਿੰਦਰ ਕੁਮਾਰ ਸ਼ਰਮਾ ਅਕਸਰ ਹੀ ਸਕੂਲਾਂ ਅਤੇ ਧਾਰਮਿਕ ਸਥਾਨਾਂ 'ਤੇ ਆਪਣੀ ਸਮਰੱਥਾ ਅਨੁਸਾਰ ਦਾਨ ਕਰਦੇ ਰਹਿੰਦੇ ਹਨ। ਅਖੀਰ ਵਿੱਚ ਸਕੂਲ ਦੇ ਹੈੱਡਮਾਸਟਰ ਕਮ ਬਲਾਕ ਨੋਡਲ ਅਫਸਰ ਕਾਦੀਆਂ-1ਵਿਜੇ ਕੁਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਦਿਲਬਾਗ ਸਿੰਘ ਬਸਰਾਵਾਂ ਸੇਵਾ ਮੁਕਤ ਜ਼ਿਲ੍ਹਾ ਕੋਆਰਡੀਨੇਟਰ, ਕੇਵਲ ਸਿੰਘ ਰਿਆੜ, ਬਲਵਿੰਦਰ ਸਿੰਘ ਮੈਂਬਰ ਪੰਚਾਇਤ, ਜਸਬੀਰ ਸਿੰਘ ਟੋਨੀ, ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਬਾਜਵਾ, ਸਕੱਤਰ ਹਰਸਿਮਰਨ ਸਿੰਘ ਆਦਿ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



## ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਸ਼ੁਰੂ; ਨਗਰ ਕੀਰਤਨ 4 ਨੂੰ

**ਮਜੀਠਾ (ਸ਼ੇਇਮ ਆਨੰਦ)-** ਪਹਿਲੀ ਪਾਤਸ਼ਾਹੀ ਧੰਨ-ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਬੰਧਕ ਕਮੇਟੀ ਗੁਰਦੁਆਰਾ ਮਾਈਆਂ ਵਾਲਾ ਮਜੀਠਾ, ਸਿੱਖ ਸੇਵਕ ਜਥਾ, ਡੇਰਾ ਬਾਬਾ ਭਾਈ ਸਾਲ੍ਹੋ ਜੀ, ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ ਵੱਲੋਂ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ 4 ਨਵੰਬਰ ਨੂੰ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਮਜੀਠਾ ਵਿਖੇ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ।4 ਅਕਤੂਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜਿਹੜਾ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਮਾਈਆਂ ਵਿਖੇ ਸਮਾਪਤ ਹੋਵੇਗਾ।ਇਸ ਦੇ ਨਾਲ ਹੀ 5 ਨਵੰਬਰ ਦਿਨ ਬੁੱਧਵਾਰ ਨੂੰ ਸ਼ਾਮ 7 ਵਜੇ ਤੋਂ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਤੋਂ ਬਾਅਦ ਰਾਤ 10 ਵਜੇ ਤੱਕ ਕਥਾ ਕੀਰਤਨ ਸਮਾਗਮ ਕਰਾਇਆ ਜਾਵੇਗਾ ਜਿਸ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਮਨਮੀਤ ਸਿੰਘ ਮਜੀਠਾ ਦੇ ਰਾਗੀ ਜਥੇ ਅਤੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਗ੍ਰੰਥੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਗੁਰੂ ਦੇ ਅਤੁੱਟ ਲੰਗਰ ਲਗਾਏ ਜਾਣਗੇ।

## ਪਰਾਲੀ ਪ੍ਰਬੰਧਨ ਦੀ ਵਿੱਢੀ ਮੁਹਿੰਮ ਨੂੰ ਕਿਸਾਨਾਂ ਵੱਲੋਂ ਦਿੱਤਾ ਜਾ ਰਿਹਾ ਹਾਂ-ਪੱਖੀ ਹੁੰਗਾਰਾ

**ਗੁਰਦਾਸਪੁਰ (ਜਨਕ ਮਹਾਜਨ)-** ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਦੀ ਅਗਵਾਈ ਵਿਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ



ਫਸਲ ਦੀ ਰਹਿੰਦ ਖੂੰਹਦ ਨੂੰ ਨਾ ਸਾੜਨ ਅਤੇ ਇਸ ਨੂੰ ਪੈਲੀ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰਨ ਦੀ ਮੁਹਿੰਮ ਨੂੰ ਕਿਸਾਨਾਂ ਵਲੋਂ ਹਾਂ ਪੱਖੀ ਹੁੰਗਾਰਾ ਦਿੱਤਾ ਗਿਆ ਹੈ। ਇਸ ਸਬੰਧੀ ਗੱਲ ਕਰਦਿਆਂ ਡਾ. ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਰਾਲੀ ਪ੍ਰਬੰਧਨ ਅਤੇ ਪਰਾਲੀ ਨਾ ਸਾੜਨ ਦੀ ਵਿੱਢੀ ਮੁਹਿੰਮ ਨੂੰ ਕਿਸਾਨਾਂ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਕਿਸਾਨ ਬਿਨਾਂ ਪਰਾਲੀ ਨੂੰ ਅੱਗ ਲਗਾਏ ਕਣਕ ਦੀ ਬਿਜਾਈ ਸ਼ੁਰੂ ਕਰ ਰਹੇ ਹਨ ਅਤੇ ਪਸ਼ੂਆਂ ਦੇ ਚਾਰੇ ਆਦਿ ਲਈ ਵੀ ਕਿਸਾਨਾਂ ਵਲੋਂ ਪਰਾਲੀ ਇਕੱਠੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਗੁਰਦਾਸ ਨੰਗਲ, ਸੋਹਲ, ਖੋਖਰ, ਰਦਾਨ, ਕੋਟਲੀ, ਮੁਸਤਫਾ ਜੱਟਾਂ ਅਤੇ ਭੈਣੀ ਖਾਂ ਸਮੇਤ ਵੱਖ ਵੱਖ ਪਿੰਡਾਂ ਵਿੱਚ ਕਿਸਾਨ ਪਰਾਲੀ ਪ੍ਰਬੰਧਨ ਲਈ ਅੱਗੇ ਆਏ ਹਨ। ਉਨ੍ਹਾਂ ਕਿਹਾ ਕਿ ਫਸਲ ਦੀ ਰਹਿੰਦ- ਖੂੰਹਦ ਨੂੰ ਅੱਗ ਲਗਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ ਅਤੇ ਮਿੱਤਰ ਕੀੜੇ ਮਰਦੇ ਹਨ। ਧੂੰਏ ਕਾਰਨ ਸੜਕੀ ਹਾਦਸੇ ਵਾਪਰਨ ਨਾਲ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ।

## ਬੇਨੜਾ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ



**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ.) ਵਿਭਾਗ ਵੱਲੋਂ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਨੇ ਵਿਦਿਆਰਥੀਆਂ ਨੂੰ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦਾ ਸੰਦੇਸ਼ ਦਿੱਤਾ।ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਤੇ ਉਨ੍ਹਾਂ ਨੂੰ ਸਰਦਾਰ ਵੱਲਭ ਭਾਈ ਪਟੇਲ ਦੇ ਯੋਗਦਾਨ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ।ਅੰਤ ਵਿੱਚ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਏਕਤਾ ਲਈ ਸਹੁੰ ਚੁੱਕੀ ਗਈ ਤੇ ਦੇਸ਼ ਦੀ ਤਰੱਕੀ ਤੇ ਏਕਤਾ ਲਈ ਮਿਲ ਕੇ ਕੰਮ ਕਰਨ ਦਾ ਭਰੋਸਾ ਪ੍ਰਗਟ ਕੀਤਾ।ਇਸ ਮੌਕੇ ਡਾ. ਰਾਕੇਸ਼ ਕੁਮਾਰ ਤੇ ਡਾ. ਗਗਨਦੀਪ ਸਿੰਘ ਵੀ ਹਾਜ਼ਰ ਸਨ।

## ਸਿਹਤ ਵਿਭਾਗ ਵੱਲੋਂ ਵਿਸ਼ਵ ਸਟ੍ਰੋਕ ਦਿਵਸ ਸੰਬੰਧੀ ਜਾਗਰੂਕਤਾ ਸੈਮੀਨਾਰ

### ਤੁਰੰਤ ਇਲਾਜ ਨਾਲ ਬਚਾਈਆਂ ਜਾ ਸਕਦੀਆਂ ਜਾਨਾਂ : ਡਾ. ਗੁਰਤੇਜਿੰਦਰ ਕੌਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਤੇ ਐੱਸ ਐੱਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਹਤ ਬਲਾਕ ਮਹਿਲ ਕਲਾਂ ਵੱਲੋਂ ਬਲਾਕ ਅਧੀਨ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਸਟ੍ਰੋਕ (ਦਿਮਾਗੀ ਦੌਰਾ) ਦਿਵਸ ਮੌਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਸਟ੍ਰੋਕ (ਦਿਮਾਗੀ ਦੌਰਾ) ਇਲਾਜ ਯੋਗ ਹੈ, ਇਸ ਦਾ ਤੁਰੰਤ ਇਲਾਜ ਕਰਵਾ ਕੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।ਇਹ ਪ੍ਰਗਟਾਵਾ ਐੱਸ ਐੱਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਵੱਲੋਂ ਕੀਤਾ ਗਿਆ।ਇਸ ਮੌਕੇ ਏ ਐੱਮ ਓ ਡਾ. ਕੁਲਜੀਤ ਸਿੰਘ ਨੇ ਦੱਸਿਆ ਕਿ ਸਟ੍ਰੋਕ (ਦਿਮਾਗੀ ਦੌਰਾ) ਪੈ ਜਾਣ ਕਾਰਨ ਦਿਮਾਗ ਵਿੱਚ ਖੂਨ ਦੀ ਸਪਲਾਈ ਰੁਕ ਜਾਂਦੀ ਜਾਂ ਦਿਮਾਗ ਦੀ ਨਾੜੀ ਦੇ ਫੱਟ ਜਾਣ ਕਾਰਨ ਦਿਮਾਗ ਦੇ ਸੈੱਲ ਨੁਕਸਾਨਗ੍ਰਸਤ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਸਟ੍ਰੋਕ (ਦਿਮਾਗੀ ਦੌਰਾ) ਦੇ ਮਰੀਜ਼ਾਂ ਨੂੰ ਜੇਕਰ 4 ਘੰਟਿਆਂ ਦੇ ਅੰਦਰ ਐਮਰਜੈਂਸੀ 'ਚ ਲਿਆਂਦਾ ਜਾਵੇ ਤਾਂ ਉਸ ਨੂੰ ਅਧਰੰਗ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦੇ ਹੱਥ ਜਾਂ ਬਾਂਹ ਕਮਜ਼ੋਰ ਜਾਂ ਸੁੰਨ ਹੋਣਾ, ਚਿਹਰੇ ਦਾ ਇੱਕ ਹਿੱਸਾ ਝੁਕ ਜਾਣਾ, ਬੋਲਣ ਵਿੱਚ ਦਿੱਕਤ ਜਾਂ ਬੋਲਣ ਤੋਂ ਅਸਮਰੱਥ ਹੋਣਾ ਆਦਿ ਲੱਛਣ ਦਿਖਾਈ ਦੇਣ ਤਾਂ ਤੁਰੰਤ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ।

## ਅਸ਼ੋਕ ਭੰਡਾਰੀ ਰਾਜ ਆਈਕਨ ਐਵਾਰਡ ਨਾਲ ਸਨਮਾਨਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਕੋਟਕਪੂਰਾ ਦੇ ਲਵ ਪੰਜਾਬ ਫਾਰਮ ਵਿੱਚ ਇਕਸ ਆਰਟਸ ਵੈੱਲਫੇਅਰ ਕੌਂਸਲ ਵੱਲੋਂ ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਭਾਈ ਭੋਲਾ ਯਮਲਾ ਤੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਵਿੱਚ 18ਵਾਂ ਰਾਜ ਪੱਧਰੀ ਪੁਰਸਕਾਰ 2025 ਸਥਾਨਕ ਲੇਖਕ ਅਸ਼ੋਕ ਭੰਡਾਰੀ ਨੂੰ ਰਾਜ ਆਈਕਨ ਐਵਾਰਡ 2025 ਨਾਲ ਮੁੱਖ ਮਹਿਮਾਨ ਮਨਜੀਤ ਸਿੰਘ ਬਰਾੜ (ਮੰਡਲ ਕਮਿਸ਼ਨਰ ਫਰੀਦਕੋਟ), ਡਾ. ਗੁਰਚਰਨ ਕੌਰ ਕੋਚਰ ਤੇ ਇਕਬਾਲ ਸਿੰਘ ਸਹੋਤਾ ਨੇ ਸਨਮਾਨਤ ਕੀਤਾ।ਵਾਤਾਵਰਣ ਸੰਭਾਲ ਤੇ ਸਿੱਖਿਆ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਬਦਲੇ ਪ੍ਰਦਾਨ ਕੀਤੇ ਗਏ ਇਸ ਐਵਾਰਡ ਬਦਲੇ ਧੰਨਵਾਦ ਕਰਦਿਆਂ ਭੰਡਾਰੀ ਨੇ ਕਿਹਾ ਕਿ ਇਹ ਸਟੇਟ ਐਵਾਰਡ ਉਨ੍ਹਾਂ ਲਈ ਜ਼ਿੰਦਗੀ ਦਾ ਬਹੁਤ ਹੀ ਕੀਮਤੀ ਸਨਮਾਨ ਹੈ।

## ਸਰਕਾਰੀ ਸਕੂਲ ਗੋਬਿੰਦਪੁਰਾ ਵਿਖੇ ਆਰਟ ਐਂਡ ਕ੍ਰਾਫਟ ਵਰਕਸ਼ਾਪ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਅਗਵਾਈ ਅਧੀਨ ਗੁਰਸ਼ਰਨ ਕੌਰ ਆਰਟ ਕਰਾਫਟ ਅਧਿਆਪਕਾ ਤੇ ਅਨੀਤਾ ਰਾਣੀ ਸਾਇੰਸ ਅਧਿਆਪਕਾ ਦੇ ਸਹਿਯੋਗ ਨਾਲ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਤਿੰਨ ਰੋਜ਼ਾ ਆਰਟ ਵਰਕਸ਼ਾਪ ਆਯੋਜਿਤ ਕੀਤੀ ਗਈ। ਇਸ ਵਿੱਚ ਛੇਵੀਂ ਤੋਂ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੂੰ ਪਹਿਲੇ ਦਿਨ ਕੈਨਵਸ ਚਾਰਟ ਤੇ ਫਰੀ ਹੈਂਡ ਡਰਾਇੰਗ ਸਿਖਾਈ ਗਈ। ਦੂਜੇ ਦਿਨ ਪੇਪਰ ਕਟਿੰਗ ਤੇ ਕੈਲੀਗ੍ਰਾਫੀ ਦੀ ਸਿਖਲਾਈ ਅਤੇ ਤੀਸਰੇ ਦਿਨ ਪੌਟ ਡੈਕੋਰੇਸ਼ਨ ਤੇ ਕਲੇਅ ਆਰਟ ਦੀ ਟ੍ਰੇਨਿੰਗ ਦਿੱਤੀ ਗਈ। ਯਸ਼ਪਾਲ ਸਿੰਘ ਚਿੱਤਰਕਾਰ ਜੈਤੋ ਤੇ ਸਾਬੀਆ ਅਗਰਵਾਲ ਡਰਾਇੰਗ ਆਰਟਿਸਟ ਨੇ ਇਸ ਤਿੰਨ ਰੋਜ਼ਾ ਵਰਕਸ਼ਾਪ ਵਿੱਚ ਬਤੌਰ ਰਿਸੋਰਸ ਪਰਸਨ ਸ਼ਿਰਕਤ ਕੀਤੀ। ਉਕਤ ਰੀਸੋਰਸ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਡਰਾਇੰਗ ਤੇ ਕਲਾ ਦੀਆਂ ਵੱਖ ਵੱਖ ਕਿਸਮਾਂ ਦੀ ਮਹੱਤਤਾ ਦੱਸਦੇ ਹੋਏ ਇਸ ਨੂੰ ਕਿੱਤੇ ਵਜੋਂ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਨੂੰ ਡਰਾਇੰਗ ਤੇ ਆਰਟ ਨਾਲ ਸੰਬੰਧਤ ਕਿੱਟਾਂ ਵੀ ਵੰਡੀਆਂ ਗਈਆਂ। ਪ੍ਰਿੰਸੀਪਲ ਬੇਗਾ ਨੇ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਆਰਟ ਤੇ ਕਰਾਫਟ ਨਾਲ ਜੁੜੀਆਂ ਕਿਰਿਆਤਮਕ ਚੀਜ਼ਾਂ ਸਿੱਖੀਆਂ ਤੇ ਤਿੰਨੋਂ ਦਿਨ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

## ਮਹਿਲਾ ਸਸ਼ਕਤੀਕਰਨ ਵਿਸ਼ੇ 'ਤੇ ਐੱਨ ਸੀ ਸੀ ਕੈਡਿਟਾਂ ਵੱਲੋਂ ਵੱਖ-ਵੱਖ ਗਤੀਵਿਧੀਆਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿੱਚ ਮਹਿਲਾ ਸਸ਼ਕਤੀਕਰਨ ਵਿਸ਼ੇ 'ਤੇ ਐੱਨ.ਸੀ.ਸੀ. ਕੈਡਿਟਾਂ ਵੱਲੋਂ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ।ਇਸ ਮੌਕੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ, ਸਵਾਭਿਮਾਨ ਤੇ ਸਮਾਜ ਵਿੱਚ ਮਹਿਲਾਵਾਂ ਦੇ ਮਹੱਤਵ ਪ੍ਰਤੀ ਜਾਗਰੂਕਤਾ ਤੇ ਸਨਮਾਨ ਪੈਦਾ ਕਰਨਾ ਸੀ। ਸਕੂਲ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਹਿਲਾ ਸਸ਼ਕਤੀਕਰਨ ਹੀ ਸਮਾਜ ਦੇ ਸਰਵਾਂਗੀਣ ਵਿਕਾਸ ਦੀ ਕੁੰਜੀ ਹੈ।ਇਸ ਮੌਕੇ ਐੱਲਸੀਸੀ ਇੰਚਾਰਜ ਸ੍ਰੀਮਤੀ ਮੋਹਦੀਪ ਹਾਜ਼ਰ ਰਹੇ।ਸਕੂਲ ਸਟਾਫ ਵੱਲੋਂ ਸਾਰੇ ਹੀ ਕੈਡਿਟਾਂ ਦੀ ਪ੍ਰਸ਼ੰਸਾ ਕੀਤੀ ਗਈ ਤੇ ਉਨ੍ਹਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਸਤਿੰਦਰ ਸਰਤਾਜ ਦੀ ਮੌਜੂਦਗੀ 'ਚ ਮਨਾਇਆ ਸੰਧਵਾਂ ਦੀ ਧੀ ਨੇ ਆਪਣਾ ਜਨਮ ਦਿਨ



**ਫਰੀਦਕੋਟ/ਚੰਡੀਗੜ੍ਹ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਵਿਧਾਨ ਸਭਾ ਦੇ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਸੰਧਵਾਂ ਦੀ ਪਿਆਰੀ ਧੀ ਸੋਫੀਆ ਕੁਲਰੀਤ ਕੌਰ ਨੇ ਹਾਲ ਹੀ ਵਿੱਚ ਆਪਣਾ ਜਨਮ ਦਿਨ ਮਨਾਇਆ। ਇੱਕ ਖੁਸ਼ੀ ਭਰਿਆ ਤੇ ਸਾਦਾ ਜਸ਼ਨ ਜੋ ਪੂਰੇ ਪਰਿਵਾਰ ਲਈ ਯਾਦਗਾਰੀ ਸੀ।ਪੰਜਾਬੀ ਸੰਗੀਤ ਉਦਯੋਗ ਵਿੱਚ ਇੱਕ ਪ੍ਰਸਿੱਧ ਸੂਫੀ ਗਾਇਕ ਸਤਿੰਦਰ ਸਰਤਾਜ ਦੀ ਮੌਜੂਦਗੀ ਨੇ ਇਸ ਖਾਸ ਮੌਕੇ ਨੂੰ ਹੋਰ ਵੀ ਖਾਸ ਬਣਾ ਦਿੱਤਾ।ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੀ ਧੀ ਸੋਫੀਆ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਇੱਕ ਦਿਲੋਂ ਸੁਨੇਹਾ ਸਾਂਝਾ ਕੀਤਾ।ਉਸ ਨੇ ਕਿਹਾ ਕਿ ਸੋਫੀਆ ਉਸਦੀ ਜ਼ਿੰਦਗੀ ਦਾ 'ਰੂਹ ਦਾ ਰੰਗ' ਹੈ ਤੇ ਉਸ ਦੇ ਆਉਣ ਨਾਲ 'ਉਸ ਦੇ ਦਿਲ ਵਿੱਚ ਖੁਸ਼ੀ ਦਾ ਹੜ੍ਹ' ਆਇਆ ਹੈ।ਉਸ ਨੇ ਆਪਣੀ ਧੀ ਦੇ ਚਿਹਰੇ ਦੀ ਤੁਲਨਾ ਇੱਕ ਕਵੀ ਦੁਆਰਾ ਦਿਲੋਂ ਲਿਖੀ ਗਈ ਇੱਕ ਗ਼ਜ਼ਲ ਨਾਲ ਕੀਤੀ, ਜੋ ਹਰ ਅੱਖਰ ਵਿੱਚ ਪਿਆਰ ਤੇ ਹਰ ਸੁਰ ਵਿੱਚ ਮਿਠਾਸ ਦਾ ਵਰਣਨ ਕਰਦੀ ਹੈ।ਗਾਇਕ ਸਤਿੰਦਰ ਸਰਤਾਜ ਦੀ ਸਮਾਰੋਹ ਵਿੱਚ ਮੌਜੂਦਗੀ ਨੇ ਇੱਕ ਅਧਿਆਤਮਿਕ ਤੇ ਖੁਸ਼ੀ ਭਰਿਆ ਮਾਹੌਲ ਪ੍ਰਦਾਨ ਕੀਤਾ।ਪਰਿਵਾਰ ਨੇ ਜ਼ਿੰਦਗੀ ਦੇ ਇਨ੍ਹਾਂ ਸੁੰਦਰ ਪਲਾਂ ਨੂੰ ਹੋਰ ਵੀ ਯਾਦਗਾਰ ਬਣਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਕੁਲਤਾਰ ਸਿੰਘ ਸੰਧਵਾਂ ਤੇ ਗੁਰਪ੍ਰੀਤ ਕੌਰ ਸੰਧਵਾਂ ਨੇ ਆਪਣੀ ਧੀ ਦੀ ਨਿਰੰਤਰ ਸਿਹਤ, ਖੁਸ਼ਹਾਲੀ ਤੇ ਜੀਵਨ ਦੇ ਹਰ ਪਹਿਲੂ ਵਿੱਚ ਸਫਲਤਾ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕੀਤੀ।

# ਕਣਕ ਦੇ ਬੀਜ ਦਾ ਟਰੱਕ ਹੜ੍ਹ ਪੀੜਤਾਂ ਲਈ ਰਵਾਨਾ : ਕਲੇਰ/ਗਰੇਵਾਲ/ਡੱਲਾ




**ਜਗਰਾਉਂ (ਸੰਜੀਵ ਅਰੋੜਾ)**-ਬੀਤੇ ਸਮੇਂ ਦੌਰਾਨ ਸੂਬੇ ਅੰਦਰ ਆਏ ਹੜ੍ਹਾਂ ਕਾਰਨ ਜਿੱਥੇ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ, ਉੱਥੇ ਲੋਕਾਂ ਦੇ ਘਰ ਤੇ ਜ਼ਮੀਨਾਂ ਵੀ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਈਆਂ, ਜਿਨ੍ਹਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਨੇ ਮੋਹਰੀ ਰੋਲ ਅਦਾ ਕੀਤਾ। ਇਸ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਿੱਥੇ ਹੜ੍ਹਾਂ ਕਾਰਨ ਪ੍ਰਭਾਵਿਤ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਵਿੱਤੀ ਸਹਾਇਤਾ ਦਿੱਤੀ, ਉਥੇ ਹੀ ਡੀਜ਼ਲ ਤੋਂ ਇਲਾਵਾ ਹੋਰ ਸੰਭਵ ਸਹਿਯੋਗ ਦੇਣ ਦੀ ਵੀ ਘੋਸ਼ਣਾ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਤਹਿਤ ਅੱਜ ਹਲਕਾ ਜਗਰਾਉਂ ਤੋਂ ਐੱਸ. ਆਰ. ਕਲੇਰ ਸਾਬਕਾ ਵਿਧਾਇਕ ਵੱਲੋਂ ਸਥਾਨਕ ਆਗੂਆਂ ਤੇ ਵਰਕਰਾਂ ਦੀ ਮਦਦ ਨਾਲ 225 ਕਵਿੰਟਲ ਕਣਕ ਦੇ ਬੀਜ ਦਾ ਟਰੱਕ ਰਵਾਨਾ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ. ਆਰ. ਕਲੇਰ ਕਲੇਰ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਚੰਦ ਸਿੰਘ ਡੱਲਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਖੇਤਰੀ ਪਾਰਟੀ ਹੈ, ਜੋ ਕਿ ਆਪਣੇ ਸੂਬੇ ਦੇ ਲੋਕਾਂ ਦਾ ਦਰਦ ਸਮਝਦੀ ਹੈ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਭਵਿੱਖ ਵਿੱਚ ਜੋ ਹੜ੍ਹ ਪ੍ਰਭਾਵਿਤ ਕਿਸਾਨ ਹਨ, ਉਨ੍ਹਾਂ ਨੂੰ ਬਿਜਾਈ ਲਈ ਕਣਕ ਦਾ ਬੀਜ, ਹਰਾ ਚਾਰਾ ਤੇ ਹੋਰ ਲੋੜੀਂਦਾ ਸਾਮਾਨ ਵੀ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ 500 ਟਰੱਕ ਹਰੇ ਚਾਰੇ ਦੇ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਵੰਡੇ ਗਏ। ਹੁਣ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਬੀਜ ਦੀ ਜ਼ਰੂਰਤ ਹੈ ਤੇ ਜਿਹੜੇ ਕਿਸਾਨਾਂ ਦੀ ਪਹਿਲਾਂ ਝੋਨੇ ਦੀ ਫ਼ਸਲ ਤਬਾਹ ਹੋ ਚੁੱਕੀ ਹੈ। ਉਨ੍ਹਾਂ ਨੂੰ ਫ਼ਸਲ ਦੀ ਬਿਜਾਈ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਬੀਜ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾ ਨਾਲ ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨਿਆਂ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ ਗਾਲਿਬ, ਸਰਕਲ ਪ੍ਰਧਾਨ ਰਣਧੀਰ ਸਿੰਘ ਚੱਕਰ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਆਈ. ਟੀ. ਵਿੰਗ ਹਲਕਾ ਇੰਚਾਰਜ ਸੁਖਦੇਵ ਸਿੰਘ ਜੱਗਾ ਸੇਖੋਂ, ਐੱਸ. ਸੀ. ਵਿੰਗ ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਰਪੰਚ ਜਸਵੀਰ ਸਿੰਘ ਦੇਹੜਕਾ, ਜੋਤੀ ਮੱਲ੍ਹਾ, ਪ੍ਰਿਤਪਾਲ ਸਿੰਘ ਮੱਲ੍ਹਾ, ਸਮਸ਼ੇਰ ਸਿੰਘ ਮਲਕ, ਪਰਮਿੰਦਰ ਮਾਣੂੰਕੇ, ਸੁੱਖਾ ਮਾਣੂੰਕੇ, ਸਾਬਕਾ ਸਰਪੰਚ ਕੁਲਵੰਤ ਸਿੰਘ ਰਾਮਗੜ੍ਹ ਭੁੱਲਰ, ਜਸਵੀਰ ਸਿੰਘ ਜਗਰਾਉਂ, ਮਨਦੀਪ ਸਿੰਘ ਸਿੱਧਵਾਂ ਕਲਾ, ਜਗਤਾਰ ਸਿੰਘ ਕੋਠੇ ਅੱਠ ਚੱਕ, ਭਵਨਦੀਪ ਸਿੰਘ ਡੱਲਾ, ਗੁਰਮੀਤ ਸਿੰਘ ਦੇਹੜਕਾ ਤੇ ਲਛਮਣ ਸਿੰਘ ਦੇਹੜਕਾ ਆਦਿ ਹਾਜ਼ਰ ਸਨ।

## ਪ੍ਰਵਾਸੀ ਮਜ਼ਦੂਰ ਨੂੰ ਪੱਥਰ ਮਾਰ ਕੇ ਕੀਤਾ ਜ਼ਖ਼ਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਬਸਤੀ ਨੌਬੂ ਵਾਲੀ ਵਿਖੇ ਇਕ ਪ੍ਰਵਾਸੀ ਮਜ਼ਦੂਰ ਦੇ ਸਿਰ ਵਿੱਚ ਪੱਥਰ ਮਾਰ ਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਮਰੀਕ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਬਸਤੀ ਨੌਬੂ ਵਾਲੀ ਨੇ ਦੱਸਿਆ ਕਿ 31 ਅਕਤੂਬਰ 2025 ਨੂੰ ਰਵੀ ਕੁਮਾਰ ਪੁੱਤਰ ਜਗਦੀਸ਼ ਰਾਮ ਵਾਸੀ ਉੱਤਰ ਪ੍ਰਦੇਸ਼ ਪ੍ਰਵਾਸੀ ਮਜ਼ਦੂਰ ਨੇ ਰਾਜ ਕੁਮਾਰ ਵਾਸੀ ਉੱਤਰ ਪ੍ਰਦੇਸ਼ ਪ੍ਰਵਾਸੀ ਮਜ਼ਦੂਰ ਦੇ ਸਿਰ ਵਿੱਚ ਮਾਰ ਦੇਣ ਦੀ ਨੀਅਤ ਨਾਲ ਪੱਥਰ ਮਾਰ ਕੇ ਜ਼ਖ਼ਮੀ ਕੀਤਾ ਹੈ, ਜੋ ਸਿਵਲ ਹਸਪਤਾਲ ਦਾਖਲ ਹੈ। ਵਜ੍ਹਾ ਰੰਜਿਸ਼ ਇਹ ਹੈ ਕਿ ਰਾਜ ਕੁਮਾਰ ਨੇ ਦੋਸ਼ੀ ਰਵੀ ਕੁਮਾਰ ਦੀ ਭੈਣ ਸੰਤੋਸ਼ੀ ਨਾਲ ਵਿਆਹ ਕਰਵਾਇਆ ਸੀ, ਜਿਸ ਤੋਂ ਰਵੀ ਕੁਮਾਰ ਨਰਾਜ਼ ਸੀ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਫਿਰੋਜ਼ਪੁਰ ਰੇਲ ਮੰਡਲ ਨੇ ਰਾਸ਼ਟਰੀ ਏਕਤਾ ਦਿਵਸ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਭਾਰਤ ਦੇ ਮਹਾਨ ਸਪੂਤ ਤੇ 'ਲੌਹ ਪੁਰਸ਼' ਭਾਰਤ ਰਤਨ ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਦੇ ਸ਼ੁਭ ਅਵਸਰ 'ਤੇ ਜਿਸ ਨੂੰ ਦੇਸ਼ ਭਰ ਵਿੱਚ 'ਰਾਸ਼ਟਰੀ ਏਕਤਾ ਦਿਵਸ' ਵਜੋਂ ਮਨਾਇਆ ਜਾਂਦਾ ਹੈ, ਇਸ ਤਹਿਤ ਉੱਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਨੇ ਅੱਜ ਇੱਕ ਵਿਸ਼ਾਲ ਤੇ ਪ੍ਰੇਰਨਾਦਾਇਕ ਸਮਾਗਮ ਕੀਤਾ।ਇਸ ਮੌਕੇ ਮੁੱਖ ਪ੍ਰੋਗਰਾਮ ਵਜੋਂ ਮੰਡਲ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਸੰਦੇਸ਼ ਨੂੰ ਹੋਰ ਮਜ਼ਬੂਤ ਕਰਨ ਲਈ 'ਰਨ ਫਾਰ ਯੂਨਿਟੀ' (ਏਕਤਾ ਲਈ ਦੌੜ) ਦਾ ਸ਼ਾਨਦਾਰ ਆਯੋਜਨ ਕੀਤਾ।ਸਮਾਗਮ ਦੀ ਸ਼ੁਰੂਆਤ ਰੇਲਵੇ ਸਟੇਡੀਅਮ ਫਿਰੋਜ਼ਪੁਰ ਵਿਖੇ ਹੋਈ, ਜਿੱਥੇ ਮੰਡਲ ਰੇਲ ਪ੍ਰਬੰਧਕ (ਡੀਆਰਐੱਮ) ਸੰਜੀਵ ਕੁਮਾਰ ਨੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਤੇ ਰੇਲਵੇ ਸੁਰੱਖਿਆ ਬਲ (ਆਰਪੀਐੱਫ) ਦੇ ਜਵਾਨਾਂ ਨੂੰ 'ਰਾਸ਼ਟਰੀ ਏਕਤਾ ਸਹੁੰ' ਚੁਕਵਾਈ।ਸੰਜੀਵ ਕੁਮਾਰ ਨੇ ਸਹੁੰ ਚੁਕਵਾਉਂਦੇ ਹੋਏ ਕਿਹਾ ਕਿ ਸਰਦਾਰ ਪਟੇਲ ਨੇ ਦੇਸ਼ ਨੂੰ ਇਕ ਸੂਤਰ ਵਿੱਚ ਪਰੋਣ ਵਿੱਚ ਜੋ ਅਹਿਮ ਭੂਮਿਕਾ ਨਿਭਾਈ, ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਨੇ ਸਾਰਿਆਂ ਨੂੰ ਦੇਸ਼ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਨੂੰ ਬਣਾਈ ਰੱਖਣ ਲਈ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਅਪਰ ਮੰਡਲ ਰੇਲ ਪ੍ਰਬੰਧਕ ਨਿਤਿਨ ਗਰਗ ਸਮੇਤ ਸਾਰੇ ਸੀਨੀਅਰ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਕਰਮਚਾਰੀ ਮੌਜੂਦ ਸਨ।ਸਹੁੰ ਚੁੱਕ ਸਮਾਗਮ ਤੋਂ ਬਾਅਦ ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਦੀ ਅਗਵਾਈ ਵਿੱਚ 'ਰਨ ਫਾਰ ਯੂਨਿਟੀ' ਦੀ ਸ਼ੁਰੂਆਤ ਕੀਤੀ ਗਈ।ਇਸ ਦੌੜ ਵਿੱਚ ਰੇਲਵੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਰੇਲਵੇ ਸੁਰੱਖਿਆ ਬਲ (ਆਰਪੀਐੱਫ) ਦੇ ਜਵਾਨਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।ਪਰਮਦੀਪ ਸਿੰਘ ਸੈਣੀ ਸੀਨੀਅਰ ਮੰਡਲ ਵਣਜ ਪ੍ਰਬੰਧਕ ਫਿਰੋਜ਼ਪੁਰ ਮੰਡਲ ਉੱਤਰ ਰੇਲਵੇ ਨੇ ਦੱਸਿਆ ਕਿ ਰੇਲਵੇ ਸਟੇਡੀਅਮ ਫਿਰੋਜ਼ਪੁਰ ਵਿਖੇ ਕੀਤੀ ਗਈ ਇਸ ਏਕਤਾ ਦੌੜ ਵਿੱਚ ਲਗਭਗ 100 ਤੋਂ ਵੱਧ ਭਾਗੀਦਾਰਾਂ ਨੇ ਦੌੜ ਲਗਾ ਕੇ ਰਾਸ਼ਟਰੀ ਏਕਤਾ ਦੇ ਸੰਦੇਸ਼ ਨੂੰ ਦ੍ਰਿੜ੍ਹ ਕੀਤਾ।

## ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ : ਐੱਸ ਐੱਚ ਓ ਧਾਲੀਵਾਲ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਲੈ ਕੇ ਮਾਣਯੋਗ ਡੀਜੀਪੀ ਸ੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐੱਸ ਐੱਸ ਪੀ ਅਜੇ ਗਾਂਧੀ, ਡਿਪਟੀ ਅਨਵਰ ਅਲੀ ਤੇ ਨਿਹਾਲ ਸਿੰਘ ਵਾਲਾ ਦੇ ਐੱਸ ਐੱਚ ਓ ਪੂਰਨ ਸਿੰਘ ਧਾਲੀਵਾਲ ਵੱਲੋਂ ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਕਿਸੇ ਵੀ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਹੈ ਤਾਂ ਉਸ ਨਾਲ ਸਿੱਧੇ ਵੀ ਸੰਪਰਕ ਕਰ ਸਕਦਾ ਹੈ।

# ਜ਼ਿਲ੍ਹਾ ਸਕੂਲ ਖੇਡਾਂ ਨੈੱਟਬਾਲ ਮੁਕਾਬਲਿਆਂ 'ਚ ਮਾਨਸਾ ਵਿੰਗ ਦੀ ਝੰਡੀ

### ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਜ਼ਰੂਰੀ : ਮੋਗਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ (ਨੈੱਟਬਾਲ) ਦੀ ਸਮਾਪਤੀ ਬਾਬਾ ਫਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਿੰਡ ਛੱਤਿਆਣਾ ਵਿਖੇ ਸਕੂਲ ਦੇ ਐੱਮ ਡੀ ਹਰਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਪਰਮਜੀਤ ਕੌਰ ਦੀ ਅਗਵਾਈ ਵਿੱਚ ਹੋਈ।ਇਸ ਮੌਕੇ ਜਸਪਾਲ ਮੋਗਾ ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਸ੍ਰੀ ਮੁਕਤਸਰ ਸਾਹਿਬ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨਾਲ ਯਾਦਵਿੰਦਰ ਸਿੰਘ ਮਾਨ ਡੀਈਓ ਐਲੀਮੈਂਟਰੀ, ਸੁਰਿੰਦਰ ਸਿੰਘ ਡੀ ਐੱਮ ਸਪੋਰਟਸ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਜੇਤੂ ਖਿਡਾਰੀਆਂ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਜਸਪਾਲ ਮੋਗਾ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵਿਦਿਆਰਥੀਆਂ ਨੂੰ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ, ਖੇਡਾਂ ਸਾਨੂੰ ਹਰ ਪੱਖ ਤੋਂ ਮਜ਼ਬੂਤ ਬਣਾਉਂਦੀਆਂ ਹਨ।

ਜਾਣਕਾਰੀ ਦਿੰਦੇ ਹੋਏ ਸਕੂਲ ਦੇ ਐੱਮ. ਡੀ. ਹਰਜੀਤ ਸਿੰਘ ਬਰਾੜ ਨੇ ਦੱਸਿਆ ਕਿ 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਅੰਡਰ-19 ਸਾਲ ਲੜਕੀਆਂ ਨੈੱਟਬਾਲ ਮੁਕਾਬਲਿਆਂ ਵਿੱਚ ਮਾਨਸਾ ਵਿੰਗ ਨੇ ਪਹਿਲਾ, ਸ੍ਰੀ ਮੁਕਤਸਰ ਸਾਹਿਬ ਨੇ ਦੂਸਰਾ ਤੇ ਬਰਨਾਲਾ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਹੀ ਅੰਡਰ-17 ਸਾਲ ਫਾਈਨਲ ਮੁਕਾਬਲੇ ਵਿੱਚ ਮਾਨਸਾ ਵਿੰਗ ਨੇ ਪਹਿਲਾ, ਮਲੇਰਕੋਟਲਾ ਨੇ ਦੂਸਰਾ ਤੇ ਸ੍ਰੀ ਮੁਕਤਸਰ ਸਾਹਿਬ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਮੰਚ ਸੰਚਾਲਨ ਸੁਖਦੀਪ ਸਿੰਘ ਮਾਨ ਵੱਲੋਂ ਕੀਤੀ ਗਈ।ਇਸ ਮੌਕੇ ਇੰਚਾਰਜ ਰਾਜਵਿੰਦਰ ਸਿੰਘ, ਨਰੇਸ਼ ਕੁਮਾਰ ਡੀਪੀਈ, ਗੁਰਮੇਲ ਸਿੰਘ ਡੀਪੀ, ਮਨਪ੍ਰੀਤ ਸਿੰਘ ਨੈੱਟਬਾਲ ਕੋਚ, ਤਰਸੇਮ ਸਿੰਘ ਡੀਪੀਈ ਮੀਡੀਆ ਕੋਆਰਡੀਨੇਟਰ, ਗੁਰਜੋਤ ਸਿੰਘ, ਪਵਨ ਕੁਮਾਰ, ਮਨਿੰਦਰ ਕੁਮਾਰ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣਾਂ ਦੀ ਵਿੱਤੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪ੍ਰਾਸ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਵਿਖੇ 52 ਅੰਗਹੀਣ ਵਿਅਕਤੀਆਂ ਨੂੰ 39000 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਬਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਤੇ ਕਈ ਵੱਖ ਵੱਖ ਬੀਮਾਰੀਆਂ ਤੋਂ ਵੀ ਪੀੜਤ ਹਨ।ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਚਿਵ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੇਲਦਾਰ, ਜਸਬੀਰ ਸਿੰਘ ਰਿਟਾ ਏ ਐੱਸ ਆਈ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ ਹਰਭਗਵਾਨ ਖੱਪਿਆਂਵਾਲੀ, ਬਲਜੇਕ ਸਿੰਘ ਰਿਟਾ. ਲੈਕਚਰਾਰ ਆਦਿ ਹਾਜ਼ਰ ਸਨ।

## ਜਗਸ਼ੇਰ ਖੰਗੂੜਾ ਦਾ ਨਾਭਾ ਪਹੁੰਚਣ 'ਤੇ ਹੋਇਆ ਭਰਵਾਂ ਸਵਾਗਤ



**ਨਾਭਾ (ਵਰਿੰਦਰ ਵਰਮਾ)**-ਚਾਈਨਾ ਦੇ ਚੈਂਗਦੂ ਯੂਨੀਵਰਸਿਟੀ ਟੀ.ਸੀ.ਐੱਮ. ਵੈਨਜੀਐਂਗ ਕੈਂਪਸ ਜਿਮਨੇਜ਼ੀਅਮ ਵਿਖੇ ਇੰਟਰਨੇਸ਼ਨਲ ਗੇਮਜ਼ ਬੈਡਮਿੰਟਨ ਅੰਡਰ 17 ਵਰਗ ਮੁਕਾਬਲੇ ਵਿੱਚ ਨਾਭਾ ਦੇ ਜਗਸ਼ੇਰ ਸਿੰਘ ਖੰਗੂੜਾ ਨੇ ਕਾਂਸੀ ਦਾ ਤਮਗਾ ਜਿੱਤ ਕੇ ਨਾਭਾ ਸ਼ਹਿਰ ਦਾ ਨਾਮ ਦੁਨੀਆ 'ਚ ਚਮਕਾਇਆ, ਘਰ ਵਿੱਚ ਵਿਆਹ ਵਰਗਾ ਮਾਹੌਲ, ਵਿਧਾਇਕ ਦੇਵਮਾਨ ਨੇ ਵਿਸ਼ੇਸ਼ ਤੌਰ 'ਤੇ ਕੀਤਾ ਸਵਾਗਤ।ਮੈਡਲ ਜਿੱਤ ਕੇ ਜਿਵੇਂ ਹੀ ਜਗਸ਼ੇਰ ਖੰਗੂੜਾ ਘਰ ਆਇਆ ਤਾਂ ਉਸ ਦਾ ਸਵਾਗਤ ਫੁੱਲਾਂ ਦੀ ਵਰਖਾ ਕਰਕੇ ਤੇ ਢੋਲ ਵਜਾ ਕੇ ਕੀਤਾ ਗਿਆ।ਵਿਸ਼ੇਸ਼ ਤੌਰ 'ਤੇ ਜਗਸ਼ੇਰ ਦਾ ਸਵਾਗਤ ਕਰਨ ਲਈ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਹੁੰਚ ਕੇ ਵਧਾਈ ਦਿੱਤੀ।ਇਸ ਮੌਕੇ ਜਗਸ਼ੇਰ ਸਿੰਘ ਦੇ ਦਾਦਾ ਸੁਮਿੱਤਰ ਸਿੰਘ, ਦਾਦੀ ਜਸਵਿੰਦਰ ਕੌਰ, ਜਗਸੇਰ ਦੇ ਪਿਤਾ ਮਾਸਟਰ ਮਨਪ੍ਰੀਤ ਸਿੰਘ ਤੇ ਮਾਤਾ ਰਸ਼ਪਾਲ ਕੌਰ ਨੇ ਕਿਹਾ ਕਿ ਜਗਸ਼ੇਰ ਸਿੰਘ ਦੀ ਸਖਤ ਮਿਹਨਤ ਦੇ ਸਦਕਾ ਅੱਜ ਇਹ ਮੁਕਾਮ ਹਾਸਲ ਕੀਤਾ ਹੈ ਤੇ ਸਾਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਾਡਾ ਬੇਟਾ ਗੋਲਡ ਮੈਡਲ ਹਾਸਲ ਕਰਕੇ ਦੇਸ਼ ਦਾ ਨਾਮ ਰੌਸ਼ਨ ਕਰੇਗਾ।ਇਸ ਮੌਕੇ ਨਗਾਹ ਡੋਂਗ ਧਰਮ ਪਤਨੀ ਵਿਧਾਇਕ ਦੇਵਮਾਨ, ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ, ਮਨਪ੍ਰੀਤ ਸਿੰਘ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ, ਅਮਨਦੀਪ ਸਿੰਘ ਕੋਟ ਪ੍ਰਧਾਨ ਸਰਪੰਚ ਯੂਨੀਅਨ, ਹਰਪ੍ਰੀਤ ਸਿੰਘ ਪ੍ਰੀਤ ਕੌਂਸਲਰ, ਜਸਵੀਰ ਸਿੰਘ ਵਜੀਦਪੁਰ, ਮਨਜੋਤ ਸਿੰਘ ਲੱਧਾਹੇੜੀ ਯੂਥ ਆਗੂ ਤੇ ਹੋਰ ਪਾਰਟੀ ਆਗੂ ਮੌਜੂਦ ਸਨ।

# ਸਰਦਾਰ ਪਟੇਲ ਦੇ ਜਨਮ ਦਿਵਸ 'ਤੇ ਭਾਜਪਾ ਵੱਲੋਂ ਏਕਤਾ ਮਾਰਚ

### ਵੱਖ-ਵੱਖ ਰਿਆਸਤਾਂ ਨੂੰ ਅਖੰਡ ਭਾਰਤ ਬਣਾਉਣ 'ਚ ਪਟੇਲ ਦੀ ਅਹਿਮ ਭੂਮਿਕਾ : ਡਾ. ਹਰਜੋਤ, ਕਮਰਵੀਰ ਟੌਹੜਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਸਰਦਾਰ ਭਾਈ ਪਟੇਲ ਦਾ 150ਵਾਂ ਜਨਮ ਦਿਨ ਮਨਾਉਂਦਿਆਂ ਭਾਰਤੀ ਜਨਤਾ ਪਾਰਟੀ ਨੇ ਮੋਗਾ ਵਿੱਚ ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਇਆ, ਜਿਸ ਦੌਰਾਨ ਮੋਗਾ ਦੇ ਸ਼ਹੀਦੀ ਪਾਰਕ ਵਿੱਚ ਵੱਡੀ ਪੱਧਰ ਤੇ ਇਕੱਤਰ ਹੋਏ ਭਾਜਪਾ ਆਗੂਆਂ ਤੇ ਵਰਕਰਾਂ ਵੱਲੋਂ ਏਕਤਾ ਮਾਰਚ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਤੇ ਭਾਜਪਾ ਦੇ ਸੂਬਾ ਸਕੱਤਰ ਕਮਰਵੀਰ ਸਿੰਘ ਟੌਹੜਾ ਨੇ ਕਿਹਾ ਕਿ ਭਾਰਤ ਆਜ਼ਾਦ ਹੋਣ ਮਗਰੋਂ ਵੀ ਵੱਖ-ਵੱਖ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ।ਇਸ ਨੂੰ ਅਖੰਡ ਭਾਰਤ ਬਣਾਉਣ ਲਈ ਜੋ ਭੂਮਿਕਾ ਸਰਦਾਰ ਵੱਲਭ ਭਾਈ ਪਟੇਲ ਵੱਲੋਂ ਨਿਭਾਈ ਹੈ, ਉਸ ਨੂੰ ਦੇਸ਼ ਸਦੀਵੀ ਯਾਦ ਰੱਖੇਗਾ।ਅੱਜ ਸਮੁੱਚੇ ਦੇਸ਼ ਵਾਸੀਆਂ ਤੇ ਖਾਸ ਕਰ ਭਾਜਪਾ ਵੱਲੋਂ ਸਰਦਾਰ ਵੱਲਭ ਭਾਈ ਪਟੇਲ ਦੇ 150ਵੇਂ ਜਨਮ ਮੌਕੇ ਇੱਕ ਏਕਤਾ ਮਾਰਚ ਮੋਗਾ ਦੇ ਸ਼ਹੀਦੀ ਪਾਰਕ ਤੋਂ ਆਰੰਭ ਹੋਇਆ ਅਤੇ ਸ਼ਹਿਰ ਤੇ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਨੇਚਰ ਪਾਰਕ ਜਾ ਕੇ ਸਮਾਪਤ ਹੋਇਆ, ਜਿਸ ਦਾ ਉਦੇਸ਼ ਲੋਕਾਂ ਨੂੰ ਇਹ ਸੰਦੇਸ਼ ਦੇਣਾ ਸੀ ਕਿ ਧਰਮ ਤੇ ਫਿਰਕੇ ਭਾਵੇਂ ਵੱਖ ਵੱਖ ਹੋਣ, ਪਰ ਦੇਸ਼ ਇੱਕ ਹੈ ਅਤੇ ਇਸ ਦੀ ਏਕਤਾ ਤੇ ਅਖੰਡਤਾ ਨੂੰ ਬਹਾਲ ਰੱਖਣ ਲਈ ਸਮੁੱਚੇ ਦੇਸ਼ਵਾਸੀਆਂ ਨੂੰ ਇੱਕਜੁੱਟ ਹੋ ਕੇ ਰਹਿਣਾ ਪਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੇ ਭਾਜਪਾ ਆਗੂਆਂ ਤੇ ਵਰਕਰਾਂ ਦਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਵੱਲੋਂ ਇਸ ਮਾਰਚ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ ਗਿਆ। ਵਰਕਰਾਂ ਨੇ ਭਾਰਤ ਮਾਤਾ ਕੀ ਜੈ, ਵੰਦੇ ਮਾਤਰਮ ਤੇ ਏਕਤਾ ਦੇ ਨਾਅਰੇ ਲਗਾਏ।ਇਸ ਮੌਕੇ ਭਾਜਪਾ ਪੰਜਾਬ ਦੇ ਮੁੱਖ ਬੁਲਾਰੇ ਨਿਧੜਕ ਸਿੰਘ ਬਰਾੜ, ਸ਼ਮਸ਼ੇਰ ਸਿੰਘ ਕੈਲਾ ਹਲਕਾ ਇੰਚਾਰਜ ਧਰਮਕੋਟ, ਆਰਗੇਨਾਈਜ਼ਰ ਸਾਬਕਾ ਐੱਸ. ਪੀ. ਮੁਖਤਿਆਰ ਸਿੰਘ, ਸੀਨੀਅਰ ਭਾਜਪਾ ਆਗੂ ਭਜਨ ਸਿਤਾਰਾ, ਭਾਜਪਾ ਰਾਜ ਵਪਾਰ ਸੈੱਲ ਦੇ ਉਪ ਪ੍ਰਧਾਨ ਦੇਵ ਪ੍ਰਿਆ ਤਿਆਗੀ ਤੇ ਭਾਜਪਾ ਕਿਸਾਨ ਸੈੱਲ ਦੇ ਆਗੂ ਲਖਵੰਤ ਸਿੰਘ ਸਾਫੂਵਾਲਾ, ਸੀਨੀਅਰ ਭਾਜਪਾ ਆਗੂ ਵਿੱਕੀ ਸਿਤਾਰਾ, ਭਾਜਪਾ ਮਹਿਲਾ ਆਗੂ ਕਮਲਜੀਤ ਕੌਰ ਧੱਲੇਕੇ ਸਮੇਤ ਕਈ ਸੀਨੀਅਰ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

## ਚੱਕ ਮਾਫੀ ਦਾ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ 7 ਤੋਂ

**ਸਮਰਾਲਾ (ਸੁਰਜੀਤ ਸਿੰਘ)**-ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਵੈੱਲਫੇਅਰ ਕਲੱਬ ਤੇ ਪਿੰਡ ਚੱਕ ਮਾਫੀ ਦੀ ਪੰਚਾਇਤ ਵੱਲੋਂ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ 7 ਨਵੰਬਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਖੇਡ ਪ੍ਰੇਮੀ ਤੇ ਪਾਵਰਕਾਮ ਦੇ ਅਧਿਕਾਰੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਪਹਿਲੀ 32 ਟੀਮਾਂ ਐਂਟਰ ਕੀਤੀਆਂ ਜਾਣਗੀਆਂ।ਜੇਤੂ ਟੀਮਾਂ ਵਿੱਚੋਂ ਪਹਿਲਾ ਇਨਾਮ 25 ਹਜ਼ਾਰ, ਦੂਜਾ 17 ਹਜ਼ਾਰ, ਤੀਜਾ ਤੇ ਚੌਥਾ ਇਨਾਮ 4100-4100 ਰੁਪਏ ਦਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਦੋ ਬੈਸਟ ਖਿਡਾਰੀਆਂ ਨੂੰ ਸਾਈਕਲ ਦਿੱਤੇ ਜਾਣਗੇ।ਸਾਰੇ ਟੂਰਨਾਮੈਂਟ ਵਿੱਚ ਵਧੀਆ ਅਨੁਸ਼ਾਸਨ ਵਾਲੀ ਟੀਮ ਨੂੰ ਸਪੈਸ਼ਲ ਇਨਾਮ ਦਿੱਤਾ ਜਾਵੇਗਾ।ਇਸ ਮੌਕੇ ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ, ਸੰਦੀਪ ਸਿੰਘ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਖਜ਼ਾਨਚੀ, ਅਮਰਦੇਵ ਸਿੰਘ ਤੇ ਮੰਗਤ ਸਿੰਘ ਸਕੱਤਰ ਹਾਜ਼ਰ ਸਨ।

## ਗੁਰਜੰਟ ਸਿੰਘ ਲੋਹਾਖੇੜਾ ਨਮਿੱਤ ਪਾਠ ਦਾ ਭੋਗ 6 ਨੂੰ



**ਲੌਂਗੋਵਾਲ (ਪ੍ਰਦੀਪ ਸੱਪਲ)**-ਬਾਬਾ ਨਾਮਦੇਵ ਸਭਾ ਲੌਂਗੋਵਾਲ ਦੇ ਸੀਨੀਅਰ ਮੈਂਬਰ ਹਰਪ੍ਰੀਤ ਸਿੰਘ (ਪ੍ਰੀਤ ਆਟੋਮੋਬਾਇਲ ਏਜੰਸੀ) ਲੌਂਗੋਵਾਲ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਗੁਰਜੰਟ ਸਿੰਘ ਲੋਹਾਖੇੜਾ ਵਾਲਿਆਂ ਦਾ ਦਿਹਾਂਤ ਹੋ ਗਿਆ।ਇਸ ਮੌਤ 'ਤੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਵੱਖ-ਵੱਖ ਸੰਸਥਾਵਾਂ ਤੇ ਬਾਬਾ ਨਾਮਦੇਵ ਸਭਾ ਦੇ ਸਮੂਹ ਮੈਂਬਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ 6 ਨਵੰਬਰ ਨੂੰ ਗੁਰਦੁਆਰਾ ਸਿੱਧ ਸਮਾਧਾਂ ਲੌਂਗੋਵਾਲ ਵਿਖੇ ਪਵੇਗਾ।

# ਸਪਰਿੰਗ ਫੀਲਡ ਸਕੂਲ 'ਚ ਸਰਦਾਰ ਪਟੇਲ ਦੀ ਜਯੰਤੀ ਮਨਾਈ





**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਾਮਵਾਰ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਮਨਾਈ।ਇਸ ਸਮਾਗਮ ਦੇ ਮੁੱਖ ਮਹਿਮਾਨ ਦਲਬੀਰ ਸਿੰਘ ਡੀ ਐੱਸ ਪੀ ਬਾਘਾ ਪੁਰਾਣਾ ਤੇ ਗੈਸਟ ਆਫ ਆਨਰ ਜਤਿੰਦਰ ਸਿੰਘ ਮੁੱਖ ਅਫਸਰ ਥਾਣਾ ਬਾਘਾ ਪੁਰਾਣਾ ਸਨ।ਉਨ੍ਹਾਂ ਨਾਲ ਦਲਜੀਤ ਸਿੰਘ ਮੁੱਖ ਅਫਸਰ ਸਾਂਝ ਕੇਂਦਰ ਬਾਘਾ ਪੁਰਾਣਾ ਹਾਜ਼ਰ ਸਨ। ਆਏ ਹੋਏ ਮਹਿਮਾਨਾਂ ਨੂੰ ਸਕੂਲ ਚੇਅਰਮੈਨ ਨਰ ਸਿੰਘ ਬਰਾੜ, ਡਾਇਰੈਕਟਰ ਅਮਨਜੀਤ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਜੀ ਆਇਆਂ ਆਖਿਆ।ਇਸ ਮੌਕੇ ਸਕੂਲ ਵੱਲੋਂ ਮਨਾਏ ਜਾ ਰਹੇ ਪ੍ਰੋਗਰਾਮ ਵਿਜੀਲੈਂਸ ਅਵੇਅਰਨੈੱਸ ਵੀਕ ਦਾ ਉਦਘਾਟਨ ਵੀ ਕੀਤਾ।ਸਟੇਜ ਦਾ ਸੰਚਾਲਨ ਅਧਿਆਪਕ ਇੰਦਰਬੀਰ ਸਿੰਘ ਨੇ ਵਧੀਆ ਢੰਗ ਨਾਲ ਕੀਤਾ।ਬੱਚਿਆਂ ਨੇ ਦੇਸ਼ ਭਗਤੀ ਦੀ ਪ੍ਰਾਰਥਨਾ ਕੀਤੀ ਤੇ ਮੁੱਖ ਮਹਿਮਾਨ ਦਲਬੀਰ ਸਿੰਘ ਨੇ ਦੱਸਿਆ ਕਿ ਸਰਦਾਰ ਪਟੇਲ ਨੇ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਭੂਮਿਕਾ ਨਿਭਾਈ। ਦੇਸ਼ ਆਜ਼ਾਦ ਹੋਣ ਉਪਰੰਤ ਆਪ ਦੇਸ਼ ਦੇ ਪਹਿਲੇ ਉੱਪ-ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਬਣੇ।ਉਨ੍ਹਾਂ ਦੱਸਿਆ ਕਿ ਪੁਲਸ ਪ੍ਰਤੀ ਲੋਕਾਂ ਦੇ ਮਨ ਵਿੱਚ ਡਰ ਤੇ ਭੁਲੇਖੇ ਪਾਏ ਜਾਂਦੇ ਹਨ, ਜਦਕਿ ਪੁਲਸ ਲੋਕਾਂ ਦੀ ਰਾਖੀ ਤੇ ਸਹੂਲਤ ਵਾਸਤੇ ਹੈ। ਉਨ੍ਹਾਂ ਸਾਈਬਰ ਕ੍ਰਾਈਮ, ਟ੍ਰੈਫਿਕ ਨਿਯਮਾਂ ਤੇ ਕੁਰੱਪਸ਼ਨ ਦੇ ਵੱਧ ਰਹੇ ਰੁਝਾਨ ਬਾਰੇ ਵੀ ਬੱਚਿਆਂ ਨੂੰ ਸੁਚੇਤ ਕੀਤਾ ਤੇ ਚੰਗੇ ਸ਼ਹਿਰੀ ਬਣਨ ਲਈ ਪ੍ਰੇਰਣਾ ਦਿੱਤੀ।ਬੱਚਿਆਂ ਦੇ ਮਨ ਵਿੱਚ ਪੁਲਸ ਦਾ ਡਰ ਕੱਢਣ ਲਈ ਤੇ ਥਾਣੇ ਦੇ ਕੰਮ ਕਾਜ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਥਾਣਾ ਬਾਘਾ ਪੁਰਾਣਾ ਦਾ ਟੂਰ ਲਗਵਾਇਆ ਗਿਆ। ਇਸ ਸਮਾਗਮ ਮੌਕੇ ਬੱਚਿਆਂ ਨੇ ਵੱਖ-ਵੱਖ ਮਾਟੋ ਲਿਖੇ ਹੋਈਆਂ ਤਖਤੀਆਂ ਫੜ ਕੇ ਮੁੱਖ ਮਹਿਮਾਨ ਦੀ ਰਹਿਨੁਮਾਈ ਹੇਠ ਦੌੜ ਕੇ ਸਕੂਲ ਗਰਾਊਂਡ ਦਾ ਚੱਕਰ ਲਗਵਾਇਆ। ਇਸ ਮੌਕੇ ਸਕੂਲ ਦੇ ਜਿਨ੍ਹਾਂ ਬੱਚਿਆਂ ਨੇ ਪੰਜਾਬ ਲੈਵਲ ਖੇਡਾਂ ਵਿੱਚ ਜ਼ਿਲ੍ਹਾ ਮੋਗੇ ਵੱਲੋਂ ਹਿੱਸਾ ਲਿਆ, ਉਨ੍ਹਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਤ ਕੀਤਾ ਗਿਆ।ਚੇਅਰਮੈਨ ਨਰ ਸਿੰਘ ਬਰਾੜ, ਡਾਇਰੈਕਟਰ ਅਮਨਜੀਤ ਸਿੰਘ ਬਰਾੜ, ਪ੍ਰਿੰਸੀਪਲ ਬਾਇਜੂ ਵਿਜੇ ਤੇ ਮੈਡਮ ਅਨੁਪਮ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਅਕਾਲ ਅਕੈਡਮੀ ਚੀਮਾ ਵੱਲੋਂ ਵਿਦਿਆਰਥੀਆਂ ਦਾ ਉਦਯੋਗਿਕ ਦੌਰਾ




**ਚੀਮਾ ਮੰਡੀ (ਹਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ (ਇੰਗਲਿਸ਼ ਮੀਡੀਅਮ) ਵੱਲੋਂ ਕਾਮਰਸ ਸਟ੍ਰੀਮ ਦੇ ਵਿਦਿਆਰਥੀਆਂ ਲਈ ਟ੍ਰਾਈਡੈਂਟ ਗਰੁੱਪ ਬਰਨਾਲਾ ਦਾ ਉਦਯੋਗਿਕ ਦੌਰਾ ਕੀਤਾ ਗਿਆ।ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕਾਰੋਬਾਰ ਦੇ ਪ੍ਰੈਕਟੀਕਲ ਪੱਖਾਂ ਨਾਲ ਜਾਣੂ ਕਰਵਾਉਣਾ ਤੇ ਉਨ੍ਹਾਂ ਦੀ ਵਿਹਾਰਕ ਸਮਝ ਨੂੰ ਮਜ਼ਬੂਤ ਕਰਨਾ ਸੀ।ਵਿਦਿਆਰਥੀਆਂ ਨੇ ਟ੍ਰਾਇਡੈਂਟ ਦੇ ਵੱਖ-ਵੱਖ ਪਲਾਂਟਾਂ ਦਾ ਨਰੀਖਣ ਕਰਦੇ ਹੋਏ ਉਤਪਾਦਨ ਪ੍ਰਕਿਰਿਆ, ਪ੍ਰਬੰਧਕੀ ਪ੍ਰਣਾਲੀ ਤੇ ਸਫਲ ਕਾਰੋਬਾਰ ਦੇ ਮੁੱਖ ਤੱਤਾਂ ਬਾਰੇ ਵਿਸਥਾਰ ਨਾਲ ਸਿੱਖਿਆ ਪ੍ਰਾਪਤ ਕੀਤੀ।ਇਸ ਮੌਕੇ ਅਕਾਲ ਅਕੈਡਮੀ ਚੀਮਾਂ ਸਾਹਿਬ (ਇੰਗਲਿਸ਼ ਮੀਡੀਅਮ) ਦੇ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੇ ਤਜਰਬੇ ਨਾਲ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਸਿੱਖਣ ਦੇ ਹਰ ਮੌਕੇ ਨੂੰ ਗੰਭੀਰਤਾ ਨਾਲ ਲੈਣ ਲਈ ਉਤਸ਼ਾਹਤ ਕੀਤਾ।ਇਸ ਯਾਤਰਾ ਨੂੰ ਅਧਿਆਪਕ ਅਰਸ਼ਦੀਪ ਸਿੰਘ, ਅਮਨਦੀਪ ਸਿੰਘ, ਦੀਪਿੰਦਰ ਕੌਰ, ਮਨਦੀਪ ਕੌਰ ਤੇ ਮਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਸਫਲਤਾਪੂਰਵਕ ਸੰਪੰਨ ਕੀਤਾ ਗਿਆ।

## ਗੁਰੂ ਨਾਨਕ ਸਕੂਲ ਵੱਲੋਂ ਵਿਦਿਆਰਥੀਆਂ ਦਾ ਟੂਰ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦਾ ਨਰਸਰੀ ਤੋਂ ਜਮਾਤ ਦੂਸਰੀ ਤੱਕ 'ਹਾਰਡਿਜ਼ ਵਰਲਡ ਲੁਧਿਆਣਾ' ਤੇ ਜਮਾਤ ਤੀਸਰੀ ਤੋਂ ਜਮਾਤ ਬਾਰਵੀਂ ਤੱਕ ਦਾ 'ਵੰਡਰਲੈਂਡ ਜਲੰਧਰ' ਵਿਖੇ ਇੱਕ ਦਿਨਾ ਟੂਰ ਲਿਜਾਇਆ ਗਿਆ।ਇਸ ਟੂਰ ਦਾ ਮਕਸਦ ਵਿਦਿਆਰਥੀਆਂ ਨੂੰ ਰੁਝੇਵਿਆਂ ਭਰੀ ਜ਼ਿੰਦਗੀ ਤੋਂ ਨਿਜਾਤ ਦਿਵਾਉਣਾ ਸੀ।ਅਜਿਹੇ ਟੂਰ ਜਿੱਥੇ ਵਿਦਿਆਰਥੀਆਂ ਦਾ ਮਨੋਰੰਜਨ ਕਰਦੇ ਹਨ, ਉੱਥੇ ਹੀ ਉਨ੍ਹਾਂ ਦੇ ਗਿਆਨ ਤੇ ਜਾਣਕਾਰੀ ਵਿੱਚ ਵੀ ਵਾਧਾ ਕਰਦੇ ਹਨ।ਟੂਰ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਝੂਲਿਆਂ 'ਤੇ ਝੂਟੇ ਲਏ ਤੇ ਵਾਟਰ ਪਾਰਕ ਗਤੀਵਿਧੀਆਂ ਦਾ ਆਨੰਦ ਮਾਣਿਆ। ਇਸ ਮੌਕੇ ਵਿਦਿਆਰਥੀਆਂ ਨਾਲ਼ ਸਕੂਲ ਦੇ ਸਾਰੇ ਅਧਿਆਪਕ ਅਤੇ ਕੋ-ਆਰਡੀਨੇਟਰ ਵੀ ਮੌਜੂਦ ਰਹੇ।ਸਕੂਲ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਸਕੂਲ ਪ੍ਰਿੰਸੀਪਲ ਤੇ ਸਟਾਫ਼ ਦੇ ਸਮੂਹਿਕ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਟੂਰ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜੋ ਕਿ ਵਿੱਦਿਅਕ ਖੇਤਰ ਨੂੰ ਹੋਰ ਅਨੰਦਮਈ ਬਣਾਉਂਦੇ ਹਨ।ਸਕੂਲ ਕਾਰਜਕਾਰੀ ਪ੍ਰਸ਼ਾਸਕ ਰੁਪਿੰਦਰ ਕੌਰ ਬਰਾੜ ਤੇ ਸਕੂਲ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਹਰ ਪਲ ਨੂੰ ਖ਼ੁਸ਼ਹਾਲੀ ਨਾਲ਼ ਬਿਤਾਉਣ ਤੇ ਵਧੀਆ ਕਾਰਗੁਜ਼ਾਰੀ ਕਰਨ ਦੀ ਪ੍ਰੇਰਨਾ ਦਿੱਤੀ।

## ਪਾਵਰਕਾਮ ਪੈਨਸ਼ਨਰਾਂ ਵੱਲੋਂ ਪਟਿਆਲਾ 'ਚ ਸੂਬਾ ਪੱਧਰੀ ਧਰਨਾ 7 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੇ ਅਹੁਦੇਦਾਰਾਂ ਦੀ ਹੰਗਾਮੀ ਮੀਟਿੰਗ ਕੰਪਲੈਂਟ ਸੈਂਟਰ ਖੰਨਾ ਰੋਡ ਸਮਰਾਲਾ ਵਿਖੇ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪਾਵਰਕਾਮ ਪੈਨਸ਼ਨਰਾਂ ਦੀਆਂ ਪੰਜਾਬ ਸਰਕਾਰ/ਮੈਨੇਜਮੈਂਟ ਵੱਲੋਂ ਪਿਛਲੇ ਸਮੇਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਨਾ ਕਰਨ ਕਾਰਨ ਵਿੱਢੇ ਗਏ ਸੰਘਰਸ਼ ਦੇ ਰੂਪ ਵਿੱਚ 7 ਨਵੰਬਰ ਨੂੰ ਪਟਿਆਲਾ ਹੈੱਡ ਆਫਿਸ ਸਾਹਮਣੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਮਰਾਲਾ ਮੰਡਲ ਵੱਲੋਂ ਧਰਨੇ ਦੀਆਂ ਤਿਆਰੀਆਂ ਸਬੰਧੀ ਮੈਂਬਰਾਨ ਨੂੰ ਸੁਚੇਤ ਤੇ ਲਾਮਬੰਦ ਕਰਨ ਲਈ ਕਮੇਟੀ ਮੈਂਬਰਜ਼ ਦੀਆਂ ਡਿਊਟੀਆਂ ਲਗਾਈਆਂ ਗਈਆਂ, ਉਹ ਹਰ ਪੁਰਸ਼ ਮੈਂਬਰ ਤੱਕ ਪਹੁੰਚ ਕਰਨਗੇ। ਇਸ ਰੋਸ ਧਰਨੇ ਦੀ ਵਿਸ਼ਾਲ ਗਿਣਤੀ ਨੂੰ ਦੇਖ ਕੇ ਪੰਜਾਬ ਦੀ ਗੂੰਗੀ, ਬੋਲੀ ਸਰਕਾਰ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ, ਸਰਕਾਰ ਨੂੰ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਲਾਗੂ ਕਰਨ ਲਈ ਮਜਬੂਰ ਹੋਣਾ ਪਵੇਗਾ। ਮੀਟਿੰਗ ਵਿੱਚ ਇੰਜ: ਭਰਪੂਰ ਸਿੰਘ ਮਾਂਗਟ ਸਕੱਤਰ, ਇੰਜ: ਪ੍ਰੇਮ ਸਿੰਘ ਰਿਟਾ: ਐੱਸ. ਡੀ. ਓ., ਰਾਜਿੰਦਰ ਵਡੇਰਾ ਸਾਬਕਾ ਡਿਪਟੀ ਸੀ. ਓ., ਇੰਜ: ਜੁਗਲ ਕਿਸ਼ੋਰ ਸਾਹਨੀ, ਇੰਜ: ਦਰਸ਼ਨ ਸਿੰਘ ਗੜ੍ਹੀ ਵਿੱਤ ਸਕੱਤਰ, ਮਹੇਸ਼ ਕੁਮਾਰ ਖਮਾਣੋਂ, ਅਮਰੀਕ ਸਿੰਘ ਖਮਾਣੋਂ, ਰਾਕੇਸ਼ ਕੁਮਾਰ ਮਾਛੀਵਾੜਾ ਸਾਹਿਬ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਭੁਪਿੰਦਰਪਾਲ ਚਹਿਲਾਂ ਆਦਿ ਹਾਜ਼ਰ ਸਨ।ਮੀਟਿੰਗ ਦੀ ਕਾਰਵਾਈ ਭਰਪੂਰ ਸਿੰਘ ਮਾਂਗਟ ਵੱਲੋਂ ਬਾਖੂਬੀ ਨਿਭਾਈ ਗਈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 7 ਨੂੰ ਤਰਨ ਤਾਰਨ 'ਚ ਰੋਸ ਮਾਰਚ : ਗੁਰਜੰਟ ਕੋਕਰੀ

### ਐੱਨ ਪੀ ਐੱਸ ਦੀ ਕਟੌਤੀ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਸ਼ੁਰੂ ਕਰਨ ਦੀ ਮੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਹੇਠ ਸੂਬਾ ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਮੋਰਚੇ ਦੇ ਕੋ-ਕਨਵੀਨਰ ਰਣਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੋਹੇਲਾ ਤੇ ਸੂਬਾ ਕਮੇਟੀ ਮੈਂਬਰਜ਼ ਸ਼ਾਮਲ ਹੋਏ।ਆਗੂਆਂ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਉੱਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਕੀਤੀ ਜਾ ਰਹੀ ਟਾਲ ਮਟੋਲ ਦੀ ਨੀਤੀ ਦੇ ਰੋਸ ਵਜੋਂ ਤਰਨਤਾਰਨ ਵਿਖੇ ਹੋ ਰਹੀ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਤੋਂ ਪੈਨਸ਼ਨ ਲਾਗੂ ਨਾ ਕਰਨ ਦਾ ਸਵਾਲ ਪੁੱਛਿਆ ਜਾਵੇਗਾ। ਐਕਸ਼ਨ ਦੌਰਾਨ ਮੋਰਚੇ ਵੱਲੋਂ ਸਮੂਹਕ ਵਫਦ ਕਾਲੇ ਚੋਲੇ ਪਾ ਕੇ ਮਾਰਚ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਘਰ ਵੱਲ ਜਾਵੇਗਾ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਉਤੇ ਮੁਲਾਜ਼ਮਾਂ ਨਾਲ਼ ਧੋਖਾ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ 2021 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ 2 ਲੱਖ ਐੱਨ ਪੀ ਐੱਸ ਮੁਲਾਜ਼ਮਾਂ ਨਾਲ਼ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ 01-01-2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਪਰ ਸਰਕਾਰ ਦੇ ਸਾਢੇ ਤਿੰਨ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਇੱਕ ਵੀ ਮੁਲਾਜ਼ਮ ਦਾ ਜੀ ਪੀ ਐੱਫ ਖਾਤਾ ਨਹੀਂ ਖੋਲ੍ਹਿਆ ਹੈ, ਜਦਕਿ ਰਾਜਸਥਾਨ, ਛੱਤੀਸਗੜ੍ਹ, ਝਾੜਖੰਡ, ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ।ਇਸ ਸਮੇਂ ਆਗੂਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਰੱਦ ਕਰਦੇ ਹੋਏ ਪੰਜਾਬ ਸਰਕਾਰ ਤੋਂ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ।ਆਗੂਆਂ ਵੱਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਸਮੂਹ ਐੱਨਪੀਐੱਸ ਮੁਲਾਜ਼ਮਾਂ ਨੂੰ ਲਾਮਬੰਦ ਕਰਕੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**-ਸੀਨੀਅਰ ਸਿਟੀਜਨ ਵੈੱਲਫ਼ੇਅਰ ਐਸੋਸੀਏਸ਼ਨ (ਰਜਿ:) ਰਾਮ ਬਾਗ ਧੂਰੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਚਮਕੌਰ ਸਿੰਘ ਕੇਬਲ ਟੀ ਵੀ ਵੱਲੋਂ ਅਕਤੂਬਰ ਮਹੀਨੇ ਜਨਮੇ ਐਸੋਸੀਏਸ਼ਨ ਦੇ ਮੈਂਬਰਾਂ ਦੇ ਜਨਮ ਦਿਨ ਮਨਾਉਂਦਿਆਂ ਮੂੰਹ ਮਿੱਠਾ ਕਰਵਾ ਕੇ ਤੰਦਰੁਸਤੀ ਦੀ ਕਾਮਨਾ ਕੀਤੀ ਗਈ। ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸਾਥੀ ਸੁਖਦੇਵ ਸ਼ਰਮਾ ਨੇ ਵੱਖ ਵੱਖ ਬਿਮਾਰੀਆਂ ਦੇ ਇਲਾਜ ਸਬੰਧੀ ਦੇਸੀ ਦਵਾਈਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਅਖੀਰ ਵਿੱਚ ਮਨਜੀਤ ਸਿੰਘ ਬਖਸ਼ੀ ਨੇ ਮੈਂਬਰਾਂ ਦਾ ਧੰਨਵਾਦ ਕੀਤਾ।ਇਸੇ ਦੌਰਾਨ ਨਵੇਂ ਮੈਂਬਰ ਮੇਘਾ ਸਿੰਘ ਨੂੰ ਸਤਿਕਾਰ ਵੱਜੋਂ ਹਾਰ ਪਾ ਕੇ ਸਨਮਾਨਤ ਕੀਤਾ ਗਿਆ।

ਪ੍ਰੀਤਮ ਸਿੰਘ, ਜੀਤ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਰਾਜਿੰਦਰ ਸਿੰਘ ਭੋਲਾ, ਅਨਿਲ ਕੁਮਾਰ, ਹਰਨੇਕ ਸਿੰਘ, ਜਗਸੀਰ ਸਿੰਘ, ਇੰਦਰਜੀਤ ਸ਼ਰਮਾ, ਸੀਤਾ ਸਿੰਘ, ਰਣਜੀਤ ਅਜਾਦ, ਬਲਵੀਰ ਸਿੰਘ, ਮੁਖਤਿਆਰ ਸਿੰਘ, ਮਦਨ ਵਰਮਾ, ਵਰਿੰਦਰ ਸ਼ਰਮਾ, ਸੁਭਾਸ ਚੰਦ ਤੇ ਮੇਜਰ ਸਿੰਘ ਆਦਿ ਹਾਜ਼ਰ ਸਨ।

# ਫਿਰੌਤੀ ਮੰਗਣ ਵਾਲਾ ਸ਼ਾਤਰ ਮੁਲਜ਼ਮ ਮਹਿਜ਼ ਚੰਦ ਘੰਟਿਆਂ 'ਚ ਕਾਬੂ



**ਫਰੀਦਕੋਟ (ਐਲਗਜ਼ੈਂਡਰ ਡਿਸੂਜ਼ਾ)**

ਫਰੀਦਕੋਟ ਪੁਲਸ ਨੇ ਮਾੜੇ ਅਨਸਰਾਂ ਖਿਲਾਫ ਅਪਣਾਈ ਗਈ ਜ਼ੀਰੋ ਟੌਲਰੈਂਸ ਨੀਤੀ ਤਹਿਤ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ।ਐੱਸ. ਪੀ. (ਇੰਨਵੈਸਟੀਗੇਸ਼ਨ) ਸ੍ਰੀ ਜੋਗੇਸ਼ਵਰ ਸਿੰਘ ਦੀ ਰਹਿਨੁਮਾਈ ਹੇਠ ਕਾਰਵਾਈ ਕਰਦਿਆਂ ਪੁਲਸ ਨੇ ਇੱਕ ਇਮੀਗ੍ਰੇਸ਼ਨ ਕਾਰੋਬਾਰੀ ਤੋਂ 10 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮੁੱਖ ਦੋਸ਼ੀ ਨੂੰ ਮਹਿਜ਼ ਕੁਝ ਘੰਟਿਆਂ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਹੈ।ਜਾਣਕਾਰੀ ਅਨੁਸਾਰ 30 ਅਕਤੂਬਰ 2025 ਨੂੰ ਜ਼ਿਲ੍ਹਾ ਫਰੀਦਕੋਟ ਵਿੱਚ ਇਮੀਗ੍ਰੇਸ਼ਨ ਦਾ ਕੰਮ ਕਰਦੇ ਇੱਕ ਵਿਅਕਤੀ ਨੂੰ ਵਟਸਐਪ ਨੰਬਰ ਰਾਹੀਂ 10 ਲੱਖ ਰੁਪਏ ਦੀ ਫਿਰੌਤੀ ਮੰਗਣ ਅਤੇ ਨਾ ਦੇਣ ਦੀ ਸੂਰਤ ਵਿੱਚ ਪਰਵਾਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਗਈ ਸੀ।ਇਸ ਦੀ ਸੂਚਨਾ ਮਿਲਦੇ ਹੀ, ਡੀ.ਐੱਸ.ਪੀ. (ਇੰਨਵੈਸਟੀਗੇਸ਼ਨ) ਸ੍ਰੀ ਅਵਤਾਰ ਸਿੰਘ ਤੇ ਡੀ.ਐੱਸ.ਪੀ. (ਫਰੀਦਕੋਟ) ਸ੍ਰੀ ਤਰਲੋਚਨ ਸਿੰਘ ਦੀ ਨਿਗਰਾਨੀ ਹੇਠ ਥਾਣਾ ਸਿਟੀ ਫਰੀਦਕੋਟ ਤੇ ਸੀ.ਆਈ.ਏ. ਸਟਾਫ ਦੀਆਂ ਟੀਮਾਂ ਨੇ ਦੋਸ਼ੀ ਦੀ ਭਾਲ ਸ਼ੁਰੂ ਕੀਤੀ।ਪੁਲਸ ਨੇ ਟੈਕਨੀਕਲ ਇਨਪੁੱਟ ਤੇ ਹਿਊਮਨ ਇੰਟੈਲੀਜੈਂਸ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਮਨਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਪੱਕਾ, ਫਰੀਦਕੋਟ ਨੂੰ ਫਰੀਦਕੋਟ ਦੇ ਕੰਮਿਆਣਾ ਚੌਂਕ ਤੋਂ ਚੰਦ ਘੰਟਿਆਂ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਮੁਲਜ਼ਮ ਮਨਦੀਪ ਸਿੰਘ ਸ਼ਾਤਿਰ ਕਿਸਮ ਦਾ ਵਿਅਕਤੀ ਹੈ।ਉਸ ਨੇ ਫਿਰੌਤੀ ਲਈ ਜਿਹੜਾ ਵਟਸਐਪ ਨੰਬਰ ਵਰਤਿਆ, ਉਹ ਕਿਸੇ ਮੈਸੇਜਿੰਗ ਐਪ 'ਤੇ ਧੋਖੇ ਨਾਲ ਕਿਸੇ ਹੋਰ ਵਿਅਕਤੀ ਤੋਂ ਓ.ਟੀ.ਪੀ. ਲੈ ਕੇ ਆਪਣੇ ਨਾਮ 'ਤੇ ਐਕਟੀਵੇਟ ਕਰਵਾਇਆ ਹੋਇਆ ਸੀ।ਉਸ ਨੇ ਦੁਕਾਨ ਦੇ ਬਾਹਰ ਲੱਗੇ ਸਟਿੱਕਰਾਂ ਤੇ ਫਲੈਕਸ ਬੋਰਡਾਂ ਤੋਂ ਨੰਬਰ ਲੈ ਕੇ ਇਮੀਗ੍ਰੇਸ਼ਨ ਮਾਲਕ ਨੂੰ ਧਮਕੀ ਦਿੱਤੀ ਸੀ।ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।ਪੁਲਸ ਦੋਸ਼ੀ ਦੇ ਬੈਕਵਰਡ ਤੇ ਫਾਰਵਰਡ ਲਿੰਕਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਗੁਰਦੁਆਰਾ ਕਲਗੀਧਰ ਤੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਕਲਗੀਧਰ ਦਸਮੇਸ਼ ਨਗਰ ਅੰਮ੍ਰਿਤਸਰ ਰੋਡ ਤੋਂ ਅਲੌਕਿਕ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ।ਨਗਰ ਕੀਰਤਨ 'ਚ ਅਜਵਿੰਦਰ ਸਿੰਘ ਨੈਸਲ, ਜਸਵੰਤ ਅਮਰੀਕ ਸਿੰਘ, ਤਰਲੋਚਨ ਸਿੰਘ, ਗੁਰਬਚਨ ਸਿੰਘ, ਸੁਰਜੀਤ ਸਿੰਘ ਮੱਲ੍ਹੀ ਨੇ ਬਤੌਰ ਪੰਜ ਪਿਆਰਿਆਂ ਵਜੋਂ ਸੇਵਾ ਨਿਭਾਈ। ਨਗਰ ਕੀਰਤਨ ਅੱਗੇ ਮੁੱਖ ਬੈਂਡ ਕਲਿਆਣ ਵਾਲੇ, ਗਲੋਰੀਅਸ ਸਕੂਲ ਤੇ ਦਸਮੇਸ਼ ਹਾਈ ਸਕੂਲ ਦੇ ਵਿਦਿਆਰਥੀ ਬੈਂਡ ਨਾਲ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ, ਉੱਥੇ ਬਾਬਾ ਫਤਹਿ ਸਿੰਘ ਗਤਕਾ ਪਾਰਟੀ ਧੱਲੇਕੇ ਵਾਲਿਆਂ ਦੇ ਸਿੰਘਾਂ ਵੱਲੋਂ ਸਿੱਖ ਮਾਰਸ਼ਲ ਆਰਟ ਗਤਕੇ ਦੇ ਜੌਹਰ ਦਿਖਾਏ।ਨਗਰ ਕੀਰਤਨ ਦੌਰਾਨ ਦਸਮੇਸ਼ ਨਗਰ ਦੀਆਂ ਬੀਬੀਆਂ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਕੀਰਤਨੀ ਜਥੇ, ਗਿਆਨੀ ਨਿਰਮਲ ਸਿੰਘ ਨੂਰ ਦੇ ਰਾਗੀ ਜਥੇ ਨੇ ਕੀਰਤਨ ਵੱਲੋਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ, ਉੱਥੇ ਕਵੀਸ਼ਰੀ ਜਥਾ ਗਿਆਨੀ ਗੁਰਬਚਨ ਸਿੰਘ ਸ਼ੇਰਪੁਰੀ ਤੇ ਕਵੀਸ਼ਰੀ ਜਥਾ ਬੀਬੀ ਗੁਰਮੀਤ ਕੌਰ ਮੋਗਾ ਦੇ ਜਥਿਆਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ 'ਤੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਤ ਕੀਤਾ। ਨਗਰ ਕੀਰਤਨ ਗੁਰਦੁਆਰਾ ਕਲਗੀਧਰ ਦਸਮੇਸ਼ ਨਗਰ ਤੋਂ ਸ਼ੁਰੂ ਹੋ ਕੇ ਵੱਖ-ਵੱਖ ਪੜਾਵਾਂ 'ਤੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਆ ਕੇ ਅਰਦਾਸ ਬੇਨਤੀ ਕਰਨ ਉਪਰੰਤ ਸਮਾਪਤ ਹੋਇਆ।ਨਗਰ ਕੀਰਤਨ ਦੇ ਸਾਰੇ ਰਸਤੇ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੀ ਪੜਾਅ ਦਰ ਪੜਾਅ ਵੱਖ-ਵੱਖ ਪ੍ਰਕਾਰ ਦੇ ਲੰਗਰ ਲਗਾ ਕੇ ਸੇਵਾ ਕੀਤੀ ਗਈ।ਨਗਰ ਕੀਰਤਨ ਦੀ ਸਮਾਪਤੀ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੇ ਜਿੱਥੇ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ, ਉੱਥੇ ਉਨ੍ਹਾਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁੱਚਾ ਸਿੰਘ, ਜਗਤਾਰ ਸਿੰਘ, ਹਰਦਿਆਲ ਸਿੰਘ ਸੇਖਾ, ਗੁਰਮੇਲ ਸਿੰਘ, ਡਾ. ਹਰਜੀਤ ਸਿੰਘ, ਜਸਵੀਰ ਸਿੰਘ, ਰਮਨਦੀਪ ਸਿੰਘ, ਅਮਰ ਸਿੰਘ, ਮੰਗਾ ਸਿੰਘ, ਜਸਵਿੰਦਰ ਸਿੰਘ, ਹਰਗੁਰਚਰਨ ਸਿੰਘ, ਰਣਵੀਰ ਸਿੰਘ, ਦਲਜੀਤ ਸਿੰਘ, ਮਾਸਟਰ ਕਰਨੈਲ ਸਿੰਘ, ਪ੍ਰੀਤਮ ਸਿੰਘ, ਡਾ. ਹਰਨੇਕ ਸਿੰਘ, ਕੁਲਦੀਪ ਸਿੰਘ, ਸੁਰੇਸ਼ ਸਿੰਘ, ਹਰਮੇਲ ਸਿੰਘ, ਪ੍ਰੇਮ ਸਿੰਘ, ਸਰਵਣ ਸਿੰਘ, ਜਗਦੀਪ ਸਿੰਘ, ਬਲਦੇਵ ਸਿੰਘ, ਸਾਹਿਬ ਸਿੰਘ, ਸੁਖਦੇਵ ਸਿੰਘ, ਜਸਵੰਤ ਸਿੰਘ, ਸੁਰਜੀਤ ਸਿੰਘ ਮੱਲ੍ਹੀ, ਜਸਵੀਰ ਸਿੰਘ ਵਾਲੀਆ, ਅੰਗਰੇਜ਼ ਸਿੰਘ ਜੀਰਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ 10ਵਾਂ ਖ਼ੂਨਦਾਨ ਕੈਂਪ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਾਬਾ ਸ੍ਰੀ ਖਾਟੂ ਸ਼ਿਆਮ ਜੀ ਦੇ ਜਨਮ ਦਿਨ ਮੌਕੇ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਸਵਰਗਵਾਸੀ ਸ੍ਰੀ ਯੋਗਰਾਜ ਮਲਿਕ ਦੀ ਯਾਦ ਵਿੱਚ 10ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਰੋਟਰੀ ਡਿਸਟ੍ਰਿਕਟ 3090 ਦੇ ਡਿਸਟ੍ਰਿਕਟ ਗਵਰਨਰ ਰੋਟੇਰੀਅਨ ਭੂਪੇਸ਼ ਮਹਿਤਾ ਨੇ ਸ਼ਿਰਕਤ ਕੀਤੀ।ਕੈਂਪ ਦੌਰਾਨ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੀ ਟੀਮ ਵੱਲੋਂ 53 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਮੁੱਖ ਮਹਿਮਾਨ ਡਿਸਟ੍ਰਿਕਟ ਗਵਰਨਰ ਭੂਪੇਸ਼ ਮਹਿਤਾ ਨੇ ਕਿਹਾ ਕਿ ਰੋਟਰੀ ਕਲੱਬ ਲੰਬੇ ਸਮੇਂ ਤੋਂ ਸਮਾਜ ਸੇਵਾ ਨੂੰ ਸਮਰਪਤ ਹੈ।ਬੱਚਿਆਂ ਦੀ ਸਿੱਖਿਆ ਵਿੱਚ ਮਦਦ, ਸਾਫ਼ ਪਾਣੀ ਦੀ ਉਪਲਬਧਤਾ, ਵਾਤਾਵਰਣ ਬਚਾਉਣ ਲਈ ਪੌਦੇ ਲਗਾਉਣਾ, ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਪ੍ਰਤੀ ਜਾਗਰੂਕਤਾ, ਤੇ ਪਲਸਪੋਲੀਓ ਮੁਕਤ ਮੁਹਿਮ ਵਰਗੀਆਂ ਸੇਵਾਵਾਂ ਲਈ ਰੋਟਰੀ ਸਦੈਵ ਅੱਗੇ ਰਹਿੰਦੀ ਹੈ।ਉਨ੍ਹਾਂ ਦੱਸਿਆ ਕਿ ਡਿਸਟ੍ਰਿਕਟ 3090 ਵਿੱਚ 135 ਕਲੱਬ ਹਨ, ਜਿਨ੍ਹਾਂ ਵਿੱਚ ਲਗਭਗ 3000 ਮੈਂਬਰ ਸਮਾਜ ਸੇਵਾ ਵਿੱਚ ਜੁਟਦੇ ਹਨ, ਜਦਕਿ ਦੁਨੀਆ ਦੇ 220 ਦੇ ਕਰੀਬ ਦੇਸ਼ਾਂ ਵਿੱਚ ਰੋਟਰੀ ਦੇ 12 ਲੱਖ ਮੈਂਬਰ ਮਨੁੱਖਤਾ ਦੀ ਭਲਾਈ ਲਈ ਕੰਮ ਕਰ ਰਹੇ ਹਨ।ਕਲੱਬ ਪ੍ਰਧਾਨ ਰੋਟੇਰੀਅਨ ਹਰਮੇਸ਼ ਸਿੰਗਲਾ ਨੇ ਕਿਹਾ ਕਿ ਕੈਂਪ ਦਾ ਉਦੇਸ਼ ਲੋੜਵੰਦ ਮਰੀਜ਼ਾਂ ਲਈ ਰਕਤ ਉਪਲਬਧ ਕਰਵਾਉਣਾ ਅਤੇ ਸਮਾਜ ਵਿੱਚ ਮਨੁੱਖਤਾ ਦੇ ਸੇਵਾ ਭਾਵਨਾ ਨੂੰ ਵਧਾਇਆ ਜਾਣਾ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਧਾਰਮਿਕ ਤੇ ਮਨੁੱਖਤਾ ਦੇ ਸੁਨੇਹੇ ਨੂੰ ਮਜ਼ਬੂਤ ਕਰਨ ਦੀ ਨੀਅਤ ਨਾਲ ਇਹ ਕੈਂਪ ਲਾਇਆ ਜਾਂਦਾ ਹੈ।ਉਨ੍ਹਾਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਖ਼ੂਨਦਾਨ ਕਰਕੇ ਕਿਸੇ ਦੀ ਜ਼ਿੰਦਗੀ ਬਚਾਉਣ ਵਿੱਚ ਆਪਣਾ ਯੋਗਦਾਨ ਪਾਇਆ ਜਾਵੇ, ਕਿਉਂਕਿ ਇੱਕ ਯੂਨਿਟ ਖ਼ੂਨ ਇੱਕ ਜੀਵਨ ਬਚਾ ਸਕਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮੇਸ਼ ਸਿੰਗਲਾ, ਰਾਕੇਸ਼ ਗੋਇਲ, ਮਿਕਲ ਗਰਗ, ਰਾਕੇਸ਼ ਗਰਗ, ਨਾਰਾਇਣ ਗਰਗ, ਅਮਨਦੀਪ ਸਿੰਘ, ਹਰਮੇਸ਼ ਗਰਗ, ਅਸ਼ੋਕ ਗਰਗ, ਕਪਿਲ ਕੌਸ਼ਲ ਮਲਿਕ ਸਮੇਤ ਕਲੱਬ ਦੇ ਮੈਂਬਰ ਮੌਜੂਦ ਸਨ।



## ਕਾਤਰਾਂ

### ਸ਼ੈਲੀ ਸ਼ਰਮਾ ਨਮਿੱਤ ਪਾਠ ਦਾ ਭੋਗ 4 ਨੂੰ



**ਲੌਂਗੋਵਾਲ (ਪ੍ਰਦੀਪ ਸੱਪਲ)**-ਪਿਛਲੇ ਦਿਨੀਂ ਮਾ. ਨਰਿੰਦਰਪਾਲ ਸ਼ਰਮਾ ਲੌਂਗੋਵਾਲ ਦੇ ਛੋਟੇ ਭਰਾ ਤੇ ਸਾਬਕਾ ਪਨਸਪ ਵਿਭਾਗ ਦੇ ਇੰਸਪੈਕਟਰ ਰਾਮ ਸ਼ਰਮਾ ਦੇ ਪੁੱਤਰ ਸ਼ੈਲੀ ਸ਼ਰਮਾ ਦਾ ਦਿਹਾਂਤ ਹੋ ਗਿਆ ਸੀ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ 4 ਨਵੰਬਰ ਮੰਗਲਵਾਰ ਨੂੰ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਪੱਤੀ ਰੰਧਾਵਾ ਲੌਂਗੋਵਾਲ ਵਿਖੇ ਪਵੇਗਾ।

### ਸ਼ਰਾਬੀ ਨੇ ਕਾਰ ਸਾਫ਼ ਕਰ ਰਹੇ ਨੌਜਵਾਨ 'ਤੇ ਕੀਤੇ ਫਾਇਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇਕ ਵਿਅਕਤੀ 'ਤੇ ਜਾਨਲੇਵਾ ਹਮਲਾ ਕਰਨ ਦੀ ਖਬਰ ਮਿਲੀ ਹੈ, ਜਿੱਥੇ ਇੱਕ ਸ਼ਰਾਬੀ ਵਿਅਕਤੀ ਨੇ ਮਾਮੂਲੀ ਗੱਲ ਤੋਂ ਸ਼ੁਰੂ ਹੋਏ ਵਿਵਾਦ ਤੋਂ ਬਾਅਦ ਇੱਕ ਨੌਜਵਾਨ 'ਤੇ ਆਪਣੇ ਅਸਲੇ ਨਾਲ ਸਿੱਧੇ ਫਾਇਰ ਕੀਤੇ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਭੁੱਲਰ ਪੁੱਤਰ ਮੁੱਖਾ ਸਿੰਘ ਵਾਸੀ ਪਿੰਡ ਇੱਛੇਵਾਲਾ ਨੇੜੇ ਡੇਰਾ ਰਾਧਾ ਸਵਾਮੀ ਨੇੜੇ ਹਾਕੇ ਵਾਲਾ ਨੇ ਦੱਸਿਆ ਕਿ 25 ਅਕਤੂਬਰ 2025 ਨੂੰ ਕਰੀਬ 9.30 ਪੀਐੱਮ ਨੂੰ ਅਨੁਮੋਲ ਇਨਕਲੇਵ ਫਿਰੋਜ਼ਪੁਰ ਸ਼ਹਿਰ ਵਿਖੇ ਅੰਜੂ ਦੀ ਕਾਰ ਸਾਫ ਕਰ ਰਿਹਾ ਸੀ ਤਾਂ ਦੋਸ਼ੀ ਬੇਅੰਤ ਵਾਸੀ ਕੋਠੀ ਨੰਬਰ 22 ਅਨੁਮੋਲ ਇਨਕਲੇਵ ਫਿਰੋਜ਼ਪੁਰ ਸ਼ਹਿਰ, ਜਿਸ ਨੇ ਕਾਫੀ ਜ਼ਿਆਦਾ ਸ਼ਰਾਬ ਪੀ ਰੱਖੀ ਸੀ, ਨੇ ਆਉਂਦੇ ਹੀ ਭੁੱਲਰ ਨੂੰ ਬਿਨਾਂ ਕਿਸੇ ਕਾਰਨ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਭੁੱਲਰ ਨੇ ਬੇਅੰਤ ਨੂੰ ਗਾਲੀ-ਗਲੋਚ ਕਰਨ ਤੋਂ ਰੋਕਿਆ ਤਾਂ ਗੁੱਸੇ 'ਚ ਆਏ ਬੇਅੰਤ ਨੇ ਤੁਰੰਤ ਆਪਣੇ ਕੋਲ ਮੌਜੂਦ ਅਸਲੇ ਪਿਸਟਲ ਨਾਲ ਉਸ 'ਤੇ ਸਿੱਧੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਭੁੱਲਰ ਨੇ ਦੱਸਿਆ ਕਿ ਉਸ ਨੇ ਬੜੀ ਮੁਸ਼ਕਲ ਨਾਲ ਉਹਲੇ ਹੋ ਕੇ ਆਪਣੀ ਜਾਨ ਬਚਾਈ। ਭੁੱਲਰ ਨੇ ਪੁਲਸ ਨੂੰ ਦੱਸਿਆ ਕਿ ਮੁਲਜ਼ਮ ਬੇਅੰਤ ਨੇ ਹਮਲੇ ਤੋਂ ਬਾਅਦ ਉਸ ਨੂੰ ਜਾਨੋਂ ਮਾਰਨ ਧਮਕੀਆਂ ਦਿੱਤੀਆਂ ਹਨ। ਇਸ ਧਮਕੀ ਕਾਰਨ ਭੁੱਲਰ ਬਹੁਤ ਜ਼ਿਆਦਾ ਡਰਿਆ ਹੋਇਆ ਹੈ। ਉਹ ਹੁਣ ਆਪਣਾ ਕੰਮ-ਕਾਰ ਛੱਡ ਕੇ ਘਰ ਬੈਠਣ ਲਈ ਮਜਬੂਰ ਹੋ ਗਿਆ ਹੈ ਅਤੇ ਉਸ ਨੂੰ ਮੁਲਜ਼ਮ ਬੇਅੰਤ ਪਾਸੋਂ ਆਪਣੀ ਜਾਨ-ਮਾਲ ਦਾ ਪੂਰਾ ਖ਼ਤਰਾ ਬਣਿਆ ਹੋਇਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਭੁੱਲਰ ਦੇ ਬਿਆਨਾਂ ਦੇ ਆਧਾਰ 'ਤੇ ਦੋਸ਼ੀ ਬੇਅੰਤ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਸਾਲਾਨਾ ਪਾਲਕੀ ਯਾਤਰਾ ਅੱਜ

**ਬਰਨਾਲਾ (ਰਾਜਿੰਦਰ ਬਰਾੜ)**-ਸ੍ਰੀ ਸਾਈਂ ਦਰਬਾਰ ਚੈਰੀਟੇਬਲ ਟਰੱਸਟ 16 ਏਕੜ ਬਰਨਾਲਾ ਵਿਖੇ 14ਵੀਂ ਸਾਲਾਨਾ ਪਾਲਕੀ ਯਾਤਰਾ ਅੱਜ ਧੂਮਧਾਮ ਨਾਲ ਕੱਢੀ ਜਾਵੇਗੀ ਜਾਣਕਾਰੀ ਦਿੰਦਿਆਂ ਮੈਂਬਰ ਅਮਨ ਗੋਇਲ ਕਾਲਾ, ਪੁਨੀਤ ਕੌਸ਼ਲ ਮੋਨੂ, ਅਸ਼ਵਨੀ ਮੈਦਾਨ ਤੇ ਸੰਜੇ ਸਲੂਜਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਾਲਕੀ ਯਾਤਰਾ ਧੂਮਧਾਮ ਤੇ ਸ਼ਰਧਾ ਨਾਲ ਕੱਢੀ ਜਾਵੇਗੀ। ਇਹ ਪਾਲਕੀ ਯਾਤਰਾ ਸ਼ਾਮ 4:30 ਵਜੇ ਸਾਈਂ ਦਰਬਾਰ ਤੋਂ ਸ਼ੁਰੂ ਹੋਵੇਗੀ। ਇਸ ਮੌਕੇ ਪ੍ਰਦੀਪ ਗਿਆਨੀ, ਹਿਤੇਸ਼ ਕੌਸ਼ਲ, ਲੋਕੇਸ਼ ਕੌਸ਼ਲ, ਨੀਟੂ ਜੀ, ਲਾਡੀ ਆਇਰਨ, ਪ੍ਰਣਾਮ ਗੋਇਲ ਆਦਿ ਹਾਜ਼ਰ ਸਨ।

# ਰਿਸ਼ਤਾ ਤੋੜਨ ਦੀ ਰੰਜਿਸ਼ 'ਤੇ ਨੌਜਵਾਨ ਤੇ ਉਸ ਦੇ ਪਰਿਵਾਰ 'ਤੇ ਹਮਲਾ, 11 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਪਿੰਡ ਚਾਂਦੀ ਵਾਲਾ ਵਿਖੇ ਜਿੱਥੇ ਰਿਸ਼ਤਾ ਤੋੜਨ ਦੀ ਰੰਜਿਸ਼ ਨੂੰ ਲੈ ਕੇ ਇਕ ਨੌਜਵਾਨ ਤੇ ਉਸ ਦੇ ਪਰਵਾਰ 'ਤੇ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 11 ਬਾਏ ਨੇਮ ਵਿਅਕਤੀਆਂ ਤੇ 4-5 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਪਿੰਡ ਚਾਂਦੀ ਵਾਲਾ ਦੇ ਵਸਨੀਕ ਮਨਜੀਤ ਸਿੰਘ ਪੁੱਤਰ ਹਰਨਾਮ ਸਿੰਘ ਨੇ ਦੱਸਿਆ ਕਿ 28 ਅਕਤੂਬਰ 2025 ਨੂੰ ਕਰੀਬ ਸ਼ਾਮ ਨੂੰ ਦੋਸ਼ੀਆਨ ਕੁਲਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ, ਸੰਦੀਪ ਸਿੰਘ ਪੁੱਤਰ ਮਲਕੀਤ ਸਿੰਘ, ਜਸਪਾਲ ਸਿੰਘ ਉਰਫ ਲੱਡੂ ਪੁੱਤਰ ਅਜੀਤ ਸਿੰਘ, ਅਮਨਦੀਪ ਸਿੰਘ ਪੁੱਤਰ ਪਾਲਾ ਸਿੰਘ, ਓਮ ਪ੍ਰਕਾਸ਼ ਪੁੱਤਰ ਸੁਰਜੀਤ ਸਿੰਘ, ਪਾਲਾ ਸਿੰਘ ਪੁੱਤਰ ਅਜੀਤ ਸਿੰਘ, ਜਸਕਰਨ ਸਿੰਘ ਪੁੱਤਰ ਹਰਮੇਸ਼ ਸਿੰਘ, ਬਲਵਿੰਦਰ ਕੌਰ ਪਤਨੀ ਜਸਪਾਲ ਸਿੰਘ ਉਰਫ ਲੱਡੂ, ਸ਼ੀਲੋ ਬਾਈ ਪਤਨੀ ਪਾਲਾ ਸਿੰਘ, ਬਗੀਚਾ ਸਿੰਘ ਪੁੱਤਰ ਗੁਰਦਾਸ ਸਿੰਘ, ਰੌਕੀ ਪੁੱਤਰ ਗੁਰਦੀਪ ਸਿੰਘ ਸਾਰੇ ਵਾਸੀ ਪਿੰਡ ਚਾਂਦੀ ਵਾਲਾ ਤੇ 4-5 ਹੋਰ ਅਣਪਛਾਤੇ ਵਿਅਕਤੀਆਂ ਨੇ ਉਸ ਤੇ ਉਸ ਦੇ ਪਰਵਾਰ 'ਤੇ ਹਮਲਾ ਕਰ ਦਿੱਤਾ। ਮਨਜੀਤ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਨੇ ਆਪੋ-ਆਪਣੇ ਕੋਲ ਮੌਜੂਦ ਤੇਜ਼ਧਾਰ ਤੇ ਹੋਰ ਹਥਿਆਰਾਂ ਨਾਲ ਉਨ੍ਹਾਂ ਨੂੰ ਸੱਟਾਂ ਮਾਰੀਆਂ ਤੇ ਜਾਨੋਂ ਮਾਰਨ ਦੀ ਨੀਯਤ ਨਾਲ ਹਮਲਾ ਕੀਤਾ। ਮਨਜੀਤ ਸਿੰਘ ਨੇ ਦੱਸਿਆ ਕਿ ਇਸ ਹਮਲੇ ਪਿੱਛੇ ਮੁੱਖ ਕਾਰਨ ਪੁਰਾਣੀ ਰੰਜਿਸ਼ ਹੈ, ਜੋ ਕਿ ਰਿਸ਼ਤੇਦਾਰੀ ਨਾਲ ਜੁੜੀ ਹੋਈ ਹੈ। ਉਸ ਦੀ ਮੰਗਣੀ ਦੋਸ਼ੀ ਜਸਪਾਲ ਸਿੰਘ ਉਰਫ ਲੱਡੂ ਦੀ ਲੜਕੀ ਗੀਨਾ ਨਾਲ ਹੋਈ ਸੀ, ਪਰ ਬਾਅਦ ਵਿੱਚ ਜਸਪਾਲ ਸਿੰਘ ਦੇ ਪਰਵਾਰ ਨੇ ਉਸ ਨਾਲ ਰਿਸ਼ਤਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਨਜੀਤ ਸਿੰਘ ਨੇ ਦੱਸਿਆ ਕਿ ਇਸੇ ਗੱਲ ਦੀ ਰੰਜਿਸ਼ ਨੂੰ ਲੈ ਕੇ ਉਕਤ ਦੋਸ਼ੀਆਨ ਨੇ ਯੋਜਨਾਬੱਧ ਤਰੀਕੇ ਨਾਲ ਉਸ 'ਤੇ ਹਮਲਾ ਕੀਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮਨਜੀਤ ਸਿੰਘ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਧਾਰਮਿਕ ਸਮਾਗਮਾਂ ਨਾਲ ਮੈਂਬਰਾਂ 'ਚ ਇੱਕਜੁਟਤਾ ਵਧਦੀ ਹੈ : ਬਾਂਸਲ, ਮੋਰਾਂਵਾਲੀ

## ਸਿਟੀ ਮੀਡੀਆ ਕਲੱਬ ਦੀ ਮਹੀਨਾਵਾਰ ਮੀਟਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਟੀ ਮੀਡੀਆ ਪ੍ਰੈੱਸ ਕਲੱਬ ਦੀ ਮਹੀਨਾਵਾਰ ਮੀਟਿੰਗ ਅਰਬਨ ਕਰੇਵ ਪੈਲਸ ਵਿੱਚ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਆਯੋਜਤ ਕੀਤੀ ਗਈ।ਮੀਟਿੰਗ ਵਿੱਚ ਕਲੱਬ ਦੇ ਸਮੂਹ ਮੈਂਬਰਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ ਤੇ ਆਪਣੇ ਵਿਚਾਰ ਸਾਂਝੇ ਕੀਤੇ।ਕਲੱਬ ਦੇ ਮੈਂਬਰ ਵਿਕਰਮ ਸ਼ਰਮਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਿਟੀ ਮੀਡੀਆ ਪ੍ਰੈੱਸ ਕਲੱਬ ਸਮਾਜ ਦੇ ਵਿੱਚ ਆਪਣਾ ਵੱਖਰਾ ਮਕਾਮ ਬਣਾਉਂਦਿਆਂ ਨਾਮ ਰੋਸ਼ਨ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਕਲੱਬ ਵੱਲੋਂ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮ ਸਮਾਜ ਵਿੱਚ ਇੱਕਜੁੱਟਤਾ ਤੇ ਭਾਈਚਾਰੇ ਦੀ ਮਿਸਾਲ ਪੇਸ਼ ਕਰਦੇ ਹਨ।ਇਸ ਸੰਬੰਧੀ ਪ੍ਰਧਾਨ ਤਰੁਣ ਬਾਂਸਲ ਤੇ ਚੇਅਰਮੈਨ ਅਜੈਬ ਸਿੰਘ ਮੋਰਾਂਵਾਲੀ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਰਾਹੀਂ ਮੈਂਬਰਾਂ ਵਿੱਚ ਆਪਸੀ ਭਰੋਸਾ ਤੇ ਸਹਿਯੋਗ ਹੋਰ ਮਜ਼ਬੂਤ ਹੁੰਦਾ ਹੈ।

ਮੀਟਿੰਗ ਦੌਰਾਨ ਧਾਰਮਿਕ ਪ੍ਰੋਗਰਾਮਾਂ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਕਲੱਬ ਦੇ ਅਹੁਦੇਦਾਰ ਅਜੈਬ ਸਿੰਘ ਮੋਰਾਂਵਾਲੀ, ਭਗਵੰਤ ਸਿੰਘ ਚੰਦੜ, ਮਨਪ੍ਰੀਤ ਨੀਲੋਵਾਲ ਤੇ ਹਾਕਮ ਸਿੰਘ ਭੱਟੀ ਦੀ ਪ੍ਰੋਜੈਕਟ ਚੇਅਰਮੈਨ ਦੀ ਨਿਯੁਕਤੀ ਕੀਤੀ ਗਈ।ਇਸ ਤੋਂ ਇਲਾਵਾ ਕਲੱਬ ਦੀ ਚੰਗੀ ਕਾਰਗੁਜ਼ਾਰੀ ਤੇ ਸਮਾਜਿਕ ਗਤੀਵਿਧੀਆਂ ਨੂੰ ਦੇਖਦੇ ਹੋਏ ਨਵੇਂ ਮੈਂਬਰਾਂ ਦੀਆਂ ਅਰਜ਼ੀਆਂ 'ਤੇ ਵੀ ਵਿਚਾਰ ਕੀਤਾ ਗਿਆ।ਇਸ ਮੌਕੇ ਸੀਨੀਅਰ ਪੱਤਰਕਾਰ ਸਵਰਗੀ ਕ੍ਰਿਤਵ ਸੁਨਾਮੀ ਦੇ ਪੁੱਤਰ ਤੇ ਸੰਸਕ੍ਰਿਤੀ ਨਵੀਂ ਪੁਰਾਣੀ ਅਖ਼ਬਾਰ ਦੇ ਸੰਪਾਦਕ ਨਵਨੀਤ ਕੁਮਾਰ ਨੂੰ ਕਲੱਬ ਦਾ ਨਵਾਂ ਮੈਂਬਰ ਬਣਾਇਆ ਗਿਆ।

ਮੀਟਿੰਗ ਦੌਰਾਨ ਕਲੱਬ ਦੇ ਪੀ.ਆਰ.ਓ. ਅਸ਼ੋਕ ਬਾਂਸਲ ਦਾ ਜਨਮ ਦਿਨ ਮਨਾਇਆ ਗਿਆ ਤੇ ਸਭ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ ਗਈਆਂ।ਵਿਕਰਮ ਸ਼ਰਮਾ ਦੇ ਕਲੱਬ ਪ੍ਰਤੀ ਵਿਸ਼ੇਸ਼ ਸਮਰਪਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਚੇਅਰਮੈਨ ਅਜੈਬ ਸਿੰਘ ਮੋਰਾਂਵਾਲੀ, ਮੀਤ ਚੇਅਰਮੈਨ ਭਗਵੰਤ ਸਿੰਘ ਚੰਦੜ, ਮੀਤ ਪ੍ਰਧਾਨ ਅਰੁਣ ਬਾਂਸਲ, ਸੀਨੀਅਰ ਮੈਂਬਰ ਵਿਕਰਮ ਸ਼ਰਮਾ, ਸੈਕਟਰੀ ਅੰਸ਼ੂ ਡੋਗਰਾ, ਕੈਸ਼ੀਅਰ ਅਭਿਸ਼ੇਕ ਜਿੰਦਲ, ਜੁਆਇੰਟ ਕੈਸ਼ੀਅਰ ਹਾਕਮ ਸਿੰਘ ਭੱਟੀ, ਪੀਆਰਓ ਅਸ਼ੋਕ ਬਾਂਸਲ, ਸੋਸ਼ਲ ਮੀਡੀਆ ਇੰਚਾਰਜ ਮਨਪ੍ਰੀਤ ਢਿੱਲੋਂ, ਮੰਗਤ ਰਾਏ ਮੋਨੂ, ਕੁਲਦੀਪ ਖਿਪਲ ਤੇ ਨਵੇਂ ਮੈਂਬਰ ਨਵਨੀਤ ਕੁਮਾਰ ਮੀਟਿੰਗ ਵਿੱਚ ਹਾਜ਼ਰ ਰਹੇ।

# ਉੱਘੇ ਮਜ਼ਦੂਰ ਆਗੂ ਕਾਮਰੇਡ ਸੁਰਜੀਤ ਗੁਰਮ ਨਹੀਂ ਰਹੇ

## ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਦਿੱਤੀ ਅੰਤਿਮ ਵਿਦਾਇਗੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਪਣੀ ਜ਼ਿੰਦਗੀ ਦੇ ਆਖਰੀ ਸਮੇਂ ਤੱਕ ਲੋਕ ਪੱਖੀ ਲਹਿਰਾਂ ਨੂੰ ਸਮਰਪਤ ਰਹੇ ਉੱਘੇ ਮਜ਼ਦੂਰ ਆਗੂ ਸੁਰਜੀਤ ਗੁਰਮ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਅੰਤਿਮ ਯਾਤਰਾ ਸਮੇਂ ਸੀਟੂ ਦੇ ਸੂਬਾਈ ਆਗੂ ਸ਼ੇਰ ਸਿੰਘ ਫਰਵਾਹੀ, ਮਨਰੇਗਾ ਮਜ਼ਦੂਰ ਯੂਨੀਅਨ ਸੀਟੂ ਦੇ ਸੁਦਾਗਰ ਸਿੰਘ ਉੱਪਲੀ, ਮੀਤ ਪ੍ਰਧਾਨ ਹਰਬੰਸ ਸਿੰਘ ਕੱਟੂ, ਮੱਘਰ ਸਿੰਘ, ਚੇਤ ਰਾਮ, ਗੁਰਮੁਖ ਸਿੰਘ ਬਿਜਲੀ ਮੁਲਾਜ਼ਮ, ਬਲਵਿੰਦਰ ਸਿੰਘ ਗੁੱਡੂ, ਸੂਰਤ ਸਿੰਘ ਗੁਰਮ ਤੇ ਸਾਥੀ ਭੋਲਾ ਸਿੰਘ ਕਲਾਲ ਮਾਜਰਾ, ਆਂਗਣਵਾੜੀ ਯੂਨੀਅਨ ਦੇ ਜਸਮੇਲ ਕੌਰ ਦੀ ਅਗਵਾਈ ਹੇਠ ਲਾਲ ਝੰਡਾ ਪਾ ਕੇ ਵਿੱਛੜੇ ਆਗੂ ਗੁਰਮ ਨੂੰ ਲਾਲ ਸਲਾਮ ਦੇ ਇਨਕਲਾਬੀ ਨਾਅਰਿਆਂ ਦੀ ਗੂੰਜ ਵਿੱਚ ਅੰਤਿਮ ਵਿਦਾਇਗੀ ਦਿੱਤੀ ਗਈ। ਆਗੂਆਂ ਕਿਹਾ ਕਿ ਸਾਥੀ ਸੁਰਜੀਤ ਗੁਰਮ, ਜੋ 1975 ਤੋਂ ਲਗਾਤਾਰ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਮਜ਼ਦੂਰ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਸਮੇਂ ਸਮੇਂ ਚੱਲੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਲੋਕ ਲਾਮਬੰਦੀ ਤਹਿਤ ਸਰਗਰਮੀ ਨਾਲ ਹਿੱਸਾ ਲੈਂਦਾ ਰਿਹਾ, ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਦਿਨ ਮਨਾਉਂਦਾ, ਮਈ ਦਿਹਾੜੇ ਸਮੇਂ ਮਜ਼ਦੂਰਾਂ ਨੂੰ ਨਾਲ ਲੈ ਕੇ ਪਿੰਡ ਦੇ ਦਾਣਾ ਮੰਡੀ 'ਚ ਸੀਟੂ ਦਾ ਲਾਲ ਝੰਡਾ ਵੀ ਝੁਲਾਉਂਦਾ ਸੀ, ਜਿਸ ਕਰਕੇ ਉਹ ਮਜ਼ਦੂਰਾਂ, ਕਿਸਾਨਾਂ ਦੀ ਲਹਿਰ ਦਾ ਹਰਮਨ ਪਿਆਰਾ ਆਗੂ ਜਾਣਿਆ ਜਾਂਦਾ ਸੀ।ਇਸ ਮੌਕੇ ਉੱਘੇ ਕਬੱਡੀ ਖਿਡਾਰੀ ਭਰਥਾ ਸਿੰਘ ਗੁਰਮ, ਭਾਊ ਗੁਰਮ ਤੇ ਗ੍ਰਾਮ ਪੰਚਾਇਤ, ਮੁਹਤਬਰ ਤੇ ਵੱਖ ਵੱਖ ਆਗੂ ਮੌਜੂਦ ਸਨ।ਸਾਥੀ ਸੁਰਜੀਤ ਗੁਰਮ ਨਮਿੱਤ ਸ਼ਰਧਾਂਜਲੀ ਸਮਾਗਮ 9 ਨਵੰਬਰ ਨੂੰ ਇੱਕ ਵਜੇ ਪਿੰਡ ਗੁਰਮ (ਬਰਨਾਲਾ) ਵਿਖੇ ਹੋਵੇਗਾ।

# ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮੀਟਿੰਗ 'ਚ ਪੁਸਤਕਾਂ ਰਿਲੀਜ਼



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਭੈਣੀ ਸਾਹਿਬ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਗਜ਼ਲਗੋ ਗੁਰਦਿਆਲ ਰੌਸ਼ਨ, ਕਹਾਣੀਕਾਰ ਸੁਰਿੰਦਰ ਰਾਮਪੁਰੀ, ਗਜ਼ਲਗੋ ਜੋਰਾਵਰ ਸਿੰਘ ਪੰਛੀ, ਲੇਖਿਕਾ ਜਸਵੀਰ ਕੌਰ ਜੱਸੀ, ਗਜ਼ਲਗੋ ਸਰਦਾਰ ਪੰਛੀ ਤੇ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਕੀਤੀ।ਇਸ ਮੌਕੇ ਜੋਰਾਵਰ ਸਿੰਘ ਪੰਛੀ ਦੀ ਕਿਤਾਬ 'ਪ੍ਰੇਮ ਖੇਲਨ ਕਾ ਚਾਓ', ਕਹਾਣੀਕਾਰ ਸੁਰਿੰਦਰ ਰਾਮਪੁਰੀ ਦੁਆਰਾ ਸੰਪਾਦਿਤ ਪੁਸਤਕ 'ਆਤਮਾ ਰਾਮ ਰੰਜਨ-ਜੀਵਨ ਤੇ ਰਚਨਾ', ਜਸਵੀਰ ਕੌਰ ਜੱਸੀ ਦੀ ਈ-ਬੁੱਕ 'ਨਜ਼ਰ ਤੋਂ ਨਜ਼ਰੀਏ ਤੱਕ' ਤੇ ਕੰਵਲਜੀਤ ਕੌਰ ਆਂਡਲੂ ਦੀ ਈ-ਬੁੱਕ 'ਰੂਹ ਤੋਂ ਰੂਹ ਤੱਕ' ਲੋਕ ਅਰਪਣ ਕੀਤੀਆਂ ਗਈਆਂ।'ਪ੍ਰੇਮ ਖੇਲਣ ਕਾ ਚਾਓ' ਪੁਸਤਕ ਦਾ ਪਰਚਾ ਰਜਿੰਦਰ ਕੌਰ ਪੰਨੂ ਨੇ, 'ਆਤਮਾ ਰਾਮ ਰੰਜਨ-ਜੀਵਨ ਤੇ ਰਚਨਾ' ਪੁਸਤਕ ਦਾ ਪਰਚਾ ਗੁਰਸੇਵਕ ਸਿੰਘ ਢਿੱਲੋਂ ਨੇ, ਜਸਵੀਰ ਕੌਰ ਜੱਸੀ ਦੀ ਈ-ਬੁੱਕ 'ਨਜ਼ਰ ਤੋਂ ਨਜ਼ਰੀਏ' ਤੱਕ ਦਾ ਪਰਚਾ ਬਲਵੀਰ ਸਿੰਘ ਬੱਬੀ ਨੇ ਤੇ ਕੰਵਲਜੀਤ ਕੌਰ ਆਂਡਲੂ ਦੀ ਈ-ਬੁੱਕ 'ਰੂਹ ਤੋਂ ਰੂਹ ਤੱਕ' ਦਾ ਪਰਚਾ ਗੀਤਕਾਰ ਜਗਤਾਰ ਰਾਈਆਂ ਵਾਲੇ ਨੇ ਪੜ੍ਹਿਆ।ਇਨ੍ਹਾਂ ਪੁਸਤਕਾਂ ਬਾਰੇ ਗਜ਼ਲਗੋ ਗੁਰਦਿਆਲ ਰੌਸ਼ਨ, ਸੁਰਿੰਦਰ ਰਾਮਪੁਰੀ, ਸਰਦਾਰ ਪੰਛੀ, ਗੁਰਸੇਵਕ ਸਿੰਘ ਢਿੱਲੋਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।ਮੀਟਿੰਗ ਵਿੱਚ ਜੋਰਾਵਰ ਸਿੰਘ ਪੰਛੀ, ਜਸਵੀਰ ਕੌਰ ਜੱਸੀ, ਸੁਰਿੰਦਰ ਰਾਮਪੁਰੀ, ਕੰਵਲਜੀਤ ਕੌਰ ਆਂਡਲੂ ਤੇ ਗੀਤਕਾਰ ਗੋਪੀ ਜਮਾਲਪੁਰੀ ਦਾ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾ ਗਾਇਕਾ ਸਿਮਰ ਮਹਿਰਾ ਦੇ ਗੀਤ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਦੂਜੇ ਸੈਸ਼ਨ ਵਿੱਚ ਪ੍ਰਭਾਵਸ਼ਾਲੀ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਦੀਪ ਦਿਲਬਰ ਸਮਰਾਲਾ, ਗੀਤਕਾਰ ਕਰਨੈਲ ਸਿੰਘ ਸਿਵੀਆ, ਜਗਜੀਤ ਗੁਰਮ, ਜਗਵੀਰ ਸਿੰਘ ਵਿੱਕੀ, ਦਰਸ਼ਨ ਸਿੰਘ ਭਾਗਪੁਰ ਤੇ ਗਜ਼ਲਗੋ ਬਲਵੰਤ ਚਿਰਾਗ ਨੇ ਕੀਤੀ।ਹਾਜ਼ਰ ਸ਼ਇਰਾਂ ਵਿੱਚ ਗੀਤਕਾਰ ਕਰਨੈਲ ਸਿੰਘ ਸਿਵੀਆ, ਨੇਤਰ ਸਿੰਘ 'ਨੇਤਰ', ਹਰਬੰਸ ਸਿੰਘ ਰਾਏ, ਬਲਵੰਤ ਸਿੰਘ ਵਿਰਕ, ਦਲਵੀਰ ਸਿੰਘ ਕਲੇਰ, ਪੰਮੀ ਹਬੀਬ, ਜਗਦੇਵ ਮਕਸੂਦੜਾ, ਹਰਸ਼ਦੀਪ ਸਿੰਘ, ਹਰਬੰਸ ਸਿੰਘ ਸ਼ਾਨ ਬਗਲੀ, ਮਨਦੀਪ ਸਿੰਘ ਮਾਨਕੀ, ਸੁਖਵਿੰਦਰ ਸਿੰਘ ਭਾਦਲਾ, ਅਵਤਾਰ ਸਿੰਘ ਓਟਾਲਾਂ, ਹਜ਼ਾਰਾਂ ਸਿੰਘ ਮੰਡ, ਗੀਤ ਗੁਰਜੀਤ, ਪਰਮਜੀਤ ਸਿੰਘ ਮੁੰਡੀਆਂ, ਸਵਿੰਦਰ ਸਿੰਘ ਲੁਧਿਆਣਾ, ਕਮਲਜੀਤ ਸਿੰਘ ਨੀਲੋਂ, ਸੀਮਾ ਕਲਿਆਣ, ਬਲਰਾਜ ਸਿੰਘ ਬਾਜਵਾ, ਸ਼ਰਨਜੀਤ ਕੌਰ, ਮਨਜੀਤ ਸਿੰਘ ਰਾਗੀ, ਮਲਕੀਤ ਸਿੰਘ ਮਾਲੜਾ, ਸੁਖਵਿੰਦਰ ਕੌਰ ਸੁੱਖੀ, ਰਣਜੀਤ ਕੌਰ, ਹਰਦੀਪ ਕੌਰ, ਜਸਵੀਰ ਸਿੰਘ ਸਾਹਨੇਵਾਲ, ਕੁਲਵਿੰਦਰ ਸਿੰਘ, ਗੁਰਦੀਪ ਸਿੰਘ ਫੌਜੀ, ਕਮਲਜੀਤ ਸਿੰਘ, ਜਸਪ੍ਰੀਤ ਕੌਰ, ਸਿਮਰ ਮਹਿਰਾ, ਚੰਨਪ੍ਰੀਤ ਸਿੰਘ, ਇੰਦਰਪ੍ਰੀਤ ਸਿੰਘ, ਗੁਰਜੰਟ ਸਿੰਘ, ਪ੍ਰੋ ਬਲਵਿੰਦਰ ਸਿੰਘ ਧਾਲੀਵਾਲ, ਆਰ. ਬਾਂਸਲ ਤੇ ਮੀਤ ਹੰਟ ਆਦਿ ਸ਼ਇਰਾਂ ਨੇ ਰਚਨਾਵਾਂ ਸਾਂਝੀਆਂ ਕੀਤੀਆਂ। ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਹਾਜ਼ਰ ਸ਼ਾਇਰਾਂ ਦਾ ਧੰਨਵਾਦ ਕੀਤਾ।

# ਮੁੱਖ ਮੰਤਰੀ ਨੇ ਆਰ ਟੀ ਓ ਦਫਤਰਾਂ ਸੰਬੰਧੀ ਕੰਮਕਾਜ ਸੇਵਾ ਕੇਂਦਰ ਰਾਹੀਂ ਕਰਕੇ ਸ਼ਲਾਘਾਯੋਗ ਫੈਸਲਾ ਲਿਆ : ਅਮੋਲਕ ਸਿੰਘ

**ਜੈਤੋ (ਸਤੀਸ਼ ਕੁਮਾਰ ਭੀਰੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ 'ਚ ਆਰ.ਟੀ.ਓ. ਦਫਤਰਾਂ ਦਾ ਜੋ ਕੰਮਕਾਰ ਸੇਵਾ ਕੇਂਦਰ ਤੇ ਆਨਲਾਈਨ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਹੈ, ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ ਤੇ ਇਸ ਨਾਲ ਲੋਕਾਂ ਨੂੰ ਅਨੇਕਾਂ ਮੁਸ਼ਕਲਾਂ ਤੋਂ ਨਿਜਾਤ ਮਿਲੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੈਤੋ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮੋਲਕ ਸਿੰਘ ਨੇ ਕੀਤਾ।ਅਮੋਲਕ ਨੇ ਕਿਹਾ ਕਿ ਲੋਕਾਂ ਨੂੰ ਆਰ.ਟੀ.ਓ. ਦਫਤਰਾਂ ਵਿੱਚ ਆਪਣੇ ਕੰਮ-ਕਾਜ ਕਰਾਉਣ ਸਬੰਧੀ ਅਨੇਕਾਂ ਮੁਸ਼ਕਲਾਂ ਆਉਂਦੀਆਂ ਸਨ ਤੇ ਲੋਕਾਂ ਨੂੰ ਆਪਣੇ ਕੰਮ ਕਰਾਉਣ ਲਈ ਏਜੰਟਾਂ ਨੂੰ ਲੱਭਣਾ ਪੈਂਦਾ ਸੀ ਜਾਂ ਲੰਮੀਆਂ ਲੰਮੀਆਂ ਲਾਈਨਾਂ ਵਿੱਚ ਲੱਗ ਕੇ ਉਡੀਕ ਕਰਨੀ ਪੈਂਦੀ ਸੀ, ਪਰ ਹੁਣ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਸਾਰਾ ਕੰਮ ਸੇਵਾ ਕੇਂਦਰਾਂ ਰਾਹੀਂ ਕਰਾਉਣ ਦਾ ਐਲਾਨ ਕੀਤਾ ਹੈ।ਇਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਹੋਣੋਂ ਬਚੇਗੀ ਤੇ ਲੋਕਾਂ ਦੇ ਕੰਮ ਹੋਰਨਾਂ ਸੇਵਾਵਾਂ ਵਾਂਗ ਆਨਲਾਈਨ ਢੰਗ ਨਾਲ ਹੋਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ 1076 ਨੰਬਰ ਵੀ ਜਾਰੀ ਕੀਤਾ ਗਿਆ ਹੈ, ਜਿਸ ਰਾਹੀਂ ਲੋਕ ਘਰ ਬੈਠੇ ਡਰਾਈਵਿੰਗ ਲਾਇਸੰਸ, ਆਰ ਸੀ ਤੇ ਹੋਰ ਸਬੰਧਤ ਸੇਵਾਵਾਂ ਦਾ ਲਾਭ ਲੈ ਸਕਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਜੋ ਵੀ ਫੈਸਲੇ ਲਏ ਜਾ ਰਹੇ ਹਨ, ਉਹ ਲੋਕਾਂ ਦੇ ਹਿੱਤਾਂ ਲਈ ਹੀ ਲਏ ਜਾ ਰਹੇ ਹਨ ਤਾਂ ਕਿ ਲੋਕਾਂ ਨੂੰ ਦਫਤਰਾਂ ਵਿੱਚ ਖੱਜਲ ਖੁਆਰ ਨਾ ਹੋਣਾ ਪਵੇ। ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਮਾਨ ਸਾਹਿਬ ਵੱਲੋਂ ਇਤਿਹਾਸਕ ਫੈਸਲੇ ਲਏ ਜਾ ਰਹੇ ਹਨ।



# ਪੰਚਾਇਤ ਘਰਾਂ ਦੇ ਬਣਨ ਨਾਲ ਲੋਕਾਂ ਨੂੰ ਕੰਮ ਕਰਵਾਉਣ 'ਚ ਹੋਵੇਗੀ ਸੌਖ : ਕਾਕਾ ਬਰਾੜ

## ਵਿਧਾਇਕ ਨੇ ਥਾਂਦੇਵਾਲਾ ਦੇ ਉਦੇਕਰਨ 'ਚ ਪੰਚਾਇਤ ਘਰਾਂ ਦਾ ਰੱਖੇ ਨੀਂਹ ਪੱਥਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਥਾਂਦੇਵਾਲਾ ਤੇ ਉਦੇਕਰਨ ਵਿਖੇ ਆਮ ਲੋਕਾਂ ਦੀ ਸਹੂਲਤ ਲਈ 50 ਲੱਖ ਰੁਪਏ ਦੀ ਲਾਗਤ ਨਾਲ ਦੋ ਨਵੇਂ ਪੰਚਾਇਤ ਘਰਾਂ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਦੌਰਾਨ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਪੰਚਾਇਤ ਘਰਾਂ ਦੇ ਬਣਨ ਨਾਲ ਪਿੰਡਾਂ ਦੇ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਸੌਖ ਹੋਵੇਗੀ ਤੇ ਪੰਚਾਇਤਾਂ ਨੂੰ ਵੀ ਆਪਣੇ ਕੰਮ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਮਿਲੇਗੀ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਹੋਰ ਵੀ ਕਈ ਉਪਰਾਲੇ ਕੀਤੇ ਜਾ ਰਹੇ ਹਨ ਤੇ ਜਲਦ ਹੀ ਇਨ੍ਹਾਂ ਦਾ ਲਾਭ ਲੋਕਾਂ ਨੂੰ ਮਿਲੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਪਿੰਡਾਂ ਨੂੰ ਵਿਕਾਸ ਪੱਖੋਂ ਮੋਹਰੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ, ਸੀਵਰੇਜ, ਸੜਕਾਂ ਤੇ ਬਿਜਲੀ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਲੋਕਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰ ਰਹੀ ਹੈ ਤੇ ਉਨ੍ਹਾਂ ਨੂੰ ਬਿਹਤਰ ਜੀਵਨ ਪੱਧਰ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਉਦੇਕਰਨ ਦੇ ਸਰਪੰਚ ਸੁਖਚਰਨ ਸਿੰਘ ਨਿੱਕਾ ਤੇ ਪਿੰਡ ਥਾਂਦੇਵਾਲਾ ਦੇ ਸਰਪੰਚ ਬਲਵਿੰਦਰ ਸਿੰਘ ਬਿੰਦਾ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕਰਦਿਆਂ ਆਖਿਆ ਕਿ ਸੂਬਾ ਸਰਕਾਰ ਜਿੱਥੇ ਸੂਬੇ ਨੂੰ ਖੁਸ਼ਹਾਲ ਬਣਾਉਣ ਵਿੱਚ ਲੱਗੀ ਹੋਈ ਹੈ, ਉੱਥੇ ਵਿਧਾਇਕ ਕਾਕਾ ਬਰਾੜ ਵੱਲੋਂ ਵਿਕਾਸ ਕਾਰਜਾਂ ਦੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ,ਜਿਸ ਦੇ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾਂ ਸਮੂਹ ਨਗਰ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ।

# ਪੀ ਜੀ ਆਈ ਨੇ 10 ਸੇਵਾ-ਮੁਕਤ ਅਧਿਕਾਰੀਆਂ ਨੂੰ ਕੀਤਾ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਪ੍ਰੋ. ਵਿਵੇਕ ਲਾਲ ਡਾਇਰੈਕਟਰ ਪੀਜੀਆਈ ਚੰਡੀਗੜ੍ਹ ਨੇ ਸੇਵਾਮੁਕਤ ਹੋ ਰਹੇ 10 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਨਸ਼ਨਿਆਂ ਨਾਲ ਨਵਾਜਿਆ।ਇਸ ਮੌਕੇ ਪ੍ਰੋ. ਆਰ. ਕੇ. ਰਾਠੌਂ, ਡੀਨ (ਅਕੈਡਮਿਕਸ) ਪ੍ਰੋ. ਸੰਜੇ ਜੈਨ ਡੀਨ (ਰਿਸਰਚ), ਪ੍ਰੋ. ਅਸ਼ੋਕ ਕੁਮਾਰ, ਆਫ਼ਿਸਿਏਟਿੰਗ ਮੈਡੀਕਲ ਸੁਪਰਿੰਟੈਂਡੈਂਟ, ਪ੍ਰੋ. ਪਰਮਜੀਤ ਸਿੰਘ, ਮੁਖੀ, ਵਿਭਾਗ ਰੇਡੀਓ ਡਾਇਗਨੋਸਿਸ, ਪ੍ਰੋ. ਸੁਰਿੰਦਰ ਰਾਣਾ, ਪ੍ਰੋਫੈਸਰ ਇੰਚਾਰਜ ਲਾਇਬ੍ਰੇਰੀ, ਡਾ. ਰਾਜੀਵ ਕੁਮਾਰ, ਚੀਫ ਮੈਡੀਕਲ ਆਫ਼ੀਸਰ, ਸਟਾਫ ਕਲੀਨਿਕ, ਜਸਪਾਲ ਕੌਰ, ਚੀਫ ਨਰਸਿੰਗ ਆਫ਼ੀਸਰ, ਪਵਨ ਸ਼ਰਮਾ ਤੇ ਸੈਨੀਟੇਸ਼ਨ ਆਫ਼ੀਸਰ ਹਾਜ਼ਰ ਸਨ।ਸੇਵਾ ਮੁਕਤੀ ਮੌਕੇ ਰਵਿੰਦਰ ਸਿੰਘ, ਆਈ ਏ ਐਂਡ ਏ ਐੱਸ, ਫ਼ਾਇਨੈਂਸ਼ਲ ਐਡਵਾਇਜ਼ਰ ਵੱਲੋਂ ਸੇਵਾਮੁਕਤ ਅਧਿਕਾਰੀਆਂ ਨੂੰ ਰਿਟਾਇਰਮੈਂਟ ਨਾਲ ਸੰਬੰਧਤ ਵਿੱਤੀ ਦਸਤਾਵੇਜ਼ ਸੌਂਪੇ ਗਏ।ਇਨ੍ਹਾਂ ਵਿੱਚ ਪ੍ਰੋ. ਡੀ. ਬਾਸੂ ਮੁਖੀ ਮਨੋਚਿਕਿਤਸਾ ਵਿਭਾਗ, ਪ੍ਰੋ. ਬਲਜਿੰਦਰ ਸਿੰਘ ਮੁਖੀ ਨਿਊਕਲੀਅਰ ਮੈਡੀਸਨ ਵਿਭਾਗ, ਪ੍ਰੋ. ਅਸ਼ਵਨੀ ਸੂਦ ਨਿਊਕਲੀਅਰ ਮੈਡੀਸਨ ਵਿਭਾਗ, ਲਲਿਤਾ ਧੀਰ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਆਫ਼ੀਸਰ, ਡਾ. ਤੁਲਸੀ ਦਾਸ ਲਾਇਬ੍ਰੇਰੀ, ਅਮ੍ਰਿਤ ਕੌਰ ਅਸਿਸਟੈਂਟ ਨਰਸਿੰਗ ਸੁਪਰਿੰਟੈਂਡੈਂਟ ਮੇਲ ਮੈਡੀਕਲ ਵਾਰਡ ਨਹਿਰੂ ਹਸਪਤਾਲ, ਗੀਤਾ ਰਾਜ ਸੀਨੀਅਰ ਨਰਸਿੰਗ ਆਫ਼ੀਸਰ ਏ.ਯੂ.ਸੀ. ਵਾਰਡ ਨਹਿਰੂ ਹਸਪਤਾਲ, ਅਸ਼ੋਕ ਪਰਮਾਰ ਟੈਕਨਿਕਲ ਅਸਿਸਟੈਂਟ ਰੇਡੀਓ ਡਾਇਗਨੋਸਿਸ ਤੇ ਇਮੇਜਿੰਗ ਵਿਭਾਗ, ਰਾਜਵਿੰਦਰ ਕੌਰ ਜੂਨੀਅਰ ਐਡਮਿਨਿਸਟ੍ਰੇਟਿਵ ਆਫ਼ੀਸਰ ਵਾਇਰੋਲੋਜੀ ਵਿਭਾਗ, ਮਹਿਮਾ ਸਿੰਘ ਹਸਪਤਾਲ ਅਟੈਂਡੈਂਟ ਸਟਾਫ ਕਲੀਨਿਕ ਤੇ ਗੀਤਾ ਐੱਮ.ਟੀ.ਐੱਸ. (ਸੈਨੀਟੇਸ਼ਨ) ਗ੍ਰੇਡ-1 ਨਿਵੇਦਿਤਾ ਹੋਸਟਲ ਸ਼ਾਮਲ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ 14 ਤੋਂ 37 ਸਾਲ ਪੀਜੀਆਈ ਨੂੰ ਸਮਰਪਤ ਕੀਤੇ।

# ਗੁਰੂ ਨਾਨਕ ਕਾਲਜ ਵੱਲੋਂ ਚਾਰ ਦਿਨਾ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਸ਼ਾਨੋ-ਸ਼ੌਕਤ ਨਾਲ ਸੰਪੰਨ




**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਨਾਨਕ ਕਾਲਜ ਮੋਗਾ ਵਿਖੇ ਹੋ ਰਹੇ 66ਵੇਂ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੇ ਚੌਥੇ ਦਿਨ ਦੀ ਸਮੁੱਚੀ ਕਾਰਵਾਈ ਉਪਰੰਤ ਬੜੀ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਗਿਆ। ਚੌਥੇ ਦਿਨ ਦੀ ਸ਼ੁਰੂਆਤ ਬੜੇ ਹੀ ਜੋਸ਼ ਖਰੋਸ਼ ਨਾਲ ਸ਼ੁਰੂ ਹੋਈ। ਚਾਰੋਂ ਸਟੇਜਾਂ ਉੱਪਰ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਖੂਬਸੂਰਤ ਝਲਕਾਂ ਦੇ ਰੰਗ ਵੇਖਣ ਨੂੰ ਮਿਲੇ ਜਿਵੇਂ ਕਲਾਸੀਕਲ ਡਾਂਸ, ਗਰੁੱਪ ਡਾਂਸ, ਪੰਜਾਬੀ ਲੋਕ ਨਾਚ, ਸੰਮੀ, ਝੂੰਮਰ, ਲੁੱਡੀ, ਮਲਵਈ ਗਿੱਧਾ, ਡਿਬੇਟ, ਐਲੋਕੇਸ਼ਨ, ਕਵਿਤਾ ਉਚਾਰਨ, ਮੁਹਾਵਰੇਦਾਰ ਵਾਰਤਾਲਾਪ, ਫੁੱਲਕਾਰੀ, ਬਾਗ, ਦਸੂਤੀ, ਦਸੂਤੀ, ਪੱਖੀ, ਕਰੋਸ਼ੀਆ, ਮਹਿੰਦੀ ਦੀਆਂ ਆਈਟਮਾਂ ਕਰਵਾਈਆਂ ਗਈਆਂ।ਅੱਜ ਗੁਰੂ ਨਾਨਕ ਕਾਲਜ ਮੋਗਾ ਦੇ ਵਿਹੜੇ ਸ. ਸਤਪਾਲ ਸਿੰਘ ਤਲਵੰਡੀ ਭਾਈ ਐੱਸ.ਜੀ.ਪੀ.ਸੀ. ਮੈਂਬਰ ਤੇ ਸ. ਤਰਸੇਮ ਸਿੰਘ ਰੱਤੀਆਂ ਐੱਸ.ਜੀ.ਪੀ.ਸੀ. ਮੈਂਬਰ, ਸ. ਰਘੁਬੀਰ ਸਿੰਘ ਸੋਹਲ ਪ੍ਰਧਾਨ ਰਾਮਗੜ੍ਹੀਆ ਫਾਊਂਡੇਸ਼ਨ ਪੰਜਾਬ, ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਐੱਫ.ਆਈ.ਸੀ.ਸੀ.ਓ., ਜਨਰਲ ਸੈਕਟਰੀ ਵਿਸ਼ਕਰਮਾ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਸੈਂਟਰ, ਸ. ਗੁਰਦਰਸ਼ਨ ਸਿੰਘ ਝੰਡੇਆਣਾ, ਡਾ. ਅਮਨਦੀਪ ਅਰੋੜਾ ਐੱਮ.ਐੱਲ.ਏ. ਮੋਗਾ, ਸ. ਬਲਜੀਤ ਸਿੰਘ ਚਾਨੀ ਮੇਅਰ ਮੋਗਾ ਪਹੁੰਚੇ।ਯੂਥ ਫੈਸਟੀਵਲ ਦੇ ਚੌਥੇ ਦਿਨ ਭਾਗ ਲੈ ਰਹੇ ਕਾਲਜਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਆਈਟਮਾਂ ਦੇ ਜੇਤੂ ਟੀਮਾਂ ਦਾ ਵੇਰਵਾ ਇਸ ਪ੍ਰਕਾਰ ਹੈ :- ਗਰੁੱਪ ਡਾਂਸ ਵਿੱਚ ਪਹਿਲਾ ਸਥਾਨ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਤੇ ਦੂਸਰਾ ਸਥਾਨ ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਹਾਸਲ ਕੀਤਾ।ਪੰਜਾਬੀ ਲੋਕ ਨਾਚ (ਲੜਕੀਆਂ) ਵਿੱਚੋਂ ਪਹਿਲਾ ਸਥਾਨ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫਿਰੋਜ਼ਪੁਰ, ਦੂਸਰਾ ਸਥਾਨ ਖਾਲਸਾ ਕਾਲਜ ਫਾਰ ਵੂਮੈਨ ਸਿੱਧਵਾਂ ਖੁਰਦ ਨੇ ਹਾਸਲ ਕੀਤਾ।ਪੰਜਾਬੀ ਲੋਕ ਨਾਚ (ਲੜਕੇ) ਵਿੱਚੋਂ ਪਹਿਲਾ ਸਥਾਨ ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ, ਦੂਸਰਾ ਸਥਾਨ ਪੰਜਾਬ ਯੂਨੀਵਰਸਿਟੀ ਕੌਂਸਟੀਚਿਊਟ ਕਾਲਜ ਮੋਹਕਮ ਖਾਨ ਵਾਲਾ ਨੇ ਹਾਸਲ ਕੀਤਾ।ਡਿਬੇਟ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਕਾਲਜ ਫਿਰੋਜ਼ਪੁਰ, ਦੂਸਰਾ ਸਥਾਨ ਜੀ.ਐੱਚ.ਜੀ. ਇੰਸਟੀਚਿਊਟ ਆਫ਼ ਲਾਅ ਸਿੱਧਵਾਂ ਖੁਰਦ ਨੇ ਹਾਸਲ ਕੀਤਾ।ਐਲੋਕੇਸ਼ਨ ਵਿੱਚ ਪਹਿਲਾ ਸਥਾਨ ਜੀ.ਐੱਚ.ਜੀ. ਇੰਸਟੀਚਿਊਟ ਆਫ਼ ਲਾਅ ਸਿੱਧਵਾਂ ਖੁਰਦ ਤੇ ਦੂਸਰਾ ਸਥਾਨ ਗੁਰੂ ਨਾਨਕ ਕਾਲਜ ਫਿਰੋਜ਼ਪੁਰ ਨੇ ਹਾਸਲ ਕੀਤਾ।ਕਵਿਤਾ ਉਚਾਰਨ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਗੌਰਮਿੰਟ ਕਾਲਜ ਜੀ.ਟੀ.ਬੀ. ਗੜ੍ਹ ਰੋਡੇ ਮੋਗਾ ਤੇ ਦੂਸਰਾ ਸਥਾਨ ਖਾਲਸਾ ਕਾਲਜ ਫਾਰ ਵੂਮੈਨ ਸਿੱਧਵਾਂ ਖੁਰਦ ਨੇ ਹਾਸਲ ਕੀਤਾ।ਮੁਹਾਵਰੇਦਾਰ ਵਾਰਤਾਲਾਪ ਵਿੱਚ ਪਹਿਲਾ ਸਥਾਨ ਸਨਮਤੀ ਗੌਰਮਿੰਟ ਕਾਲਜ ਆਫ ਸਾਇੰਸ ਐਜੂਕੇਸ਼ਨ ਤੇ ਰਿਸਰਚ ਜਗਰਾਓਂ, ਦੂਸਰਾ ਸਥਾਨ ਐੱਸ.ਬੀ.ਬੀ.ਐੱਸ. ਮੈਮੋਰੀਅਲ ਗਰਲਜ਼ ਕਾਲਜ, ਸੁਖਾਨੰਦ ਨੇ ਹਾਸਲ ਕੀਤਾ।ਫੁੱਲਕਾਰੀ ਵਿੱਚ ਪਹਿਲਾ ਸਥਾਨ ਡੀ. ਐੱਮ. ਕਾਲਜ ਮੋਗਾ ਤੇ ਦੂਸਰਾ ਸਥਾਨ ਜੀ.ਟੀ.ਬੀ. ਨੈਸ਼ਨਲ ਕਾਲਜ ਦਾਖਾ ਨੇ ਹਾਸਲ ਕੀਤਾ।ਬਾਗ ਵਿੱਚ ਪਹਿਲਾ ਸਥਾਨ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫਿਰੋਜ਼ਪੁਰ ਤੇ ਦੂਸਰਾ ਸਥਾਨ ਡੀ. ਐੱਮ. ਕਾਲਜ ਮੋਗਾ ਨੇ ਹਾਸਲ ਕੀਤਾ।ਦਸੂਤੀ ਵਿੱਚ ਪਹਿਲਾ ਸਥਾਨ ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਤੇ ਦੂਸਰਾ ਸਥਾਨ ਗੁਰੂ ਨਾਨਕ ਕਾਲਜ ਮੋਗਾ ਨੇ ਹਾਸਲ ਕੀਤਾ।ਪੱਖੀ ਬਣਾਉਣ ਵਿੱਚ ਪਹਿਲਾ ਸਥਾਨ ਐੱਸ. ਡੀ. ਕਾਲਜ ਫ਼ਾਰ ਵੂਮੈਨ ਮੋਗਾ ਤੇ ਦੂਸਰਾ ਸਥਾਨ ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਨੇ ਹਾਸਲ ਕੀਤਾ।ਕਰੋਸ਼ੀਆ 'ਚ ਪਹਿਲਾ ਸਥਾਨ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫਿਰੋਜ਼ਪੁਰ ਤੇ ਦੂਸਰਾ ਸਥਾਨ ਡੀ. ਐੱਮ. ਕਾਲਜ ਮੋਗਾ ਨੇ ਹਾਸਲ ਕੀਤਾ। ਸਲਾਈਆਂ ਬੁਣਨ 'ਚ ਪਹਿਲਾ ਸਥਾਨ ਖਾਲਸਾ ਕਾਲਜ ਫਾਰ ਵੂਮੈਨ ਸਿੱਧਵਾਂ ਖੁਰਦ ਤੇ ਦੂਸਰਾ ਸਥਾਨ ਮਾਤਾ ਸਾਹਿਬ ਕੌਰ ਕਾਲਜ ਤਲਵੰਡੀ ਭਾਈ ਨੇ ਹਾਸਲ ਕੀਤਾ।ਮਹਿੰਦੀ ਵਿੱਚ ਪਹਿਲਾ ਸਥਾਨ ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫਿਰੋਜ਼ਪੁਰ ਤੇ ਦੂਸਰਾ ਸਥਾਨ ਡੀ. ਐਮ. ਕਾਲਜ ਮੋਗਾ ਨੇ ਹਾਸਲ ਕੀਤਾ। ਅੱਜ ਦੇ ਮੁੱਖ ਮਹਿਮਾਨ ਸਾਗਰ ਸੇਤੀਆ ਡਿਪਟੀ ਕਮਿਸ਼ਨਰ ਮੋਗਾ, ਮਾਣਯੋਗ ਬਿਸ਼ਨ ਸਰੂਪ, ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ, ਮਾਣਯੋਗ ਰਾਵੀ ਇੰਦਰਪਾਲ ਕੌਰ ਸੰਧੂ, ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਗਾ ਮਾਣਯੋਗ ਸ਼ਿਲਪੀ ਗੁਪਤਾ, ਸੀ.ਜੇ.ਐੱਮ. ਮੋਗਾ ਪ੍ਰਿੰਸੀਪਲ ਡਾ. ਜਤਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ਅਤੇ ਇਨ੍ਹਾਂ ਮਹਿਮਾਨਾਂ ਨੇ ਜੇਤੂ ਟੀਮਾਂ ਨੂੰ ਸਨਮਾਨ ਦੇ ਕੇ ਸਨਮਾਨਤ ਕੀਤਾ। ਯੂਥ ਫੈਸਟੀਵਲ ਦੀ ਆਲ ਓਵਰ ਟਰਾਫ਼ੀ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਸਿਟੀ ਦੀ ਝੋਲੀ ਪਈ।ਪਹਿਲੇ ਰਨਰਅੱਪ ਖਾਲਸਾ ਕਾਲਜ ਫਾਰ ਵੂਮੈਨ ਸਿੱਧਵਾਂ ਖੁਰਦ ਤੇ ਦੂਸਰੇ ਰਨਰ ਅੱਪ ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ ਰਹੇ।ਡਾ. ਜਤਿੰਦਰ ਕੌਰ ਨੇ ਮੋਗਾ-ਫਿਰੋਜ਼ਪੁਰ ਜ਼ੋਨ-3 ਚੋਂ ਆਏ ਕੌਂਟੀਨੈਂਟ ਇੰਚਾਰਜਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਯੂਥ ਫੈਸਟੀਵਲ ਨੇਪਰੇ ਚੜ੍ਹ ਸਕਿਆ।ਅੰਤ 'ਤੇ ਡਾ. ਜਤਿੰਦਰ ਕੌਰ ਨੇ ਕਾਲਜ ਸਟਾਫ਼ ਤੇ ਖਾਸ ਤੌਰ 'ਤੇ ਵਲੰਟੀਅਰਜ਼ ਦੁਆਰਾ ਦਿੱਤੇ ਗਏ ਸਹਿਯੋਗ ਤੇ ਮਿਹਨਤ ਸਦਕਾ ਯੂਥ ਫੈਸਟੀਵਲ ਦੇ ਸੰਪਨ ਹੋਣ 'ਤੇ ਵਧਾਈ ਦਿੱਤੀ।

# ਸ਼ਹੀਦਾਂ ਨੂੰ ਸਮਰਪਤ ਨਗਰ ਕੀਰਤਨ ਦਾ ਸੰਗਤਾਂ ਵੱਲੋਂ ਸਵਾਗਤ



**ਲੌਂਗੋਵਾਲ (ਪ੍ਰਦੀਪ ਸੱਪਲ)**

53 ਸ਼ਹੀਦਾਂ ਦੀ ਧਰਤੀ ਲੌਂਗੋਵਾਲ ਵਿਖੇ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ 350 ਸਾਲਾ ਸਮਰਪਤ ਮੁੱਖ ਰੱਖਦਿਆਂ ਜੋ ਨਗਰ ਕੀਰਤਨ ਗੁਰੂਦੁਆਰਾ ਸਾਹਿਬ ਧੋਬੜੀ (ਆਸਾਮ) ਤੋਂ ਆਰੰਭ ਹੋਇਆ ਸੀ।ਇਹ ਨਗਰ ਕੀਰਤਨ ਸ਼ਾਹਪੁਰ ਤੋਂ ਹੁੰਦਾ ਕਸਬਾ ਲੌਂਗੋਵਾਲ ਵਿਖੇ ਪਹੁੰਚਣ 'ਤੇ ਸਮੂਹ ਸਾਧ ਸੰਗਤ ਨੇ ਫੁੱਲ ਦੀ ਵਰਖਾ ਕੀਤੀ।ਇਸ ਦਾ ਮੁੱਖ ਪਹਿਲ ਪੜਾਅ ਗੁਰਦੁਆਰਾ ਯਾਦਗਾਰ ਸ਼ਹੀਦ ਭਾਈ ਮਨੀ ਸਿੰਘ ਪੱਤੀ ਰੰਧਾਵਾ ਵਿਖੇ ਹੋਇਆ।ਇਸ ਤੋਂ ਅੱਗੇ ਮੰਡੇਰਾ ਵਾਲਾ ਬੱਸ ਸਟੈਂਡ, ਗਊਸ਼ਾਲਾ ਰੋਡ ਲੋਹਾਖੇੜਾ, ਗੁਰਦੁਆਰਾ ਸਿੱਧ ਸਮਾਧਾਂ ਤੇ ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਡੈਲੀਗੇਟ ਗੁਰਮੀਤ ਸਿੰਘ ਲੱਲੀ ਕੌਂਸਲਰ ਦੇ ਘਰ ਹੁੰਦਾ ਹੋਇਆ ਤੇ ਸਬ-ਤਹਿਸੀਲ ਦੇ ਸਾਹਮਣੇ ਅੰਮ੍ਰਿਤਪਾਲ ਸਿੰਘ ਸਿੱਧੂ ਦੇ ਦਫਤਰ ਤੋਂ ਹੁੰਦਾ ਹੋਇਆ ਬਡਬਰ ਵੱਲ ਨੂੰ ਰਵਾਨਾ ਹੋਇਆ।ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੇਲਾ ਸਿੰਘ ਸੂਬੇਦਾਰ, ਵਿਨਰਜੀਤ ਸਿੰਘ ਗੋਲਡੀ ਹਲਕਾ ਇੰਚਾਰਜ, ਤੇਜਿੰਦਰ ਸਿੰਘ ਸੰਘਰੇੜੀ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਸ਼੍ਰੋਮਣੀ ਅਕਾਲੀ ਦਲ (ਅ) ਦੇ ਅਮਰਜੀਤ ਸਿੰਘ ਗਿੱਲ, ਰਣਜੀਤ ਸਿੰਘ ਕੁੱਕੂ, ਅੰਮ੍ਰਿਤਪਾਲ ਸਿੰਘ ਸਿੱਧੂ, ਗੁਰਮੀਤ ਸਿੰਘ ਲੱਲੀ, ਗੁਰਦੁਆਰਾ ਚੁੱਲੇ ਬਾਬਾ ਆਲਾ ਸਿੰਘ ਦੇ ਨਵੇਂ ਮੈਨੇਜਰ ਅਮਰੀਕ ਸਿੰਘ, ਵਿਜੇ ਗੋਇਲ, ਯੂਥ ਜ਼ਿਲ੍ਹਾ ਪ੍ਰਧਾਨ ਗੁਰਤੇਗ ਸਿੰਘ ਲੌਂਗੋਵਾਲ, ਜਗਸੀਰ ਸਿੰਘ ਗਾਂਧੀ, ਸਾਬਕਾ ਪ੍ਰਧਾਨ ਦਲਜੀਤ ਸਿੰਘ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਡਾ. ਮਾਲਵਿੰਦਰ ਸਿੰਘ ਸਿੱਧੂ, ਮਹਾਮੰਡਲੇਸ਼ਵਰ ਸੁਆਮੀ ਚੰਦਰਮੁਨੀ ਪਿੰਡ ਸ਼ੇਰੋਂ, ਬਲਵਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਦੁੱਲਟ, ਲਖਵਿੰਦਰ ਸਿੰਘ ਭਾਲ, ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਸੁਖਜਿੰਦਰ ਸਿੰਘ ਦੁੱਲਟ ਤੇ ਮੈਨੇਜਰ ਅਮਰੀਕ ਸਿੰਘ, ਬਲਦੇਵ ਸਿੰਘ ਰਾਮਗੜ੍ਹੀਆ ਆਦਿ ਨੇ ਆਪਣੀ ਨਗਰ ਕੀਰਤਨ ਵਿੱਚ ਹਾਜ਼ਰੀ ਲਗਵਾਈ।

2 Nov Page 6.qxd 11/1/2025 9:08 PM Page 1



# ਖੇਡਾਂ ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਵਿਕਸਤ ਕਰਦੀਆਂ ਹਨ : ਜਿੰਪਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਦਾ ਇਨਾਮ ਵੰਡ ਸਮਾਰੋਹ ਲਾਜਵੰਤੀ ਮਲਟੀਪਰਪਜ਼ ਸਟੇਡੀਅਮ, ਹੁਸ਼ਿਆਰਪੁਰ ਵਿਖੇ ਬਹੁਤ ਧੂਮਧਾਮ ਨਾਲ ਸਮਾਪਤ ਹੋਇਆ। ਇਸ ਦੌਰਾਨ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂ ਕਿ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਸਰਪੰਚ ਪਲਵਿੰਦਰ ਸਿੰਘ ਸੱਜਣ, ਮੇਅਰ ਸੁਰਿੰਦਰ ਕੁਮਾਰ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ ਅਤੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡ ਇਨਾਮ ਵੰਡ ਸਮਾਰੋਹ ਵਿੱਚ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ ਸਗੋਂ ਅਨੁਸ਼ਾਸਨ, ਟੀਮ ਭਾਵਨਾ ਅਤੇ ਆਤਮ-ਵਿਸ਼ਵਾਸ ਵੀ ਵਿਕਸਿਤ ਕਰਦੀਆਂ ਹਨ। ਇਸ ਦੌਰਾਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ) ਅਮਨਦੀਪ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡ ਮੁਕਾਬਲੇ ਵਿੱਚ ਲੜਕਿਆਂ ਦੀ ਕਬੱਡੀ ਵਿੱਚ ਬਲਾਕ ਮੁਕੇਰੀਆਂ-2 ਪਹਿਲੇ ਅਤੇ ਹੁਸ਼ਿਆਰਪੁਰ 2 ਬੀ ਦੂਜੇ ਸਥਾਨ 'ਤੇ ਆਇਆ।ਇਸੇ ਤਰ੍ਹਾਂ ਕਬੱਡੀ ਲੜਕੀਆਂ ਵਿਚ ਕੋਟ ਫਤੂਹੀ ਪਹਿਲੇ ਅਤੇ ਹੁਸ਼ਿਆਰਪੁਰ1 ਐਲੀਮੈਂਟਰੀ ਦੂਸਰੇ, ਸਰਕਲ ਕਬੱਡੀ ਵਿਚ ਟਾਂਡਾ-2 ਪਹਿਲੇ ਤਅ ਬੁੱਲੋਵਾਲ ਦੂਸਰੇ, ਰੱਸਾ ਕਸੀ ਵਿਚ ਮੁਕੇਰੀਆਂ-2 ਪਹਿਲੇ ਅਤੇ ਹੁਸ਼ਿਆਰਪੁਰ-1 ਐਡੀਮੈਂਟਰੀ ਦੂਸਰੇ, ਖੋ-ਖੋ ਲੜਕਿਆਂ ਵਿਚ ਮੁਕੇਰੀਆਂ-2 ਪਹਿਲੇ ਅਤੇ ਤਲਵਾੜਾ ਦੂਸਰੇ, ਖੋ-ਖੋ ਲੜਕੀਆਂ ਵਿਚ ਮੁਕੇਰੀਆਂ-2 ਪਹਿਲੇ ਅਤੇ ਕਮਾਹੀ ਦੇਵੀ ਦੂਸਰੇ, ਮਿੰਨੀ ਹੈਂਡਬਾਲ ਲੜਕਿਆਂ ਵਿਚ ਹਾਜੀਪੁਰ ਪਹਿਲੇ ਅਤੇ ਮਾਹਿਲਪੁਰ-2 ਦੂਸਰੇ, ਮਿੰਨੀ ਹੈਂਡਬਾਲ ਲੜਕੀਆਂ ਵਿਚ ਮਾਹਿਲਪੁਰ-2 ਪਹਿਲੇ ਅਤੇ ਮਾਹਿਲਪੁਰ-1 ਦੂਸਰੇ, ਫੁੱਟਬਾਲ ਲੜਕਿਆਂ ਵਿਚ ਗੜ੍ਹਸ਼ੰਕਰ-1 ਪਹਿਲੇ ਅਤੇ ਮਾਹਿਲਪੁਰ-2 ਦੂਸਰੇ, ਫੁੱਟਬਾਲ ਲੜਕੀਆਂ ਵਿਚ ਮਾਹਿਲਪੁਰ-1 ਪਹਿਲੇ ਅਤੇ ਮਾਹਿਲਪੁਰ-2 ਦੂਸਰੇ, 6ਏ ਸਾਈਡ ਲੜਕਆਂ ਵਿਚ ਮਾਹਿਲਪੁਰ-1 ਪਹਿਲੇ ਅਤੇ ਹੁਸ਼ਿਆਰਪੁਰ 1ਏ ਦੂਸਰੇ, 6ਏ ਸਾਈਡ ਹਾਕੀ ਲੜਕੀਆਂ ਵਿਚ ਮਾਹਿਲਪੁਰ-1 ਪਹਿਲੇ ਅਤੇ ਮੁਕੇਰੀਆਂ-1 ਦੂਸਰੇ, ਬੈਡਮਿੰਟਨ ਲੜਕੀਆਂ ਵਿਚ ਹੁਸ਼ਿਆਰਪੁਰ-2 ਏ ਪਹਿਲੇ ਅਤੇ ਮੁਕੇਰੀਆਂ-2 ਦੂਸਰੇ, ਬੈਮਿੰਟਨ ਲੜਕੀਆਂ ਵਿਚ ਹੁਸ਼ਿਆਰਪੁਰ-2ਏ ਪਹਿਲੇ ਅਤੇਹੁਸ਼ਿਆਰਪੁਰ-1ਬੀ ਪਹਿਲੇ, ਹੁਸ਼ਿਆਰਪੁਰ-1ਏ ਦੂਸਰੇ, ਕਰਾਟੇ ਲੜਕੇ 36 ਪਲੱਸ ਕਿਲੋਗ੍ਰਾਮ ਵਿਚ ਹੁਸ਼ਿਆਰਪੁਰ-2ਬੀ ਪਹਿਲੇ, ਹੁਸ਼ਿਆਰਪੁਰ-1ਏ ਦੂਸਰੇ, ਕੁਸ਼ਤੀ 25 ਕਿਲੋਗ੍ਰਾਮ ਵਿਚ ਤਲਵਾੜਾ ਪਹਿਲੇ ਅਤੇ ਭੂੰਗਾ-1 ਦੂਸਰੇ, ਕੁਸ਼ਤੀ 28 ਕਿਲੋਗ੍ਰਾਮ ਵਿਚ ਮਾਹਿਲਪੁਰ-2 ਪਹਿਲੇ ਅਤੇ ਮੁਕੇਰੀਆਂ-1 ਦੂਸਰੇ, ਕੁਸ਼ਤੀ 30 ਕਿਲੋਗ੍ਰਾਮ ਵਿਚ ਬੁੱਲੋਵਾਲ ਪਹਿਲੇ ਅਤੇ ਹੁਸ਼ਿਆਰਪੁਰ-1ਬੀ ਦੂਸਰੇ, ਕੁਸ਼ਤੀ 32 ਕਿਲੋਗ੍ਰਾਮ ਵਿਚ ਭੂੰਗਾ-1 ਪਹਿਲੇ ਅਤੇ ਟਾਂਡਾ-2 ਦੂਸਰੇ ਸਥਾਨ 'ਤੇ ਰਿਹਾ।



# ਤਰਨ ਤਾਰਨ ਜ਼ਿਮਨੀ ਚੋਣ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਜਿੱਤੇਗੀ : ਰੰਜਨ

**ਗੁਰਾਇਆ (ਵਿਕਾਸ ਸੂਦ)**- ਤਰਨਤਾਰਨ ਵਿਖੇ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਵੱਖ ਵੱਖ ਸਿਆਸੀਆ ਪਾਰਟੀਆਂ ਵਲੋਂ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਯੂਥ ਕਾਂਗਰਸ ਪੰਜਾਬ ਦੇ ਇੰਚਾਰਜ ਅਤੇ ਯੂਥ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਡਾ: ਸਮਰੂਤੀ ਰੰਜਨ ਲੈਂਕਾ ਅੰਮ੍ਰਿਤਸਰ ਪੁੱਜੇ, ਜਿਨ੍ਹਾਂ ਦਾ ਅੰਮ੍ਰਿਤਸਰ ਪੁੱਜਣ ਤੇ ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਅਤੇ ਯੂਥ ਕਾਂਗਰਸ ਫਿਰੋਜ਼ਪੁਰ ਅਤੇ ਮੁਕਤਸਰ ਦੇ ਇੰਚਾਰਜ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ), ਯੂਥ ਕਾਂਗਰਸ ਹਲਕਾ ਫਿਲੌਰ ਦੇ ਪ੍ਰਧਾਨ ਸੁਖਜੀਤ ਸਿੰਘ ਸਾਬੀ ਅਤੇ ਯੂਥ ਕਾਂਗਰਸ ਪੰਜਾਬ ਦੇ ਹੋਰ ਅਹੁਦੇਦਾਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਡਾ: ਸਮਰੂਤੀ ਰੰਜਨ ਨੇ ਕਿਹਾ ਕਿ ਚੋਣਾਂ ਦੌਰਾਨ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਯੂਥ ਆਪਣਾ ਅਹਿਮ ਰੋਲ ਅਦਾ ਕਰਦਾ ਹੈ, ਜਿਸ ਦੇ ਤਹਿਤ ਉਨ੍ਹਾਂ ਵਲੋਂ ਵਿਧਾਨ ਸਭਾ ਹਲਕਾ ਤਰਨਤਾਰਨ ਵਿੱਚ ਹੋ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਯੂਥ ਕਾਂਗਰਸ ਪੰਜਾਬ ਦੇ ਵੱਖ ਵੱਖ ਅਹੁਦੇਦਾਰਾਂ ਨਾਲ ਮੀਟਿੰਗ ਕਰਕੇ ਚੋਣਾਂ 'ਚ ਕੰਮ ਕਰ ਰਹੇ ਪੰਜਾਬ ਯੂਥ ਕਾਂਗਰਸ ਦੇ ਅਹੁਦੇਦਾਰਾਂ ਨੂੰ ਤਗੜੇ ਹੋ ਕੇ ਕਾਂਗਰਸ ਉਮੀਦਵਾਰ ਸਰਦਾਰ ਕਰਨਬੀਰ ਸਿੰਘ ਬੁਰਜ ਦੇ ਹੱਕ ਵਿੱਚ ਪ੍ਰਚਾਰ ਕਰਕੇ ਉਨ੍ਹਾਂ ਦੇ ਹੱਕ 'ਚ ਵੱਧ ਤੋਂ ਵੱਧ ਵੋਟਾਂ ਪਵਾਉਣ ਦੀ ਅਪੀਲ ਕੀਤੀ। ਇਸ ਮੌਕੇ ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਅਤੇ ਯੂਥ ਕਾਂਗਰਸ ਫਿਰੋਜ਼ਪੁਰ ਅਤੇ ਮੁਕਤਸਰ ਦੇ ਇੰਚਾਰਜ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ) ਨੇ ਫਿਰੋਜ਼ਪੁਰ ਅਤੇ ਮੁਕਤਸਰ 'ਚ ਯੂਥ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਡਾ: ਸਮਰੂਤੀ ਰੰਜਨ ਨਾਲ ਵਿਚਾਰ ਵਟਾਂਦਰਾ ਕੀਤਾ।



# ਪਰਾਲੀ ਨੂੰ ਅੱਗ ਨਾ ਲਾਈ ਜਾਵੇ : ਐੱਸ ਡੀ ਐੱਮ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਦੀ ਖੇਤਾਂ ਵਿੱਚ ਹੀ ਫ਼ਸਲਾਂ ਦੀ ਰਹਿੰਦ ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਚੱਲ ਰਹੀ ਜਾਗਰੂਕਤਾ ਮੁਹਿੰਮ ਦੀ ਲੜੀ ਵਿੱਚ ਐੱਸ ਡੀ ਐੱਮ ਕ੍ਰਿਤਿਕਾ ਗੋਇਲ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ, ਮਨੁੱਖੀ ਸਿਹਤ ਅਤੇ ਜਨਤਕ ਹਿੱਤਾਂ ਦੇ ਮੱਦੇਨਜ਼ਰ ਖੇਤਾਂ ਵਿੱਚ ਅੱਗ ਨਹੀਂ ਲਾਉਣੀ ਚਾਹੀਦੀ। ਪਿੰਡ ਜਾਡਲੀ ਅਤੇ ਠਠਿਆਲਾ ਢਾਂਹਾਂ ਵਿਖੇ ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਸਾਨਾਂ ਨਾਲ ਮੀਟਿੰਗਾਂ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਵਿੱਚ ਹਾਨੀਕਾਰਕ ਗੈਸਾਂ ਰਲਦੀਆਂ ਹਨ ਜਿਸ ਨਾਲ ਮਨੁੱਖੀ ਅਤੇ ਜੀਵ ਜੰਤੂਆਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਇਸ ਮੌਕੇ 'ਤੇ ਠਠਿਆਲਾ ਢਾਂਹਾਂ ਦੇ ਸਰਪੰਚ ਸੁਖਵਿੰਦਰ ਸਿੰਘ, ਪਿੰਡ ਜਾਡਲੀ ਦੇ ਲੰਬੜਦਾਰ ਪਰਮਜੀਤ ਸਿੰਘ ਅਤੇ ਹੋਰ ਪਤਵੰਤੇ ਕਿਸਾਨਾਂ ਨੇ ਪ੍ਰਸ਼ਾਸਨ ਨੂੰ ਭਰੋਸਾ ਦਿੱਤਾ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਹੀ ਲਗਾਉਣਗੇ ਅਤੇ ਵਿਭਾਗ ਵੱਲੋਂ ਉਪਲਬਧ ਮਸ਼ੀਨਾਂ ਦਾ ਲਾਭ ਉਠਾਉਂਦੇ ਹੋਏ ਪਰਾਲੀ ਪ੍ਰਬੰਧਨ ਕਰਨਗੇ।



# ਡਾ. ਸੁਖਵਿੰਦਰ ਸੁੱਖੀ ਵੱਲੋਂ ਪ੍ਰਾਇਮਰੀ ਸਕੂਲ ਖੇਡਾਂ ਦਾ ਉਦਘਾਟਨ

**ਬੰਗਾ (ਅਵਤਾਰ ਕਲੇਰ)** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੁਕੰਦਪੁਰ ਵਿਖੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲਾ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਆਪਣੇ ਸਾਥੀਆ ਸਮੇਤ ਸ਼ਿਰਕਤ ਕੀਤੀ ਤੇ ਰਸਮੀ ਤੌਰ ਤੇ ਉਨ੍ਹਾਂ ਵੱਲੋਂ ਉਦਘਾਟਨ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਕੀਤੀ ਗਈ। ਡਾ. ਸੁੱਖੀ ਨੇ ਖੇਡ ਮੈਦਾਨ ਵਿੱਚ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਖੇਡਾਂ ਦੀ ਸ਼ੁਰੂਆਤ ਕਰਵਾਈ। ਵਿਧਾਇਕ ਡਾ. ਸੁੱਖੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਾਇਮਰੀ ਪੱਧਰ ਤੇ ਬੱਚਿਆਂ ਵਿੱਚ ਖੇਡਾਂ ਪ੍ਰਤੀ ਰੁਝਾਨ ਪੈਦਾ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਉਹ ਤੰਦਰੁਸਤ ਮਨ ਅਤੇ ਸਰੀਰ ਨਾਲ ਭਵਿੱਖ ਦੇ ਸਿਹਤਮੰਦ ਨਾਗਰਿਕ ਬਣ ਸਕਣ। ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਖਿਡਾਰੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਕਿਹਾ ਕਿ ਜਿੱਤ-ਹਾਰ ਤੋਂ ਵੱਧ ਮਹੱਤਵਪੂਰਨ ਖੇਡਾਂ ਦੀ ਭਾਵਨਾ ਹੈ ਖੇਡੋ, ਸਿੱਖੋ ਅਤੇ ਅੱਗੇ ਵਧੋ।



# ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ ਜਾਰੀ, ਨਗਰ ਕੀਰਤਨ 4 ਨੂੰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਮੋਢੀ, ਨਿੰਰਕਾਰੀ ਜੋਤ, ਪਾਤਸ਼ਾਹੀ ਪਹਿਲੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 5 ਨਵੰਬਰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਪ੍ਰਭਾਤ ਫੇਰੀਆਂ ਜਾਰੀ ਹਨ ਅਤੇ ਸੰਗਤਾਂ ਦਾ ਭਾਰੀ ਉਤਸਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 4 ਨਵੰਬਰ ਨੂੰ ਸਵੇਰੇ 10 ਵਜੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ ਕਵੀਸ਼ਰ, ਪ੍ਰਚਾਰਕਾਂ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ 5 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਹਰ ਰੋਜ਼ ਲਗਾਤਾਰ ਪ੍ਰਭਾਤ ਫੇਰੀਆਂ ਲਗਾਈਆ ਜਾ ਰਹੀਆਂ ਹਨ ਅਤੇ ਸੰਗਤਾਂ ਹਰ ਰੋਜ਼ ਵੱਡੀ ਗਿਣਤੀ ਵਿਚ ਪੁੱਜ ਕੇ ਹਾਜ਼ਰੀ ਭਰਦੀਆ ਹਨ। ਇਸ ਮੌਕੇ ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ, ਅਮਰੀਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਕੀਤਾ ਜਾਗਰੂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਰੋੜਾ ਵੰਸ਼ ਵੱਲੋਂ ਪ੍ਰਧਾਨ ਟਿੰਕੂ ਨਰੂਲਾ ਦੀ ਅਗਵਾਈ ਹੇਠ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਲਈ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਲੋਕਾਂ ਨੂੰ ਕੱਪੜੇ ਦੇ ਥੈਲੇ ਅਤੇ ਹੋਰ ਕਈ ਕਿਸਮਾਂ ਦੇ ਵਰਤੇ ਜਾਣ ਵਾਲੇ ਥੈਲੇ ਵੀ ਵੰਡੇ ਗਏ। ਇਸ ਜਾਗਰੂਕਤਾ ਮੁਹਿੰਮ ਵਿੱਚ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ 'ਤੇ ਪ੍ਰਧਾਨ ਟਿੰਕੂ ਨਰੂਲਾ ਨੇ ਆਪਣੀ ਟੀਮ ਦੇ ਨਾਲ ਗਊਸ਼ਾਲਾ ਬਾਜ਼ਾਰ, ਸਬਜ਼ੀ ਮੰਡੀ, ਘੰਟਾ ਘਰ, ਕਮਾਲਪੁਰ ਚੌਂਕ ਆਦਿ ਥਾਵਾਂ 'ਤੇ ਆਉਣ ਵਾਲੇ ਲੋਕਾਂ ਨੂੰ ਕੱਪੜੇ ਦੇ ਥੈਲੇ ਵੰਡੇ। ਜਿਹੜੇ ਲੋਕ ਪਾਲੀਥੀਨ ਦੇ ਥੈਲਿਆਂ ਵਿੱਚ ਸਬਜ਼ੀਆਂ ਆਦਿ ਲੈ ਰਹੇ ਸਨ, ਉਨ੍ਹਾਂ ਨੂੰ ਥੈਲੇ ਭੇਟ ਕਰਦੇ ਹੋਏ ਜਾਗਰੂਕ ਕੀਤਾ ਗਿਆ ਅਤੇ ਕਿਹਾ ਗਿਆ ਕਿ ਅਗਲੀ ਵਾਰ ਘਰੋਂ ਨਿਕਲਦੇ ਸਮੇਂ ਆਪਣੇ ਨਾਲ ਥੈਲਾ ਜ਼ਰੂਰ ਲੈ ਕੇ ਜਾਣ, ਤਾਂ ਜੋ ਸ਼ਹਿਰ ਨੂੰ ਪ੍ਰਦੂਸ਼ਣ-ਮੁਕਤ ਬਣਾਉਣ ਵਿੱਚ ਹਰ ਕਿਸੇ ਦਾ ਯੋਗਦਾਨ ਹੋਵੇ। ਇਸ ਮੌਕੇ 'ਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਕਿਹਾ ਕਿ ਜਿਹੜੇ ਲੋਕ ਘਰੋਂ ਬਰਤਨ ਨਾ ਲੈ ਕੇ ਬਾਜ਼ਾਰ ਜਾਂ ਢਾਬੇ ਤੋਂ ਗਰਮ ਦਾਲ-ਸਬਜ਼ੀ ਪਾਲੀਥੀਨ ਦੇ ਲਿਫਾਫੇ ਵਿੱਚ ਲੈ ਆਉਂਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਲੀਥੀਨ ਦੇ ਅੰਦਰ ਮੌਜੂਦ ਜੀਵਾਣੂ ਖਾਣੇ ਵਿੱਚ ਚਲੇ ਜਾਂਦੇ ਹਨ, ਜਿਸ ਨਾਲ ਬਿਮਾਰੀਆਂ ਫੈਲਦੀਆਂ ਹਨ ਤੇ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ। ਇਸ ਮੌਕੇ 'ਤੇ ਵਿਜੇ ਅਰੋੜਾ, ਐੱਚ ਕੇ ਨਾਕੜਾ, ਨਿਤਿਨ ਨਾਰੰਗ, ਅਨਿਲ ਪਾਹਵਾ, ਸਚਿਨ ਜੱਗੀ, ਅਮਿਤ ਓਹਰੀ, ਸੂਰਜ ਅਰੋੜਾ, ਵਿਸ਼ਾਲ ਅਰੋੜਾ, ਰਿਧਮ ਅਰੋੜਾ, ਨਿਖਿਲ ਮਲਹੋਤਰਾ, ਰਾਜਨ ਮਨਚੰਦਾ ਅਤੇ ਹੋਰ ਮੈਂਬਰ ਹਾਜ਼ਰ ਸਨ।



# ਮੁੱਖ ਮੰਤਰੀ ਨੇ ਝੰਡੀ ਵਿਖਾ ਕੇ ਕੀਤੀ ਰਨ ਫ਼ਾਰ ਯੂਨਿਟੀ ਦੀ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਲੌਹ ਪੁਰਖ ਸਰਦਾਰ ਵੱਲਭ ਭਾਈ ਪਟੇਲ ਦੀ ਜੈਯੰਤੀ ਦੇ ਮੌਕੇ 'ਤੇ ਸ਼ੁੱਕਰਵਾਰ ਨੂੰ ਫਤਿਹਾਬਾਦ ਵਿੱਚ ਕੌਮੀ ਏਕਤਾ ਦਿਵਸ ਮਨਾਇਆ ਗਿਆ। ਜ਼ਿਲ੍ਹਾ ਮੁੱਖ ਦਫ਼ਤਰ 'ਤੇ ਆਯੋਜਿਤ ਰਨ ਫ਼ਾਰ ਯੂਨਿਟੀ ਦਾ ਸ਼ੁਭਾਰੰਭ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਾਇਤ ਭਵਨ ਤੋਂ ਹਰੀ ਝੰਡੀ ਵਿਖਾ ਕੇ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਪ੍ਰਤੀਭਾਗੀਆਂ 'ਤੇ ਫੁੱਲ ਵਰਖਾ ਕੀਤੀ ਤੇ ਉਨ੍ਹਾਂ ਨੇ ਆਪ ਵੀ ਦੌੜ ਵਿੱਚ ਸ਼ਾਮਲ ਹੋ ਕੇ ਏਕਤਾ ਦਾ ਸੰਦੇਸ਼ ਦਿੱਤਾ।ਐੱਮ ਐੱਮ ਕਾਲੇਜ ਮੈਦਾਨ ਤੱਕ ਆਯੋਜਿਤ ਦੌੜ ਵਿੱਜ ਲਗਭਗ 30 ਹਜ਼ਾਰ ਪ੍ਰਤੀਭਾਗੀ ਸ਼ਾਮਲ ਹੋਏ। ਨੌਜੁਆਨਾਂ, ਮਹਿਲਾਵਾਂ, ਖਿਡਾਰਿਆਂ, ਵਿਦਿਆਰਥੀਆਂ, ਸਮਾਜਿਕ ਕਾਰਜ ਕਰਤਾਵਾਂ ਅਤੇ ਜਨਪ੍ਰਤੀਨਿਧੀਆਂ ਨੇ ਹੱਥਾਂ ਵਿੱਚ ਤਿਰੰਗਾ ਲੈ ਕੇ ਉਤਸਾਹ ਨਾਲ ਹਿੱਸਾ ਲਿਆ। ਪੂਰਾ ਸ਼ਹਿਰ ਇੱਕ ਭਾਰਤ, ਸ਼ਾਨਦਾਰ ਭਾਰਤ ਦੇ ਨਾਰਿਆਂ ਨਾਲ ਗੂੰਜ ਉਠਿਆ।

# ਮੇਹਰ ਚੰਦ ਪੋਲੀਟੈਕਨਿਕ ਕਾਲਜ 'ਚ ਪਲੇਸਮੈਂਟ ਡਰਾਈਵ

**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ ਵਿੱਚ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਹੇਠ ਵੱਲੋਂ ਥਿੰਕ ਨੈਕਸਟ ਪ੍ਰਾਈਵੇਟ ਲਿਮਟਿਡ, ਮੋਹਾਲੀ ਐੱਚ ਆਰ/ਮੈਨੇਜਮੈਂਟ ਰਾਊਂਡ ਦੀ ਪ੍ਰਕਿਰਿਆ ਸਫਲਤਾਪੂਰਵਕ ਸੰਪੰਨ ਹੋਈ। ਇਸ ਪਲੇਸਮੈਂਟ ਡਰਾਈਵ ਦੌਰਾਨ ਵਿਦਿਆਰਥੀਆਂ ਨੇ ਆਪਣੀ ਯੋਗਤਾ, ਗਿਆਨ ਅਤੇ ਪ੍ਰੋਫੈਸ਼ਨਲ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਐੱਚ ਆਰ ਰਾਊਂਡ ਦੇ ਅੰਤਿਮ ਨਤੀਜਿਆਂ ਅਨੁਸਾਰ ਸ਼ੁਭਮ ਸਹਿਗਲ ਅਤੇ ਪ੍ਰਿੰਸ ਦੀ ਚੋਣ ਕੀਤੀ ਗਈ ਹੈ। ਵਿਦਿਆਰਥੀਆਂ ਨੂੰ 8,000 ਰੁਪਏ ਪ੍ਰਤੀ ਮਹੀਨਾ ਸਟਾਈਪੈਂਡ ਦੇ ਨਾਲ ਚੁਣਿਆ ਗਿਆ ਹੈ। ਦੋਵੇਂ ਵਿਦਿਆਰਥੀ 3 ਮਹੀਨਿਆਂ ਦੀ ਮੁਲਾਂਕਣ ਅਵਧੀ ਦੀ ਪੂਰਤੀ ਤੋਂ ਬਾਅਦ ਆਪਣੀ ਇੰਟਰਨਸ਼ਿਪ ਸ਼ੁਰੂ ਕਰਨਗੇ। ਇਸ ਮੌਕੇ 'ਤੇ ਕਾਲਜ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਅਫਸਰ ਸ਼੍ਰੀ ਗਗਨਦੀਪ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਮਿਹਨਤ ਅਤੇ ਅਧਿਆਪਕਾਂ ਦੀ ਰਹਿਨੁਮੋਈ ਦਾ ਨਤੀਜਾ ਹੈ।



# ਆਰ ਬੀ ਯੂ ਵੱਲੋਂ ਓਪਨ ਫੁੱਟਬਾਲ ਚੈਂਪੀਅਨਸ਼ਿਪ



**ਕੁਰਾਲੀ (ਮੋਹਨ ਅੱਗਰਵਾਲ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਖੇਡ ਵਿਭਾਗ ਨੇ ਓਪਨ ਫੁੱਟਬਾਲ ਚੈਂਪੀਅਨਸ਼ਿਪ 2025 ਦਾ ਆਯੋਜਨ ਕੀਤਾ, ਜਿਸ ਵਿੱਚ ਪ੍ਰਤਿਭਾ, ਟੀਮ ਵਰਕ ਅਤੇ ਖੇਡ ਭਾਵਨਾ ਦਾ ਦਿਲਚਸਪ ਪ੍ਰਦਰਸ਼ਨ ਵੇਖਣ ਨੂੰ ਮਿਲਿਆ।ਇਸ ਟੂਰਨਾਮੈਂਟ ਵਿੱਚ ਖੇਤਰ ਭਰ ਦੀਆਂ 21 ਟੀਮਾਂ ਨੇ ਭਾਗੀਦਾਰੀ ਕੀਤੀ । ਕਈ ਰੋਮਾਂਚਕ ਮੁਕਾਬਲਿਆਂ ਤੋਂ ਬਾਅਦ, ਰੋਇਲ ਐਫ.ਸੀ. ਚੰਡੀਗੜ੍ਹ ਨੇ ਚੈਂਪੀਅਨ ਟੀਮ ਦਾ ਖਿਤਾਬ ਜਿੱਤਿਆ,ਜਦੋਂ ਕਿ ਰਿਆਤ ਬਾਹਰਾ ਯੂਨੀਵਰਸਿਟੀ ਨੇ ਰਨਰ-ਅੱਪ ਟਰਾਫੀ ਹਾਸਲ ਕੀਤੀ। ਇਸ ਚੈਂਪੀਅਨਸ਼ਿਪ ਨੇ ਖਿਡਾਰੀਆਂ ਅਤੇ ਦਰਸ਼ਕਾਂ ਦੋਵਾਂ ਵਿੱਚ ਬੇਹੱਦ ਉਤਸ਼ਾਹ ਪੈਦਾ ਕੀਤਾ, ਜਿਸ ਨਾਲ ਨੌਜਵਾਨਾਂ ਵਿੱਚ ਫੁੱਟਬਾਲ ਪ੍ਰਤੀ ਵੱਧ ਰਹੇ ਜਜ਼ਬੇ ਨੂੰ ਉਜਾਗਰ ਕੀਤਾ । ਰਿਆਤ ਬਾਹਰਾ ਯੂਨੀਵਰਸਿਟੀ ਦੇ ਗਰੁੱਪ ਵਾਈਸ-ਚਾਂਸਲਰ, ਪ੍ਰੋ. (ਡਾ.) ਸੰਜੇ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੰਡੇ। ਰਿਆਤ ਬਾਹਰਾ ਯੂਨੀਵਰਸਿਟੀ ਦੇ ਸਪੋਰਟਸ ਅਫਸਰ ਕੁਲਵੀਰ ਸਿੰਘ ਨੇ ਸਾਰੀਆਂ ਭਾਗੀਦਾਰ ਟੀਮਾਂ ਨੂੰ ਵਧਾਈ ਦਿੱਤੀ ਅਤੇ ਕੈਂਪਸ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਨਿਰੰਤਰ ਸਹਾਇਤਾ ਲਈ ਯੂਨੀਵਰਸਿਟੀ ਪ੍ਰਬੰਧਨ ਦਾ ਧੰਨਵਾਦ ਕੀਤਾ।

# ਹੈਰੋਇਨ, ਨਜਾਇਜ਼ ਸ਼ਰਾਬ ਤੇ ਨਸ਼ੀਲੀਆਂ ਗੋਲੀਆਂ ਬਰਾਮਦ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੀ ਮੁਹਿੰਮ ਯੁੱਧ ਨਸ਼ੀਆ ਵਿਰੁੱਧ ਤਹਿਤ ਸ਼ਹਿਰ ਭਰ ਵਿੱਚ ਨਸ਼ੇ ਨਾਲ ਸਬੰਧਤ ਤੱਤਾਂ 'ਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਤਾਂ ਜੋ ਯੁਵਾ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਤੋਂ ਬਚਾਇਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ੇ ਨਾਲ ਜੁੜੀਆਂ ਗਤਿਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਉੱਪਰ ਸ਼ਿਕੰਜਾ ਕੱਸਣ ਲਈ ਪੁਲਸ ਵੱਲੋਂ ਲਗਾਤਾਰ ਕਾਰਵਾਈ ਜਾਰੀ ਹੈ। ਬੀਤੇ ਤਿੰਨ ਦਿਨਾਂ ਦੌਰਾਨ ਵੱਖ-ਵੱਖ ਥਾਣਿਆਂ ਵਲੋਂ ਕੀਤੀਆਂ ਗਈਆਂ ਕਾਰਵਾਈਆਂ ਦੌਰਾਨ ਪੁਲਸ ਨੇ ਕੁੱਲ 14 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਦਿਆਂ 52.8 ਗ੍ਰਾਮ ਹੈਰੋਇਨ, 232 ਬੋਤਲਾਂ ਨਜਾਇਜ਼ ਸ਼ਰਾਬ, 100 ਪ੍ਰੀਗਾਬਾਲਿਨ ਕੈਪਸੂਲ, 26 ਨਸ਼ੀਲੀਆਂ ਗੋਲੀਆਂ ਅਤੇ ਇੱਕ ਐਕਟਿਵਾ ਬਰਾਮਦ ਕੀਤੀ ਹੈ।ਉਹਨਾਂ ਦੱਸਿਆ ਕਿ ਪੁਲਸ ਵਲੋਂ ਦੋ ਵਿਅਕਤੀਆਂ ਨੂੰ ਨਸ਼ਾ ਕਰਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਵੱਖ-ਵੱਖ ਥਾਣਿਆਂ ਵਿੱਚ ਕੁੱਲ 14 ਮੁਕੱਦਮੇ ਦਰਜ ਕੀਤੇ ਗਏ ਹਨ।ਜਲੰਧਰ ਪੁਲਿਸ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਪੁਲਿਸ ਦਾ ਸਹਿਯੋਗ ਕਰਨ। ਜੇਕਰ ਕਿਸੇ ਨੂੰ ਵੀ ਨਸ਼ਿਆਂ ਸੰਬੰਧੀ ਕਿਸੇ ਗਤੀਵਿਧੀ ਬਾਰੇ ਜਾਣਕਾਰੀ ਮਿਲਦੀ ਹੈ, ਤਾਂ ਉਹ ਤੁਰੰਤ ਪੰਜਾਬ ਸਰਕਾਰ ਵੱਲੋਂ ਜਾਰੀ ਐਂਟੀ-ਡਰੱਗ ਹੈਲਪਲਾਈਨ ਨੰਬਰ 97791-00200 'ਤੇ ਸੂਚਿਤ ਕਰਨ।

# ਜੀ ਟੀ ਯੂ ਦੀ ਜਨਰਲ ਕੌਂਸਲ ਦੀ ਤਿਆਰੀ ਸੰਬੰਧੀ ਮੀਟਿੰਗ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ 8 ਨਵੰਬਰ ਨੂੰ ਹੋ ਰਹੀ ਸੂਬਾ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਗੌਰਮਿੰਟ ਟੀਚਰਜ਼ ਯੂਨੀਅਨ ਜਿਲਾ ਜਲੰਧਰ ਦੇ ਫੈਸਲੇ ਅਨੁਸਾਰ ਨੂਰਮਹਿਲ ਬਲਾਕ ਦੀ ਮੀਟਿੰਗ ਬਲਾਕ ਪ੍ਰਧਾਨ ਸੰਦੀਪ ਰਾਜੋਵਾਲ ਦੀ ਪ੍ਰਧਾਨਗੀ ਹੇਠ ਨੂਰਮਹਿਲ ਵਿਖੇ ਕੀਤੀ ਗਈ। ਮੀਟਿੰਗ ਵਿੱਚ ਦੋ ਨਵੰਬਰ ਨੂੰ ਪੁਰਾਣੀ ਪੈਨਸ਼ਨ ਬਹਾਲੀ ਅਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਵਲੋਂ ਜ਼ਿਮਨੀ ਚੋਣ ਦੇ ਮੌਕੇ 'ਤੇ ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ ਸਾਂਝੇ ਤੌਰ 'ਤੇ ਕੀਤੇ ਜਾ ਰਹੇ ਝੰਡਾ ਮਾਰਚ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਅਤੇ ਅਧਿਆਪਕਾਂ ਦੇ ਵੱਖ-ਵੱਖ ਹੋਰ ਮਸਲਿਆਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਸਰਕਾਰ ਵੱਲੋਂ ਅਧਿਆਪਕਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਵਿੱਚ ਵਾਰ ਵਾਰ ਟਾਲਮਟੋਲ ਅਤੇ ਦਿਖਾਈ ਜਾ ਰਹੀ ਬੇਰੁਖੀ ਦੀ ਨੀਤੀ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਅਧਿਆਪਕਾਂ ਦੇ ਮਸਲਿਆਂ ਅਤੇ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਅਤੇ ਬੱਝਵੇਂ ਸੰਘਰਸ਼ ਨੂੰ ਉਲੀਕਣ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 8 ਨਵੰਬਰ ਨੂੰ ਜਲੰਧਰ ਵਿਖੇ ਹੋ ਰਹੀ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਬਲਾਕ ਅੰਦਰ ਪ੍ਰਚਾਰ ਅਤੇ ਫੰਡ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਗੌਰਮਿੰਟ ਟੀਚਰਜ ਦੇ ਬਲਾਕ ਸਕੱਤਰ ਮਨਜਿੰਦਰ ਸਿੰਘ ਗਦਰਾ, ਕੁਲਦੀਪ ਵਾਲੀਆ, ਅਮਰਜੀਤ ਭਗਤ, ਕਸਤੂਰੀ ਲਾਲ, ਮਨੋਜ ਕੁਮਾਰ ਸਰੋਏ, ਕੁਲਵੀਰ ਕੁਮਾਰ, ਸੰਦੀਪ ਉੱਪਲ, ਸੁੱਖਵਿੰਦਰ ਕੁਮਾਰ, ਧਰਮਪਾਲ, ਕੁਲਵੰਤ ਸਿੰਘ, ਰਿਪੁਦਮਨ ਗਿੱਲ, ਅਵਤਾਰ ਪੱਬਵਾਂ,ਸੁਨੀਲ ਕੁਮਾਰ, ਰੂਪ ਸਿੰਘ, ਕਰਤਾਰ ਸਿੰਘ, ਹਰਦੀਪ ਸਿੰਘ, ਵਿਪਨ ਕਾਲੜਾ,ਕਸ਼ਮੀਰ ਸਿੰਘ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਹਾਜ਼ਰ ਸਨ।

# ਰਾਸ਼ਟਰੀ ਏਕਤਾ ਦਿਵਸ ਮੌਕੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ

**ਮਾਹਿਲਪੁਰ (ਸ.ਫ਼ਰੀ)**- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ, ਸੀਨੀਅਰ ਸੁਪਰਡੈਂਟ ਪੁਲਿਸ ਹੁਸ਼ਿਆਰਪੁਰ, ਡੀ ਐਸ ਪੀ ਗੜ੍ਹਸ਼ੰਕਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਥਾਣਾ ਮੁਖੀ ਮਾਹਿਲਪੁਰ ਦੀ ਅਗਵਾਈ ਵਿੱਚ ਰਾਸ਼ਟਰੀ ਏਕਤਾ ਦਿਵਸ ਤਹਿਤ ਸਕੂਲੀ ਬੱਚਿਆਂ ਦੀਆਂ ਦੌੜਾਂ ਕਰਵਾਈਆਂ । ਥਾਣਾ ਮੁਖੀ ਮਾਹਿਲਪੁਰ ਨੇ ਦੱਸਿਆ ਕਿ ਇਸ ਦਿਵਸ ਤੇ ਸੀਨੀਅਰ ਸੈਕੰਡਰੀ ਸਕੂਲ ਮਾਹਿਲਪੁਰ ਬੁਆਏ ਅਤੇ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਲ ਮਾਹਿਲਪੁਰ ਦੇ ਵਿਦਿਆਰਥੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ।ਇਸ ਮੌਕੇ ਸਬ ਇੰਸਪੈਕਟਰ ਦਿਲਬਾਗ ਸਿੰਘ, ਏ ਐਸ ਆਈ ਰਸ਼ਪਾਲ ਸਿੰਘ, ਏ ਐਸ ਆਈ ਸੁਖਵਿੰਦਰ ਸਿੰਘ, ਮੁਨਸ਼ੀ ਸੁਖਵਿੰਦਰ ਸਿੰਘ,ਐਚ ਸੀ ਸਤਵਿੰਦਰ ਸਿੰਘ, ਐਚ ਸੀ ਦੀਪਕ, ਐਚ ਸੀ ਸੇਵਾ ਸਿੰਘ, ਲੇਡੀ ਕਾਂਸਟੇਬਲ ਪ੍ਰਭਜੋਤ ਕੌਰ, ਰੇਣੂਕਾ ਬਾਲੀ ਵਾਇਸ ਪ੍ਰਿੰਸੀਪਲ, ਅਮਰਜੀਤ ਸਿੰਘ ਲੈਕਚਰਾਰ, ਠਾਕਰ ਕਰਨ ਮਹਿਤਾ ਡੀ ਪੀ ਈ, ਸੰਦੀਪ ਸਿੰਘ ਡੀ ਪੀ ਈ , ਆਦਿ ਹਾਜ਼ਰ ਸਨ।




# ਪਾਵਰਕਾਮ ਦੇ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਅਣਮਿਥੇ ਸਮੇਂ ਲਈ ਹੜਤਾਲ



**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਸਬਡਵੀਜ਼ਨ ਬਿਜਲੀ ਬੋਰਡ ਦੇ ਸਾਰੇ ਕੱਚੇ ਕਾਮੇ (ਸੀ ਐੱਚ ਬੀ) ਵੱਲੋਂ ਮੁਕੰਮਲ ਤੌਰ ਤੇ ਅਣਮਿਥੇ ਸਮੇਂ ਲਈ ਹੜਤਾਲ ਕੀਤੀ ਗਈ ਹੈ ਜਦ ਤੱਕ ਸਾਡੀਆਂ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ ਹੈ। ਠੇਕੇਦਾਰਾਂ ਨੂੰ ਬਾਹਰ ਕੱਢ ਸਿੱਧਾ ਵਿਭਾਗ ਵਿੱਚ ਕੱਚੇ ਕਾਮਿਆਂ ਨੂੰ ਸ਼ਾਮਿਲ ਕੀਤਾ ਜਾਵੇ ।ਹਾਸਤਾ ਗ੍ਰਸਤ ਪਰਵਾਰਾਂ ਨੂੰ ਨੌਕਰੀਆਂ ਦੇਣ ਸਬੰਧੀ ਪੁਰਾਣੀ ਕੰਪਨੀਆਂ ਦੇ ਬਕਾਏ ਅਤੇ ਏਰੀਅਰ ਦੀ ਰਾਸ਼ੀ ਜਾਰੀ ਕਰਨ ਸਬੰਧੀ ਇਹਨਾਂ ਹੱਕਾਂ ਮੰਗਾਂ ਲਈ ਹੜਤਾਲ ਕੀਤੀ ਗਈ ਹੈ। ਜਦ ਤੱਕ ਮੰਗਾ ਦਾ ਹੱਲ ਨਹੀਂ ਕੀਤਾ ਜਾਂਦਾ ਪਾਵਰ ਕਾਮ ਦੇ ਕੱਚੇ ਮੁਲਾਜ਼ਮ (ਸੀ ਐੱਚ ਬੀ ) ਕਾਮਿਆਂ ਦੀ ਅਣਮਿਥੇ ਸਮੇਂ ਲਈ ਹੜਤਾਲ ਜਾਰੀ ਰਹੇਗੀ। ਇਸ ਮੌਕੇ ਪ੍ਰਧਾਨ ਰਣਜੀਤ ਸਿੰਘ, ਮੀਤ ਪ੍ਰਧਾਨ ਰਾਜੂ ਮਿਨਹਾਸ, ਖਜਾਨਚੀ ਤਜਿੰਦਰ ਸਿੰਘ, ਸਕੱਤਰ ਜਤਿੰਦਰ ਸਿੰਘ, ਸਰਕਲ ਪ੍ਰਧਾਨ ਹਰਮਨ ਸਿੰਘ,ਸਤੀਸ਼ ਕੁਮਾਰ,ਅਮਨ ਵਿਰਦੀ, ਸੰਦੀਪ ਕੁਮਾਰ ਵਡਾਲਾ, ਗੁਰਵਿੰਦਰ ਸਿੰਘ, ਭਲਵਿੰਦਰ ਕੁਮਾਰ, ਪਵਿੱਤਰ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ, ਸੰਦੀਪ ਕੁਮਾਰ ਡਰੋਲੀ, ਚਰਨਜੀਤ ਸਿੰਘ, ਜਸਵੰਤ ਸਿੰਘ,ਸੁਲਿੰਦਰ,ਬਿਮਲ ਕੁਮਾਰ, ਅਤੇ ਸਮੂਹ ( ਸੀ ਐੱਚ ਬੀ ) ਮੁਲਾਜ਼ਮ ਸਬਡਵੀਜ਼ਨ ਆਦਮਪੁਰ ਬਿਜਲੀ ਬੋਰਡ ਹਾਜ਼ਰ ਸਨ।

# ਅੰਤਰ ਬਹੁ-ਤਕਨੀਕੀ ਕਾਲਜਾਂ ਦੇ ਕਬੱਡੀ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਵਿਖੇ ਮਾਨਯੋਗ ਪ੍ਰਿੰਸੀਪਲ ਰਾਜੇਸ਼ ਕੁਮਾਰ ਨੇ ਆਪਣੇ ਕਰ ਕਮਲਾਂ ਨਾਲ ਪੀ ਟੀ ਆਈ ਐੱਸ ਵੱਲੋਂ ਅੰਤਰ ਬਹੁਤਕਨੀਕੀ ਕਾਲਜਾਂ ਵਿੱਚਕਾਰ ਕਬੱਡੀ ਦੇ ਰਾਜ ਪੱਧਰੀ ਮੁਕਾਬਲਿਆ ਦਾ ਉਦਘਾਟਨ ਕੀਤਾ। ਉਹਨਾਂ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਹਨਾਂ ਨੂੰ ਨਸ਼ਿਆ ਤੋਂ ਦੂਰ ਰਹਿ ਕੇ ਵੱਖ-:-ਵੱਖ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਆ ਅਤੇ ਭਵਿੱਖ ਵਿੱਚ ਵੀ ਵੱਧ ਚੜ ਕੇ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਦੋ ਦਿਨਾਂ ਖੇਡ ਸਮਾਰੋਹ ਵਿੱਚ ਗੌਰਮਿੰਟ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ, ਫਿਰੋਜ਼ਪੁਰ, ਪਟਿਆਲਾ, ਲੁਧਿਆਣਾ, ਜੀ. ਟੀ. ਬੀ.ਗੜ੍ਹ ਮੋਗਾ, ਕੋਟਕਪੂਰਾ, ਜਲੰਧਰ, ਅਤੇ ਸਾਈਂ ਪੋਲੀਟੈਕਨਿਕ ਕਾਲਜ ਬਧਾਨੀ ਦੇ ਲੜਕੇ ਅਤੇ ਗੌਰੌਮਿੰਟ ਪੋਲੀਟੈਕਨਿਕ ਕਾਲਜ ਅੰਮ੍ਰਿਤਸਰ, ਪਟਿਆਲਾ ਦੀਆਂ ਲੜਕੀਆਂ ਦੀ ਟੀਮਾਂ ਵਲੋਂ ਹਿੱਸਾ ਲਿਆ ਗਿਆ। ਇਨ੍ਹਾਂ ਖੇਡਾਂ ਨੂੰ ਸ਼੍ਰੀ ਗੁਰਪ੍ਰੀਤ ਸਿੰਘ ਸਕੱਤਰ ਐੱਸ ਆਰ ਸੀ ਰਾਕੇਸ਼ ਕੁਮਾਰ ਡੀ ਪੀ ਅਤੇ ਸਟਾਫ਼ ਦੇ ਸਹਿਯੋਗ ਨਾਲ ਭਲੀ ਭਾਂਤੀ ਨੇਪਰੇ ਚਾੜਿਆ ਗਿਆ। ਸਾਈ ਪੋਲੀਟੈਕਨਿਕ ਬਧਾਨੀ ਕਾਲਜ ਦੀ ਟੀਮ ਪਹਿਲੇ ਸਥਾਨ ਤੇ, ਲੁਧਿਆਣਾ ਦੀ ਟੀਮ ਦੂਸਰੇ ਸਥਾਨ ਤੇ ਅਤੇ ਮੇਜ਼ਬਾਨ ਕਾਲਜ ਹੁਸ਼ਿਆਰਪੁਰ ਦੀ ਟੀਮ ਤੀਜੇ ਸਥਾਨ ਤੇ ਰਹੀ । ਲੜਕੀਆਂ ਦੀਆਂ ਟੀਮਾਂ ਦੇ ਮੁਕਾਬਲੇ ਵਿੱਚ ਪਟਿਆਲਾ ਦੀ ਟੀਮ ਪਹਿਲੇ ਸਥਾਨ ਤੇ ਅਤੇ ਅੰਮ੍ਰਿਤਸਰ ਦੀ ਦੂਸਰੇ ਸਥਾਨ ਤੇ ਰਹੀ। ਕਬੱਡੀ ਦੇ ਮੈਚਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਣ ਲਈ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਤੋਂ ਸੁਰਿੰਦਰ ਲਾਲ, ਰਾਕੇਸ਼ ਕੁਮਾਰ, ਸਤਵਿੰਦਰ ਕੌਰ, ਪਰਮਿੰਦਰ ਕੌਰ ਨੇ ਬਤੌਰ ਮੈਚ ਰੈਫਰੀ ਆਪਣੀ ਭੂਮਿਕਾ ਨਿਭਾਈ।





# ਮਾਨ ਨੇ ਖੇਡ ਸਟੇਡੀਅਮ ਬਣਾਉਣ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਫਗਵਾੜਾ ਹਲਕੇ ਦੇ ਪਿੰਡ ਦਰਵੇਸ਼ ਵਿਖੇ 10 ਲੱਖ ਦੀ ਲਾਗਤ ਨਾਲ ਖੇਡ ਸਟੇਡੀਅਮ ਬਣਾਉਣ ਦੇ ਕੰਮ ਦੀ ਸ਼ੁਰੂਆਤ ਸੀਨੀਅਰ ਆਪ ਆਗੂ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ ਵੱਲੋਂ ਕਰਵਾਈ ਗਈ। ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਜਿੱਥੇ ਪਿੰਡਾਂ ਦੇ ਸਰਬ ਪੱਖੀ ਵਿਕਾਸ ਨੂੰ ਪਹਿਲ ਦੇ ਰਹੀ ਹੈ, ਉੱਥੇ ਹੀ ਪਿੰਡ ਪੱਧਰ 'ਤੇ ਨੌਜਵਾਨਾਂ ਲਈ ਖੇਡ ਸਟੇਡੀਅਮ ਵੀ ਬਣਾ ਰਹੀ ਹੈ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਸੋਚ ਹੈ ਕਿ ਹਰੇਕ ਪਿੰਡ 'ਚ ਖੇਡ ਸਟੇਡੀਅਮ ਦੀ ਸੁਵਿਧਾ ਹੋਣ ਦੇ ਨਾਲ ਜਿੱਥੇ ਖਿਡਾਰੀਆਂ ਨੂੰ ਪ੍ਰੈਕਟਿਸ ਕਰਨ ਲਈ ਦੂਰ ਦੁਰਾਡੇ ਨਹੀਂ ਜਾਣਾ ਪਵੇਗਾ, ਉੱਥੇ ਹੀ ਨੌਜਵਾਨ ਪੀੜ੍ਹੀ ਨੂੰ ਵੀ ਨਸ਼ਿਆਂ ਦੀ ਲਤ ਤੋਂ ਦੂਰ ਰਹਿ ਕੇ ਖੇਡਾਂ ਨੂੰ ਅਪਨਾਉਣ ਦੀ ਸੇਧ ਮਿਲੇਗੀ। ਇਸ ਮੌਕੇ ਸੁਰਿੰਦਰ ਸਿੰਘ ਖਾਲਸਾ ਨੰਬਰਦਾਰ, ਸਿਮਰ ਕੁਮਾਰ, ਜਸਵਿੰਦਰ ਸਿੰਘ, ਸ਼ੌਂਕੀ ਰਾਮ ਸਾਬਕਾ ਬਲਾਕ ਸੰਮਤੀ ਮੈਂਬਰ ਸਮੇਤ ਪਿੰਡ ਦੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪਟੇਲ ਦੇ ਜਨਮ ਦਿਨ ਨੂੰ 'ਰਾਸ਼ਟਰੀ ਏਕਤਾ ਦਿਵਸ' ਦੇ ਤੌਰ 'ਤੇ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਬਹੁ-ਰੰਗ ਕਲਾ ਮੰਚ ਹੁਸ਼ਿਆਰਪੁਰ ਵਲੋਂ ਮਾਈ ਭਾਰਤ ਹੁਸ਼ਿਆਰਪੁਰ ਦੇ ਜ਼ਿਲ੍ਹਾ ਯੂਥ ਅਧਿਕਾਰੀ ਦੇ ਦਿਸ਼ਾ ਨਿਰਦੇਸ਼ ਉਪਰ 'ਰਾਸ਼ਟਰੀ ਏਕਤਾ ਦਿਵਸ' ਤੇ ਸਥਾਨਕ ਮੈਰੀ ਗੋਲਡ ਪਬਲਿਕ ਸਕੂਲ ਵਿਖੇ ਫੈਂਸੀ ਡ੍ਰੈਸ, ਕਵਿਤਾ ਪਾਠ ਅਤੇ ਰਾਸ਼ਟਰੀ ਏਕਤਾ ਮਾਰਚ ਕੀਤਾ ਗਿਆ। ਇਸ ਮੌਕੇ ਤੇ ਡਾ. ਐੱਮ ਜਮੀਲ ਬਾਲੀ, ਡਾ. ਹਰਜਿੰਦਰ ਸਿੰਘ ਓਬਰਾਏ, ਪਾਸਟ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ, ਅਸ਼ੋਕ ਪੁਰੀ ਅਤੇ ਪ੍ਰਿੰਸੀਪਲ ਰੁਪਿੰਦਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। 'ਰਾਸ਼ਟਰੀ ਏਕਤਾ ਦਿਵਸ' ਦੇ ਮੌਕੇ ਤੇ ਮੰਚ ਸੰਚਾਲਕ ਨੇ ਲੋਹ-ਪੁਰਸ਼ ਸਰਦਾਰ ਵਲੱਭ ਭਾਈ ਪਟੇਲ ਦੇ ਜੀਵਨ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਪਟੇਲ ਦੀ 182 ਮੀਟਰ ਪ੍ਰਤੀਮਾ ਦੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸਕੂਲ ਦੇ ਵਿਦਿਆਰਥੀਆਂ ਸਹਿਜ, ਵੰਦਨਾ, ਹੁਸੈਨ ਅਲੀ, ਦਿਵਿਆਸ਼ੀ, ਨੈਤਿਕ, ਹਿਰਦਿਆ, ਸੁਨੀਲ ਅਤੇ ਗਰੋਵਰ ਨੇ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਫੈਂਸੀ ਡਰੈਸ ਪਹਿਨ ਪਾ ਕੇ ਰਾਸ਼ਟਰੀ ਏਕਤਾ ਦਾ ਸੁਨੇਹਾ ਦਿੱਤਾ। ਪ੍ਰੋਗਰਾਮ ਦੇ ਅਖੀਰ ਵਿੱਚ ਫੈਂਸੀ ਡਰੈਸ ਅਤੇ ਕਵਿਤਾ ਪਾਠ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਪ੍ਰਿੰਸੀਪਲ ਰੁਪਿੰਦਰ ਕੌਰ ਨੂੰ ਬਹੁ-ਰੰਗ ਕਲਾ ਮੰਚ ਹੁਸ਼ਿਆਰਪੁਰ ਵਲੋਂ ਸਨਮਾਨਤ ਕੀਤਾ ਗਿਆ।






# ਰਾਸ਼ਟਰੀ ਏਕਤਾ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੀ ਐੱਨ ਐੱਸ ਐੱਸ ਯੂਨਿਟ ਨੇ ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ ਮਨਾਉਣ ਲਈ 'ਏਕ ਭਾਰਤ, ਆਤਮਨਿਰਭਰ ਭਾਰਤ' ਥੀਮ 'ਤੇ ਰਾਸ਼ਟਰੀ ਏਕਤਾ ਦਿਵਸ ਮਨਾਇਆ। ਸਹੁੰ ਚੁੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀ-ਅਧਿਆਪਕਾਂ ਨੇ ਭਾਰਤ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਸੁਰੱਖਿਅਤ ਰੱਖਣ ਅਤੇ ਆਪਣੇ ਦੇਸ਼ ਵਾਸੀਆਂ ਵਿੱਚ ਇਸ ਸੰਦੇਸ਼ ਨੂੰ ਫੈਲਾਉਣ ਲਈ ਸਖ਼ਤ ਮਿਹਨਤ ਕਰਨ ਦੀ ਸਹੁੰ ਚੁੱਕੀ।ਅਧਿਆਪਕਾਂ ਨੇ ਆਪਣੇ ਅਧਿਆਪਨ ਅਭਿਆਸ ਸਕੂਲਾਂ ਵਿੱਚ ਸਾਡੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਲਈ ਮੌਜੂਦਾ ਸਮੇਂ ਦੇ ਖਤਰਿਆਂ ਅਤੇ ਅਜਿਹੀਆਂ ਸਮੱਸਿਆਵਾਂ ਦੇ ਹੱਲਾਂ 'ਤੇ ਐਕਸਟੈਂਸ਼ਨ ਲੈਕਚਰ ਦਿੱਤੇ। ਸਰਦਾਰ ਪਟੇਲ ਬਾਰੇ ਦਿਲਚਸਪ ਤੱਥਾਂ 'ਤੇ ਪਾਵਰ ਪੁਆਇੰਟ ਪੇਸ਼ਕਾਰੀਆਂ ਵੀ ਉਜਾਗਰ ਕੀਤੀਆਂ ਗਈਆਂ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਮੌਕਿਆਂ ਨੂੰ ਮਨਾਉਣ ਨਾਲ ਵਿਭਿੰਨਤਾ ਵਿੱਚ ਏਕਤਾ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਮਿਲਦੀ ਹੈ ।



# ਸ੍ਰੀ ਅਨੰਦਪੁਰ ਸਾਹਿਬ ਦੀਆਂ ਤਿੰਨ ਰੋਜ਼ਾ ਖੇਡਾਂ ਸਮਾਪਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਚੱਲ ਰਹੀਆਂ ਸ੍ਰੀ ਦਸ਼ਮੇਸ਼ ਮਾਰਸ਼ਲ ਆਰਟ ਅਕੈਡਮੀ ਵਿਖੇ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੀਆਂ ਤਿੰਨ ਰੋਜ਼ਾ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਸਮਾਪਤ ਹੋ ਗਈਆਂ। ਜੇਤੂ ਬੱਚਿਆਂ ਨੂੰ ਇਨਾਮ ਵੰਡਣ ਲਈ ਏ ਡੀ ਜੀ ਪੀ ਕਾਨੂੰਨ ਤੇ ਵਿਵਸਥਾ ਸੁਰਿੰਦਰਪਾਲ ਸਿੰਘ ਪਰਮਾਰ ਵਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਮੌਕੇ ਉਹਨਾਂ ਦੇ ਨਾਲ ਡੀ ਆਈ ਜੀ ਨਾਨਕ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਨਾ, ਐੱਸ ਪੀ ਅਰਵਿੰਦ ਮੀਨਾ, ਡੀ ਐੱਸ ਪੀ ਜਸ਼ਨਦੀਪ ਸਿੰਘ ਮਾਨ, ਥਾਣਾ ਮੁਖੀ ਦਾਨਿਸ਼ਵੀਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ ਵੀ ਹਾਜ਼ਰ ਸਨ। ਉਨ੍ਹਾਂ ਜੇਤੂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਨੂੰ ਵੀ ਅੱਗੇ ਤੋਂ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਖੇਡਾਂ ਦੇ ਕਨਵੀਨਰ ਮਨਿੰਦਰ ਰਾਣਾ ਨੇ ਨਤੀਜਿਆਂ ਸਬੰਧੀ ਕਬੱਡੀ ਨੈਸ਼ਨਲ ਸਟਾਈਲ ਮੁੰਡਿਆਂ ਦੇ ਵਿੱਚ ਢੇਰ ਸੈਂਟਰ ਪਹਿਲੇ ਅਤੇ ਅਗੰਪੁਰ ਸੈਂਟਰ ਦੂਸਰੇ ਸਥਾਨ, ਕੁੜੀਆਂ ਦੇ ਮੁਕਾਬਲਿਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਸੈਂਟਰ ਪਹਿਲੇ ਅਤੇ ਅਗੰਮਪੁਰ ਸੈਂਟਰ ਦੂਸਰੇ ਸਥਾਨ, ਹਾਕੀ ਮੁੰਡਿਆਂ ਦੇ ਮੁਕਾਬਲਿਆਂ ਦੇ ਵਿੱਚ ਆਦਰਸ਼ ਸਕੂਲ ਪਹਿਲੇ ਅਤੇ ਭਾਈ ਨੰਦ ਲਾਲ ਸਕੂਲ ਦੂਸਰੇ ਸਥਾਨ, ਹਾਕੀ ਕੁੜੀਆਂ ਦੇ ਮੁਕਾਬਲੇ ਵਿੱਚ ਆਦਰਸ਼ ਸਕੂਲ ਪਹਿਲੇ, ਫੁਟਬਾਲ ਮੁਕਾਬਲਿਆਂ ਵਿੱਚ ਖਾਲਸਾ ਸਕੂਲ ਪਹਿਲੇ ਅਤੇ ਭਾਈ ਨੰਦ ਲਾਲ ਸਕੂਲ ਦੂਸਰੇ, ਫੁਟਬਾਲ ਕੁੜੀਆਂ ਵਿੱਚ ਭਾਈ ਨੰਦ ਲਾਲ ਸਕੂਲ ਪਹਿਲੇ ਸਥਾਨ, ਰੱਸਾ ਕੱਸੀ ਮੁੰਡਿਆਂ ਦੇ ਮੁਕਾਬਲਿਆਂ ਵਿੱਚ ਭਾਨੁਪਲੀ ਪਹਿਲੇ ਅਤੇ ਜਿੰਦਵੜੀ ਸੈਂਟਰ ਦੂਸਰੇ ਸਥਾਨ, ਸਰਕਲ ਸਟਾਈਲ ਕਬੱਡੀ ਮੁੰਡਿਆਂ ਦੇ ਵਿੱਚ ਢੇਰ ਸੈਂਟਰ ਪਹਿਲੇ ਸਥਾਨ ਤੇ ਰਿਹਾ। ਇਸ ਮੌਕੇ ਕਮਲਜੀਤ ਕੌਰ, ਸੁਨੀਤਾ ਧਿਮਾਨ, ਨੀਲਮ ਪਾਮਾ, ਬਲਜਿੰਦਰ ਸਿੰਘ ਢਿੱਲੋਂ, ਕੁਲਦੀਪ ਸਿੰਘ ਪਰਮਾਰ, ਪਰਮਜੀਤ ਕੁਮਾਰ, ਸੁਰਿੰਦਰ ਕਾਲੀਆ, ਜਸਕਰਨ ਸਿੰਘ, ਜਸਬੀਰ ਕੌਰ, ਜੋਗਾ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਚਰਨ ਸਿੰਘ, ਅਵਤਾਰ ਸਿੰਘ ਭੱਠਲ, ਮਦਨ ਲਾਲ, ਬਲਵਿੰਦਰ ਕੁਮਾਰ, ਸੰਦੀਪ ਜੋਸ਼ੀ, ਪਵਨ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।



# ਰੰਗਲੇ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ 'ਚ ਖੇਡਾਂ ਪ੍ਰਤੀ ਉਤਸ਼ਾਹ ਜ਼ਰੂਰੀ : ਸੰਧੂ

**ਖਰੜ (ਹਰਨਾਮ ਸਿੰਘ ਡੱਲਾ)**- ਸਥਾਨਕ ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀਮਾਜਰਾ ਵਿਖੇ ਰਾਜ ਪੱਧਰੀ ਬੈਡਮਿੰਟਨ ਅਤੇ ਟੇਬਲ ਟੈਨਿਸ ਖੇਡਾਂ ਜੋ ਕਿ ਪੰਜਾਬ ਤਕਨੀਕੀ ਸੰਸਥਾਵਾਂ ਸਪੋਰਟਸ ਦੇ ਸਹਿਯੋਗ ਨਾਲ ਕਰਵਾਈਆਂ ਗਈਆਂ। ਖੇਡਾਂ ਦੇ ਆਖਰੀ ਦਿਨ ਕਰਨ ਸੰਧੂ ਡੀ ਐਸ ਪੀ ਖਰੜ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪ੍ਰਿੰਸੀਪਲ ਰਕਸ਼ਾ ਕਿਰਨ ਵੱਲੋਂ ਕਰਵਾਏ ਜਾ ਰਹੇ ਇਸ ਉਦਮ ਦੀ ਸ਼ਲਾਘਾ ਕੀਤੀ। ਉਹਨਾਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੰਗਲੇ ਪੰਜਾਬ ਦੀ ਸਿਰਜਣਾ ਲਈ ਨੌਜਵਾਨਾਂ ਦਾ ਖੇਡਾਂ ਪ੍ਰਤੀ ਉਤਸ਼ਾਹਿਤ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀਮਾਜਰਾ ਵਿਖੇ ਕਰਵਾਇਆ ਇਹ ਖੇਡ ਮੇਲਾ ਨੌਜਵਾਨਾਂ ਦੇ ਬਹੁਪੱਖੀ ਵਿਕਾਸ ਦੇ ਲਈ ਨਵੀਂ ਸਵੇਰ ਦੀ ਉਮੀਦ ਹੋ ਜਾਵੇਗਾ। ਇਸ ਮੌਕੇ ਪੀ ਟੀ ਆਈ ਐਸ ਦੇ ਕਾਰਜਕਾਰੀ ਮੈਂਬਰ ਅਤੇ ਕਾਲਜ ਦੇ ਮੀਡੀਆ ਇੰਚਾਰਜ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਬੈਡਮਿੰਟਨ ਲੜਕਿਆਂ ਦੇ ਵਿੱਚ ਮਿਹਰ ਚੰਦ ਪੌਲੀਟੈਕਨਿਕ ਜਲੰਧਰ ਨੇ ਸਰਕਾਰੀ ਬਹੁਤਕਨੀਕੀ ਕਾਲਜ ਬਠਿੰਡਾ ਨੂੰ ਹਰਾ ਕੇ ਅਤੇ ਲੜਕੀਆਂ ਦੇ ਮੁਕਾਬਲੇ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਸਰਕਾਰੀ ਬਹੁਤਕਨੀਕੀ ਕਾਲਜ ਬਠਿੰਡਾ ਨੂੰ ਹਰਾ ਕੇ ਬਾਜੀ ਮਾਰੀ ਅਤੇ ਟੇਬਲ ਟੈਨਿਸ ਮੁਕਾਬਲਿਆਂ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਬਠਿੰਡਾ ਨੇ ਪਹਿਲਾ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ ਖੂਨੀਮਾਜਰਾ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਐਸ ਐਚ ਓ ਸਿਟੀ ਅਮਰਿੰਦਰ ਸਿੰਘ ਸਿੱਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਅਖੀਰ ਵਿਚ ਪ੍ਰਿੰਸੀਪਲ ਰਕਸ਼ਾ ਕਿਰਨ ਵੱਲੋਂ ਸਮੂਹ ਪੰਜਾਬ ਤੋਂ ਆਈਆਂ ਟੀਮਾਂ ਅਤੇ ਜੇਤੂਆਂ ਨੂੰ ਵਧਾਈ ਦਿੱਤੀ ।ਪ੍ਰਧਾਨ ਐਸ ਆਰ ਸੀ ਹਰਪ੍ਰੀਤ ਕੌਰ ਨੇ ਐਸ ਆਰ ਸੀ ਟੀਮ, ਪਰਮਿੰਦਰ ਸਿੰਘ ਸੈਣੀ ਸਪੋਰਟਸ ਅਫਸਰ ਪ੍ਰੋ. ਅਵਨੀਸ਼, ਹਰਕੇਸ਼ ਕੁਮਾਰ ਅਤੇ ਸਮੂਹ ਸਟਾਫ ਮੈਂਬਰਜ ਦਾ ਖੇਡ ਮੇਲੇ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।




# ਐੱਨ ਪੀ ਐੱਸ ਕਰਮਚਾਰੀ 2 ਨੂੰ ਜ਼ਿਮਨੀ ਚੋਣ ਦੌਰਾਨ ਕਰਨਗੇ ਝੰਡਾ ਮਾਰਚ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ 'ਤੇ 2 ਨਵੰਬਰ ਨੂੰ ਤਰਨ ਤਾਰਨ ਵਿਖੇ ਝੰਡਾ ਮਾਰਚ ਕਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਜ਼ਿਮਨੀ ਚੋਣ ਦੌਰਾਨ ਵੋਟਰਾਂ ਦੀ ਕਚਹਿਰੀ ਵਿੱਚ ਨਸ਼ਰ ਕਰਨਗੇ। ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਹੁਸ਼ਿਆਰਪੁਰ (ਪੰਜਾਬ) ਦੇ ਕਨਵੀਨਰ ਜਸਬੀਰ ਤਲਵਾੜਾ ਅਤੇ (ਪ੍ਰਧਾਨ) ਪ੍ਰਿੰਸ ਪਲਿਆਲ ਗੜਦੀਵਾਲਾ ਨੇ ਕਿਹਾ ਕਿ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ 2 ਲੱਖ ਮੁਲਾਜ਼ਮਾਂ ਨੂੰ ਲਿਖਤੀ ਗਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਆਪ ਸਰਕਾਰ ਬਣਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ ਪਰ ਪੰਜਾਬ ਸਰਕਾਰ ਦੁਆਰਾ 18 ਨਵੰਬਰ 2022 ਨੂੰ ਦਿਵਾਲੀ ਤੋਂ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਨਹੀਂ ਲਾਗੂ ਕਰ ਪਾਈ ਜਦ ਕਿ ਗੁਆਂਢੀ ਸੂਬੇ ਹਿਮਾਚਲ ਨੇ ਛੇ ਮਹੀਨੇ ਅੰਦਰ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਆਪਣਾ ਚੋਣ ਵਾਅਦਾ ਇਮਾਨਦਾਰੀ ਨਾਲ ਨਿਭਾਇਆ। ਇਸ ਮੌਕੇ ਤੇ ਆਗੂ ਚਰਨਜੀਤ ਸਿੰਘ ਹੁਸ਼ਿਆਰਪੁਰ, ਅਰਵਿੰਦ ਪਠਾਣੀਆਂ, ਕਰਨਵੀਰ ਸ਼ਰਮਾ, ਪ੍ਰਦੀਪ ਕੁਮਾਰ, ਜਗਮੋਹਨ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਲੈਕਚਰਾਰ, ਲਖਵੀਰ ਸਿੰਘ, ਗੁਰਪ੍ਰੀਤ ਸਿੰਘ ਗੜਦੀਵਾਲਾ, ਸੁਖਦੇਵ ਨਸਰਾਲਾ, ਸੰਜੀਵ ਸਿੰਘ ਆਦਮਵਾਲ, ਸੰਦੀਪ ਬਾਗਪੁਰ ਆਦਿ ਵੀ ਹਾਜ਼ਰ ਸਨ।



# ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕੈਬਨਿਟ ਮੰਤਰੀ ਕਟਾਰੂਚੱਕ ਨੇ ਕਣਕ ਦਾ ਬੀਜ ਵੰਡਿਆ

ਪਠਾਨਕੋਟ, (ਦਵਿੰਦਰ ਸਿੰਘ)-ਵਿਧਾਨ ਸਭਾ ਹਲਕਾ ਭੋਆ ਦੇ ਕਸਬਾ ਤਾਰਾਗੜ੍ਹ ਵਿਖੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦੇ ਬੀਜ ਦੀ ਵੰਡ ਕੀਤੀ ਗਈ, ਜਿਸ ਸਬੰਧੀ ਖੇਤੀਬਾੜੀ ਦਫਤਰ ਤਾਰਾਗੜ੍ਹ ਵਿਖੇ ਇੱਕ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਅਤੇ ਡਾ. ਪਲਵੀ ਡਿਪਟੀ ਕਮਿਸ਼ਨਰ ਪਠਾਨਕੋਟ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਗੀਰ ਸਿੰਘ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਭੁਪਿੰਦਰ ਸਿੰਘ, ਅਰਜੁਨ ਸਿੰਘ ਖੇਤੀਬਾੜੀ ਵਿਕਾਸ ਅਫਸਰ, ਡਾ. ਪ੍ਰਿਤਪਾਲ ਸਿੰਘ ਖੇਤੀਬਾੜੀ ਅਫਸਰ, ਸੂਬੇਦਾਰ ਸੋਹਣ ਸਿੰਘ ਪਿੰਡ ਮਾਖਣਪੁਰ, ਮੰਗਾ ਰਾਮ ਸਰਪੰਚ ਮਾਖਣਪੁਰ, ਰਵੀ ਕੁਮਾਰ ਪਿੰਡ ਮਾਖਣਪੁਰ ਅਤੇ ਹੋਰ ਵੀ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਪਿਛਲੇ ਸਮੇਂ ਦੌਰਾਨ ਹੜ੍ਹਾਂ ਦੀ ਮਾਰ ਕਾਰਨ ਬਹੁਤ ਸਾਰੇ ਲੋਕਾਂ ਦਾ ਜਨਜੀਵਨ ਪ੍ਰਭਾਵਿਤ ਹੋਇਆ।ਉਨ੍ਹਾਂ ਕਿਹਾ ਕਿ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ।ਇਸ ਤੋਂ ਪਹਿਲਾਂ 5 ਕਰੋੜ 57 ਲੱਖ ਰੁਪਏ ਪਹਿਲਾਂ ਹੀ ਲੋਕਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਹੋਰ ਵੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਪ੍ਰੀਕ੍ਰਿਆ ਚਲ ਵੀ ਰਹੀ ਹੈ।ਉਨ੍ਹਾਂ ਕਿਹਾ ਕਿ 3044 ਕਵਿੰਟਲ ਬੀਜ ਜ਼ਿਲ੍ਹਾ ਪਠਾਨਕੋਟ ਲਈ ਆਇਆ ਹੈ। ਅੱਜ ਪਿੰਡ ਮਾਖਣਪੁਰ ਦੇ ਕਰੀਬ 70 ਕਿਸਾਨਾਂ ਨੂੰ ਕਣਕ ਦੇ ਬੀਜ ਦੀ ਵੰਡ ਕੀਤੀ ਗਈ ਹੈ। ਇਸ ਮੌਕੇ ਡਾ. ਪੱਲਵੀ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੀਆਂ ਫਸਲਾਂ ਹੜ੍ਹਾਂ ਦੀ ਮਾਰ ਹੇਠ ਆਈਆਂ ਸਨ ਉਨ੍ਹਾਂ ਨੂੰ ਮੁਆਵਜ਼ਾ ਵੰਡਣ ਦੀ ਪ੍ਰੀਕ੍ਰਿਆ ਜਾਰੀ ਹੈ। ਲੋਕਾਂ ਦਾ ਮੁਆਵਜ਼ਾ ਜਲਦੀ ਲੋਕਾਂ ਤੱਕ ਪਹੁੰਚੇ ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ।



# ਆਸ਼ਾ ਵਰਕਰ ਤੇ ਫੈਸਿਲੀਟੇਟਰਜ਼ ਯੂਨੀਅਨ ਵੱਲੋਂ 'ਆਪ' ਦੇ ਦਫ਼ਤਰ ਦਾ ਘਿਰਾਓ ਮੁਲਤਵੀ

ਪੱਟੀ (ਬਲਦੇਵ ਸਿੰਘ ਸੰਧੂ)-ਆਲ ਇੰਡੀਆ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰਜ਼ ਯੂਨੀਅਨ ਪੰਜਾਬ ਗਰੁੱਪ ਏਟਕ ਦੀ ਆਨਲਾਈਨ ਮੀਟਿੰਗ ਹੋਈ ਜਿਸ 'ਚ ਪੰਜਾਬ ਭਰ ਦੀਆਂ ਸੈਂਕੜੇ ਵਰਕਰਾਂ ਨੂੰ ਦੱਸਿਆ ਕਿ ਤਰਨਤਾਰਨ ਵਿਖੇ ਆਪ ਦੇ ਦਫ਼ਤਰ ਵਿਖੇ ਕੀਤੇ ਜਾਣ ਵਾਲੇ ਘਿਰਾਓ ਨੂੰ ਮੁਲਤਵੀ ਕੀਤਾ ਗਿਆ .ਆਮ ਆਦਮੀ ਪਾਰਟੀ ਦੇ ਦਫ਼ਤਰ ਅੱਗੇ ਆਪਣੀਆਂ ਲਮਕ ਅਵਸਥਾ ਵਿੱਚ ਹੱਕੀ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਉਲੀਕਿਆ ਗਿਆ ਸੀ।ਇਸ ਸਬੰਧੀ ਲਗਾਤਾਰ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਦੀ ਪੰਜਾਬ ਸਰਕਾਰ ਨਾਲ ਗੱਲਬਾਤ ਰਾਹੀਂ ਆਗੂਆਂ ਨੂੰ ਸਿਹਤ ਮੰਤਰੀ ਪੰਜਾਬ ਨਾਲ ਪੰਜਾਬ ਸਿਵਲ ਸਕੱਤਰੇਤ ਵਿਖੇ ਮੀਟਿੰਗ ਦਾ ਸਮਾਂ ਤਹਿ ਕੀਤਾ ਗਿਆ।ਮੀਟਿੰਗ ਤੱਕ ਰੋਸ ਪ੍ਰਦਰਸ਼ਨ ਮੁਲਤਵੀ ਕੀਤਾ ਜਾਂਦਾ ਹੈ।ਜੇਕਰ ਸਰਕਾਰ ਮੰਗਾਂ ਦੀ ਤਹਿ ਤੱਕ ਨਹੀਂ ਜਾਵੇਗੀ ਤਾਂ ਰੋਸ ਪ੍ਰਦਰਸ਼ਨ ਮੁੜ ਤੋਂ ਤਿੱਖਾ ਕੀਤਾ ਜਾਵੇਗਾ।

ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ, ਮੀਤ ਪ੍ਰਧਾਨ ਸਰਬਜੀਤ ਕੌਰ, ਵੀਰਪਾਲ ਕੌਰ ਸੈਕਟਰੀ, ਜ਼ਿਲ੍ਹਾ ਖਜ਼ਾਨਚੀ ਰਾਜਵਿੰਦਰ ਕੌਰ, ਅਮਨਦੀਪ ਕੌਰ ਬਲਾਕ ਪ੍ਰਧਾਨ, ਰਾਜਬੀਰ ਕੌਰ ਵਾਈਸ ਚੇਅਰਮੈਨ, ਕੁਲਵੰਤ ਕੌਰ ਪ੍ਰਧਾਨ, ਬਲਾਕ ਪ੍ਰਧਾਨ ਗੁਰਵੰਤ ਕੌਰ ਝਬਾਲ ਆਦਿ ਹਾਜ਼ਰ ਸਨ।



# ਨਾਟਕ 'ਸਾਂਦਲ ਬਾਰ' ਦੇ ਸਫਲ ਮੰਚਨ ਦਾ ਸਰੋਤਿਆਂ ਨੇ ਅਨੰਦ ਮਾਣਿਆ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਅੰਤਰਰਾਸ਼ਟਰੀ ਸੰਸਥਾ ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਦੇ ਸਹਿਯੋਗ ਨਾਲ ਡਾ. ਹਰਜੀਤ ਸਿੰਘ ਲਿਖਿਆ ਅਤੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਪੰਜਾਬੀ ਨਾਟਕ 'ਸਾਂਦਲ ਬਾਰ' ਦਾ ਮੰਚਨ ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਕੀਤਾ ਗਿਆ।ਇਹ ਨਾਟਕ ਪਿਛਲੀ ਦਿਨੀਂ ਵਿਛੜ ਚੁੱਕੇ ਪ੍ਰਸਿੱਧ ਰੰਗਕਰਮੀ ਸ੍ਰ. ਇੰਦਰਜੀਤ ਸਹਾਰਨ ਨੂੰ ਸਮਰਪਿਤ ਕੀਤਾ।ਇਹ ਨਾਟਕ ਪੰਜਾਬ ਦੇ ਇੱਕ ਖੇਤਰ, ਸਾਂਦਲ ਬਾਰ ਦਾ ਨਾਮ 16ਵੀਂ ਸਦੀ ਦੇ ਪੰਜਾਬੀ ਲੋਕ ਨਾਇਕ ਦੁੱਲਾ ਭੱਟੀ ਦੇ ਦਾਦਾ, ਸਾਂਦਲ ਦੇ ਨਾਮ 'ਤੇ ਰੱਖਿਆ ਗਿਆ ਹੈ।ਦੁੱਲਾ ਭੱਟੀ ਮੁੱਗਲ ਸਾਮਰਾਜ ਦੇ ਵਿਰੁੱਧ ਬਗ਼ਾਵਤ ਦੀ ਅਗਵਾਈ ਕਰਨ ਲਈ ਮਸ਼ਹੂਰ ਹੈ, ਖਾਸ ਕਰਕੇ ਅਕਬਰ ਦੇ ਰਾਜ ਦੌਰਾਨ।ਦੁੱਲਾ ਭੱਟੀ ਦੀ ਬਗਾਵਤ ਇਸ ਖੇਤਰ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜੋ ਦਮਨਕਾਰੀ ਸ਼ਾਸਨ ਦੇ ਵਿਰੁੱਧ ਵਿਰੋਧ ਦਾ ਪ੍ਰਤੀਕ ਹੈ।ਦੁੱਲਾ ਭੱਟੀ ਦੀ ਕਹਾਣੀ ਰਵਾਇਤੀ ਤੌਰ 'ਤੇ ਲੋਹੜੀ ਦੇ ਤਿਉਹਾਰ ਦੌਰਾਨ ਮਨਾਈ ਜਾਂਦੀ ਹੈ, ਖਾਸ ਕਰਕੇ ਦੋ ਕੁੜੀਆਂ, ਸੁੰਦਰੀ ਅਤੇ ਮੁੰਦਰੀ ਨੂੰ ਮੁਗਲਾਂ ਦੀ ਕੈਦ ਤੋਂ ਛੁਡਾਉਣ ਦੇ ਉਸਦੇ ਕੰਮ ਨੂੰ।ਸਾਂਦਲ ਬਾਰ ਇਤਿਹਾਸਕ ਤੌਰ 'ਤੇ ਇੱਕ ਅਜਿਹਾ ਖੇਤਰ ਰਿਹਾ ਹੈ ਜਿੱਥੇ ਸਾਂਝਾ ਸੱਭਿਆਚਾਰ ਅਤੇ ਭਾਸ਼ਾ ਵਾਲੇ ਵੱਖ-ਵੱਖ ਪੰਜਾਬੀ ਕਬੀਲੇ ਇਕੱਠੇ ਰਹਿੰਦੇ ਸਨ।ਇਹ ਖੇਤਰ 19ਵੀਂ ਸਦੀ ਦੇ ਅਖੀਰ ਤੱਕ ਘੱਟ ਆਬਾਦੀ ਵਾਲਾ ਸੀ ਜਦੋਂ ਇਸਨੂੰ ਚਨਾਬ ਕਲੋਨੀ ਦੀ ਸਥਾਪਨਾ ਤੋਂ ਬਾਅਦ ਸਿੰਚਾਈ ਅਧੀਨ ਲਿਆਂਦਾ ਗਿਆ ਸੀ।ਸਾਂਦਲ ਬਾਰ, ਜਿਸਨੂੰ ਜੰਗਲ ਬਾਰ ਵੀ ਕਿਹਾ ਜਾਂਦਾ ਹੈ, ਲਹਿੰਦੇ ਪੰਜਾਬ, ਪਾਕਿਸਤਾਨ ਵਿੱਚ ਇੱਕ ਇਤਿਹਾਸਕ ਖੇਤਰ ਹੈ, ਜੋ ਰਾਵੀ ਅਤੇ ਚਨਾਬ ਦਰਿਆਵਾਂ ਦੇ ਵਿਚਕਾਰ ਸਥਿਤ ਹੈ, ਜੋ ਰਚਨਾ ਦੁਆਬ ਦੇ ਦੱਖਣੀ ਹਿੱਸੇ ਨੂੰ ਬਣਾਉਂਦਾ ਹੈ।ਇਹ ਮੋਟੇ ਤੌਰ 'ਤੇ ਮੌਜੂਦਾ ਜ਼ਿਲ੍ਹਿਆਂ ਫੈਸਲਾਬਾਦ, ਝੰਗ, ਟੋਬਾ ਟੇਕ ਸਿੰਘ ਅਤੇ ਚਿਨਿਓਟ ਨਾਲ ਮੇਲ ਖਾਂਦਾ ਹੈ।ਸਥਾਨਕ ਭਾਸ਼ਾ ਵਿੱਚ ਬਾਰ ਸ਼ਬਦ ਇੱਕ ਜੰਗਲੀ ਖੇਤਰ ਨੂੰ ਦਰਸਾਉਂਦਾ ਹੈ ਜਿਸ ਵਿੱਚ ਖੇਤੀ ਲਈ ਸੀਮਤ ਸਰੋਤ ਹਨ।ਇਸ ਨਾਟਕ ਵਿੱਚ ਸਾਜਨ ਕੋਹਿਨੂਰ, ਗੁਰਦਿੱਤ ਸਿੰਘ, ਹਰਪ੍ਰੀਤ ਸਿੰਘ, ਨਿਸ਼ਾਨ ਸਿੰਘ, ਜਸਵੀਨ ਕੌਰ, ਹਰਸ਼ਿਤਾ, ਅਕਾਸ਼, ਸ਼ਿਵਮ, ਰਾਜਾ, ਜੁਝਾਰ ਸਿੰਘ, ਗੁਰਲੀਨ ਕੌਰ, ਜੋਏ ਸ਼ਰਮਾ, ਚਿਮਨ ਜੀਰਾ ਆਦਿ ਕਲਾਕਾਰਾਂ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ।ਨਾਟਕ ਦਾ ਗੀਤ ਤੇ ਸੰਗੀਤ ਕੁਸ਼ਾਗਰ ਕਾਲੀਆ ਅਤੇ ਯੁਵਨੀਸ਼ ਨਾਇਕ ਵੱਲੋਂ ਦਿੱਤਾ ਗਿਆ।ਰੋਸ਼ਨੀ ਪ੍ਰਭਾਵ ਗੋਬਿੰਦ ਕੁਮਾਰ ਵੱਲੋਂ ਦਿੱਤਾ ਗਿਆ।



# ਰਾਹਗੀਰਾਂ ਨੂੰ ਲੁੱਟਣ ਵਾਲੇ ਤਿੰਨ ਮੁਲਜ਼ਮ ਕਾਬੂ

ਛੇਹਰਟਾ, (ਮਨੋਜ ਕੁਮਾਰ)-ਥਾਣਾ ਕੰਟੋਨਮੈਂਟ ਦੀ ਪੁਲਸ ਨੇ ਰਾਹਗੀਰਾਂ ਨੂੰ ਲੁੱਟਣ ਵਾਲੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਏਡੀਸੀਪੀ ਸਿਟੀ-2 ਸਿਰੀਵੇਨੇਲਾ ਨੇ ਇਸ ਸਬੰਧੀ ਪ੍ਰੈੱਸ ਕਾਨਫਰੰਸ ਵਿਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਥਾਣਾ ਕੰਟੋਨਮੈਂਟ ਵਿਚ 26 ਅਕਤੂਬਰ ਨੂੰ ਦਰਜ ਕਰਵਾਏ ਬਿਆਨਾਂ ਵਿਚ ਸਰਵੇਸ਼ ਕੁਮਾਰ ਵਾਸੀ ਸ੍ਰੀ ਗੰਗਾ ਨਗਰ ਰਾਜਸਥਾਨ ਹਾਲ ਵਾਸੀ ਕਿਰਾਏਦਾਰ ਗਰੀਨ ਸਿਟੀ, ਪਲਾਹ ਸਾਹਿਬ ਰੋਡ, ਅੰਮ੍ਰਿਤਸਰ ਨੇ ਦੱਸਿਆ ਸੀ ਕਿ ਉਸ ਦੇ ਪਰਿਵਾਰ ਪਾਸੋਂ ਅਣਪਛਾਤੇ ਨੌਜਵਾਨਾਂ ਨੇ ਗਹਿਣੇ, ਨਕਦੀ ਤੇ ਮੋਬਾਇਲ ਫੋਨ, ਦਾਤਰ ਦੀ ਨੋਕ 'ਤੇ ਲੁੱਟ ਲਏ ਸਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਤਫ਼ਤੀਸ਼ ਦੌਰਾਨ ਥਾਣਾ ਕੰਟੋਨਮੈਂਟ ਦੇ ਐੱਸਐੱਚਓ ਇੰਸਪੈਕਟਰ ਐੱਸਆਈ ਜਤਿੰਦਰ ਸਿੰਘ ਦੀ ਨਿਗਰਾਨੀ ਹੇਠ ਏਐੱਸਆਈ ਦਿਲਬਾਗ ਸਿੰਘ ਵੱਲੋਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ 30 ਅਕਤੂਬਰ ਨੂੰ ਲੁੱਟ ਕਰਨ ਵਾਲੇ ਮੁਲਜ਼ਮਾਂ ਰਣਜੀਤ ਸਿੰਘ ਉਰਫ਼ ਰਾਣਾ ਉਰਫ਼ ਫੌਜੀ ਵਾਸੀ ਗਲੀ ਨੰਬਰ 2, ਨਜ਼ਦੀਕ ਬਾਬਾ ਜੀਵਨ ਸਿੰਘ ਗੁਰਦੁਆਰਾ ਰਾਜਿੰਦਰ ਨਗਰ ਜੀ. ਟੀ. ਰੋਡ ਥਾਣਾ ਮਕਬੂਲਪੁਰਾ, ਪਲਵਿੰਦਰ ਸਿੰਘ ਉਰਫ਼ ਭਿੰਦਾ ਉਰਫ਼ ਮੋਟਾ ਵਾਸੀ ਸ਼ਹੀਦ ਊਧਮ ਸਿੰਘ ਨਗਰ ਹਾਲ ਵਾਸੀ ਕਿਰਾਏਦਾਰ ਬੈਕ ਸਾਈਡ ਰਜਿੰਦਰਾ ਸਕੂਲ ਸੁਲਤਾਨਵਿੰਡ ਅਤੇ ਮਲਕੀਤ ਸਿੰਘ ਵਾਸੀ ਪਿੰਡ ਇਬਨ ਕਲਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਕੋਲੋਂ ਵਾਰਦਾਤ ਸਮੇਂ ਵਰਤਿਆ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ। ਮੁਲਜ਼ਮ ਰਣਜੀਤ ਸਿੰਘ ਉਰਫ਼ ਰਾਣਾ ਉਰਫ਼ ਫੌਜੀ ਪਾਸੋਂ ਲੁੱਟੇ ਸੋਨੇ ਦੇ ਗਹਿਣੇ, ਜਿਨ੍ਹਾਂ ਵਿਚ ਸੋਨੇ ਦੀ ਚੇਨ, ਸੋਨੇ ਦੀ ਇਕ ਜੋੜੀ ਟਾਪਸ, ਸੋਨੇ ਦੀ ਮੁੰਦਰੀ, ਚਾਂਦੀ ਦੀ ਮੁੰਦਰੀ ਬਾਰਮਦ ਕੀਤੀ ਗਈ। ਲੁੱਟਿਆ ਹੋਇਆ ਮੋਬਾਈਲ ਫੋਨ ਇਨ੍ਹਾਂ ਪਾਸੋਂ ਬਰਾਮਦ ਕਰਨਾ ਅਜੇ ਬਾਕੀ ਹੈ। ਏਡੀਸੀਪੀ ਸਿਟੀ-2 ਨੇ ਦੱਸਿਆ ਕਿ ਮੁਲਜ਼ਮ ਜਤਿੰਦਰ ਫ਼ੌਜੀ ਵਿਰੁੱਧ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿਚ ਸੱਤ ਮਾਮਲੇ ਤੇ ਪਲਵਿੰਦਰ ਸਿੰਘ ਭਿੰਦਾ ਉਰਫ਼ ਮੋਟਾ ਵਿਰੁੱਧ ਇਕ ਮਾਮਲਾ ਦਰਜ ਹੈ।



# ਅੱਜ ਪੰਜਾਬ ਨੂੰ ਸੰਭਾਲਣ ਦੀ ਲੋੜ : ਕਰੀਮਪੁਰੀ

ਹੁਸ਼ਿਆਰਪੁਰ : (ਓਮ ਪ੍ਰਕਾਸ਼ ਰਾਣਾ)- ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਸਲਾਨਾ ਜੋੜ ਮੇਲਾ ਗੁਰਦੁਆਰਾ ਸ਼ਹੀਦਾਂ ਜਸੋਵਾਲ ਵਿਖੇ ਪਹੁੰਚ ਕੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸੰਗਤਾਂ ਨਾਲ ਪੰਜਾਬ ਸੰਭਾਲੋ ਮੁਹਿੰਮ ਬਾਰੇ ਚਰਚਾ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਸੰਤ ਚਰਨਜੀਤ ਸਿੰਘ ਜੱਸੋਵਾਲ ਅਤੇ ਹੋਰ ਆਏ ਹੋਏ ਸੰਤਾਂ ਮਹਾਂਪੁਰਖਾਂ ਅਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ ਗਿਆ ਅਤੇ ਕੇਂਦਰ ਦੀ ਸਰਕਾਰ ਅਤੇ ਭਾਜਪਾ ਦੀਆਂ ਸਰਕਾਰਾਂ ਵੱਲੋਂ ਧਰਮ ਪਰਿਵਰਤਨ ਵਰਗੇ ਖਤਰਨਾਕ ਪਾਸ ਕੀਤੇ ਜਾ ਰਹੇ ਕਾਨੂੰਨਾਂ 'ਤੇ ਚਿੰਤਾ ਜਾਹਰ ਕੀਤੀ। ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫੀ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੰਜਾਬ ਸੰਭਾਲੋ ਮੁਹਿੰਮ ਨੂੰ ਆਸ਼ੀਰਵਾਦ ਦੇਣ ਲਈ ਬੇਨਤੀ ਕੀਤੀ।



# ਡਰੱਗ ਨਾ ਵੇਚਣ 'ਤੇ ਪਤੀ ਤੇ ਸੱਸ ਵੱਲੋਂ ਪੀੜਤਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ

ਮੋਹਾਲੀ (ਗੁਰਜੀਤ ਬਿੱਲਾ)- ਇਕ ਲੜਕੀ ਦੀ ਇਤਰਾਜ਼ਯੋਗ ਅਸ਼ਲੀ ਵਾਇਰਲ ਵੀਡੀਓ ਉਤੇ ਪੁਲਸ ਵੱਲੋਂ ਕਾਰਵਾਈ ਨਾ ਕਰਨਾ ਸ਼ੱਕ ਦੇ ਘੇਰੇ ਵਿਚ ਹੈ। ਅੰਮ੍ਰਿਤਸਰ ਜ਼ਿਲ੍ਹੇ ਦੀ ਇਕ ਫਿਲਮੀ ਮਾਡਲ ਲੜਕੀ ਨੇ ਆਪਣੇ ਪਤੀ ਅਤੇ ਸੱਸ ਉਤੇ ਸੰਗੀਨ ਦੋਸ਼ ਲਾਏ ਹਨ ਅਤੇ ਜਿਸ ਬਾਬਤ ਮੁਹਾਲੀ ਪੁਲਸ ਵੱਲੋਂ ਪਰਚਾ ਵੀ ਦਰਜ ਕੀਤਾ ਜਾ ਚੁੱਕਾ ਹੈ ਪਰ ਪਰਚੇ ਵਿਚ ਨਾ ਤਾਂ ਬਣਦੀਆਂ ਧਾਰਾਵਾਂ ਲਗਾਈਆਂ ਹਨ ਅਤੇ ਨਾ ਹੀ ਪੀੜਤਾ ਨੂੰ ਇਨਸਾਫ ਦੀ ਕੋਈ ਉਮੀਦ ਦਿਖਾਈ ਦੇ ਰਹੀ ਹੈ।ਮੁਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਵਿੱਥਿਆ ਸੁਣਾਉਂਦਿਆਂ ਪੇਸ਼ੇ ਵਜੋਂ ਮਾਡਲ ਲੜਕੀ ਨੇ ਦੱਸਿਆ ਕਿ ਉਸ ਦੀ ਇੰਸਟਾਗ੍ਰਾਮ ਉਪਰ ਇਕ ਵਿਅਕਤੀ ਨਾਲ ਜਾਣ-ਪਹਿਚਾਣ ਹੋਈ ਸੀ, ਜੋ ਕਿ ਬਾਅਦ ਵਿਚ ਵਿਆਹ ਬੰਧਨ ਵਿਚ ਬਦਲ ਗਈ। ਪਰੰਤੂ ਵਿਆਹ ਤੋਂ ਬਾਅਦ ਪੀੜਤਾ ਦੇ ਦੱਸਣ ਮੁਤਾਬਕ ਉਸ ਦੀ ਸੱਸ ਵੱਲੋਂ ਉਸ ਨੂੰ ਡਰੱਗ ਵੇਚਣ ਲਈ ਮਜਬੂਰ ਕੀਤਾ ਜਾਂਦਾ ਸੀ, ਕਿਉਂਕਿ ਉਸ ਦੀ ਇਕ ਨਣਦ ਜੇਲ੍ਹ ਵਿਚ ਬੰਦ ਸੀ ਅਤੇ ਉਸ ਨੂੰ ਰਿਹਾਅ ਕਰਵਾਉਣ ਲਈ ਪੈਸਿਆਂ ਦੀ ਲੋੜ ਸੀ। ਇਨਕਾਰ ਕਰਨ ਉਤੇ ਪੀੜਤਾ ਨੂੰ ਪਤਾ ਲਗਦਾ ਹੈ ਕਿ ਸੋਸ਼ਲ ਮੀਡੀਆ ਉਪਰ ਉਸ ਦੀ ਇਕ ਨਿਊਡ ਵੀਡੀਓ ਵਾਇਰਲ ਹੋ ਰਹੀ ਹੈ, ਜੋ ਕਿ ਪੰਜਾਬ ਭਰ ਵਿਚ ਫੈਲ ਵੀ ਚੁੱਕੀ ਹੈ। ਆਪਣੇ ਪਤੀ ਅਤੇ ਉਸ ਦੇ ਸਾਥੀਆਂ ਉਤੇ ਦੋਸ਼ ਲਗਾਉਂਦਿਆਂ ਕਿਹਾ ਕਿ ਉਸ ਨੂੰ ਨਸ਼ੀਲਾ ਪਦਾਰਥ ਪਿਲਾ ਕੇ, ਉਸ ਦੀ ਸਹਿਮਤੀ ਤੋਂ ਬਿਨਾਂ ਅਸ਼ਲੀਲ ਵੀਡੀਓ ਬਣਾਈ ਗਈ ਅਤੇ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤੀ ਗਈ ਤਾਂ ਕਿ ਪੰਜਾਬ ਭਰ ਵਿਚ ਉਸ ਦੀ ਰੱਜ ਕੇ ਬਦਨਾਮੀ ਹੋ ਸਕੇ ਅਤੇ ਉਹ ਸਮਾਜ ਵਿਚ ਕਿਸੇ ਨੂੰ ਮੂੰਹ ਦਿਖਾਉਣ ਦਾ ਕਾਬਲ ਨਾ ਰਹੇ। ਪੀੜਤ ਮਹਿਲਾ ਨੇ ਦੱਸਿਆ ਕਿ ਇਸ ਮਾਮਲੇ ਤਹਿਤ ਸਿਟੀ ਥਾਣਾ ਖਰੜ ਵਿਖੇ ਐਫ ਆਈ ਆਰ ਦਰਜ ਕੀਤੀ ਗਈ ਹੈ ਪਰ ਇਸ ਤੋਂ ਬਾਅਦ ਉਸ ਦੀ ਮੁਸ਼ਕਿਲ ਵਧਦੀ ਰਹੀ। ਪੀੜਤਾ ਨੇ ਇਸਦੇ ਬਾਵਜੂਦ ਪੁਲਸ ਉਤੇ ਆਪਣੇ ਪਤੀ ਤੇ ਸੱਸ ਵਿਰੁੱਧ ਕੋਈ ਕਾਰਵਾਈ ਨਾ ਕਰਨ ਅਤੇ ਮਿਲੀਭੁਗਤ ਦਾ ਦੋਸ਼ ਲਗਾਇਆ ਹੈ। ਪੀੜਤਾ ਨੇ ਦੱਸਿਆ ਕਿ ਉਸ ਵੱਲੋਂ ਡੀ ਐਸ ਪੀ ਖਰੜ ਨੂੰ ਵੀ ਸ਼ਿਕਾਇਤ ਕੀਤੀ ਗਈ ਪਰ ਕੋਈ ਸੁਣਵਾਈ ਨਹੀਂ ਹੋਈ। ਪੀੜਤ ਮਹਿਲਾ ਨੇ ਦੋਸ਼ ਲਗਾਉਂਦਿਆਂ ਦਾਅਵਾ ਕੀਤਾ ਕਿ ਉਸ ਨਾਲ ਵਾਰ ਵਾਰ ਬਲਾਤਕਾਰ ਕੀਤਾ ਗਿਆ, ਪਰ ਪੁਲਸ ਵੱਲੋਂ ਕਥਿਤ ਤੌਰ ਉਤੇ ਦੋਸ਼ੀਆਂ ਖਿਲਾਫ ਬਣਦੀਆਂ ਧਾਰਾਵਾਂ ਤਹਿਤ ਕਾਰਵਾਈ ਨਹੀਂ ਕੀਤੀ ਜਾ ਰਹੀ।ਆਖਰ ਵਿਚ ਪੀੜਤ ਮਹਿਲਾ ਨੇ ਮੁੱਖ ਮੰਤਰੀ ਪੰਜਾਬ ਅਤੇ ਡੀ ਜੀ ਪੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਦੋਸ਼ੀ ਖਿਲਾਫ਼ ਬਣਦੀਆਂ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇ। ਨਾਲ ਹੀ ਲੜਕੀ ਨੇ ਕਿਹਾ ਕਿ ਉਸਦੀ ਵੀਡੀਓ ਵਾਇਰਲ ਕਰਨ ਵਾਲਿਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਦੀ ਜਾਂਚ ਕੀਤੀ ਜਾਵੇ ਅਤੇ ਜ਼ਿੰਮੇਵਾਰ ਵਿਅਕਤੀਆਂ ਉਤੇ ਕਾਰਵਾਈ ਕਰਨ ਦੇ ਨਾਲ ਨਾਲ ਉਹਨਾਂ ਦੇ ਸੋਸ਼ਲ ਅਕਾਊਂਟ ਵੀ ਬੰਦ ਕੀਤੇ ਜਾਣ। ਇਸੇ ਦੌਰਾਨ ਪੀੜਤਾ ਨੇ ਵੂਮੈਨ ਸੈੱਲ ਮੁਹਾਲੀ ਦਾ ਘਿਰਾਓ ਕਰਨ ਦੀ ਵੀ ਚਿਤਾਵਨੀ ਦਿੱਤੀ ਹੈ।



# ਜੀ ਟੀ ਬੀ ਇੰਟਰਨੈਸ਼ਨਲ ਸਕੂਲ ਵੱਲੋਂ ਧਾਰਮਿਕ ਪ੍ਰੀਖਿਆ 'ਚ ਮੈਡਲ ਤੇ ਸਰਟੀਫਿਕੇਟ ਹਾਸਲ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ ਟੀ ਬੀ ਆਈ) ਸਕੂਲ ਕਲਿਆਣਪੁਰ ਦੇ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆ ਵਿੱਚ ਮੈਡਲ ਅਤੇ ਸਰਟੀਫਿਕੇਟ ਹਾਸਲ ਕੀਤੇ ਹਨ। ਇਸ ਸਬੰਧੀ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ, ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਤੇ ਡਾ. ਕ੍ਰਿਤਇੰਦਰ ਕੌਰ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਲਏ ਗਏ ਨੈਤਿਕ ਸਿੱਖਿਆ ਦਾ ਇਮਤਿਹਾਨ ਵਿੱਚ ਉਨ੍ਹਾਂ ਦੇ ਸਕੂਲ ਦੇ 108 ਬੱਚਿਆਂ ਨੇ ਭਾਗ ਲਿਆ। ਇਸ ਧਾਰਮਿਕ ਪ੍ਰੀਖਿਆ ਵਿੱਚੋਂ ਸਕੂਲ ਦੇ 3 ਬੱਚਿਆਂ ਸਰਗੁਨ ਕੌਰ, ਯਾਦਲੀਨ ਕੌਰ ਤੇ ਹਰਸ਼ਰਨ ਕੌਰ) ਨੇ ਪਹਿਲਾ ਸਥਾਨ ਹਾਸਿਲ ਕੀਤਾ, 2 ਬੱਚਿਆਂ ਅਨਮੋਲਪ੍ਰੀਤ ਸਿੰਘ ਤੇ ਦਿਵਜੋਤ ਸਿੰਘ ਦੂਸਰਾ ਸਥਾਨ ਅਤੇ 2 ਬੱਚਿਆਂ ਮਨਰਾਜ ਸਿੰਘ, ਸਰਗੁਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਨ੍ਹਾਂ ਤੋਂ ਇਲਾਵਾ ਵੀ ਬਾਕੀ ਬੱਚਿਆਂ ਨੇ ਸ਼ਾਨਦਾਰ ਕਾਰਗੁਜ਼ਾਰੀ ਕਰਕੇ ਮੈਡਲ ਪ੍ਰਾਪਤ ਕੀਤੇ। ਬੱਚਿਆਂ ਨੂੰ ਇਨਾਮ ਤਕਸੀਮ ਕਰਨ ਸਮੇਂ ਚੇਅਰਮੈਨ ਸੁਰਜੀਤ ਸਿੰਘ ਅਤੇ ਪ੍ਰਿੰਸੀਪਲ ਸੈਮੂਅਲ ਦਾਸ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਇਮਤਿਹਾਨ ਦੀ ਤਿਆਰੀ ਬੱਚਿਆਂ ਨੂੰ ਅਧਿਆਪਕਾ ਕੁਲਵਿੰਦਰ ਕੌਰ ਨੇ ਕਰਵਾਈ। ਇਸ ਮੌਕੇ ਸਮੂਹ ਸਕੂਲ ਸਟਾਫ਼ ਹਾਜ਼ਰ ਸੀ।




# ਬਘੇਲੇ ਸਿੰਘ ਵਾਲਾ ਵਿਖੇ ਆਪ ਦੇ ਹੱਕ 'ਚ ਨਿਤਰੇ ਵੱਡੀ ਗਿਣਤੀ 'ਚ ਲੋਕ

ਤਰਨਤਾਰਨ, (ਪ੍ਰਿਤਪਾਲ ਸਿੰਘ)- ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਪਿੰਡ ਬਘੇਲੇ ਸਿੰਘ ਵਾਲਾ ਝਬਾਲ ਵਿਖੇ ਇੱਕ ਲੋਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਇਸ ਮਿਲਣੀ ਦੌਰਾਨ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਆਪ ਉਮੀਦਵਾਰ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।ਇਹ ਲੋਕ ਮਿਲਣੀ ਪਿੰਡ ਦੇ ਮੋਹਤਬਾਰ ਆਗੂਆਂ ਜਤਿੰਦਰ ਸਿੰਘ ਅਤੇ ਕੁਲਦੀਪ ਸਿੰਘ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਈ ਗਈ।ਪਿੰਡ ਵਾਸੀਆਂ ਵੱਲੋਂ ਮਿਲੇ ਇਸ ਪਿਆਰ ਅਤੇ ਸਨੇਹ ਲਈ ਧੰਨਵਾਦ ਕਰਦਿਆਂ ਪਾਰਟੀ ਆਗੂਆਂ ਨੇ ਕਿਹਾ ਕਿ ਅਸੀਂ ਤਰਨਤਾਰਨ ਦੀ ਸੰਗਤ ਵੱਲੋਂ ਮਿਲੇ ਇਸ ਵਿਸ਼ਵਾਸ ਲਈ ਤਹਿ ਦਿਲੋਂ ਧੰਨਵਾਦੀ ਹਾਂ।ਪਿੰਡ ਦੇ ਲੋਕਾਂ ਨੇ ਜਿਸ ਤਰ੍ਹਾਂ ਸਾਡੀ ਜਿੱਤ ਨੂੰ ਪੱਕਾ ਕਰਨ ਲਈ ਸਮਰਥਨ ਦਿੱਤਾ ਹੈ, ਉਸਨੇ ਸਾਡੇ ਹੌਸਲੇ ਹੋਰ ਬੁਲੰਦ ਕੀਤੇ ਹਨ।

ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਖੁਸ਼ ਹਨ ਅਤੇ ਜ਼ਿਮਨੀ ਚੋਣ ਵਿੱਚ ਆਪ ਦੇ ਹੱਕ ਵਿੱਚ ਫਤਵਾ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ।




## Court Notice

(U/o 5 Rule 20 CPC)
In The Court Of
**Arun Shori**
Civil Judge (Junior Division), Amritsar
CNR No. PBAS02-004585-2023
Next Date :- 04-11-2025
Jatinder Singh
Vs.
Harpreet Singh
Cs Decl P inj
Publication Issued To: Kulwinder Kaur W/o Raghbir Singh R/o Vill. Subhanpur, Distt. Kapurthala
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 04-11-2025 at 10:00 a.m.
For details logon to https://highcourtchd.gov.in/?trs=district_notice&district=Amritsar
Civil Judge (Junior Division), Amritsar
Dated, this day of 31-10-2025

## Court Notice

In the Court of
**Ms. Shanu Goyal**
Judicial Magistrate-1st Class, Ludhiana
CNR No. PBLD03-000081-2024
Next Date :- 05-12-2025
M/S SK Finance Ltd.
Vs.
Lal Khan
Detail of offence :
Notice to : Lal Khan S/o Sukha Khan R/o Ladda 541, Tehsil Dhuri, Hassanpur, Sangrur-148034
In above titled case, the accused could not be served. It is ordered that accused should appear in person or through counsel on 05-12-2025 at 10:00 A.M.
For details logon to https://highcourtchd.gov.in/?mod=district_notice&district=mogacourt
Judicial Magistrate-1st Class, Ludhiana
Dated this day of 29-10-2025

## Court Notice

In the Court of
**Ms. Shanu Goyal**
Judicial Magistrate-1st Class, Ludhiana
CNR No. PBLD03-000038-2024
Next Date :- 05-12-2025
M/S SK Finance Ltd.
Vs.
Hardeep Singh Sidhu
Detail of offence :
Notice to : Hardeep Singh Sidhu Father : Hari Singh R/o Patti Behan Chakkar, Ludhiana, Punjab-142035 Mob. 98777-65404
In above titled case, the accused could not be served. It is ordered that accused should appear in person or through counsel on 05-12-2025 at 10:00 A.M.
For details logon to https://highcourtchd.gov.in/?mod=district_notice&district=mogacourt
Judicial Magistrate-1st Class, Ludhiana
Dated this day of 29-10-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਹਰੀਸ਼ ਕੁਮਾਰ, ਸਬ-ਰਜਿਸਟਰਾਰ, ਲੋਪੋਕੇ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ : ਦਰਖਾਸਤ ਵਾਸਤੇ ਰਜਿਸਟਰਡ ਕਰਵਾਉਣ ਅਣ-ਰਜਿਸਟਰਡ ਵਸੀਅਤ ਅਧੀਨ ਧਾਰਾ 40 ਭਾਰਤੀ ਰਜਿਸਟਰੇਸ਼ਨ ਐਕਟ 1908, ਮੁਤਵਫੀ ਰਣਜੀਤ ਸਿੰਘ ਪੁੱਤਰ ਕਿਰਪਾਲ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਭਿੱਟੇਵੱਡ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ।

ਨੋਟਿਸ ਬਨਾਮ ਆਮ ਜਨਤਾ

ਇਸ ਇਸ਼ਤਿਹਾਰ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਕਿਰਪਾਲ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਭਿੱਟੇਵੱਡ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਨੇ ਉਪਰੋਕਤ ਵਿਸ਼ੇ 'ਤੇ ਵਸੀਅਤ ਮਿਤੀ 12.07.2018, ਜੋ ਉਸ ਨੇ ਆਪਣੇ ਲੜਕਿਆਂ ਸੁਰਜੀਤ ਸਿੰਘ, ਕੁਲਰਾਜ ਸਿੰਘ ਅਤੇ ਰਣਜੀਤ ਸਿੰਘ ਆਪਣੇ ਪੋਤਰੇ ਗੁਰਮਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਪੁੱਤਰ ਕਿਰਪਾਲ ਸਿੰਘ ਪਿੰਡ ਭਿੱਟੇਵੱਡ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਹੱਕ ਵਿੱਚ ਲਿਖੀ ਸੀ, ਨੂੰ ਤਸਦੀਕ ਅਤੇ ਰਜਿਸਟਰਡ ਕਰਨ ਲਈ ਇੱਕ ਦਰਖਾਸਤ ਪੇਸ਼ ਕੀਤੀ ਹੈ। ਇਸ ਵਸੀਅਤ ਨੂੰ ਕਾਨੂੰਨੀ ਪ੍ਰਕਿਰਿਆ ਦੁਆਰਾ ਤਸਦੀਕ ਅਤੇ ਰਜਿਸਟਰਡ ਕਰਨ ਤੋਂ ਪਹਿਲਾਂ ਆਮ ਜਨਤਾ ਨੂੰ ਇਤਰਾਜ਼ ਕਰਨ ਅਤੇ ਸੁਣਨ ਦਾ ਮੌਕਾ ਦੇਣਾ ਜ਼ਰੂਰੀ ਹੈ। ਇਸ ਲਈ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਉਜਰ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕਿਸੇ ਦੇ ਇਤਰਾਜ਼ 'ਤੇ ਕੋਈ ਗੌਰ ਨਹੀਂ ਕੀਤਾ ਜਾਵੇਗਾ। ਇਹ ਇਸ਼ਤਿਹਾਰ ਅੱਜ ਮਿਤੀ 31-10-2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

(ਨੰ. 207, ਮਿਤੀ 31/10/25)    ਸਬ-ਰਜਿਸਟਰਾਰ, ਲੋਪੋਕੇ

## ਆਮ ਸੂਚਨਾ

ਮੈਂ ਮਨਿਤਪਾਲ ਸਿੰਘ, ਬ੍ਰਾਂਚ ਮੈਨੇਜਰ, ਪੰਜਾਬ ਨੈਸ਼ਨਲ ਬੈਂਕ, ਕਾਲਜ ਰੋਡ, ਪਠਾਨਕੋਟ ਬ੍ਰਾਂਚ, ਮੈਂ ਇਸ ਦੁਆਰਾ ਸੁਹਿਰਦਤਾ ਨਾਲ ਪੁਸ਼ਟੀ ਕਰਦਾ ਹਾਂ ਅਤੇ ਹੇਠ ਲਿਖੇ ਅਨੁਸਾਰ ਐਲਾਨ ਕਰਦਾ ਹਾਂ: - (1) ਕਿ ਮੈਨੂੰ ਉੱਪਰ ਦੱਸੇ ਅਨੁਸਾਰ ਤਾਇਨਾਤ ਕੀਤਾ ਗਿਆ ਹੈ। (2) ਕਿ ਯੋਗੇਸ਼ਵਰ ਸਿੰਘ ਪੁੱਤਰ ਸੁਨੀਲ ਕੁਮਾਰ ਨਿਵਾਸੀ ਮਕਾਨ ਨੰ. 119, ਪ੍ਰੇਮ ਨਗਰ, ਢਾਕੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ, ਸਾਡੇ ਬੈਂਕ ਤੋਂ ਮਾਲੀਆ ਪਿੰਡ ਦੌਲਤਪੁਰ ਐਚ.ਬੀ. ਨੰਬਰ 331, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਵਿੱਚ ਸਥਿਤ 4.25 ਮਰਲੇ ਦੀ ਜਾਇਦਾਦ/ਪਲਾਟ ਨੂੰ ਬਰਾਬਰ ਗਿਰਵੀ ਰੱਖ ਕੇ ਘਰ ਕਰਜ਼ੇ ਦੀ ਸਹੂਲਤ ਪ੍ਰਾਪਤ ਕਰਨ ਜਾ ਰਿਹਾ ਹੈ, ਜਿਸਦੀ ਮਾਲਕੀ ਵਿਕਰੀ ਡੀਡ ਮਿਤੀ 11.04.2023 ਹੈ ਜਿਸ ਵਿੱਚ ਦਸਤਾਵੇਜ਼ ਨੰ. 2023-24/44/1/120 ਹੈ ਜੋ ਕਿ ਸਬ ਰਜਿਸਟਰਾਰ, ਪਠਾਨਕੋਟ ਦੇ ਦਫ਼ਤਰ ਵਿੱਚ ਵਿਧੀਵਤ ਰਜਿਸਟਰਡ ਹੈ। (3) ਕਿ ਜਾਇਦਾਦ ਦੇ ਮਾਲਕ ਯੋਗੇਸ਼ਵਰ ਸਿੰਘ ਪੁੱਤਰ ਸੁਨੀਲ ਕੁਮਾਰ ਨੇ ਖੁਲਾਸਾ ਕੀਤਾ ਹੈ ਕਿ ਇਸ ਜਾਇਦਾਦ ਦੀ ਪਿਛਲੀ ਵਿਕਰੀ ਡੀਡ ਮਿਤੀ 24.02.2016 ਨੂੰ ਦਸਤਾਵੇਜ਼ ਨੰਬਰ 6115 ਰਾਹੀਂ ਰਜਿਸਟਰ ਕੀਤੀ ਗਈ ਸੀ, ਜੋ ਕਿ ਸ਼੍ਰੀ ਸੁਨੀਲ ਕੁਮਾਰ ਪੁੱਤਰ ਆਂਚਲ ਸਿੰਘ ਦੇ ਹੱਕ ਵਿੱਚ ਸੀ। ਉਨ੍ਹਾਂ ਦੁਆਰਾ ਗੁੰਮ ਹੋ ਗਈ ਸੀ ਅਤੇ ਉਨ੍ਹਾਂ ਦੁਆਰਾ ਪੁਲਿਸ ਯੂਨਿਟ: PSAG ਚੰਡੀਗੜ੍ਹ ਵਿੱਚ LAR ਨੰਬਰ 2025/032547 ਵਾਲੀ ਇੱਕ ਗੁੰਮ ਹੋਈ ਰਿਪੋਰਟ ਦਰਜ ਕਰਵਾਈ ਗਈ ਹੈ। ਕਿ ਉਪਰੋਕਤ ਜਾਇਦਾਦ ਦੇ ਸੰਬੰਧ ਵਿੱਚ, ਹੁਣ ਪੰਜਾਬ ਨੈਸ਼ਨਲ ਬੈਂਕ, ਬੀ/ਓ ਕਾਲਜ ਰੋਡ, ਜ਼ਿਲ੍ਹਾ ਪਠਾਨਕੋਟ ਯੋਗੇਸ਼ਵਰ ਸਿੰਘ ਪੁੱਤਰ ਸੁਨੀਲ ਕੁਮਾਰ ਨੂੰ ਉਕਤ ਜਾਇਦਾਦ ਦੇ ਬਰਾਬਰ ਗਿਰਵੀਨਾਮੇ ਵਿਰੁੱਧ ਘਰ ਕਰਜ਼ੇ ਦੀ ਸਹੂਲਤ ਦੇਣ ਜਾ ਰਿਹਾ ਹੈ। ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦੇ ਬਰਾਬਰ ਗਿਰਵੀਨਾਮੇ ਬਾਰੇ ਕੋਈ ਇਤਰਾਜ਼ ਜਾਂ ਦਿਲਚਸਪੀ ਹੈ ਜਾਂ ਉਪਰੋਕਤ ਦਸਤਾਵੇਜ਼ ਦੇ ਗੁੰਮ ਹੋਣ ਦਾ ਦੋਸ਼ ਹੈ, ਤਾਂ ਉਹ 7 ਦਿਨਾਂ ਦੇ ਅੰਦਰ ਸ਼ਾਖਾ ਪ੍ਰਬੰਧਕ ਪੀਐਨਬੀ, ਬੀ/ਓ ਕਾਲਜ ਰੋਡ, ਜ਼ਿਲ੍ਹਾ ਪਠਾਨਕੋਟ ਕੋਲ ਜਾ ਕੇ ਇਤਰਾਜ਼ ਦਰਜ ਕਰ ਸਕਦਾ ਹੈ। ਇਸ ਤੋਂ ਬਾਅਦ, ਬੈਂਕ ਉਪਰੋਕਤ ਪਿਛਲੀ ਵਿਕਰੀ ਡੀਡ ਨੂੰ ਗੁਆਚ ਜਾਣ ਅਤੇ ਕਿਸੇ ਵੀ ਬੈਂਕ, ਨਿੱਜੀ ਏਜੰਸੀ ਜਾਂ ਵਿਅਕਤੀ ਕੋਲ ਸੁਰੱਖਿਆ ਵਜੋਂ ਜਮ੍ਹਾ ਨਾ ਕੀਤੇ ਜਾਣ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਜਾਇਦਾਦ ਦੇ ਬਰਾਬਰ ਗਿਰਵੀਨਾਮੇ 'ਤੇ ਕਰਜ਼ਾ ਸਹੂਲਤ ਦੀ ਆਗਿਆ ਦੇਵੇਗਾ ਅਤੇ ਇਸ ਤੋਂ ਬਾਅਦ, ਬੈਂਕ ਬਾਅਦ ਵਿੱਚ ਕਿਸੇ ਹੋਰ ਵਿਅਕਤੀ ਦੁਆਰਾ ਉਪਰੋਕਤ ਜਾਇਦਾਦ ਦੇ ਸੰਬੰਧ ਵਿੱਚ ਇਸ ਸਬੰਧ ਵਿੱਚ ਕੋਈ ਦਾਅਵਾ / ਇਤਰਾਜ਼ ਨਹੀਂ ਮੰਨੇਗਾ।

ਐੱਸ ਡੀ/- ਮਨਿਤਪਾਲ ਸਿੰਘ (ਬ੍ਰਾਂਚ ਮੈਨੇਜਰ) ਪੰਜਾਬ ਨੈਸ਼ਨਲ ਬੈਂਕ, ਬੀ/ਓ ਕਾਲਜ ਰੋਡ, ਜ਼ਿਲ੍ਹਾ ਪਠਾਨਕੋਟ

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ, ਸੁਰਜੀਤ ਕੌਰ ਪਤਨੀ ਸਾਧੂ ਸਿੰਘ ਵਾਸੀ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜਿਲਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸੁਨੀਤਾ ਰਾਣੀ ਦੇ ਦਸਵੀਂ ਅਤੇ ਬਾਰਵੀਂ ਦੇ ਬੋਰਡ ਸਰਟੀਫਿਕੇਟ ਵਿੱਚ ਮੇਰਾ ਨਾਮ ਗਲਤ ਕੁਲਵੰਤ ਕੌਰ (Kulwant Kaur) ਲਿਖਿਆ ਗਿਆ ਹੈ। ਮੇਰਾ ਸਹੀ ਨਾਮ ਸੁਰਜੀਤ ਕੌਰ (Surjit Kaur) ਹੈ।

ਮੈਂ, ਸੁਰਜੀਤ ਕੌਰ ਪਤਨੀ ਸਾਧੂ ਸਿੰਘ ਵਾਸੀ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜਿਲਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਲਵਲਜੋਤ ਕੌਰ ਦੇ ਦਸਵੀਂ ਅਤੇ ਬਾਰਵੀਂ ਦੇ ਬੋਰਡ ਸਰਟੀਫਿਕੇਟ ਵਿੱਚ ਮੇਰਾ ਨਾਮ ਗਲਤ ਕੁਲਵੰਤ ਕੌਰ (Kulwant Kaur) ਲਿਖਿਆ ਗਿਆ ਹੈ। ਮੇਰਾ ਸਹੀ ਨਾਮ ਸੁਰਜੀਤ ਕੌਰ (Surjit Kaur) ਹੈ।

## ਬੇਦਖਲੀ ਨੋਟਿਸ

ਮੈਂ, ਮੁਨੀਸ਼ ਕੁਮਾਰ ਪੁੱਤਰ ਤਿਲਕ ਰਾਜ ਵਾਸੀ ਮਕਾਨ ਨੰ.38/95 ਮੁਹੱਲਾ ਕਾਜਿਆਂ ਨਜਦੀਕ ਰਮੇਸ਼ਪੁਰੀ ਮੰਦਿਰ ਪਠਾਨਕੋਟ ਤਹਿਸੀਲ ਅਤੇ ਜਿਲ੍ਹਾ ਪਠਾਨਕੋਟ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਇਸ਼ਾਂਤ (Ishant) ਜੋਂ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਮੈਂ ਅਤੇ ਮੇਰਾ ਪਰਿਵਾਰ ਇਸਦੇ ਕਿਸੇ ਵੀ ਚੰਗੇ ਮਾੜੇ ਕੰਮ ਲਈ ਜਿੰਮੇਦਾਰ ਨਹੀਂ। ਇਸ ਨਾਲ ਲੇਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਪਵਿੱਤਰ ਸਿੰਘ ਪੁਤਰ ਜੀਤ ਸਿੰਘ ਵਾਸੀ ਪਿੰਡ ਬਿਲਗਾ ਪੱਤੀ ਨੀਲੋਵਾਲ ਤਹਿ ਫਿਲੌਰ ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਖਪ੍ਰੀਤ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਰਜੀ ਨਾਲ ਵਿਆਹ ਕਰਵਾਇਆ ਹੈ ਅਤੇ ਆਪਣੀ ਮਰਜੀ ਕਰਦੀ ਹੈ। ਇਸ ਲਈ ਮੈ ਇਸਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਨਾਲ ਜੋ ਕੋਈ ਵੀ ਲੈਣ ਦੇਣ ਕਰੇਗਾ ਉਹ ਉਸਦਾ ਖੁਦ ਜਿਮੇਵਾਰ ਹੋਵੇਗਾ ਮੇਰੀ ਜਾ ਮੇਰੇ ਪਰਿਵਾਰ ਦੀ ਕੋਈ ਜੁਮੇਵਾਰੀ ਨਹੀਂ ਹੈ। ਸੰਬੰਧੀ ਨੋਟ ਕਰਨ।

ਮੈਂ ਬਲਵੀਰ ਚੰਦ ਪੁੱਤਰ ਸਰਵਣ ਰਾਮ ਵਾਸੀ ਪਿੰਡ ਨਾਹਲ ਡਾਕ ਖਾਨਾ ਕੋਟ ਬਾਦਲ ਖਾਂ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਮੈਂ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਕੁਮਾਰ ਉਰਫ ਲਾਡੀ ਮੇਰੇ ਕਹਿਣ ਤੋਂ ਬਾਹਰ ਹੈ ਮੈਂ ਆਪਣੀ ਚੱਲ - ਅਚੱਲ ਜ਼ਾਇਦਾਦ ਤੋਂ ਜਗਦੀਪ ਕੁਮਾਰ ਉਰਫ ਲਾਡੀ ਨੂੰ ਬੇਦਾਖਿਲ ਕਰਦਾਂ ਹਾਂ ਕੋਈ ਵੀ ਵਿਅਕਤੀ ਇਸ ਨਾਲ ਲੇਣ ਦੇਣ ਕਰੇਗਾ, ਉਹ ਖੁੱਦ ਜੁਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਚੈਨਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਸਰਪ੍ਰੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਲਕੀਤ ਕੌਰ ਪਤਨੀ ਮੰਦਰ ਸਿੰਘ ਵਾਸੀ ਹਾਊਸ ਨੰਬਰ 141/27 ਬਸਤੀ ਚਰਨ ਸਿੰਘ, ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ ਅਤੇ ਮੇਰੀ ਨੂੰਹ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਭੁਪਿੰਦਰ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਵਾਰਡ ਨੰ. 02, ਗੁਰੂ ਰਾਮਦਾਸ ਨਗਰ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਸਿੰਘ ਅਤੇ ਮੇਰੀ ਨੂੰਹ ਜਸਪ੍ਰੀਤ ਕੌਰ ਅਤੇ ਇਨ੍ਹਾਂ ਦੀ ਲੜਕੀ ਨਵਕਿਰਨ ਕੌਰ ਅਤੇ ਲੜਕਾ ਅਵਿਤਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੇਵਕ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਹਾਊਸ ਨੰ. 227, ਵਾਰਡ ਨੰ. 22 ਆਰਾ ਰੋਡ, ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਅਨੀਤਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀ ਜੈ ਸ਼੍ਰੀਵਾਸਤਵਾ ਪੁੱਤਰ ਸ਼੍ਰੀ ਧਰਮਵੀਰ ਅਤੇ ਇੰਦੂ ਸ਼ਰਮਾ ਪਤਨੀ ਜੈ ਸ਼੍ਰੀਵਾਸਤਵਾ ਦੋਵੇਂ ਵਾਸੀ 20-ਲੇਬਰ ਕਲੋਨੀ, ਕਿਸ਼ਨਕੋਟ ਇਸਲਾਮਾਬਾਦ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਿਸ਼ਬ ਸ਼੍ਰੀਵਾਸਤਵਾ ਅਤੇ ਉਸਦੀ ਪਤਨੀ ਸ਼ਾਇਨਾ ਸ਼ਰਮਾ ਦੋਵੇਂ ਸਾਡੇ ਕਹਿਣੇ,ਸੁਨਣੇ ਤੋਂ ਬਾਹਰ ਹਨ,ਸਾਡਾ ਕੋਈ ਆਦਰ ਨਹੀਂ ਕਰਦੇ ਅਤੇ ਸਾਡੇ ਤੋਂ ਅਲੱਗ ਰਹਿੰਦੇ ਹਨ। ਅਸੀ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਅਸੀ ਅਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

## ਬੇਦਖਲੀ ਨੋਟਿਸ

ਅਸੀਂ, ਕਮਲਜੀਤ ਕੌਰ ਪਤਨੀ ਮਲਕੀਤ ਸਿੰਘ ਅਤੇ ਮਲਕੀਤ ਸਿੰਘ ਪੁੱਤਰ ਚਾਨਣ ਸਿੰਘ, ਵਾਸੀਆਨ ਪਿੰਡ ਕੂੰਟਾ, ਡਾਕ: ਭੂੰਗਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੌਰਵ ਕੁਮਾਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਵਿੰਦਰ ਸਿੰਘ ਪੁੱਤਰ ਸ੍ਰ: ਮੂਰਤਾ ਸਿੰਘ ਪਿੰਡ ਐਮਾ ਖੁਰਦ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ।ਬਿਆਨ ਕਰਦਾ ਹਾਂ ਕਿ, ਮੇਰਾ ਲੜਕਾ ਹਰਤੇਜ ਸਿੰਘ ਅਤੇ ਮੇਰੀ ਨੂੰਹ ਹਰਪ੍ਰੀਤ ਕੌਰ ਬੁਰੀ ਸੰਗਤ ਦੇ ਸ਼ਿਕਾਰ ਹਨ। ਮੈਂ ਆਪਣੀ ਚੱਲ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ, ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਰਾਜਵਿੰਦਰ ਕੌਰ ਪਤਨੀ ਚਰਨਜੀਤ ਸਿੰਘ ਵਾਸੀ ਪਿੰਡ/ਡਾਕਖਾਨਾ ਵਡਾਲਾ ਬਾਂਗਰ, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ। ਮੇਰੇ ਦੋਵੇਂ ਲੜਕੇ ਰਾਜਵਿੰਦਰ ਸਿੰਘ ਤੇ ਪਰਮਜੀਤ ਸਿੰਘ ਪੁੱਤਰ ਸਵ. ਚਰਨਜੀਤ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੱਮੀ ਕੁਮਾਰ ਪੁੱਤਰ ਸਰਦਾਰੀ ਲਾਲ ਵਾਸੀ ਮਕਾਨ ਨੰ. 34/2, ਛੱਤੀ ਖੂਹੀ ਨੰਗਲ ਕੋਟਲੀ ਮੰਡੀ, ਗੁਰਦਾਸਪੁਰ। ਮੇਰਾ ਲੜਕਾ ਰੂਬਲ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਵਰਿੰਦਰ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਨਵਾਂ ਪਿੰਡ, ਡਾਕ. ਗੁਰਦਾਸ ਨੰਗਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਪਲਵਿੰਦਰ ਸਿੰਘ ਉਰਫ ਪਿੰਦਾ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## Change of Name

I, Gurkirat Kooner s/o Roshan Singh R/o Village Rurkee Patti Dadh Rurkee, phillaur jalandhar have changed my name from Gurkirat Singh to Gurkirat Kooner.

I, Ram Lubhaya S/O Charan Dass Sharma R/O F-7/550, (old- 49), Kashmir Avenue, Amritsar, Punjab have changed my name from Ram Lubhaya to Ram Lubhaya Sharma. Concerned note.

I, Gaurav Kumar Malkotia S/O Rajinder Kumar R/O 344, New Golden Avenue, Amritsar, Punjab have changed my name from Gaurav Kumar Malkotia to Gaurav.Concerned note.

I, Shivangi Mehra W/O Sahil Johar R/O 175/9,Street No.1, Near Puri Palace Hotel, Hussain Pura,West, Amritsar, Punjab have changed my name from Shivangi Mehra to Shivangi Johar. Concerned note.

I, Ramesh Kumar Dhir S/O Gyan Chand R/O F.G.C. Road Near Baba Binda Gurudwara,Nangli,Amritsar, Punjab have changed my name from Ramesh Kumar Dhir to Ramesh Kumar. Concerned note.

I, Rashami W/O Ramesh Kumar R/O Block Verka, Muradpura, Amritsar, Punjab have changed my name from Rashami to Rashmi Dhir. Concerned note.

I, Gurmail Singh S/o Faqir Chand R/o Village Dosanjh Kalan, Tehsil Phillaur, District Jalandhar, Punjab-144502, India have changed the name of my minor daughter from Nancy to Nancy Kaur. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਦਰਜਨਾਂ ਯੂਥ ਆਗੂ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ



ਤਰਨਤਾਰਨ : (ਪ੍ਰਿਤਪਾਲ ਸਿੰਘ)- ਆਪ ਨੂੰ ਜਿਮਨੀ ਚੋਣ ਤੋਂ ਪਹਿਲਾਂ ਤਰਨਤਾਰਨ ਵਿੱਚ ਵੱਡਾ ਹੁਲਾਰਾ ਮਿਲਿਆ ਹੈ।

ਸ਼ੁੱਕਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦਰਜਨਾਂ ਨੌਜਵਾਨ ਆਗੂ ਪਾਰਟੀ ਵਿੱਚ ਸ਼ਾਮਲ ਹੋ ਗਏ।'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਹਰਦੀਪ ਸਿੰਘ ਮੁੰਡੀਆਂ, ਚੇਅਰਮੈਨ ਹਰਚੰਦ ਸਿੰਘ ਬਰਸਟ, ਵਿਧਾਇਕ ਦਵਿੰਦਰ ਸਿੰਘ ਲਾਡੀ ਢੋਸ ਅਤੇ ਰੁਪਿੰਦਰ ਸਿੰਘ ਹੈਪੀ, ਅਤੇ ਸੀਨੀਅਰ ਪਾਰਟੀ ਨੇਤਾ ਗੁਰਦੇਵ ਸਿੰਘ ਲਾਖਨਾ ਨੇ 'ਆਪ' ਪਰਿਵਾਰ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕੀਤਾ।

ਐਮ ਸੀ ਨਰਿੰਦਰ ਸਿੰਘ ਨਾਗੀ ਅਤੇ ਵਿਜੇ ਗਿੱਲ ਨੇ ਇਸ ਸ਼ਮੂਲੀਅਤ ਵਿੱਚ ਮੁੱਖ ਭੂਮਿਕਾ ਨਿਭਾਈ।ਨਵੇਂ ਸ਼ਾਮਲ ਹੋਣ ਵਾਲਿਆਂ ਵਿੱਚ ਜਸਪ੍ਰੀਤ ਸਿੰਘ, ਗੁਰਮੇਲ ਸਿੰਘ, ਮਨਪ੍ਰੀਤ ਸਿੰਘ, ਮਨਜੋਤ ਸਿੰਘ, ਕਰਨਪ੍ਰੀਤ ਸਿੰਘ, ਸੋਨੂੰ, ਬਿੱਲੂ, ਜੈਦੀਪ ਸਿੰਘ, ਗੁਰਨਾਮ ਸਿੰਘ, ਅਮਨਦੀਪ ਸਿੰਘ, ਦਲਜੀਤ ਸਿੰਘ, ਅਵਤਾਰ ਸਿੰਘ, ਖੁਸ਼ਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਹੈਪੀ ਅਤੇ ਗੁਰਮੇਹਰ ਸਿੰਘ ਸ਼ਾਮਲ ਹਨ।ਇਸ ਮੌਕੇ ਬੋਲਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਪਾਰਟੀ ਵਿੱਚ ਕਿਸੇ ਨੂੰ ਵੀ ਕਿਸੇ ਦੇ ਸਮਰਥਨ ਜਾਂ ਸਿਫ਼ਾਰਸ਼ ਦੀ ਲੋੜ ਨਹੀਂ ਹੈ। ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵੀ ਨਵੇਂ ਮੈਂਬਰਾਂ ਦਾ ਸਵਾਗਤ ਕੀਤਾ।


## Change of Name

I,Harjot Singh S/O Joga Singh R/O VPO Khabbe Rajputan,Tehsil Baba Bakala, Distt. Amritsar, Punjab have changed my name from Harjot Singh to Harjot as my Given name and Singh as my Surname.

I, Sandya W/O Vinod Kumar R/O Bagyvali Road Near Govt. Dispencry Gumanpura, Amritsar, Punjab have changed my name from Sandya to Sandhya. Concerned note.

I, Manpreet Kaur S/o Sushil Kumar R/o V.P.O Hariana Distt. Hoshiarpur have changed my name to Munish Kumar. Concerned Note.

I, Mandeep Singh Ahluwalia S/o Gursharanjit Singh R/o B-103, New Amritsar have changed my name from Mandeep Singh Ahluwalia to Mandeep Singh

I, Sikandar Singh Rawat S/o Surinder Rawat R/o 229/B Gali No.15, New Pawan Nagar Amritsar have changed my name from Sikandar Singh Rawat to Sikander Singh Rawat.

I Jiwan Arora S/O Puran Chand R/O 138/13,Gali No.2, Daimganj, Amritsar Have Changed My Name To Jeevan Arora.


# ਐੱਸ ਡੀ ਐੱਮ ਅਜਨਾਲਾ ਦੇ ਦਫ਼ਤਰ ਅੱਗੇ ਰੋਸ ਰੈਲੀ 7 ਨੂੰ

ਛੇਹਰਟਾ, (ਮਨੋਜ ਕੁਮਾਰ)-ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਯੋਗ ਦੇਖ ਭਾਲ ਨਾ ਕਰਨ ਦੀ ਨਿਖੇਧੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੀ ਅੰਮ੍ਰਿਤਸਰ ਇਕਾਈ ਦੇ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਕਿਸਾਨ ਸਭਾ ਨੇ ਬੀਤੇ ਦਿਨੀਂ ਵੱਖ-ਵੱਖ ਪਿੰਡਾਂ ਦਾ ਸਰਵੇ ਕੀਤਾ ਹੈ। ਸਰਵੇ ਦੌਰਾਨ ਉਨ੍ਹਾਂ ਨੂੰ ਹੜ੍ਹ ਪੀੜਤਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਕਿਸੇ ਵੀ ਪ੍ਰਕਾਰ ਦੀ ਸਹਾਇਤਾ ਨਹੀਂ ਪਹੁੰਚਾਈ ਜਾ ਰਹੀ। ਸਰਕਾਰ ਵੱਲੋਂ ਅਜੇ ਤੱਕ ਨੁਕਸਾਨੇ ਘਰਾਂ ਦਾ ਸਰਵੇ ਤੇ ਖ਼ਰਾਬ ਹੋਈਆਂ ਫਸਲਾਂ ਦੀ ਗਿਰਦਾਵਰੀ ਨਹੀਂ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਤੇ ਯੋਗ ਮੁਆਵਜ਼ਾ ਦਿਵਾਉਣ ਲਈ 7 ਨਵੰਬਰ ਨੂੰ ਐੱਸਡੀਐੱਮ ਦਫ਼ਤਰ ਅਜਨਾਲ ਅੱਗੇ ਰੋਸ ਰੈਲੀ ਕੀਤੀ ਜਾਵੇਗੀ। ਇਸ ਸਬੰਧੀ ਕਿਸਾਨ ਸਭਾ ਦੀਆਂ ਵੱਖ-ਵੱਖ ਟੀਮਾਂ ਜਿਨ੍ਹਾਂ ਦੀ ਅਗਵਾਈ ਪ੍ਰਧਾਨ ਰਣਜੀਤ ਸਿੰਘ ਬੱਲ, ਜਨਰਲ ਸਕੱਤਰ ਸੁਵਿੰਦਰ ਸਿੰਘ ਮੀਰਾਂਕੋਟ ਤੇ ਵਿੱਤ ਸਕੱਤਰ ਕਵਲਜੀਤ ਕੌਰ ਐਡਵੋਕੇਟ ਵੱਲੋਂ ਕੀਤੀ ਜਾ ਰਹੀ ਹੈ, ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਲਾਮਬੰਦੀ ਕਰਕੇ ਆਮ ਲੋਕਾਂ ਨੂੰ ਰੋਸ ਰੈਲੀ ਲਈ ਤਿਆਰ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਇਸ ਸਬੰਧੀ 4 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀਸੀ ਨੂੰ ਵੀ ਮੰਗ ਪੱਤਰ ਦਿੱਤਾ ਜਾਵੇਗਾ।



# 78ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦਾ ਸ਼ਾਨਦਾਰ ਉਦਘਾਟਨ

## * ਨਿਰੰਕਾਰ ਨਾਲ ਜੁੜ ਕੇ ਹੀ ਸੰਭਵ ਹੋਵੇਗਾ ਆਤਮ ਮੰਥਨ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਆਤਮ ਮੰਥਨ ਇੱਕ ਅੰਦਰੂਨੀ ਯਾਤਰਾ ਹੈ, ਇਹ ਅਸ਼ਾਂਤ ਮਨ ਅਤੇ ਬੁੱਧੀ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ।ਇਸ ਲਈ ਆਪਣੇ ਅੰਦਰ ਅਧਿਆਤਮਿਕ ਮੰਥਨ ਦੀ ਲੋੜ ਹੁੰਦੀ ਹੈ। ਇਹ ਪ੍ਰਵਚਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 31 ਅਕਤੂਬਰ ਤੋਂ 3 ਨਵੰਬਰ ਤੱਕ ਚੱਲਣ ਵਾਲੇ 78ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਪਹਿਲੇ ਦਿਨ ਮਾਨਵਤਾ ਨੂੰ ਆਪਣਾ ਪਵਿੱਤਰ ਸੰਦੇਸ਼ ਦਿੰਦੇ ਹੋਏ ਕੀਤੇ।ਉਨ੍ਹਾਂ ਕਿਹਾ ਕਿ ਹਰ ਮਨੁੱਖ ਦੇ ਅੰਦਰ ਅਤੇ ਬਾਹਰ ਇੱਕ ਸੱਚ ਰਹਿੰਦਾ ਹੈ, ਜੋ ਸਥਿਰ ਅਤੇ ਸਦੀਵੀ ਹੈ।ਇਸ ਸੱਚ ਨੂੰ ਪਹਿਲਾਂ ਜਾਣਨਾ ਚਾਹੀਦਾ ਹੈ, ਦਰਅਸਲ, ਪਰਮਾਤਮਾ ਨੇ ਇਨਸਾਨਾਂ ਨੂੰ ਇਸ ਤਰ੍ਹਾਂ ਬਣਾਇਆ ਹੈ ਕਿ ਉਨ੍ਹਾਂ ਦੇ ਦਿਲਾਂ ਵਿੱਚ ਪਿਆਰ ਦਾ ਭਾਵ ਹੀ ਪ੍ਰਮੁੱਖ ਰਹੇ।ਪਰ ਅਗਿਆਨਤਾ ਦੇ ਕਾਰਨ ਮਨੁੱਖ ਇੱਕ ਦੂਜੇ ਨਾਲ ਨਫ਼ਰਤ ਕਰਨ ਦੇ ਕਾਰਨ ਲੱਭਦੇ ਹਨ।ਉਨ੍ਹਾਂ ਕਾਮਨਾ ਕੀਤੀ ਕਿ ਹਰ ਇਨਸਾਨ ਮਾਨਵਤਾ ਦੇ ਮਾਰਗ 'ਤੇ ਚੱਲੇ, ਆਪਣੇ ਆਪ ਨੂੰ ਅੰਦਰੋਂ ਸੁਧਾਰੇ ਤਾਂ ਜੋ ਸੁਧਾਰ ਦਾ ਦਾਇਰਾ ਵਧ ਸਕੇ ਅਤੇ ਸਾਰੇ ਸੰਸਾਰ ਵਿੱਚ ਸੁਧਾਰ ਹੋ ਸਕੇ।ਇਸ ਤਰ੍ਹਾਂ ਸੰਸਾਰ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਾ ਸਥਾਪਿਤ ਹੋ ਸਕਦਾ ਹੈ। ਸਮਾਗਮ 'ਚ ਪਹੁੰਚਣ ਤੇ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਦਾ ਸਵਾਗਤ ਸੰਤ ਨਿਰੰਕਾਰੀ ਮੰਡਲ ਦੇ ਪ੍ਰਧਾਨ ਰਾਜਕੁਮਾਰੀ ਨੇ ਕੀਤਾ ਜਦਕਿ ਨਿਰੰਕਾਰੀ ਰਾਜਪਿਤਾ ਰਮਿਤ ਦਾ ਸਵਾਗਤ ਸੰਤ ਨਿਰੰਕਾਰੀ ਮੰਡਲ ਦੇ ਸੀਨੀਅਰ ਕਾਰਜਕਾਰੀ ਮੈਂਬਰ ਅਸ਼ੋਕ ਮਨਚੰਦਾ ਨੇ ਕੀਤਾ।ਸਵਾਗਤ 'ਚ ਨਿਰੰਕਾਰੀ ਇੰਸਟੀਚਿਊਟ ਆਫ਼ ਮਿਊਜ਼ਿਕ ਆਰਟ(ਐੱਨਆਈਐੱਮਏ) ਦੇ 2500 ਤੋਂ ਵੱਧ ਵਿਦਿਆਰਥੀਆਂ ਨੇ ਭਾਰਤ ਨਾਟਿਅਮ ਅਤੇ ਇੱਕ ਸਵਾਗਤੀ ਗੀਤ ਪੇਸ਼ ਕੀਤਾ।



# ਐੱਮ ਐੱਮ ਟੀ ਸੀ ਪੈਂਪ ਵੱਲੋਂ 999.9 ਸ਼ੁੱਧ ਚਾਂਦੀ ਦਾ ਸਿੱਕਾ ਜਾਰੀ

ਅੰਮ੍ਰਿਤਸਰ : ਭਾਰਤ ਦੀ ਇਕਲੌਤੀ ਐੱਲਬੀਐੱਮਏ (ਲੰਡਨ ਬੁਲੀਅਨ ਮਾਰਕੀਟ ਐਸੋਸੀਏਸ਼ਨ) ਗੁੱਡ ਡਲਿਵਰੀ ਸੋਨੇ ਅਤੇ ਚਾਂਦੀ ਦੇ ਰਿਫਾਇਨਰ, ਐੱਮਐੱਮਟੀਸੀ-ਪੈਂਪ ਨੇ ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ 20 ਗ੍ਰਾਮ 999.9 ਸ਼ੁੱਧ ਚਾਂਦੀ ਦਾ ਸਿੱਕਾ ਜਾਰੀ ਕੀਤਾ ਹੈ। ਐੱਮਐੱਮਟੀਸੀ-ਪੈਂਪ ਨੇ 999.9 ਸ਼ੁੱਧ ਚਾਂਦੀ ਦਾ ਯਾਦਗਾਰੀ ਸਿੱਕਾ ਜਾਰੀ ਕੀਤਾ ਹੈ।ਇਸ ਮੌਕੇ ਐੱਮਐੱਮਟੀਸੀ-ਪੈਂਪ ਨੇ ਦਿੱਲੀ ਸਿੱਖ ਗੁਰੂਆਂ ਦੀ ਪ੍ਰਬੰਧਨ ਕਮੇਟੀ ਦੇ ਸਹਿਯੋਗ ਨਾਲ 350ਵੀਂ ਸ਼ਹੀਦੀ ਵਰ੍ਹੇਗੰਢ ਗੁਰੂ ਤੇਗ ਬਹਾਦਰ ਚਾਂਦੀ ਦਾ ਸਿੱਕਾ ਅਧਿਕਾਰਤ ਤੌਰ 'ਤੇ ਲਾਂਚ ਕੀਤਾ।ਇਸ ਮੌਕੇ ਡੀਐੱਸਜੀਐੱਮਸੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ; ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ; ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਮੌਜੂਦ ਸਨ।ਇਸ ਯਾਦਗਾਰੀ ਸਿੱਕੇ ਦੇ ਲਾਂਚ ਬਾਰੇ ਬੋਲਦਿਆਂ ਐੱਮਐੱਮਟੀਸੀ-ਪੈਂਪ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਸਮਿਤ ਗੁਹਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾ ਸਿਰਫ਼ ਸਿੱਖ ਵਿਰਾਸਤ ਦਾ ਪ੍ਰਤੀਕ ਹੈ, ਸਗੋਂ ਧਾਰਮਿਕ ਆਜ਼ਾਦੀ, ਮਨੁੱਖੀ ਮਾਣ ਅਤੇ ਨਿਰਸਵਾਰਥ ਕੁਰਬਾਨੀ ਦੇ ਮੁੱਲਾਂ ਦਾ ਵੀ ਪ੍ਰਤੀਕ ਹੈ।

# ਸਾਈਕੋਮੈਟ੍ਰਿਕ ਟੈਸਟ ਲਈ ਦਰਖਾਸਤਾਂ ਮੰਗੀਆਂ

**ਜਲੰਧਰ**-ਜ਼ਿਲ੍ਹਾ ਸਿੱਖਿਆ ਦਫ਼ਤਰ ਸੈਕੰਡਰੀ ਜਲੰਧਰ ਨੇ ਰਜਿਸਟਰਡ ਏਜੰਸੀਆਂ ਤੋਂ ਅਰਜ਼ੀਆਂ ਮੰਗੀਆਂ ਹਨ, ਜੋ ਸੈਸ਼ਨ 2025-26 ਦੌਰਾਨ ਜਲੰਧਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੀਆਂ ਦਸਵੀਂ ਕਲਾਸ ਦੀਆਂ ਵਿਦਿਆਰਥਣਾਂ ਲਈ ਸਾਈਕੋਮੈਟ੍ਰਿਕ ਟੈਸਟ ਕਰਵਾਉਣ ਦੀ ਇੱਛੁਕ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਗੁਰਿੰਦਰਜੀਤ ਕੌਰ ਨੇ ਕਿਹਾ ਕਿ ਟੈਸਟ ਮਾਹਰਾਂ ਦੀ ਦੇਖ-ਰੇਖ ਹੇਠ ਰਜਿਸਟਰਡ ਏਜੰਸੀਆਂ ਦੁਆਰਾ ਕਰਵਾਇਆ ਜਾਵੇਗਾ ਤਾਂ ਜੋ ਵਿਦਿਆਰਥਣਾਂ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਦੀ ਪਰਖ ਹੋ ਸਕੇ। ਰੁਚੀਸ਼ੀਲ ਏਜੰਸੀਆਂ 5 ਨਵੰਬਰ ਤੱਕ ਆਪਣਾ ਪ੍ਰਸਤਾਵ ਸਰਕਾਰੀ ਈਮੇਲ 'ਤੇ ਭੇਜ ਸਕਦੀਆਂ ਹਨ। ਇਸ ਤੋਂ ਬਾਅਦ ਆਈਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।



## 8100 ਕਿਲੋ ਲਾਹਣ ਤੇ 300 ਲੀਟਰ ਕੱਚੀ ਸ਼ਰਾਬ ਬਰਾਮਦ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਅਤੇ ਆਬਕਾਰੀ ਅਫਸਰ, ਹੁਸ਼ਿਆਰਪੁਰ-2 ਪ੍ਰੀਤ ਭੁਪਿੰਦਰ ਸਿੰਘ ਦੀ ਨਿਗਰਾਨੀ ਹੇਠ ਇਕ ਸਾਂਝੀ ਕਾਰਵਾਈ ਮੁਹਿੰਮ ਚਲਾਈ ਗਈ। ਇਹ ਕਾਰਵਾਈ ਆਬਕਾਰੀ ਟੀਮ ਹੁਸ਼ਿਆਰਪੁਰ-2 (ਪੰਜਾਬ) ਅਤੇ ਹਿਮਾਚਲ ਪ੍ਰਦੇਸ਼ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਸਾਂਝੇ ਤੌਰ 'ਤੇ ਹਾਜੀਪੁਰ ਅਤੇ ਤਲਵਾੜਾ ਸਰਕਲਾਂ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਸਰਹੱਦੀ ਪੱਟੀ ਵਿਚ ਕੀਤੀ ਗਈ। ਜ਼ਮੀਨੀ ਪੱਧਰ 'ਤੇ ਇਸ ਮੁਹਿੰਮ ਦੀ ਅਗਵਾਈ ਆਬਕਾਰੀ ਇੰਸਪੈਕਟਰ ਪਰਵਿੰਦਰ ਕੁਮਾਰ, ਆਬਕਾਰੀ ਇੰਸਪੈਕਟਰ ਅਜੇ ਕੁਮਾਰ ਅਤੇ ਐਸ.ਟੀ.ਓ ਡਮਟਾਲ (ਹਿ. ਪ੍ਰ.) ਅਰੁਣ ਕਪੂਰ ਵਲੋਂ ਕੀਤੀ ਗਈ।ਕਾਰਵਾਈ ਦੌਰਾਨ ਵੱਡੇ ਪੱਧਰ 'ਤੇ ਨਾਜਾਇਜ਼ ਸ਼ਰਾਬ ਨਿਰਮਾਣ ਨਾਲ ਸਬੰਧਤ ਸਮੱਗਰੀ ਬਰਾਮਦ ਕੀਤੀ ਗਈ, ਜਿਸ ਵਿਚ 8 ਪਲਾਸਟਿਕ ਡਰੰਮ (200 ਕਿਲੋਗ੍ਰਾਮ ਪ੍ਰਤੀ ਡਰੰਮ), 13 ਤਰਪਾਲਾਂ (ਲਗਭਗ 500 ਕਿਲੋਗ੍ਰਾਮ ਪ੍ਰਤੀ ਤਰਪਾਲ) ਸ਼ਾਮਿਲ ਹਨ। ਇਸੇ ਤਰ੍ਹਾਂ ਕੁੱਲ ਲੱਗਭਗ 8,100 ਕਿਲੋਗ੍ਰਾਮ ਲਾਹਣ ਜ਼ਬਤ ਕੀਤਾ ਗਿਆ। ਇਸ ਤੋਂ ਇਲਾਵਾ ਪਲਾਸਟਿਕ ਦੇ ਡੱਬਿਆਂ ਵਿਚ 300 ਲੀਟਰ ਕੱਚੀ ਸ਼ਰਾਬ, ਸ਼ਰਾਬ ਦੇ ਉਤਪਾਦਨ ਵਿਚ ਵਰਤੇ ਜਾਣ ਵਾਲੇ ਉਪਕਰਣਾਂ ਅਤੇ ਬਰਤਨਾਂ ਦੇ ਨਾਲ ਵੀ ਜ਼ਬਤ ਕੀਤੀ ਗਈ। ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਨੇ ਕਿਹਾ ਕਿ ਇਹ ਮੁਹਿੰਮ ਵਿਭਾਗ ਦੀ ਗੈਰ-ਕਾਨੂੰਨੀ ਸ਼ਰਾਬ ਨਿਰਮਾਣ ਅਤੇ ਤਸਕਰੀ ਵਿਰੁੱਧ ਸਖ਼ਤ ਕਾਰਵਾਈ ਦਾ ਹਿੱਸਾ ਹੈ। ਹਿਮਾਚਲ ਪ੍ਰਦੇਸ਼ ਪੁਲਿਸ ਵੱਲੋਂ ਜ਼ਬਤੀ ਨਾਲ ਸਬੰਧਤ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਵਿਧਾਇਕ ਵੱਲੋਂ ਜ਼ਿਮਨੀ ਚੋਣਾਂ 'ਚ ਡੋਰ-ਟੂ-ਡੋਰ ਕੰਪੇਨ



**ਨੁਸ਼ਹਿਰਾ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਦੇ ਤਰਨਤਾਰਨ ਵਿਧਾਨ ਸਭਾ ਹਲਕਾ ਵਿੱਚ ਚੋਣ ਸਰਗਰਮੀਆਂ ਸ਼ਿਖਰਾਂ ਤੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਜੋ ਤਰਨਤਾਰਨ ਤੋਂ ਚੋਣ ਮੈਦਾਨ ਵਿੱਚ ਖੜੇ ਹਨ।ਮੀਡੀਆ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ [illegible] ਨੇ ਤਰਨਤਾਰਨ ਹਲਕੇ ਦੇ ਪਿੰਡ [illegible] ਡੋਰ ਟੂ ਡੋਰ ਮੁਹਿੰਮ ਚਲਾਉਣ ਲਈ ਪਹੁੰਚੇ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਤਰਨਤਾਰਨ ਹਲਕੇ ਵਿਚ ਲਗਾਈ ਗਈ ਡਿਊਟੀ ਸਬੰਧੀ [illegible] ਅਤੇ ਟੀਮ ਨੂੰ ਨਾਲ ਲੈਕੇ ਡੋਰ ਟੂ ਡੋਰ ਕੰਪੇਨ ਬੜੇ ਹੀ ਜੋਸ਼ੋਖ਼ਰੋਸ਼ ਨਾਲ ਘਰ ਘਰ ਜਾ ਕੇ ਚੋਣ ਪ੍ਰਚਾਰ ਆਰੰਭ ਕੀਤਾ। ਉਹਨਾਂ ਪਿੰਡਾਂ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਬਾਰੇ ਦੱਸਿਆ ਅਤੇ ਬੇਨਤੀ ਕੀਤੀ ਕਿ ਬਾਕੀ ਰਹਿੰਦੇ ਵਿਕਾਸ ਕਾਰਜ ਵੀ ਜਲਦੀ ਹੀ ਨੇਪਰੇ ਚਾੜ੍ਹੇ ਜਾਣਗੇ। ਪਿੰਡ ਵਾਸੀਆਂ ਨੇ ਖੁੱਲ੍ਹੇ ਦਿਲ ਨਾਲ ਆਮ ਆਦਮੀ ਪਾਰਟੀ ਦੀ ਟੀਮ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ।

## ਹਰਜੀਤ ਗਰੇਵਾਲ ਤੇ ਡਿਪਟੀ ਡਾਇਰੈਕਟਰ ਹਰਦੀਪ ਸਿੰਘ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੂਚਨਾ ਤੇ ਲੋਕ ਸੰਪਰਕ ਵਿਭਾਗ (ਡੀ.ਆਈ.ਪੀ.ਆਰ.), ਪੰਜਾਬ ਦੇ ਅਧਿਕਾਰੀਆਂ ਵੱਲੋਂ ਵਧੀਕ ਡਾਇਰੈਕਟਰ ਹਰਜੀਤ ਸਿੰਘ ਗਰੇਵਾਲ ਅਤੇ ਡਿਪਟੀ ਡਾਇਰੈਕਟਰ (ਆਰਟ) ਹਰਦੀਪ ਸਿੰਘ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।ਵਿਭਾਗ ਵੱਲੋਂ ਰੱਖੇ ਗਏ ਸੇਵਾਮੁਕਤੀ ਸਮਾਗਮ ਵਿੱਚ ਮੁੱਖ ਮੰਤਰੀ ਦੇ ਓ ਐਸ ਡੀ (ਮੀਡੀਆ) ਅਮਨਜੋਤ ਸਿੰਘ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਰਾਮਵੀਰ, ਡਾਇਰੈਕਟਰ ਵਿਮਲ ਸੇਤੀਆ, ਵਧੀਕ ਡਾਇਰੈਕਟਰ (ਪ੍ਰਬੰਧ) ਸੰਦੀਪ ਸਿੰਘ ਗੜ੍ਹਾ, ਵਧੀਕ ਡਾਇਰੈਕਟਰ ਰਣਦੀਪ ਸਿੰਘ ਆਹਲੂਵਾਲੀਆ, ਜੁਆਇੰਟ ਡਾਇਰੈਕਟਰ ਪ੍ਰੀਤਕੰਵਲ ਸਿੰਘ ਅਤੇ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਗੁਰਮੀਤ ਸਿੰਘ ਖਹਿਰਾ, ਸ੍ਰੀਮਤੀ ਰੁਚੀ ਕਾਲੜਾ, ਨਵਦੀਪ ਸਿੰਘ ਗਿੱਲ, ਪ੍ਰਭਦੀਪ ਸਿੰਘ ਨੱਥੋਵਾਲ ਅਤੇ ਵਿਭਾਗ ਦੇ ਪੀ.ਆਰ.ਓਜ਼ ਸਮੇਤ ਸੀਨੀਅਰ ਅਧਿਕਾਰੀ ਸ਼ਾਮਲ ਹੋਏ, ਜਿਨ੍ਹਾਂ ਨੇ ਵਿਭਾਗ ਲਈ ਦੋਵਾਂ ਅਧਿਕਾਰੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਚੇਤੇ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁੱਭ ਇੱਛਾਵਾਂ ਦਿੱਤੀਆਂ।ਵਿਭਾਗ ਵਿੱਚ 24 ਸਾਲਾਂ ਦੀ ਸ਼ਾਨਦਾਰ ਸੇਵਾ ਨਿਭਾ ਕੇ ਸੇਵਾਮੁਕਤ ਹੋਏ ਹਰਜੀਤ ਸਿੰਘ ਗਰੇਵਾਲ ਅਤੇ ਵਿਭਾਗ ਵਿੱਚ 35 ਸਾਲ ਦੇ ਸੇਵਾਕਾਲ ਨਿਭਾਉਣ ਵਾਲੇ ਹਰਦੀਪ ਸਿੰਘ ਦੀ ਉਨ੍ਹਾਂ ਦੇ ਸਮਰਪਣ, ਮਿਹਨਤ ਅਤੇ ਪ੍ਰਬੰਧਕੀ ਸੂਝ-ਬੂਝ ਲਈ ਭਰਵੀਂ ਸ਼ਲਾਘਾ ਕੀਤੀ ਗਈ ਗਰੇਵਾਲ ਅਤੇ ਹਰਦੀਪ ਸਿੰਘ ਦੇ ਡੀ ਆਈ ਪੀ ਆਰ ਵਿੱਚ ਲੰਬੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਵਿਭਾਗ ਦੇ ਸਕੱਤਰ ਰਾਮਵੀਰ ਨੇ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਦੇ ਜੀਵਨ ਅਤੇ ਚੰਗੇਰੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਦੋਵਾਂ ਅਧਿਕਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਕਾਰਜਕਾਲ ਲਈ ਵਿਭਾਗ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।



## ਐੱਲ ਪੀ ਯੂ ਦੀ ਮਹਿਲਾ ਕਬੱਡੀ ਟੀਮ ਨੇ ਸੋਨੇ ਦਾ ਤਮਗਾ ਜਿੱਤ ਕੇ ਇਤਿਹਾਸ ਰਚਿਆ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਨੇ ਖੇਡ ਮੈਦਾਨ ਵਿੱਚ ਇਤਿਹਾਸਕ ਮੰਚ ਹਾਸਲ ਕੀਤਾ, ਜਦੋਂ ਮਹਿਲਾ ਕਬੱਡੀ ਟੀਮ ਨੇ ਨੌਰਥ ਜ਼ੋਨ ਇੰਟਰਯੂਨੀਵਰਸਿਟੀ ਚੈਂਪੀਅਨਸ਼ਿਪ 2025-26 ਵਿੱਚ ਚੈਂਪੀਅਨ ਦਾ ਤਾਜ ਪਹਿਨਾਇਆ ਗਿਆ। ਸਕਿਲਸ ਅਤੇ ਟੀਮ ਵਰਕ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ, ਐੱਲ ਪੀ ਯੂ ਟੀਮ ਨੇ 47 ਪ੍ਰਤਿਭਾਗੀ ਯੂਨੀਵਰਸਿਟੀ ਨੂੰ ਹਰਾਕਰ ਚੋਟੀ ਦਾ ਸਥਾਨ ਪ੍ਰਾਪਤ ਕੀਤਾ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਲਈ ਕੁਆਲੀਫਾਈ ਕੀਤਾ। ਐੱਲ ਪੀ ਯੂ ਦੀ ਚੰਪਾ ਠਾਕੁਰ ਨੂੰ ਉਨ੍ਹਾਂ ਦੇ ਅਸਧਾਰਨ ਡਿਫੈਂਡ ਸਕਿਲਸ ਲਈ 'ਟੂਰਨਾਮੈਂਟ ਦੀ ਸਰਬੋਤਮ ਡਿਫੈਂਡਰ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।



## ਵਿਧਾਇਕ ਵੱਲੋਂ ਵੱਖ-ਵੱਖ ਪਿੰਡਾਂ ਦੀਆਂ ਸੜਕਾਂ ਦੇ ਕਾਰਜਾਂ ਦਾ ਉਦਘਾਟਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਖਰਾਬ ਹੋਈਆਂ ਸੜਕਾਂ ਦੀ ਹਾਲਤ ਸੁਧਾਰਨ ਦੇ ਕਾਰਜ ਲਗਭਗ ਮੁਕੰਮਲ ਕਰ ਲਿਆ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਨੇ [illegible] ਸੰਪਰਕ ਸੜਕ ਤੇ ਕੰਮ ਦਾ ਉਦਘਾਟਨ ਕਰਨ ਸਮੇਂ ਕੀਤਾ। ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਕਰੀਬ 31.53 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਸ ਸੜਕ ਦੀ 5 ਸਾਲ ਵਾਸਤੇ ਗਰੰਟੀ ਹੈ ਅਤੇ ਜੇਕਰ 5 ਸਾਲਾਂ ਦੇ ਅੰਦਰ ਅੰਦਰ ਸੜਕ ਦੀ ਕੋਈ ਟੁੱਟ ਭਜ ਹੁੰਦੀ ਹੈ ਤਾਂ ਵਾਸਤੇ ਉਸ ਸੜਕ ਨਾਲ ਸੰਬੰਧਿਤ ਠੇਕੇਦਾਰ ਹੋਵੇਗਾ। ਇਸ ਮੌਕੇ ਵਿਧਾਇਕ ਰਾਜਾ ਗਿੱਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਸੂਬਾ ਸਰਕਾਰ ਵੱਲੋਂ ਹਲਕਾ ਟਾਂਡਾ ਅੰਦਰ ਲਗਭਗ ਸਾਰੀਆਂ ਹੀ ਸੜਕਾਂ ਜਾਂ ਤਾਂ ਨਵੇਂ ਸਿਰੇ ਤੋਂ ਬਣਾਈਆਂ ਜਾ ਰਹੀਆਂ ਹਨ ਜਾਂ ਉਹਨਾਂ ਦੀ ਮੁਰੰਮਤ ਕਰਾ ਕੇ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਵਿੱਚ ਇੱਕ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਗਠਨ ਇੰਚਾਰਜ ਟਾਂਡਾ ਕੇਸ਼ਵ ਸਿੰਘ ਸੈਣੀ, ਚੇਅਰਮੈਨ ਮਾਰਕੀਟ ਕਮੇਟੀ ਟਾਂਡਾ ਚੌਧਰੀ ਰਾਜਵਿੰਦਰ ਸਿੰਘ ਰਾਜਾ, ਐੱਸ ਡੀ ਓ ਅਮਰਜੀਤ ਸਿੰਘ, ਸਰਪੰਚ ਜਸਵਿੰਦਰ ਕੌਰ ਖੁਣ ਖੁਣ ਕਲਾਂ, ਸਰਪੰਚ ਅਮਨਦੀਪ ਕੌਰ ਟਿਲੂਵਾਲ, ਸਰਪੰਚ ਹਰਬੰਸ ਸਿੰਘ ਖੁੱਡਾ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ ਤੋਂ ਇਲਾਵਾ ਪਿੰਡਾਂ ਦੇ ਹੋਰ ਨੁਮਾਇੰਦੇ ਵੀ ਹਾਜ਼ਰ ਸਨ।



## ਆਰ ਬੀ ਯੂ ਵੱਲੋਂ ਓਪਨ ਫੁੱਟਬਾਲ ਚੈਂਪੀਅਨਸ਼ਿਪ 2025



**ਮੁਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਦੇ ਖੇਡ ਵਿਭਾਗ ਨੇ ਓਪਨ ਫੁੱਟਬਾਲ ਚੈਂਪੀਅਨਸ਼ਿਪ 2025 ਦਾ ਆਯੋਜਨ ਕੀਤਾ, ਜਿਸ ਵਿੱਚ ਖੇਤਰ ਭਰ ਦੀਆਂ 21 ਟੀਮਾਂ ਨੇ ਭਾਗੀਦਾਰੀ ਕੀਤੀ । ਕਈ ਰੋਮਾਂਚਕ ਮੁਕਾਬਲਿਆਂ ਤੋਂ ਬਾਅਦ, ਰੋਇਲ ਐਫ.ਸੀ. ਚੰਡੀਗੜ੍ਹ ਨੇ ਚੈਂਪੀਅਨ ਟੀਮ ਦਾ ਖਿਤਾਬ ਜਿੱਤਿਆ,ਜਦੋਂ ਕਿ ਰਿਆਤ ਬਾਹਰਾ ਯੂਨੀਵਰਸਿਟੀ ਨੇ ਰਨਰ-ਅੱਪ ਟਰਾਫੀ ਹਾਸਲ ਕੀਤੀ। ਰਿਆਤ ਬਾਹਰਾ ਯੂਨੀਵਰਸਿਟੀ ਦੇ ਗਰੁੱਪ ਵਾਈਸ-ਚਾਂਸਲਰ, ਪ੍ਰੋ. (ਡਾ.) ਸੰਜੇ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੰਡੇ।ਇਸ ਮੌਕੇ ਡਾ. ਕੁਮਾਰ ਨੇ ਸਮੁੱਚੇ ਵਿਕਾਸ ਵਿੱਚ ਖੇਡਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ਖੇਡਾਂ ਮਹੱਤਵਪੂਰਨ ਹਨ ਕਿਉਂਕਿ ਇਹ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਦੀਆਂ ਹਨ, ਕੀਮਤੀ ਜੀਵਨ ਹੁਨਰ ਸਿਖਾਉਂਦੀਆਂ ਹਨ, ਅਤੇ ਸਮਾਜਿਕ ਲਾਭ ਪ੍ਰਦਾਨ ਕਰਦੀਆਂ ਹਨ। ਰਿਆਤ ਬਾਹਰਾ ਯੂਨੀਵਰਸਿਟੀ ਦੇ ਸਪੋਰਟਸ ਅਫਸਰ ਕੁਲਵੀਰ ਸਿੰਘ ਨੇ ਸਾਰੀਆਂ ਭਾਗੀਦਾਰ ਟੀਮਾਂ ਨੂੰ ਵਧਾਈ ਦਿੱਤੀ ਅਤੇ ਕੈਂਪਸ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਨਿਰੰਤਰ ਸਹਾਇਤਾ ਲਈ ਯੂਨੀਵਰਸਿਟੀ ਪ੍ਰਬੰਧਨ ਦਾ ਧੰਨਵਾਦ ਕੀਤਾ।

## ਲਾਇਲਪੁਰ ਖ਼ਾਲਸਾ ਕਾਲਜ ਨੇ ਯੁਵਕ ਮੇਲੇ 'ਚ ਜਿੱਤੀ ਰਨਰਅਪ ਟਰਾਫੀ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਅਕਾਦਮਿਕ ਖੋਜ ਅਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਮੱਲਾਂ ਮਾਰ ਰਿਹਾ ਹੈ। ਕਲਚਰਲ ਖੇਤਰ ਵਿੱਚ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਦਿਆਂ ਕਾਲਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲੇ ਦੇ 'ਸੀ' ਜ਼ੋਨ ਦੀ ਫਸਟ ਰੱਨਰਅਪ ਟ੍ਰਾਫ਼ੀ ਜਿੱਤ ਕੇ ਇਕ ਰਿਕਾਰਡ ਕਾਇਮ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ ਯੂਨੀਵਰਸਿਟੀ ਨਾਲ ਸੰਬੰਧਤ ਜ਼ਿਲ੍ਹਾ ਜਲੰਧਰ ਦੇ 18 ਕਾਲਜਾਂ ਨੇ ਭਾਗ ਲਿਆ। ਜਿਸ ਵਿੱਚ ਕਾਲਜ ਨੇ ਯੂਨੀਵਰਸਿਟੀ ਦੁਆਰਾ ਕਰਵਾਏ ਜਾਂਦੇ 36 ਈਵੈਂਟ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 113 ਅੰਕ ਪ੍ਰਾਪਤ ਕਰਕੇ ਇਹ ਟ੍ਰਾਫ਼ੀ ਜਿੱਤੀ ਹੈ। ਕਾਲਜ ਦੀ ਇਸ ਪ੍ਰਾਪਤੀ 'ਤੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਵਾਈਸ ਪ੍ਰੈਜ਼ੀਡੈਂਟ ਦੀਪਇੰਦਰ ਸਿੰਘ ਪੁਰੇਵਾਲ ਨੇ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਡੀਨ ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ ਬੋਲੀਨਾ ਤੇ ਉਨ੍ਹਾਂ ਦੀ ਸਮੁੱਚੀ ਕਲਚਰਲ ਟੀਮ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਡੀਨ ਕਲਚਰਲ ਅਫੇਅਰਜ਼, ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਯੁਵਕ ਮੇਲੇ 'ਚ ਲਾਇਲਪੁਰ ਖ਼ਾਲਸਾ ਕਾਲਜ ਨੇ 8 ਆਈਟਮਾਂ ਵਿੱਚ ਪਹਿਲਾ ਸਥਾਨ, 13 ਵਿੱਚ ਦੂਜਾ ਸਥਾਨ ਅਤੇ 7 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਹ ਟ੍ਰਾਫੀ ਆਪਣੇ ਨਾਂਅ ਕੀਤੀ ਹੈ। ਉਨ੍ਹਾਂ ਦੱਸਿਆ ਕਿ ਕਾਲਜ ਦੁਆਰਾ ਹੇਠ ਲਿਖੀਆਂ ਆਈਟਮ ਵਾਰ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ: ਪਹਿਲਾ ਸਥਾਨ ਭੰਗੜਾ, ਲੁੱਡੀ, ਵਾਰ ਸਿੰਗਿੰਗ, ਫੋਕ ਸੌਂਗ, ਫੋਕ-ਆਰਕੈਸਟਰਾ, ਸਕਿੱਟ, ਗਜ਼ਲ, ਪੋਸਟਰ ਮੇਕਿੰਗ , ਦੂਜਾ ਸਥਾਨ ਡਿਬੇਟ, ਕੁਇਜ਼,ਵੈਸਟਰਨ ਇੰਟਰੂਮੈਂਟ ਸੋਲੋ , ਵੈਸਟਰਨ ਗਰੁੱਪ ਸੌਂਗ, ਗਰੁੱਪ ਸੌਂਗ ਇੰਡੀਅਨ, ਗਰੁੱਪ ਸ਼ਬਦ, ਰੰਗੋਲੀ, ਮਾਈਮ, ਵਨ ਐਕਟ ਪਲੇ, ਕਾਸਟਿਊਮ ਪਰੇਡ, ਕਲਾਸੀਕਲ ਇੰਸਟਰੂਮੈਂਟ (ਪ੍ਰਕਸ਼ਨ), ਕਲਾਸੀਕਲ ਵੋਕਲ, ਕਵਿਸ਼ਰੀ, ਤੀਜਾ ਸਥਾਨ ਗਿੱਧਾ, ਕੋਰਿਓਗ੍ਰਾਫੀ, ਫੁੱਲਕਾਰੀ, ਐਲੋਕਿਊਸ਼ਨ, ਕਲੇ ਮਾਡਲਿੰਗ, ਪੇਂਟਿੰਗ ਆੱਨ ਦੀ ਸਪਾਟ ਅਤੇ ਕਲਾਸੀਕਲ ਡਾਂਸ।



## ਫਲਾਇੰਗ ਸਕੁਐਡ ਦੀ ਲਿੰਕ ਸੜਕਾਂ ਦੇ ਨਵੀਨੀਕਰਨ 'ਤੇ ਤਿੱਖੀ ਨਜ਼ਰ : ਖੁੱਡੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਠਿਤ ਕੀਤੀ ਸੀ ਐੱਮ ਫਲਾਇੰਗ ਸਕੁਐਡ ਵੱਲੋਂ ਸੂਬੇ ਭਰ ਵਿੱਚ ਪੰਜਾਬ ਮੰਡੀ ਬੋਰਡ ਅਤੇ ਪੀ ਡਬਲਿਊਡੀ. ਵੱਲੋਂ ਦਿਹਾਤੀ ਲਿੰਕ ਸੜਕਾਂ ਦੇ ਕਰਵਾਏ ਜਾ ਰਹੇ ਨਵੀਨੀਕਰਨ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।ਇਹ ਨਿਗਰਾਨੀ ਸੂਬਾ ਸਰਕਾਰ ਵੱਲੋਂ 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਸਬੰਧੀ ਸ਼ੁਰੂ ਕੀਤੇ ਵਿਆਪਕ ਪ੍ਰੋਜੈਕਟ ਦਾ ਹਿੱਸਾ ਹੈ।ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੜਕਾਂ ਦੇ ਨਵੀਨੀਕਰਨ ਲਈ ਬਿਹਤਰੀਨ ਗੁਣਵੱਤਾ ਵਾਲੀ ਸਮੱਗਰੀ ਵਰਤੀ ਜਾ ਰਹੀ ਹੈ, ਪਰ ਉਨ੍ਹਾਂ ਨੇ ਨਾਲ ਹੀ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਠੇਕੇਦਾਰ ਸਮੱਗਰੀ ਦੀ ਗੁਣਵੱਤਾ ਨਾਲ ਸਮਝੌਤਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸੜਕ ਨੇ ਟੋਇਆ ਦਾ ਰੂਪ ਧਾਰਨ ਕੀਤਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਜਾਣ ਵਾਲੀ ਮੁੱਖ ਸੜਕ ਦੀ ਗੱਲ ਕੀਤੀ ਜਾਵੇ ਤਾਂ ਇਥੇ ਪਿੱਛਲੇ ਸਮੇਂ ਤੋ ਇਸ ਸੜਕ ਨੇ ਵੱਡੇ ਟੋਇਆ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਨਾਲ ਹਰ ਸਮੇਂ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਅਤੇ ਹਾਦਸੇ ਵਾਪਰ ਵੀ ਰਹੇ ਹਨ। ਇਸ ਸੜਕ ਤੋ ਖਾਸ ਕਰ ਦੋ ਪਹੀਆ ਵਾਹਨਾ ਦਾ ਜਾਣਾ ਬਹੁਤ ਔਖਾ ਹੋਇਆ ਹੈ । ਇਸ ਸੜਕ ਤੇ ਪ੍ਰਸ਼ਾਸ਼ਨ ਵਲੋ ਪੈਂਚ ਵਰਕ ਵੀ ਨਹੀਂ ਕੀਤਾ ਗਿਆ।ਸੜਕ ਦੀ ਖਸਤਾ ਹਾਲਤ ਨੂੰ ਲੈ ਕੇ ਕੁਲ ਹਿੰਦ ਕਿਸਾਨ ਸਭਾ ਦੇ ਮੈਂਬਰ ਗੁਰਨੇਕ ਸਿੰਘ ਭੱਜਲ, ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਵੇਲ ਸਿੰਘ ਸੈਣੀ, ਸਮਾਜ ਸੇਵੀ ਧਰਮਜੀਤ ਸਿੰਘ ਰਾਜਾ,ਰਾਜਨ ਬੀਰਮਪੁਰ ਨੇ ਕਿਹਾ ਕਿ ਸਰਕਾਰ ਇਸ ਸੜਕ ਵੱਲ ਤੁਰੰਤ ਧਿਆਨ ਦੇਵੇ ਅਤੇ ਇਹ ਸੜਕ ਨਵੀਂਕਰਨ ਜਾ ਪੈਚ ਵਰਕ ਜਲਦ ਕੀਤਾ ਜਾਵੇ ।



## ਸਰਕਾਰੀ ਕਾਲਜ 'ਚ ਫਿਟ ਇੰਡੀਆ ਫਰੀਡਮ ਦੌੜ ਕਰਵਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਕਾਲਜ ਹੁਸ਼ਿਆਰਪੁਰ ਵਿੱਚ 30 ਅਕਤੂਬਰ ਨੂੰ ਪ੍ਰਿੰਸੀਪਲ ਡਾ. ਗਗਨਦੀਪ ਚੀਮਾ ਦੀ ਅਗਵਾਈ ਵਿੱਚ ਸਵੱਛ ਭਾਰਤ ਕਮੇਟੀ ਦੁਆਰਾ ਸਵੱਛਤਾ ਅਤੇ ਸਿਹਤ ਥੀਮ ਨਾਲ ਸਬੰਧਤ ਫਿਟ ਇੰਡੀਆ ਫਰੀਡਮ ਰਨ ਕਰਵਾਈ ਗਈ। ਇਸ ਮੌਕੇ ਤੇ ਕਾਰਜਕਾਰੀ ਪ੍ਰਿੰਸੀਪਲ ਡਾ ਹਰਜਿੰਦਰ ਸਿੰਘ ਨੇ ਹਰੀ ਝੰਡੀ ਦਿਖਾ ਕੇ ਦੌੜ ਦੀ ਸ਼ੁਰੂਆਤ ਕਰਵਾਈ। ਦੌੜ ਦੇ ਦੌਰਾਨ ਵਿਦਿਆਰਥੀਆਂ ਨੇ ਜੋਸ਼ ਤੇ ਉਤਸ਼ਾਹ ਨਾਲ ਸਵੱਛਤਾ ਅਤੇ ਵਾਤਾਵਰਨ ਦੀ ਸੰਭਾਲ ਸਬੰਧੀ ਨਾਰੇ ਲਗਾਏ। ਦੌੜ ਖਤਮ ਹੋਣ ਤੋਂ ਬਾਅਦ ਪ੍ਰਿੰਸੀਪਲ ਨੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਵੱਛਤਾ ਅਤੇ ਸਿਹਤ ਪ੍ਰਤੀ ਜਾਗਰੂਕ ਰਹਿਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਤੇ ਸਵੱਛ ਭਾਰਤ ਕਮੇਟੀ ਦੀ ਕਨਵੀਨਰ ਪ੍ਰੋ. ਸੋਫੀਆ ਗਿੱਲ, ਕਮੇਟੀ ਮੈਂਬਰ ਪ੍ਰੋ. ਮਦਨ ਪਾਲ ਸਿੰਘ, ਪ੍ਰੋ. ਸਵਰਨਦੀਪ ਸਿੰਘ, ਪ੍ਰੋ. ਸੰਜਨਾ ਸੱਗੀ, ਪ੍ਰੋ. ਭਾਗਯਸ਼੍ਰੀ, ਪ੍ਰੋ. ਪ੍ਰਿਯੰਕਾ, ਪ੍ਰੋ. ਮਨਪ੍ਰੀਤ ਕੌਰ ਅਤੇ ਪ੍ਰੋ. ਰੇਣੂਕਾ ਨੇਗੀ ਹਾਜ਼ਰ ਸਨ।



## ਭਾਰਤੀ ਵਿਕਾਸ ਪ੍ਰੀਸ਼ਦ ਵੱਲੋਂ ਭਾਸ਼ਣ ਮੁਕਾਬਲਾ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਪੱਛਮੀ ਖੇਤਰ ਅਧੀਨ ਕੰਮ ਕਰ ਰਹੀ ਭਾਰਤ ਵਿਕਾਸ ਪ੍ਰੀਸ਼ਦ ਦੀ ਬਲਾਚੌਰ ਸ਼ਾਖਾ ਨੇ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਐਂਟ ਕਾਲਜ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਭਾਸ਼ਣ ਮੁਕਾਬਲਾ ਕਰਵਾਇਆ। ਭਾਰਤ ਵਿਕਾਸ ਪ੍ਰੀਸ਼ਦ ਦੀ ਬਲਾਚੌਰ ਸ਼ਾਖਾ ਦੇ ਸਕੱਤਰ ਰਾਣਾ ਰਣਦੀਪ ਕੌਸ਼ਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ, ਬਲਾਚੌਰ ਹਲਕੇ ਦੀ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਸੁਨੀਲ ਕੁਮਾਰ ਰਾਣਾ, ਪ੍ਰਧਾਨ, ਨਗਰ ਕੌਂਸਲ, ਬਲਾਚੌਰ, ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ, ਬਲਾਚੌਰ ਦੇ ਮੈਂਬਰ ਅਤੇ ਬਾਬਾ ਬਲਰਾਜ ਪੰਜਾਬ ਕਾਂਸਟੀਚਿਊਐਂਟ ਕਾਲਜ ਦੇ ਪ੍ਰੋਫੈਸਰਾਂ ਦੁਆਰਾ ਦੀਵਾ ਜਗਾਉਣ ਨਾਲ ਹੋਈ। ਇਸ ਤੋਂ ਬਾਅਦ, ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਰਾਸ਼ਟਰੀ ਗਾਣ ਮੁਕਾਬਲੇ ਵਿੱਚ ਹਿੱਸਾ ਲਿਆ, ਹਿੰਦੀ ਅਤੇ ਸੰਸਕ੍ਰਿਤ ਵਿੱਚ ਸੁੰਦਰ ਦੇਸ਼ ਭਗਤੀ ਦੇ ਗੀਤ ਗਾਏ। ਬੀਏਬੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸ਼੍ਰੀਮਤੀ ਪੁਸ਼ਪਾ ਵਿਆਸ ਅਤੇ ਸੁਨੀਲ ਸ਼ਰਮਾ ਨੇ ਸਟੇਜ ਦੀ ਸੇਵਾ ਨਿਭਾਈ ਅਤੇ 'ਭਾਰਤ ਨੂੰ ਜਾਣੋ' ਮੁਕਾਬਲੇ ਦਾ ਸੰਚਾਲਨ ਕੀਤਾ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਸਵਤੀ ਪਬਲਿਕ ਸਕੂਲ, ਬਲਾਚੌਰ ਦੀ ਟੀਮ ਨੇ ਜੂਨੀਅਰ ਵਿੰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸੈਂਟੀਨੇਲ ਕੈਂਬਰਿਜ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 'ਭਾਰਤ ਨੂੰ ਜਾਣੋ' ਮੁਕਾਬਲੇ ਦੇ ਸੀਨੀਅਰ ਵਿੰਗ ਵਿੱਚ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਹੂਨ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸਰਸਵਤੀ ਪਬਲਿਕ ਸਕੂਲ, ਬਲਾਚੌਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਬਲਾਚੌਰ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਵਿੱਚ ਸਾਰੇ ਸਕੂਲਾਂ ਦੇ ਬੱਚਿਆਂ ਨੇ ਹਿੱਸਾ ਲਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਹੂਨ ਦੀ ਵਿਦਿਆਰਥਣ ਖੁਸ਼ੀ ਕੁਮਾਰੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਐਮਆਰ ਸਿਟੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਲਾਚੌਰ ਤੋਂ ਸ਼੍ਰੀ ਰਕਸ਼ਿਤ ਸ਼ਰਮਾ ਅਤੇ ਖੁਸ਼ੀ ਬੀਏਬੀ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 'ਗੁਰੂ ਵੰਦਨ' ਵਿਦਿਆਰਥੀ ਸਨਮਾਨ ਪ੍ਰੋਗਰਾਮ ਤਹਿਤ, ਅਮਿਤ ਕੁਮਾਰ, ਸੁਰੇਂਦਰ ਕੁਮਾਰ, ਤ੍ਰਿਲੋਚਨ ਸਿੰਘ, ਰੁਪਿੰਦਰ ਕੌਰ, ਪ੍ਰੋਫੈਸਰ ਰਮਨਦੀਪ ਨਾਹਰ, ਪ੍ਰੋਫੈਸਰ ਹਰੀਨਾਥ ਸ਼ਰਮਾ, ਜਸਵਿੰਦਰ ਕੌਰ, ਕਿਰਨਾ ਦੇਵੀ, ਧਰਮਿੰਦਰ ਕੁਮਾਰ, ਪਰਮਜੀਤ ਸਿੰਘ ਮਿੰਟੂ (ਸਟੇਟ ਐਵਾਰਡੀ), ਵੀਨਾ ਰਾਣੀ, ਸੁਮਨ ਰਾਣੀ, ਮੇਘਾ ਸ਼ਰਮਾ ਅਤੇ ਵਰਿੰਦਰ ਸੁਮਨ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ, ਕਾਲਜ ਦੇ ਪ੍ਰੋਫੈਸਰ ਡਾ. ਹਰੀ ਪ੍ਰਸਾਦ ਸ਼ਰਮਾ, ਪ੍ਰੋ. ਰਮਨ ਨਾਹਰ, ਪ੍ਰੋ. ਦਕਸ਼ੀ ਜੈਨ, ਪ੍ਰੋ. ਨੰਦਿਨੀ ਮੋਦਗਿਲ, ਡਾ. ਅੰਜਲੀ ਪਾਠਕ ਨੇ ਸ਼੍ਰੀ ਬਾਬਾ ਬਲਰਾਜ ਮੰਦਰ ਕਮੇਟੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਬ੍ਰਾਂਚ ਦੇ ਸਰਪ੍ਰਸਤ ਸ਼੍ਰੀ ਐਡਵੋਕੇਟ ਪੁਸ਼ਪ ਕੁਮਾਰ ਰਾਣਾ ਨੇ ਸ਼ਾਖਾ ਨੂੰ ਇੱਕ ਸੁੰਦਰ ਜਗ੍ਹਾ ਪ੍ਰਦਾਨ ਕਰਨ ਅਤੇ ਸਾਰੇ ਜ਼ਰੂਰੀ ਪ੍ਰਬੰਧ ਕਰਨ ਲਈ ਕਾਲਜ ਦਾ ਧੰਨਵਾਦ ਕੀਤਾ।



## ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਨਗਰ ਕੀਰਤਨ ਸਜਾਇਆ



**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਵੱਲੋਂ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਸੰਬੰਧੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਫੁੱਲਾਂ ਨਾਲ ਸੱਜੀ ਹੋਈ ਪਾਲਕੀ ਦਾ ਨਿੱਘਾ ਸਵਾਗਤ ਕੀਤਾ । ਨਗਰ ਕੀਰਤਨ ਵਿੱਚ ਨਰਸਰੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ । ਵਿਦਿਅਕ ਅਦਾਰੇ ਦੇ 20 ਸਾਲ ਪੂਰੇ ਹੋਣ 'ਤੇ ਸਕੂਲ ਦੀ ਚੜ੍ਹਦੀ ਕਲਾ ਅਤੇ ਗੁਰੂ ਮਹਾਰਾਜ ਤੋਂ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਰਾਹੀਂ ਇਜਾਜ਼ਤ ਲਈ ਗਈ । ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਨੇ ਪੰਜ ਪਿਆਰਿਆਂ ਨੂੰ ਸਿਰੋਪਾਓ ਭੇਟ ਕੀਤੇ ਗਏ । ਸਕੂਲ ਦੀ ਬੈਂਡ ਟੀਮ ਨੇ ਬੈਂਡ ਰਾਹੀਂ ਅਤੇ ਵਿਦਿਆਰਥੀਆਂ ਕੀਰਤਨ ਕਰਦਿਆਂ ਉਚੇਚੇ ਤੌਰ 'ਤੇ ਨਗਰ ਕੀਰਤਨ 'ਚ ਹਾਜ਼ਰੀ ਭਰੀ । ਨਗਰ ਖੇੜੇ ਦੁਆਰਾ ਨਗਰ ਕੀਰਤਨ ਦਾ ਭਰਪੂਰ ਸਵਾਗਤ ਕੀਤਾ ਗਿਆ ਅਤੇ ਨਗਰ ਕੀਰਤਨ ਦੀ ਸੇਵਾ ਕਰਨ ਵਾਲਿਆਂ ਨੂੰ ਸਕੂਲ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ । ਇਸ ਦੌਰਾਨ ਸੰਗਤਾਂ ਲਈ ਚਾਹ ਪਕੌੜਿਆਂ ਦਾ ਲੰਗਰ ਵੀ ਵਰਤਾਇਆ ਗਿਆ ।

## ਵੇਟ ਲਿਫਟਿੰਗ ਮੁਕਾਬਲੇ 'ਚ ਕਾਲਜੀਏਟ ਸਕੂਲ ਨੇ ਮਾਰੀਆਂ ਮੱਲਾਂ

**ਗੁਰਾਇਆ (ਬਿੰਦਰ ਸੁੰਮਨ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਦੇਹਰੀਵਾਲ (ਹੁਸ਼ਿਆਪੁਰ) ਵਿਖੇ ਹੋਏ ਰਾਜ ਪੱਧਰ ਤੇ 69 ਵੀਆਂ ਪੰਜਾਬ ਰਾਜ ਪੱਧਰੀ ਵੇਟ ਲਿਫਟਿੰਗ ਅੰਡਰ-19 ਦੇ ਖੇਡ ਮੁਕਾਬਲਿਆਂ ਵਿੱਚ ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ਼ੀਏਟ ਸੀਨੀ. ਸੈ. ਸਕੂਲ ਬਾਬਾ ਸੰਗ ਢੇਸੀਆਂ ਦੀਆਂ ਦੋ ਵਿਦਿਆਰਥਣਾਂ ਨੇ ਸੰਤੋਸ਼ ਕੌਰ ਦੀ ਯੋਗ ਅਗਵਾਈ ਹੇਠ ਭਾਗ ਲਿਆ, ਜਿਸ ਵਿੱਚ 10+1 ਆਰਟਸ ਦੀਆਂ ਵਿਦਆਰਥਣਾ ਸਨੇਹਪ੍ਰੀਤ ਕੌਰ ਸੂਰਜਾ ਨੇ ਆਪਣੇ ਵੇਟ ਕੈਟਾਗਰੀ ਵਿੱਚ ਕੁੱਲ 58 ਕਿਲੋ ਭਾਰ ਚੁੱਕ ਕੇ ਸਿਲਵਰ ਮੈਡਲ ਤੇ ਦੀਪੀਕਾ ਰਾਜ ਮੂਲ ਨਿਵਾਸੀ ਕਾਹਨਾ ਢੇਸੀਆ ਨੇ ਵੀ ਆਪਣੇ ਵੇਟ ਕੈਟਾਗਰੀ ਵਿੱਚ ਕੁੱਲ 68 ਕਿਲੋ ਵੇਟ ਚੁੱਕ ਕੇ ਸਿਲਵਰ ਮੈਡਲ ਜਿੱਤਿਆ। ਇੰਨਾ ਦਾ ਪਿੰਡ ਪਹੁੰਚਣ ਤੇ ਫੁਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਸਕੂਲ ਦੇ ਪ੍ਰਧਾਨ ਸ. ਗੁਰਪ੍ਰਤਾਪ ਸਿੰਘ ਵਡਾਲਾ ਨੇ ਕਾਰਜਕਾਰੀ ਪ੍ਰਿੰਸੀਪਲ ਮਿਸਜ਼ ਮੰਜੂ ਸ਼ਰਮਾ, ਸਮੂਹ ਸਟਾਫ ਮੈਂਬਰਜ਼ ਤੇ ਬੱਚਿਆਂ ਨੂੰ ਵਧਾਈ ਦਿੱਤੀ।







## ਪੰਜਾਬ ਘੋੜਸਵਾਰੀ ਉਤਸਵ ਦਾ ਦੂਜਾ ਐਡੀਸ਼ਨ 14 ਤੋਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਪੰਜਾਬ ਘੋੜਸਵਾਰੀ ਉਤਸਵ ਦੇ ਦੂਜੇ ਐਡੀਸ਼ਨ ਦਾ ਪੋਸਟਰ ਜਾਰੀ ਕੀਤਾ, ਜੋ ਕਿ 14 ਤੋਂ 16 ਨਵੰਬਰ ਤੱਕ ਮੀਡੋਜ਼, ਪਿੰਡ ਪਲਨਪੁਰ (ਮੋਹਾਲੀ) ਵਿੱਚ ਕਰਵਾਇਆ ਜਾਵੇਗਾ। ਇਸ ਮੌਕੇ ਏ.ਡੀ.ਸੀ. (ਰੂਰਲ ਡਿਵੈਲਪਮੈਂਟ) ਸੋਨਮ ਚੌਧਰੀ, ਏ ਡੀ ਸੀ (ਜਨਰਲ) ਗੀਤਿਕਾ ਸਿੰਘ ਅਤੇ ਐੱਸ ਡੀ ਐੱਮ ਖਰੜ ਦਿਵਿਆ ਪੀ. ਵੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਹ ਤਿੰਨ ਦਿਨਾਂ ਦਾ ਵਿਸ਼ਾਲ ਘੋੜਸਵਾਰੀ ਮੇਲਾ ਪੰਜਾਬ ਸਰਕਾਰ ਦੇ ਟੂਰਿਜ਼ਮ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਐੱਸ ਏ ਐੱਸ ਨਗਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਦਾ ਮਕਸਦ ਪੰਜਾਬ ਦੀ ਘੋੜਸਵਾਰੀ ਵਿਰਾਸਤ ਨੂੰ ਉਭਾਰਨਾ ਅਤੇ ਰਾਜ ਨੂੰ ਖੇਡ ਅਤੇ ਟੂਰਿਜ਼ਮ ਦੇ ਖੇਤਰ ਵਿੱਚ ਪ੍ਰਮੁੱਖ ਮੰਜ਼ਿਲ ਵਜੋਂ ਸਥਾਪਿਤ ਕਰਨਾ ਹੈ।ਏ.ਡੀ.ਸੀ. (ਰੂਰਲ ਡਿਵੈਲਪਮੈਂਟ) ਅਤੇ ਨੋਡਲ ਅਧਿਕਾਰੀ ਸੋਨਮ ਚੌਧਰੀ ਤੇ ਆਯੋਜਕ ਕਮੇਟੀ ਦੇ ਮੈਂਬਰ ਦੀਪਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਵਾਰੀ ਦਾ ਸਭ ਤੋਂ ਵੱਡਾ ਆਕਰਸ਼ਣ ਸ਼ੋ ਜੰਪਿੰਗ ਡਰਬੀ ਹੋਵੇਗੀ, ਜਿਸਨੂੰ ਪਹਿਲੀ ਵਾਰ ਭਾਰਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

## ਐੱਨ ਐੱਸ ਐੱਸ ਕੈਂਪ ਸਫਲਤਾਪੂਰਵਕ ਸੰਪੰਨ






**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਦੀ ਯੋਗ ਅਗਵਾਈ ਹੇਠ ਐੱਨ ਐੱਸ ਐੱਸ ਟੀਮ ਵਲੋਂ ਸ਼ੁਰੂ ਕੀਤੇ ਗਏ ਸੱਤ ਰੋਜ਼ਾ ਕੈਂਪ ਦਾ ਸਫਲਤਾਪੂਰਵਕ ਸਮਾਪਨ ਹੋਇਆ। ਇਸ ਮੌਕੇ ਮੰਚ ਦਾ ਸੰਚਾਲਨ ਕਰਦੇ ਹੋਏ ਪ੍ਰੋਫੈਸਰ ਕੋਮਲ ਦਿਓਲ ਨੇ ਇਸ ਸੱਤ ਰੋਜ਼ਾ ਕੈਂਪ ਦੇ ਵਿੱਚ ਪ੍ਰਤੀਦਿਨ ਕਰਵਾਈਆਂ ਗਈਆਂ ਗਤੀਵਿਧੀਆਂ ਬਾਰੇ ਦੱਸਿਆ। ਇਸ ਸੱਤ ਰੋਜ਼ਾ ਕੈਂਪ ਦੀ ਸ਼ੁਰੂਆਤ 25.10.2025 ਨੂੰ ਕਾਲਜ ਦੇ ਪ੍ਰਿੰਸੀਪਲ ਦੁਆਰਾ ਵਿਦਿਆਰਥੀਆਂ ਨੂੰ ਐਨ.ਐਸ.ਐਸ. ਦੀ ਮਹੱਤਤਾ ਦਸੱਦੇ ਹੋਏ ਅਤੇ ਇਸ ਦਾ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਕੀ ਸਕਾਰਾਤਮਕ ਪ੍ਰਭਾਵ ਪਵੇਗਾ, ਬਾਰੇ ਸੰਦੇਸ਼ ਨਾਲ ਹੋਇਆ ਸੀ। ਇਸ ਦਿਨ ਕੁੱਝ ਵਲੰਟੀਅਰਾਂ ਦੁਆਰਾ ਸੁਪਨਿਆਂ ਦੀ ਪਾਠਸ਼ਾਲਾ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਜ਼ਿੰਦਗੀ ਵਿੱਚ ਵਿੱਦਿਆ ਦੀ ਮਹੱਤਤਾ ਬਾਰੇ ਦੱਸਿਆ ਗਿਆ। ਦੂਸਰੇ ਦਿਨ ਸਮੁੱਚੀ ਐਨ.ਐਸ.ਟੀਮ ਦੁਆਰਾ ਕਾਲਜ ਵਿੱਚ ਸਫਾਈ ਅਭਿਆਨ ਚਲਾਇਆ ਗਿਆ। ਤੀਸਰੇ ਦਿਨ ਡੇਰਾਬਸੀ ਸ਼ਹਿਰ ਵਿੱਖੇ ਸੜਕ ਸੁੱਖਿਆ ਅਤੇ ਵਾਤਾਵਰਨ ਸੁਰੱਖਿਆ ਵਿਸ਼ੇ ਤੇ ਇੱਕ ਵਰਕਸ਼ਾਪ ਲਗਾਈ ਗਈ ਅਤੇ ਸੁਪਨਿਆਂ ਦੀ ਪਾਠਸ਼ਾਲਾ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਕੁੱਝ ਰਿਵਾਈਤੀ ਖੇਡਾਂ ਬਾਰੇ ਦੱਸਿਆ ਗਿਆ। ਚੌਥੇ ਦਿਨ ਗੋਦ ਲਏ ਪਿੰਡ ਮੁਕੰਦਪੁਰ ਵਿੱਚ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ ਪਰਾਲੀ ਨਾ ਜਲਾਓ ਅਤੇ ਪਲਾਸਟਿਕ ਦੀ ਵਰਤੋਂ ਨਾ ਕਰੋ, ਵਿਸ਼ੇ ਤੇ ਇੱਕ ਸੈਮੀਨਾਰ ਕਰਵਾਇਆ ਗਿਆ ਅਤੇ ਪਿੰਡ ਵਿੱਚ ਰੈਲੀ ਕੱਢਣ ਤੋਂ ਬਾਅਦ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੌਦੇ ਲਗਾਏ ਗਏ।ਇਸ ਕੈਂਪ ਦੇ ਵਿੱਚ ਚੁਣੇ ਗਏ ਬੈਸਟ ਵਲੰਟੀਅਰ ਭੁਪਿੰਦਰ ਸਿੰਘ ਅਤੇ ਪ੍ਰਬਾਸ਼ ਨੂੰ ਪ੍ਰਿੰਸੀਪਲ ਨੇ ਵਧਾਈ ਦਿੱਤੀ।

## ਸੁਖਮਨੀ ਸਾਹਿਬ ਦੇ ਜਪ ਤਪ ਸਮਾਗਮਾਂ 'ਚ ਹਿੱਸਾ ਲੈਣ ਵਾਲੀਆਂ ਬੀਬੀਆਂ, ਬੱਚੀਆਂ ਸਨਮਾਨਤ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਜੀ, ਸੰਤ ਬਾਬਾ ਸਤਨਾਮ ਜੀ ਅਤੇ ਬ੍ਰਹਮਲੀਨ ਸੰਤ ਬਾਬਾ ਜਗਦੇਵ ਸਿੰਘ ਮੋਨੀ ਜੀ ਦੀਆਂ ਸਲਾਨਾ ਯਾਦਾਂ ਦੇ ਸੰਬੰਧ ਵਿੱਚ ਕਰਵਾਏ ਜਾ ਰਹੇ 26ਵੇਂ ਮਹਾਨ ਗੁਰਮਤਿ ਸਮਾਗਮ ਦੇ ਸੰਬੰਧ ਵਿੱਚ ਨਿਰਮਲ ਕੁਟੀਆ ਟੂਟੋਮਜਾਰੇ ਦੀਆਂ ਮਾਈਆਂ, ਬੀਬੀਆਂ ਅਤੇ ਬੱਚੀਆਂ ਵੱਲੋਂ ਕੀਤੇ ਗਏ 41 ਦਿਨਾਂ ਦੇ ਸੁਖਮਨੀ ਸਾਹਿਬ ਦੇ ਜਪ ਤਪ ਸਮਾਗਮਾਂ ਦੀ ਸਮਾਪਤੀ ਹੋਈ। ਨਿਰਮਲ ਕੁਟੀਆ ਟੂਟੋਮਜਾਰਾ ਜਨਮ ਅਸਥਾਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ ਜੀ ਵਿਖੇ ਹੋਏ ਸਮਾਗਮ ਦੌਰਾਨ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਮੱਖਣ ਸਿੰਘ ਜੀ, ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਅਤੇ ਸੰਤ ਹਰਮੇਲ ਸਿੰਘ ਹੁਸ਼ਿਆਰਪੁਰ ਵੱਲੋਂ ਸਮਾਗਮਾਂ ਵਿੱਚ ਹਿੱਸਾ ਲੈਣ ਵਾਲੀਆਂ ਬੀਬੀਆਂ, ਬੱਚੀਆਂ, ਮਾਈਆਂ ਅਤੇ ਸਮਾਗਮ ਦੀਆਂ ਹੋਰ ਸਹਿਯੋਗੀ ਸੰਗਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਹਰਭਜਨ ਸਿੰਘ ਜੈਲਦਾਰ ਪਿੰਡ ਮੁੱਗੋਵਾਲ ਕੈਨੇਡਾ ਨਿਵਾਸੀ ਦੇ ਸਮੂਹ ਪਰਵਾਰ ਵੱਲੋਂ ਛੋਲੇ ਪੂਰੀਆਂ ਦਾ ਲੰਗਰ ਲਗਾਇਆ ਗਿਆ।



## ਨਵੀਂ ਸੜਕ ਨਾਲ ਲੋਕਾਂ ਨੂੰ ਮਿਲੇਗੀ ਬਿਹਤਰ ਆਵਾਜਾਈ ਸਹੂਲਤ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਨਿਊ ਲਿੰਕ ਨਵੀ ਆਬਾਦੀ ਆਦਮਵਾਲ ਤੋਂ ਬਹਾਦਰਪੁਰ-ਬੱਸੀ ਗ਼ੁਲਾਮ ਹੁਸੈਨ ਤੱਕ ਜਾਣ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਇਹ ਲੱਗਭਗ 1.72 ਕਿਲੋਮੀਟਰ ਲੰਬੀ ਸੜਕ 53.53 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ, ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਆਵਾਜਾਈ ਵਿਚ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਵਿਚ ਬਰਾਬਰ ਵਿਕਾਸ ਕਾਰਜ ਕਰਵਾ ਰਹੀ ਹੈ ਤਾਂ ਜੋ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਸਮੇਂ ਸਿਰ ਉਪਲਬੱਧ ਕਰਵਾਈਆਂ ਜਾ ਸਕਣ। ਵਿਧਾਇਕ ਜਿੰਪਾ ਨੇ ਹਾਜ਼ਰ ਲੋਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਕਾਸ ਕਾਰਜਾਂ ਵਿਚ ਜਨਤਕ ਸਹਿਯੋਗ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਵੀ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਨੂੰ ਮਾਡਲ ਵਿਧਾਨ ਸਭਾ ਹਲਕਾ ਬਣਾਉਣ ਲਈ ਅਜਿਹੇ ਕੰਮ ਜਾਰੀ ਰਹਿਣਗੇ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਰਾਜਨ ਸੈਣੀ, ਅਨੁਰਾਗ ਸੂਦ, ਕੌਂਸਲਰ ਪ੍ਰਦੀਪ ਬਿੱਟੂ, ਅਜੇ ਸੈਣੀ, ਸੁਰਿੰਦਰ ਭੋਗਲ ਅਤੇ ਹੋਰ ਪਤਵੰਤੇ ਹਾਜ਼ਰ ਸਨ।



## ਸ੍ਰ. ਵੱਲਭ ਭਾਈ ਪਟੇਲ ਦੀ 150 ਵੀਂ ਜਨਮ ਵਰ੍ਹੇਗੰਢ ਮਨਾਈ

**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਦੀ ਅਗਵਾਈ ਅਤੇ ਐਨ ਐਸ ਐਸ ਵਿਭਾਗ ਦੇ ਮੁਖੀ ਪ੍ਰੋ ਰਿਸ਼ੂ ਬਾਲਾ ਦੀ ਦੇਖਰੇਖ ਵਿਚ ਸਰਦਾਰ ਵੱਲਭ ਭਾਈ ਪਟੇਲ ਦੀ 150 ਵੀਂ ਜਨਮ ਵਰ੍ਹੇਗੰਢ ਤੇ ਵਿਦਿਆਰਥੀਆਂ ਦੇ ਲੇਖ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ।ਵਿਦਿਆਰਥੀਆਂ ਨੇ ਆਪਣੇ ਲੇਖ ਦੇ ਮਾਧਿਅਮ ਰਾਹੀਂ ਸਰਦਾਰ ਵੱਲਭ ਭਾਈ ਪਟੇਲ ਦੇ ਆਦਰਸ਼ਾਂ ਅਤੇ ਸਮਕਾਲੀ ਭਾਰਤ ਵਿੱਚ ਉਨਾਂ ਦੀ ਸਾਰਥਕਤਾ ਬਾਰੇ ਦੱਸਿਆ। ਲੇਖ ਮੁਕਾਬਲੇ ਵਿੱਚੋਂ ਗੁਰਪ੍ਰੀਤ ਕੌਰ ਬੀਏ ਭਾਗ ਦੂਜਾ ਨੇ ਪਹਿਲਾਂ ਸਥਾਨ, ਨਰਿੰਦਰ ਕੌਰ ਬੀਏ ਭਾਗ ਦੂਜਾ ਨੇ ਦੂਸਰਾ ਸਥਾਨ , ਰਜਨ ਕੌਰ ਬੀਏ ਭਾਗ ਦੂਜਾ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਪ੍ਰੋਫੈਸਰ ਸੁਖਪਾਲ ਸਿੰਘ, ਪ੍ਰੋਫੈਸਰ ਜੁਗਰਾਜ ਸਿੰਘ ,ਪ੍ਰੋਫੈਸਰ ਰਮਨ ,ਪ੍ਰੋਫੈਸਰ ਸੰਦੀਪ ਕੌਰ, ਪ੍ਰੋਫੈਸਰ ਜਸਵੀਰ ਕੌਰ ,ਪ੍ਰੋਫੈਸਰ ਗੁਰਪ੍ਰੀਤ ਕੌਰ ਹਾਜ਼ਰ ਰਹੇ।



## ਤੰਬਾਕੂ ਰਹਿਤ ਦਿਵਸ ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾ ਬੱਸੀ ਕਾਲਜ ਰੋਡ 'ਤੇ ਸਥਿਤ ਆਰ ਕੇ ਸੀਨੀਅਰ ਸੈਕੰਡਰੀ ਸਕੂਲ, ਡੇਰਾਬੱਸੀ ਦੇ ਵਿਦਿਆਰਥੀਆਂ ਨੇ ਪੰਜਾਬ ਸਿਹਤ ਵਿਭਾਗ ਅਤੇ ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਵੱਲੋਂ ਤੰਬਾਕੂ ਰਹਿਤ ਦਿਵਸ ਮਨਾਉਣ ਲਈ ਆਯੋਜਿਤ ਇੱਕ ਚਾਰਟ-ਮੇਕਿੰਗ ਮੁਕਾਬਲੇ ਵਿੱਚ ਹਿੱਸਾ ਲਿਆ। ਸਕੂਲ ਦੇ ਦੋ ਦਰਜਨ ਤੋਂ ਵੱਧ ਵਿਦਿਆਰਥੀਆਂ ਨੇ ਇਸ ਜਾਗਰੂਕਤਾ ਮੁਹਿੰਮ ਵਿੱਚ ਹਿੱਸਾ ਲਿਆ, ਜਿਸ ਵਿੱਚ ਚੋਟੀ ਦੇ ਤਿੰਨ ਜੇਤੂਆਂ ਨੂੰ ਅਤੇ ਹੋਰ ਸਾਰੇ ਭਾਗੀਦਾਰਾਂ ਲਈ ਵਿਸ਼ੇਸ਼ ਸਨਮਾਨ ਅਤੇ ਤੋਹਫ਼ੇ ਦਿੱਤੇ ਗਏ। ਸਥਾਨਕ ਸਿਵਲ ਹਸਪਤਾਲ ਦੇ ਮੁਖੀ ਡਾ. ਧਰਮਿੰਦਰ ਸਿੰਘ ਨੇ ਬੱਚਿਆਂ ਨੂੰ ਜਾਗਰੂਕ ਕਰਦਿਆਂ ਨਸ਼ੇ ਦੇ ਕੋੜ ਤੋਂ ਦੂਰ ਰਹਿਣ ਲਈ ਪ੍ਰੇਰਿਆ ਉਹਨਾਂ ਦੇ ਨਾਲ ਆਏ ਸਿਹਤ ਵਿਭਾਗ ਦੇ ਇੰਸਪੈਕਟਰ ਰਾਜੇਂਦਰ ਸਿੰਘ ਅਤੇ ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਦੇ ਮੈਂਬਰਾਂ ਨੇ ਭਾਗੀਦਾਰਾਂ ਦਾ ਸਨਮਾਨ ਕੀਤਾ।






**ਜਨਮ ਦਿਨ ਮੁਬਾਰਕ**



ਰਾਈਲੀ ਮਹੇਅ

**ਵਰ੍ਹੇਗੰਢ ਮੁਬਾਰਕ**



ਸਤਪਾਲ ਸਿੰਘ ਅਤੇ ਕਿਰਨਦੀਪ ਕੌਰ ਵਾਸੀ ਸੂਰਾ ਪੁਰ ਨੂੰ ਵਿਆਹ ਦੀ ਪਹਿਲੀ ਵਰ੍ਹੇਗੰਢ ਦੀਆਂ ਮੁਬਾਰਕਾਂ


## 150 ਕੈਪਸੂਲ ਪ੍ਰੈਗਾ ਸਣੇ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**- ਥਾਣਾ ਵੈਰੋਕੇ ਦੀ ਪੁਲਸ ਵੱਲੋਂ 150 ਕੈਪੁਸਲ ਸਣੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ਮਸ਼ਾਨਘਾਟ ਪਿੰਡ ਕਾਠਗੜ੍ਹ ਦੇ ਕੋਲ ਪੁੱਜੀ ਤਾਂ ਇਤਲਾਹ ਮਿਲੀ ਕਿ ਕ੍ਰਿਸ਼ਨ ਸਿੰਘ ਪੁੱਤਰ ਗੁਰਦੀਪ ਸਿੰਘ ਜੋ ਕੈਪਸੂਲ ਮਾਰਕਾ ਪ੍ਰੈਗਾ ਪਰਮਿਟ ਲਿਆ ਕੇ ਵੇਚਣ ਦਾ ਆਦੀ ਹੈ, ਅੱਜ ਵੀ ਪਿੰਡ ਕਾਠਗੜ੍ਹ ਦੇ ਪੰਚਾਇਤ ਘਰ ਦੇ ਕੋਲ ਕੈਪਸੂਲ ਵੇਚ ਰਿਹਾ ਹੈ। ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਰੰਗੇ ਹੱਥੀ ਕਾਬੂ ਆ ਸਕਦਾ ਹੈ। ਇਤਲਾਹ ਠੋਸ ਅਤੇ ਭਰੋਸੇਯੋਗ ਹੋਣ ਤੇ ਪੁਲਿਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਕ੍ਰਿਸ਼ਨ ਸਿੰਘ ਨੂੰ 150 ਕੈਪਸੂਲ ਪ੍ਰੈਗਾ ਸਣੇ ਕਾਬੂ ਕਰ ਲਿਆ। ਜਿਸ ਖਿਲਾਫ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ।

## ਸਾਲਾਨਾ ਖੇਡ ਮੁਕਾਬਲੇ ਕਰਵਾਏ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਰ ਮਾਰਸ਼ਲ ਗਰੁੱਪਸ ਆਫ ਸਕੂਲ ਵੱਲੋਂ ਚਲਾਏ ਜਾ ਰਹੇ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿੱਚ 13ਵੀ ਸਪੋਰਟਸ ਮੀਟ ਦਾ ਆਯੋਜਨ ਬੜੇ ਧੂਮਧਾਮ ਅਤੇ ਉਤਸ਼ਾਹ ਨਾਲ ਕੀਤਾ ਗਿਆ। ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੀ ਅਗਵਾਈ ਵਿੱਚ ਕਰਵਾਈ ਗਈ। ਇਸ ਸਪੋਰਟਸ ਮੀਟ ਵਿੱਚ ਸਰ ਮਾਰਸ਼ਲ ਸਕੂਲ ਸਿੱਖਿਆ ਸੰਸਥਾਵਾਂ ਅਧੀਨ ਆਉਂਦੇ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ ਸਪੋਰਟਸ ਮੀਟ ਦੇ ਆਰੰਭ ਵਿੱਚ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਕੁਲਵੰਤ ਸਿੰਘ ਮਾਰਸ਼ਲ ਬਲਵਿੰਦਰ ਕੌਰ ਮਾਰਸ਼ਲ ਵਿਸ਼ੇਸ਼ ਤੌਰ ਤੇ ਪਹੁੰਚੇ। ਮੁੱਖ ਮਹਿਮਾਨ ਗੁਰਮੇਲ ਸਿੰਘ ਵੱਲੋਂ ਮਸ਼ਾਲ ਜਲਾ ਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ ਗਈ। ਇਸ ਮੌਕੇ ਖਿਡਾਰੀਆਂ ਨੇ ਸ਼ਾਨਦਾਰ ਮਾਰਚ ਪਾਸਟ ਵਿੱਚ ਭਾਗ ਲੈ ਕੇ ਆਪਣੀ ਹਾਜ਼ਰੀ ਲਗਾਈ।ਗੁਰਮੇਲ ਸਿੰਘ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ — ਰੱਸਾਕਸੀ, ਬੈਡਮਿੰਟਨ, ਟੈਨਿਸ, ਸ਼ਤਰੰਜ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਆਪਣੀ ਟੀਮ ਸਪਿਰਿਟ ਅਤੇ ਖੇਡ ਜਜ਼ਬੇ ਨਾਲ ਸਭ ਦਾ ਦਿਲ ਜਿੱਤ ਲਿਆ। ਇਸ ਮੌਕੇ ਵੱਖ-ਵੱਖ ਸਕੂਲਾਂ ਚੋਂ ਖੇਡਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਖੇਡ ਸਿਰਫ਼ ਜਿੱਤਣ ਦਾ ਮਾਧਿਅਮ ਨਹੀਂ, ਇਹ ਅਨੁਸ਼ਾਸਨ, ਮਿਹਨਤ ਅਤੇ ਏਕਤਾ ਦੀ ਪਹਿਚਾਨ ਹਨ।



## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਵੱਲੋਂ ਤਰਨ ਤਾਰਨ 'ਚ ਝੰਡਾ ਮਾਰਚ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ.ਪੀ.ਐਫ ਕਰਮਚਾਰੀ ਯੂਨੀਅਨ ਵਲੋਂ ਸਾਂਝੇ ਤੌਰ ਤੇ ਆਪ ਸਰਕਾਰ ਵੱਲੋਂ ਕੀਤੇ ਵਾਅਦੇ ਅਤੇ ਦਾਅਵਿਆਂ ਦੀ ਫੂਕ ਕੱਢਣ ਲਈ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਉਲੀਕੇ ਵਿਸ਼ਾਲ ਝੰਡਾ ਮਾਰਚ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ (ਪ੍ਰਧਾਨ) ਪ੍ਰਿੰਸ ਪਲਿਆਲ ਗੜ੍ਹਦੀਵਾਲਾ ਅਤੇ (ਪ੍ਰਧਾਨ) ਦਵਿੰਦਰ ਹੁਸ਼ਿਆਰਪੁਰ ਨੇ ਕਿਹਾ ਕਿ ਅੱਜ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਬੇਸਿੱਟਾ ਰਹੀ, ਜਿਸ ਦੇ ਰੋਸ ਵਜੋਂ ਭਲਕੇ ਵਿਸ਼ਾਲ ਝੰਡਾ ਮਾਰਚ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜਦੋਂ ਤੱਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋ ਜਾਂਦੀ ਤਦ ਤੱਕ ਸੰਘਰਸ਼ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੀ ਫੋਕੀ ਇਸ਼ਤਿਹਾਰਬਾਜ਼ੀ ਲਈ 341 ਕਰੋੜ ਰੁਪਏ ਫੂਕ ਦਿੱਤੇ ਅਤੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਬਹਾਲੀ ਲਈ ਐਨ.ਪੀ.ਐਸ ਫੰਡ ਦੇ ਮਗਰਮੱਛ ਵਾਲੇ ਅੱਥਰੂ ਵਹਾ ਰਹੀ ਹੈ, ਜਿਸ ਨੂੰ ਲੈ ਕੇ ਪੰਜਾਬ ਦੇ ਦੋ ਲੱਖ ਕਰਮਚਾਰੀਆਂ ਵਿੱਚ ਸਰਕਾਰ ਖਿਲਾਫ਼ ਬੇਹੱਦ ਰੋਸ ਅਤੇ ਗੁੱਸਾ ਹੈ। ਇਸੇ ਰੋਸ ਅਤੇ ਗੁੱਸੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਪ੍ਰਗਟ ਕਰਨ ਲਈ ਵੱਡੇ ਪੱਧਰ 'ਤੇ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ । ਇਸ ਝੰਡੇ ਮਾਰਚ ਵਿੱਚ ਸ਼ਾਮਲ ਹੋਣ ਲਈ ਵਹੀਕਲ ਸਮੇਤ ਕਾਡਰ ਦੀ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ ਗਈ ਹੈ ਅਤੇ ਇਸ ਸਬੰਧੀ ਬਲਾਕ ਪੱਧਰ 'ਤੇ ਡਿਊਟੀਆਂ ਲਗਾਈਆਂ ਗਈਆਂ ਹਨ । ਇਸ ਝੰਡੇ ਮਾਰਚ ਦੌਰਾਨ ਕਰਮਚਾਰੀ ਆਮ ਵੋਟਰਾਂ ਵਿੱਚ ਆਪ ਦੀ ਵਾਅਦਾ ਖਿਲਾਫੀ ਅਤੇ ਕਰਮਚਾਰੀਆਂ ਨਾਲ ਕੀਤੇ ਵਿਸ਼ਵਾਸਘਾਤ ਦੇ ਪੋਸਟਰ ਵੀ ਵੰਡਣਗੇ ਤਾਂ ਕਿ ਵੋਟਰ ਆਪਣੀ ਵੋਟ ਦੀ ਸੁਚੱਜੀ ਵਰਤੋਂ ਕਰਨ ਤੇ ਝੂਠੇ ਦਾਅਵੇ ਕਰਨ ਵਾਲੀ ਸਰਕਾਰ ਨੂੰ ਸਬਕ ਸਿਖਾਉਣ । ਇਸ ਮੌਕੇ ਆਗੂ ਚਰਨਜੀਤ ਸਿੰਘ ਹੁਸ਼ਿਆਰਪੁਰ, ਅਰਵਿੰਦ ਪਠਾਣੀਆਂ, ਕਰਨਵੀਰ ਸ਼ਰਮਾ, ਜਗਮੋਹਨ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਲੈਕਚਰਾਰ ਲਖਵੀਰ ਸਿੰਘ, ਗੁਰਪ੍ਰੀਤ ਸਿੰਘ ਗੜ੍ਹਦੀਵਾਲਾ, ਸੁਖਦੇਵ ਨਸਰਾਲਾ, ਸੰਜੀਵ ਸਿੰਘ ਆਦਮਵਾਲ ਸਚਿਨ ਨਲੋਈਆਂ, ਮਨਪ੍ਰੀਤ ਸਿੰਘ, ਜਤਿੰਦਰ, ਹੇਮੰਤ ਮਹਿਤਾ ਮੈਡਮ ਅਮਿਤਾ ਸ਼ਰਮਾ, ਮੈਡਮ ਰਮਨਦੀਪ ਸੈਣੀ , ਦੀਪਕ ਕੌਂਡਲ, ਮਾਸਟਰ ਜਗਮੋਹਨ ਸਿੰਘ ਅਤੇ ਜਗਵਿੰਦਰ ਸਿੰਘ ਆਦਿ ਸਾਥੀ ਹਾਜ਼ਰ ਸਨ ।



ਗ਼ਦਰੀਆਂ ਦਾ ਅਖੌਤੀ ਦੋਸਤ ਅਤੇ ਅੰਗਰੇਜ਼ਾਂ ਦਾ ਜਸੂਸ
(ਆਖ਼ਰੀ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਤੀਰ ਚਲਾਉਂਦਾ ਹਾਂ ਤਾਂ ਪੋਟੇ
ਡੋਰੀ ਛੱਡ ਕੇ ਕੰਬਦੇ ਰਹਿੰਦੇ
ਜਿਸ ਪੰਛੀ ਦੇ ਵੱਜਦੈ ਖ਼ਬਰੇ
ਪੀੜਾ ਕਿੱਦਾ ਸਹਿ ਜਾਂਦਾ ਹੈ।
- ਜਗਵਿੰਦਰ ਜੋਧਾ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 2 ਨਵੰਬਰ 2025
www.nawanzamana.in
ਕੀਮਤ 5.00 ਰੁਪਏ


# ਕੱਟੜ ਧਾਰਮਿਕ ਤੇ ਰੂੜ੍ਹੀਵਾਦੀ ਦੇਸ਼ਾਂ 'ਚ ਔਰਤਾਂ 'ਤੇ ਤਸ਼ੱਦਦ


ਨਸੀਮ ਅੰਸਾਰੀ ਕੋਚਰ
ਅਨੁ. : ਪ੍ਰਕਾਸ਼ ਕੌਰ ਸੰਧੂ


ਧਰਮ ਔਰਤਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਕਿਸੇ ਅਜਿਹੇ ਵਿਅਕਤੀ ਦੇ ਸੱਤਾ ਦੇ ਸਿਖਰ 'ਤੇ ਸਥਾਪਤ ਹੋਣ ਨਾਲ ਜੋ ਮਾਨਸਿਕ ਰੂਪ ਨਾਲ ਰੂੜ੍ਹੀਵਾਦੀ ਅਤੇ ਕੱਟੜਤਾਵਾਦੀ ਹੋਵੇ, ਦਾ ਸਭ ਤੋਂ ਬੁਰਾ ਪ੍ਰਭਾਵ ਔਰਤਾਂ 'ਤੇ ਪੈਂਦਾ ਹੈ। ਔਰਤ ਭਾਵੇਂ ਕਿਸੇ ਵੀ ਦੇਸ਼ ਦੀ ਹੋਵੇ, ਅਫ਼ਗਾਨਿਸਤਾਨ, ਪਾਕਿਸਤਾਨ ਜਾਂ ਈਰਾਨ ਵਰਗੇ ਦੇਸ਼ ਜਾਂ ਫਿਰ ਭਾਰਤ ਅਤੇ ਅਮਰੀਕਾ ਦੀ ਹੀ ਕਿਉਂ ਨਾ ਹੋਵੇ, ਸੱਤਾ ਵਿੱਚ ਧਰਮ ਨੂੰ ਸ਼ਾਮਲ ਕਰਨ ਨਾਲ ਔਰਤ ਦੀ ਜ਼ਿੰਦਗੀ ਮੁਸ਼ਕਲ ਹੋਈ ਹੈ। ਉਹ ਕੀ ਪਹਿਨੇ, ਕੀ ਖਾਏ, ਕਿਸ ਤਰ੍ਹਾਂ ਜੀਵੇ, ਕਿਸ ਨੂੰ ਮਿਲੇ, ਕਿਸ ਨੂੰ ਨਾ ਮਿਲੇ, ਕਿਸ ਨੂੰ ਪਿਆਰ ਕਰੇ, ਕਿਸ ਨਾਲ ਵਿਆਹ ਕਰੇ, ਇੱਥੋਂ ਤੀਕ ਕਿ ਕਿਸ ਵਿੱਚ ਆਸਥਾ ਰੱਖੇ, ਕਿਸ ਵਿੱਚ ਨਾ ਰੱਖੇ, ਇਹ ਸਾਰੀਆਂ ਗੱਲਾਂ ਮਰਦ ਹੀ ਤੈਅ ਕਰਦੇ ਹਨ ਅਤੇ ਔਰਤਾਂ ਨੂੰ ਆਪਣੇ ਬਣਾਏ ਨਿਯਮਾਂ ਅਨੁਸਾਰ ਜਿਉਣ ਲਈ ਮਜਬੂਰ ਕਰਦੇ ਹਨ।

ਜਦੋਂ ਕਿਸੇ ਦੇਸ਼ ਵਿੱਚ ਕੋਈ ਚਲਾਕ, ਰੂੜ੍ਹੀਵਾਦੀ, ਕੱਟੜ ਅਤੇ ਔਰਤ ਨੂੰ ਦੂਸਰੇ ਦਰਜੇ ਦੀ ਸਮਝਣ ਵਾਲਾ ਵਿਅਕਤੀ ਸੱਤਾ 'ਤੇ ਕਾਬਜ਼ ਹੋ ਜਾਂਦਾ ਹੈ ਤਾਂ ਉਸ ਦੇਸ਼ ਦੀਆਂ ਔਰਤਾਂ ਪ੍ਰਤੀ ਹਿੰਸਾ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਦਾ ਉਸ ਨੂੰ ਜਿਵੇਂ ਲਾਇਸੈਂਸ ਮਿਲ ਜਾਂਦਾ ਹੈ। ਜੇਕਰ ਕੋਈ ਅਜਿਹਾ ਦੇਸ਼ ਹੈ, ਜਿਸ ਵਿੱਚ ਹੋਣ ਵਾਲੇ ਪਰੀਵਰਨਾਂ ਦਾ ਪ੍ਰਭਾਵ ਹੋਰ ਦੇਸ਼ਾਂ ਦੀਆਂ ਔਰਤਾਂ 'ਤੇ ਵੀ ਪੈਂਦਾ ਹੈ ਤਾਂ ਉਹ ਔਰਤਾਂ ਵੀ ਉਸੇ ਤਸ਼ੱਦਦ ਵਿੱਚੋਂ ਗੁਜ਼ਰਦੀਆਂ ਹਨ।

ਹੁਣੇ ਜਿਹੇ ਅਮਰੀਕਾ ਵਿੱਚ ਚੋਣਾਂ ਹੋਈਆਂ ਹਨ ਅਤੇ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਹਨ। ਇਸ ਨਾਲ ਕਰੋੜਾਂ ਅਮਰੀਕੀ ਔਰਤਾਂ ਨੂੰ ਨਿਰਾਸ਼ਾ ਹੋਈ ਹੈ। ਅਸਲ ਵਿੱਚ ਟਰੰਪ ਔਰਤਾਂ ਦੀ ਬਰਾਬਰੀ ਅਤੇ ਸਰੀਰਕ ਅਧਿਕਾਰਾਂ ਦੇ ਪੱਖ ਵਿੱਚ ਨਹੀਂ ਹੈ, ਜਿਨ੍ਹਾਂ ਵਿੱਚ ਗਰਭਪਾਤ ਦਾ ਅਧਿਕਾਰ ਮੁੱਖ ਰੂਪ ਨਾਲ ਸ਼ਾਮਲ ਹੈ। ਟਰੰਪ ਦਾ ਮੰਨਣਾ ਹੈ ਕਿ ਗਰਭਪਾਤ ਪੇਟ ਵਿੱਚ ਪਲ ਰਹੇ ਬੱਚੇ ਦੀ ਹੱਤਿਆ ਕਰਨਾ ਹੈ, ਜਦੋਂ ਕਿ ਅੱਜ ਦੀਆਂ ਉਦਾਰ ਅਤੇ ਤਰਕਸ਼ੀਲ ਔਰਤਾਂ ਇਸ ਨੂੰ ਇੱਕ ਮੂਲ ਅਧਿਕਾਰ ਸਮਝਦੀਆਂ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਆਪਣੇ ਸਰੀਰ ਬਾਰੇ ਫ਼ੈਸਲਾ ਲੈਣ ਦਾ ਅਧਿਕਾਰ ਸਿਰਫ਼ ਉਨ੍ਹਾਂ ਨੂੰ ਹੀ ਹੋਣਾ ਚਾਹੀਦਾ ਹੈ। ਪਿਛਲੇ ਕਾਰਜਕਾਲ ਵਿੱਚ ਟਰੰਪ ਦੀ ਪਾਰਟੀ ਦੇ ਕਈ ਸੈਨੇਟਰਜ਼ ਨੇ ਗਰਭਪਾਤ 'ਤੇ ਪਾਬੰਦੀ ਲਾਉਣ ਦੀ ਇੱਛਾ ਪ੍ਰਗਟ ਕੀਤੀ ਸੀ। ਕਈ ਰਾਜਾਂ ਜਿੱਥੇ ਰਿਪਬਲਿਕਨ ਪਾਰਟੀ ਦਾ ਰਾਜ ਹੈ, ਉੱਥੇ ਤਾਂ ਇਹ ਪਾਬੰਦੀ ਲਾਗੂ ਵੀ ਹੈ। ਇਸ ਬਾਰੇ ਔਰਤਾਂ ਨੇ "ਮਾਈ ਬਾਡੀ, ਮਾਈ ਚੌਇਸ' ਸਲੋਗਨ ਰਾਹੀਂ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਸਰੀਰ ਨਾਲ ਜੁੜੇ ਫੈਸਲੇ ਕਰਨ ਦਾ ਹੱਕ ਸਿਰਫ਼ ਉਨ੍ਹਾਂ ਨੂੰ ਹੀ ਹੋਣਾ ਚਾਹੀਦਾ ਹੈ, ਪਰ ਟਰੰਪ ਦੇ ਪਰਤਣ 'ਤੇ ਹੁਣ ਔਰਤਾਂ ਖਿਲਾਫ਼ ਨਫ਼ਰਤ ਵਧ ਰਹੀ ਹੈ। ਟਰੰਪ ਦੀ ਜਿੱਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਯੂਜ਼ਰ ਨੇ ਲਿਖਿਆ, "ਯੋਰ ਬਾਡੀ, ਮਾਈ ਚੌਇਸ" ਇਸ ਦੇ ਬਾਅਦ ਟਰੰਪ ਦੇ ਸਮਰਥਕਾਂ ਨੇ ਸੋਸ਼ਲ ਮੀਡੀਆ 'ਤੇ ਖੂਬ ਜ਼ਹਿਰ ਉਗਲਿਆ। ਅਸਲ ਵਿੱਚ ਡੋਨਾਲਡ ਟਰੰਪ ਉਸ ਰੂੜ੍ਹੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੈ, ਜੋ ਚਰਚ ਵਿੱਚੋਂ ਨਿਕਲ ਕੇ ਸਮਾਜ 'ਤੇ ਛਾਈ ਰਹੀ ਹੈ। ਔਰਤਾਂ ਦੀ ਆਜ਼ਾਦੀ ਤੇ ਉਨ੍ਹਾਂ ਦੇ ਅਧਿਕਾਰਾਂ ਖ਼ਿਲਾਫ਼ ਪਿਛਲੇ ਕਾਰਜ-ਕਾਲ ਵਿੱਚ ਉਨ੍ਹਾਂ ਨੇ ਕਈ ਅਜਿਹੇ ਫੈਸਲੇ ਕੀਤੇ, ਜਿਨ੍ਹਾ ਨੇ ਅਮਰੀਕੀ ਔਰਤਾਂ ਨੂੰ ਸੜਕ 'ਤੇ ਆਉਣ ਲਈ ਮਜਬੂਰ ਕਰ ਦਿੱਤਾ। ਅਮਰੀਕਾ ਦੀ ਸੱਤਾ ਵਿੱਚ ਹੋਏ ਉਲਟਫੇਰ ਦਾ ਅਸਰ ਭਾਰਤ ਸਮੇਤ ਪੂਰੀ ਦੁਨੀਆ ਦੇ ਦੇਸ਼ਾਂ 'ਤੇ ਪਵੇਗਾ, ਜਿੱਥੋਂ ਦੇ ਸ਼ਾਸਕ ਕੱਟੜ ਅਤੇ ਰੂੜ੍ਹੀਵਾਦੀ ਮਾਨਸਿਕਤਾ ਨਾਲ ਗ੍ਰਸਤ ਹਨ ਅਤੇ ਔਰਤ ਨੂੰ ਸਿਰਫ਼ ਇਸਤੇਮਾਲ ਦੀ ਵਸਤੂ ਸਮਝਦੇ ਹਨ। ਟਰੰਪ ਦੇ ਪਰਤਣ ਨਾਲ ਬੇਸ਼ੱਕ ਧਰਮ ਦੀ ਸੱਤਾ ਨੂੰ ਬਲ ਮਿਲੇਗਾ। ਧਰਮ ਉਹ ਹੈ, ਜਿਸ ਨੇ ਕਦੇ ਔਰਤਾਂ ਨਾਲ ਨਿਆਂ ਨਹੀਂ ਕੀਤਾ ਅਤੇ ਉਸ ਨੂੰ ਹਥਿਆਰ ਬਣਾ ਕੇ ਮਰਦਾਂ ਨੇ ਹਮੇਸ਼ਾ ਉਨ੍ਹਾਂ ਦਾ ਸ਼ੋਸ਼ਣ ਕੀਤਾ ਹੈ। ਧਰਮ ਦੀ ਸੱਤਾ ਕਾਇਮ ਹੋਣ 'ਤੇ ਮਰਦ ਨੇ ਔਰਤ ਨੂੰ ਧਾਰਮਿਕ ਕਰਮ-ਕਾਂਡਾਂ ਵਿੱਚ ਉਲਝਾ ਕੇ, ਉਸ ਨੂੰ ਘਰ ਦੀ ਚਾਰਦੀਵਾਰੀ ਵਿੱਚ ਕੈਦ ਕਰਕੇ, ਉਸ ਦੀ ਤਰੱਕੀ ਨੂੰ ਰੋਕਿਆ ਹੈ। ਉਹ ਦਿਨ ਭਰ ਧਰਮ ਦੇ ਗੋਰਖਧੰਦੇ ਵਿੱਚ ਉਲਝੀ ਰਹੇ, ਮਰਦਾਂ ਦੀ ਕਾਮ ਵਾਸ਼ਨਾ ਪੂਰੀ ਕਰੇ, ਉਸ ਦੇ ਬੱਚਿਆਂ ਨੂੰ ਜਨਮ ਦੇਵੇ ਅਤੇ ਫਿਰ ਉਨ੍ਹਾਂ ਬੱਚਿਆਂ ਸਮੇਤ ਸਾਰੇ ਪਰਵਾਰ ਦੀ ਸਾਂਭ-ਸੰਭਾਲ ਕਰੇ। ਬਸ ਇਸ ਤੋਂ ਇਲਾਵਾ ਔਰਤ ਨੂੰ ਹੋਰ ਕੁਝ ਨਾ ਹਾਸਲ ਹੋਵੇ, ਧਰਮ ਦੀ ਸੱਤਾ ਦਾ ਪੂਰਾ ਜ਼ੋਰ ਇਸੇ 'ਤੇ ਰਹਿੰਦਾ ਹੈ।




ਭਾਰਤ ਵਿੱਚ ਵੀ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭਾਵੇਂ ਸਿੱਖਿਆ, ਰੁਜ਼ਗਾਰ ਅਤੇ ਸਿਹਤ ਦੇ ਖੇਤਰ ਵਿੱਚ ਨਾਮਾਤਰ ਕੰਮ ਹੋਇਆ ਹੋਵੇ, ਪਰ ਸਾਰੇ ਦੇਸ਼ ਵਿੱਚ ਪੂਜਾ-ਪਾਠ, ਧਾਰਮਿਕ ਯਾਤਰਾਵਾਂ, ਵਰਤ-ਤਿਉਹਾਰਾਂ ਦਾ ਜਿਵੇਂ ਹੜ੍ਹ ਆ ਗਿਆ। ਅਯੁੱਧਿਆ ਵਿੱਚ ਰਾਮ ਮੰਦਰ ਬਣਵਾਉਣ ਅਤੇ ਉਸ ਦੀ ਸਤੁਤੀ ਕਰਨ ਤੇ ਤੀਰਥ ਯਾਤਰਾਵਾਂ ਦੇ ਆਲੇ-ਦੁਆਲੇ ਹੀ ਸਾਰੀ ਸ਼ਾਸਨ ਵਿਵਸਥਾ ਸੁੰਗੜ ਕੇ ਰਹਿ ਗਈ ਹੈ। ਟਰੰਪ ਦੇ ਸੱਤਾ ਵਿੱਚ ਪਰਤਣ ਨਾਲ ਮੋਦੀ ਸਰਕਾਰ ਦੀਆਂ ਵਾਛਾਂ ਖਿੜ ਗਈਆਂ ਹਨ, ਕਿਉਂਕਿ ਹੁਣ ਧਰਮ ਦੇ ਨਾਂਅ 'ਤੇ ਔਰਤਾਂ ਨੂੰ ਦਸਦੀਆਂ ਪਿੱਛੇ ਧੱਕਣਾ ਹੋਰ ਸੌਖਾ ਹੋ ਜਾਵੇਗਾ, ਉਦਾਹਰਨ ਦਿੱਤਾ ਜਾਵੇਗਾ ਕਿ ਅਮਰੀਕਾ ਵਿੱਚ ਵੀ ਤਾਂ ਅਜਿਹਾ ਹੋ ਰਿਹਾ ਹੈ।

ਦੁਨੀਆ ਵਿੱਚ ਔਰਤਾਂ ਦੀ ਸਭ ਤੋਂ ਬੁਰੀ ਹਾਲਤ ਮੁਸਲਿਮ ਦੇਸ਼ਾਂ ਵਿੱਚ ਹੈ। ਅਫ਼ਗਾਨਿਸਤਾਨ ਇਸ ਦਾ ਕੇਂਦਰ ਹੈ। ਅਫਗਾਨਿਸਤਾਨ 'ਤੇ ਕਬਜ਼ਾ ਕਰਕੇ ਰੂਸੀ ਸਾਮਰਾਜ ਨੂੰ ਏਸ਼ੀਆਈ ਮਹਾਂਸਾਗਰ ਤੱਕ ਪਹੁੰਚਾਉਣ ਦਾ ਸੁਪਨਾ 1919 ਵਿੱਚ ਕਮਿਊਨਿਸਟ ਕਰਾਂਤੀ ਤੋਂ ਪਹਿਲਾਂ ਉਥੋਂ ਦੇ ਸ਼ਾਸਕਾਂ ਦਾ ਸੀ। ਉਨ੍ਹਾਂ ਨੂੰ ਰੋਕਣ ਲਈ ਭਾਰਤ ਵਿੱਚ ਰਾਜ ਕਰ ਰਹੇ ਬ੍ਰਿਟਿਸ਼ ਸ਼ਾਸਕਾਂ ਨੇ ਤਿੰਨ ਇੰਡੋ-ਅਫ਼ਗਾਨ ਯੁੱਧ ਲੜੇ, ਜਿਨ੍ਹਾਂ ਵਿੱਚ ਉਹ ਬੁਰੀ ਤਰ੍ਹਾਂ ਹਾਰੇ। ਸੋਵੀਅਤ ਰੂਸ ਨੇ ਇਹ ਸੁਪਨਾ ਸਾਕਾਰ ਕਰਨਾ ਚਾਹਿਆ, ਪਰ ਅਫ਼ਗਾਨਿਸਤਾਨ ਨੇ ਮੁਸਲਿਮ ਕੱਟੜਤਾਵਾਦੀ ਏਕਤਾ ਦੇ ਸਹਾਰੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਖੁਦ ਨੂੰ ਤਾਲਿਬਾਨ ਕਿਹਾ। ਤਾਲਿਬਾਨ ਅਜਿਹਾ ਕੱਟੜਪੰਥੀ ਸਮੂਹ ਹੈ, ਜੋ ਕਈ ਸਾਲਾਂ ਦੇ ਸੰਘਰਸ਼ ਤੋਂ ਬਾਅਦ 1994 ਵਿੱਚ ਉੱਭਰ ਕੇ ਸਾਹਮਣੇ ਆਇਆ। ਇਸ ਦੇ ਕਈ ਮੈਂਬਰ ਸਾਬਕਾ ਮੁਜਾਹਿਦੀਨ ਲੜਾਕੇ ਸਨ, ਜਿਨ੍ਹਾਂ ਨੂੰ ਅੱਸੀ ਅਤੇ ਨੱਬੇ ਦੇ ਦਹਾਕਿਆਂ ਵਿੱਚ ਅਫ਼ਗਾਨਿਸਤਾਨ ਦੇ ਗ੍ਰਹਿਯੁੱਧ ਅਤੇ ਰੂਸੀ ਕਬਜ਼ੇ ਦੇ ਦੌਰਾਨ ਪਾਕਿਸਤਾਨੀ ਫੌਜ ਨੇ ਟ੍ਰੇਨਿੰਗ ਦਿੱਤੀ ਸੀ। ਉਹ ਅਫ਼ਗਾਨਿਸਤਾਨ ਨੂੰ ਇੱਕ ਮੁਸਲਿਮ ਰਾਜ ਬਣਾਉਣ ਲਈ ਇਕੱਠੇ ਹੋਏ ਸਨ। 1990 ਤੋਂ 2001 ਤਕ ਇਸ ਕੱਟੜਪੰਥੀ ਸਮੂਹ ਨੇ ਅਫ਼ਗਾਨਿਸਤਾਨ 'ਤੇ ਪੂਰਾ ਸ਼ਾਸਨ ਕੀਤਾ ਅਤੇ ਅਮਰੀਕੀਆਂ ਦੇ ਉੱਥੋਂ ਜਾਣ ਤੋਂ ਬਾਅਦ ਫਿਰ ਸੱਤਾ ਵਿੱਚ ਹਨ। ਇਹ ਤਾਲਿਬਾਨੀ ਸਮੂਹ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਬਦਨਾਮ ਹੈ, ਖਾਸ ਕਰਕੇ ਔਰਤਾਂ ਪ੍ਰਤੀ।

ਤਾਲਿਬਾਨਾਂ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ 1996 ਵਿੱਚ ਅਫ਼ਗਾਨਿਸਤਾਨ ਇੱਕ ਰਵਾਇਤੀ ਸਮਾਜ ਸੀ। ਔਰਤਾਂ ਨੂੰ ਅਨੇਕਾਂ ਅਧਿਕਾਰ ਪ੍ਰਾਪਤ ਸਨ। 1970 ਦੇ ਦਹਾਕੇ ਵਿੱਚ ਅਫ਼ਗਾਨ ਔਰਤਾਂ ਦੀ ਸਥਿਤੀ ਸਮਾਜ ਵਿੱਚ ਉਂਞ ਤਾਂ ਮਰਦਾਂ ਦੇ ਅਧੀਨ ਹੀ ਸੀ, ਪਰ ਸਿੱਖਿਆ ਸੰਸਥਾਵਾਂ, ਮੈਡੀਕਲ ਅਤੇ ਸਿਵਲ ਸੇਵਾਵਾਂ ਵਿੱਚ ਉਨ੍ਹਾਂ ਦੀ ਥੋੜ੍ਹੀ ਹੀ ਸਹੀ, ਪਰ ਅਹਿਮ ਭਾਗੀਦਾਰੀ ਸੀ। ਉਹ ਆਪਣੀ ਪਸੰਦ ਦਾ ਪਹਿਰਾਵਾ ਪਹਿਨ ਸਕਦੀਆਂ ਸਨ ਅਤੇ ਇਕੱਲਿਆਂ ਘੁੰਮ-ਫਿਰ ਸਕਦੀਆਂ ਸਨ। ਤਾਲਿਬਾਨਾਂ ਨੇ ਸੱਤਾ ਵਿੱਚ ਆਉਣ ਤੋਂ ਤੁਰੰਤ ਬਾਅਦ ਅਫਗਾਨਿਸਤਾਨ ਵਿੱਚ ਮੁਸਲਿਮ ਸ਼ਰੀਆ ਕਾਨੂੰਨ ਦੇ ਆਪਣੇ ਸੰਸਕਰਣ ਨੂੰ ਲਾਗੂ ਕੀਤਾ ਅਤੇ ਔਰਤਾਂ 'ਤੇ ਅਨੇਕਾਂ ਪਾਬੰਦੀਆਂ ਲਾ ਕੇ ਉਨ੍ਹਾਂ ਨੂੰ ਰਾਜਨੀਤਕ, ਆਰਥਿਕ ਅਤੇ ਸਮਾਜਿਕ ਜੀਵਨ ਵਿੱਚ ਸ਼ਾਮਲ ਹੋਣ ਦੇ ਮੌਕਿਆਂ ਤੋਂ ਵਿਰਵੇ ਕਰ ਦਿੱਤਾ। ਉਨ੍ਹਾਂ ਦੇ ਨਿੱਜੀ ਸੰਪਤੀ ਦੇ ਅਧਿਕਾਰ ਖੋਹ ਕੇ ਉਨ੍ਹਾਂ ਨੂੰ ਮਰਦਾਂ ਦੇ ਸਹਾਰੇ ਜਿਉਣ ਲਈ ਮਜਬੂਰ ਕਰ ਦਿੱਤਾ। ਨਿਯਮ ਲਾਗੂ ਕਰ ਦਿੱਤੇ ਗਏ ਕਿ ਕੁੜੀਆਂ ਸਕੂਲ ਨਹੀਂ ਜਾ ਸਕਦੀਆਂ, ਬੜੀ ਸਖਤੀ ਨਾਲ ਉਨ੍ਹਾਂ 'ਤੇ ਡ੍ਰੈੱਸ ਕੋਡ ਲਾਗੂ ਕਰਕੇ ਉਨ੍ਹਾਂ ਨੂੰ ਸਿਰ ਤੋਂ ਪੈਰਾਂ ਤੀਕ ਬੁਰਕੇ ਵਿੱਚ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਾਬੁਲ ਵਿੱਚ ਗ੍ਰਾਊਂਡ ਫਲੋਰ 'ਤੇ ਪਹਿਲੀ ਮੰਜ਼ਲ ਦੀਆਂ ਖਿੜਕੀਆਂ ਨੂੰ ਢਕਣ ਦਾ ਆਦੇਸ਼ ਸੀ ਤਾਂ ਕਿ ਔਰਤਾਂ ਸੜਕ ਤੋਂ ਵਿਖਾਈ ਨਾ ਦੇਣ। ਜੇਕਰ ਕੋਈ ਔਰਤ ਘਰ ਤੋਂ ਬਾਹਰ ਨਿਕਲਦੀ ਤਾਂ ਉਹ ਪੂਰੇ ਸਰੀਰ ਨੂੰ ਬੁਰਕੇ ਵਿੱਚ ਲਪੇਟ ਕੇ ਕਿਸੇ ਮਰਦ ਰਿਸ਼ਤੇਦਾਰ ਨਾਲ ਹੀ ਨਿਕਲ ਸਕਦੀ ਸੀ।

27 ਸਤੰਬਰ 1996 ਨੂੰ ਤਾਲਿਬਾਨੀ ਲੜਾਕਿਆਂ ਨੇ ਕਾਬੁਲ 'ਤੇ ਕਬਜ਼ਾ ਕਰ ਲਿਆ, ਕਿਉਂਕਿ ਅਮਰੀਕੀ ਅਤੇ ਪਾਕਿਸਤਾਨੀ ਫੌਜਾਂ ਦੀ ਸਹਾਇਤਾ ਨਾਲ ਰੂਸੀਆਂ ਨੂੰ ਉਥੋਂ ਬਾਹਰ ਕੱਢ ਦਿੱਤਾ ਗਿਆ ਸੀ। ਅਫ਼ਗਾਨਿਸਤਾਨੀ ਇਸ ਤਰ੍ਹਾਂ ਰੂਸੀਆਂ ਤੋਂ ਤਾਂ ਮੁਕਤ ਹੋ ਗਏ, ਪਰ ਅਫ਼ਗਾਨ ਔਰਤਾਂ ਮਰਦਾਂ ਦੀਆਂ ਗੁਲਾਮ ਬਣ ਗਈਆਂ। ਰੂਸੀ ਸ਼ਾਸਨ ਦੇ ਦੌਰਾਨ ਔਰਤਾਂ ਨੂੰ ਬਰਾਬਰੀ ਦਾ ਹੱਕ ਮਿਲਿਆ ਹੋਵੇ, ਇੰਜ ਤਾਂ ਨਹੀਂ ਸੀ, ਪਰ ਕਮਿਊਨਿਸਟ ਰੂਸ ਮੂਲ ਰੂਪ ਨਾਲ ਬਰਾਬਰੀ ਦਾ ਸਮਰਥਕ ਸੀ ਅਤੇ ਉਸ ਦੀ ਕਠਪੁਤਲੀ ਕਾਬੁਲ ਸਰਕਾਰ ਔਰਤਾਂ ਦੇ ਖ਼ਿਲਾਫ਼ ਫਤਵੇ ਜਾਰੀ ਨਹੀਂ ਕਰਦੀ ਸੀ। ਹੁਣ ਤਾਲਿਬਾਨੀ ਸਰਕਾਰ ਨੇ ਔਰਤਾਂ 'ਤੇ ਕਈ ਪਾਬੰਦੀਆਂ ਲਾਗੂ ਕਰ ਦਿੱਤੀਆਂ:-

ਸੱਤਾ ਵਿੱਚ ਆਉਂਦਿਆਂ ਹੀ ਤਾਲਿਬਾਨਾਂ ਨੇ ਔਰਤਾਂ ਨੂੰ ਨੌਕਰੀਆਂ 'ਚੋਂ ਕੱਢ ਦਿੱਤਾ। ਕੁੜੀਆਂ ਦੇ ਸਕੂਲ ਬੰਦ ਕਰ ਦਿੱਤੇ ਅਤੇ ਯੂਨੀਵਰਸਿਟੀਆਂ ਵਿੱਚੋਂ ਵੀ ਔਰਤਾਂ ਨੂੰ ਬਾਹਰ ਕੱਢ ਦਿੱਤਾ ਗਿਆ।

ਬਗੈਰ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੇ ਔਰਤਾਂ ਦੇ ਬਾਹਰ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ।

ਔਰਤਾਂ ਮਰਦ ਡਾਕਟਰ ਤੋਂ ਇਲਾਜ ਨਹੀਂ ਕਰਵਾ ਸਕਦੀਆਂ ਸਨ। ਹਸਪਤਾਲਾਂ ਵਿੱਚ ਔਰਤਾਂ ਦਾ ਇਲਾਜ ਸਿਰਫ਼ ਔਰਤ ਡਾਕਟਰ ਹੀ ਕਰ ਸਕਦੀ ਸੀ। ਔਰਤਾਂ ਨੂੰ ਬੁਰੀ ਤਰ੍ਹਾਂ ਮਾਰਨਾ, ਖੁੱਲ੍ਹੇ ਚੁਰਸਤਿਆਂ 'ਤੇ ਕੌੜੇ ਮਾਰਨਾ, ਉਨ੍ਹਾਂ ਦੀ ਹੱਤਿਆ ਕਰ ਦੇਣਾ, ਉਥੋਂ ਦੇ ਕਾਨੂੰਨ ਦੇ ਮੁਤਾਬਕ ਜਾਇਜ਼ ਸੀ।

ਇੱਕ ਕੁੜੀ ਨੇ ਘਰ ਵਿੱਚ ਕੁੜੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਉਸ ਦੇ ਘਰਵਾਲਿਆਂ ਦੇ ਸਾਹਮਣੇ ਹੀ ਉਸ ਦੀ ਹੱਤਿਆ ਕਰ ਦਿੱਤੀ ਗਈ।

ਇੱਕ ਹੋਰ ਕੁੜੀ ਜੋ ਕਿਸੇ ਮਰਦ ਦੇ ਨਾਲ ਸੀ, ਉਸ ਦੀ ਪੱਥਰ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕਾਬੁਲ ਦੀ ਇੱਕ 15 ਸਾਲਾਂ ਦੀ ਕੁੜੀ ਦਾ ਬਿਆਨ ਛਪਿਆ ਸੀ, "ਉਨ੍ਹਾਂ ਨੇ ਮੇਰੇ ਪਿਤਾ ਨੂੰ ਮੇਰੇ ਸਾਹਮਣੇ ਗੋਲੀ ਮਾਰ ਦਿੱਤੀ। ਰਾਤ ਦੇ ਨੌਂ ਵੱਜੇ ਸਨ, ਉਹ ਸਾਡੇ ਘਰ ਆਏ ਅਤੇ ਕਿਹਾ ਕਿ ਉਨ੍ਹਾ ਨੂੰ ਮਾਰਨ ਦਾ ਹੁਕਮ ਮਿਲਿਆ ਹੈ, ਕਿਉਂਕਿ ਉਨ੍ਹਾਂ ਨੇ ਮੈਨੂੰ ਸਕੂਲ ਜਾਣ ਦੀ ਆਗਿਆ ਦਿੱਤੀ ਸੀ। ਮੇਰੇ ਪਿਤਾ ਨੂੰ ਮਾਰ ਦੇਣਾ ਜਿਵੇਂ ਉਨ੍ਹਾਂ ਲਈ ਕਾਫ਼ੀ ਨਹੀਂ ਸੀ। ਮੈਂ ਇਹ ਨਹੀਂ ਦੱਸ ਸਕਦੀ ਕਿ ਮੇਰੇ ਪਿਤਾ ਦੀ ਹੱਤਿਆ ਤੋਂ ਬਾਅਦ ਉਨ੍ਹਾਂ ਨੇ ਮੇਰੇ ਨਾਲ ਕੀ ਕੀਤਾ।"

ਇੱਕ ਬੁੱਢੀ ਔਰਤ ਨੂੰ ਇਸ ਲਈ ਮਾਰ ਦਿੱਤਾ ਗਿਆ, ਕਿਉਂਕਿ ਉਸ ਦੀਆਂ ਅੱਡੀਆਂ ਵਿਖਾਈ ਦੇ ਰਹੀਆਂ ਸਨ। ਮਰਦ ਬਗੈਰ ਕਿਸੇ ਸਜ਼ਾ ਦੇ ਘਰੇਲੂ ਹਿੰਸਾ ਕਰ ਸਕਦੇ ਸਨ। ਮਰਦਾਂ ਨੂੰ ਪਰਵਾਰ ਦੀਆਂ ਔਰਤਾਂ 'ਤੇ ਤਸ਼ੱਦਦ ਕਰਨ ਦੀ ਖੁੱਲ੍ਹੀ ਛੋਟ ਸੀ। ਇੱਥੋਂ ਤੱਕ ਕਿ ਉਹ ਉਨ੍ਹਾਂ ਦੀ ਹੱਤਿਆ ਵੀ ਕਰ ਸਕਦੇ ਸਨ ਅਤੇ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ਸੀ। ਇਸ ਤੋਂ ਬਲਾਤਕਾਰ ਅਤੇ ਹੋਰ ਪ੍ਰਕਾਰ ਦੀ ਯੌਨ ਹਿੰਸਾ ਨਾਲ ਪੀੜਤ ਔਰਤਾਂ 'ਤੇ ਨੈਤਿਕ ਅਪਰਾਧ ਅਤੇ ਵਿਭਚਾਰ ਦਾ ਦੋਸ਼ ਲਾਇਆ ਜਾ ਸਕਦਾ ਸੀ। ਕਾਬੁਲ ਵਿੱਚ ਇੱਕ ਔਰਤ ਦੇ ਅੰਗੂਠੇ ਦਾ ਸਿਰਾ ਇਸ ਲਈ ਕੱਟ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਨੇਲ ਪਾਲਿਸ਼ ਲਾਈ ਹੋਈ ਸੀ। ਔਰਤਾਂ ਦੇ ਅਧਿਕਾਰਾਂ ਦੀ ਗੱਲ ਕਰਨ ਵਾਲੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਮਰਦਾਂ ਨਾਲ ਵੀ ਹਿੰਸਾ ਹੁੰਦੀ ਸੀ।

ਤਾਲਿਬਾਨੀ ਸ਼ਾਸਨ ਵਿੱਚ ਔਰਤਾਂ ਲੋੜੀਂਦੇ ਭੋਜਨ ਤੋਂ ਵੀ ਵਾਂਝੀਆਂ ਰਹੀਆਂ ਤੇ ਅੱਜ ਵੀ ਹਨ। ਉਨ੍ਹਾਂ ਕੋਲ ਨੌਕਰੀ ਜਾਂ ਫਿਰ ਕੋਈ ਰੁਜ਼ਗਾਰ ਨਹੀਂ ਹੈ, ਸਿਹਤ ਸੰਭਾਲ ਖਾਸ ਕਰਕੇ ਜਣੇਪੇ ਦੌਰਾਨ ਸਿਹਤ ਲਈ ਜ਼ਰੂਰੀ ਸਹੂਲਤਾਂ ਉਨ੍ਹਾ ਨੂੰ ਪ੍ਰਾਪਤ ਨਹੀਂ ਹਨ ਜਾਂ ਫਿਰ ਨਾ ਦੇ ਬਰਾਬਰ ਹਨ।

ਪਹਿਲੇ ਤਾਲਿਬਾਨੀ ਸ਼ਾਸਨ ਦੇ ਬਾਅਦ ਹੀ ਅਮਰੀਕਾ ਅਤੇ ਯੂਰਪ ਦੇ ਹੋਰ ਦੇਸ਼ਾ ਵਿੱਚ ਅਫ਼ਗਾਨ ਔਰਤਾਂ ਨਾਲ ਹੋ ਰਹੀ ਹਿੰਸਾ ਦੇ ਖ਼ਿਲਾਫ਼ ਆਵਾਜ਼ ਉੱਠਣੀ ਸ਼ੁਰੂ ਹੋ ਗਈ ਸੀ, ਇਸ 'ਤੇ ਅੰਤਰ-ਰਾਸ਼ਟਰੀ ਦਖ਼ਲ ਸ਼ੁਰੂ ਹੋਇਆ। 11 ਸਤੰਬਰ 2001 ਵਿੱਚ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਦੁਆਰਾ ਨਿਊਯਾਰਕ 'ਤੇ ਆਯੋਜਿਤ ਹਮਲਿਆਂ ਦੇ ਤੁਰੰਤ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਵਿੱਚ ਦਖਲ-ਅੰਦਾਜ਼ੀ ਕਰਦਿਆਂ ਹੋਇਆਂ ਇੱਕ ਅੰਤਰ-ਰਾਸ਼ਟਰੀ ਫੌਜੀ ਮੁਹਿੰਮ ਚਲਾਈ ਅਤੇ ਦਸੰਬਰ 2001 ਵਿੱਚ ਅਮਰੀਕਾ ਨੇ ਅਫ਼ਗਾਨਿਸਤਾਨ 'ਤੇ ਹਮਲਾ ਕਰ ਦਿੱਤਾ ਅਤੇ ਤਾਲਿਬਾਨੀ ਸ਼ਾਸਨ ਨੂੰ ਕੁਚਲ ਦਿੱਤਾ। ਤਾਲਿਬਾਨ ਦੇ ਕਈ ਲੜਾਕੇ ਗਵਾਂਢੀ ਦੇਸ਼ ਪਾਕਿਸਤਾਨ ਦੌੜ ਗਏ।

2001 ਵਿੱਚ ਅਫ਼ਗਾਨਿਸਤਾਨ ਦੀਆਂ ਔਰਤਾਂ ਪਹਿਲੇ ਤਾਲਿਬਾਨੀ ਦੌਰ ਦੀਆਂ ਯਾਤਨਾਵਾਂ ਤੋਂ ਆਜ਼ਾਦ ਹੋਈਆਂ। ਸਕੂਲਾਂ ਨੇ ਕੁੜੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਔਰਤਾਂ ਕੰਮ ਤੇ ਵਾਪਸ ਪਰਤੀਆਂ। 2003 ਵਿੱਚ ਨਵੇਂ ਸੰਵਿਧਾਨ ਵਿੱਚ ਔਰਤਾਂ ਦੇ ਅਧਿਕਾਰਾਂ ਨੂੰ ਸ਼ਾਮਲ ਕੀਤਾ ਗਿਆ ਅਤੇ 2009 ਵਿੱਚ ਅਫ਼ਗਾਨਿਸਤਾਨ ਨੇ ਔਰਤਾਂ ਦੇ ਖਿਲਾਫ਼ ਹਿੰਸਾ ਉਨਮੂਲਨ ਕਾਨੂੰਨ ਅਪਣਾਇਆ। ਇਸ ਦੇ ਬਾਵਜੂਦ ਅਫ਼ਗਾਨੀ ਸਮਾਜ ਵਿੱਚ, ਦੇਹਾਤੀ ਤੇ ਕਸਬਿਆਂ ਦੇ ਖੇਤਰਾਂ ਵਿੱਚ ਔਰਤਾਂ ਦੇ ਪ੍ਰਤੀ ਭੇਦਭਾਵ ਕਾਇਮ ਰਿਹਾ। 2011 ਵਿੱਚ ਅਫ਼ਗਾਨਿਸਤਾਨ ਨੂੰ ਔਰਤਾਂ ਦੇ ਲਈ ਸਭ ਤੋਂ ਖ਼ਤਰਨਾਕ ਦੇਸ਼ ਦੱਸਿਆ ਗਿਆ।

2001 ਵਿੱਚ ਇਸ ਆਜ਼ਾਦੀ ਤੋਂ ਬਾਅਦ ਲੱਗਭੱਗ 19 ਸਾਲਾਂ ਤੱਕ ਅਫ਼ਗਾਨ ਔਰਤਾਂ ਨੇ ਖੁੱਲ੍ਹੀ ਹਵਾ ਵਿੱਚ ਸਾਹ ਲਿਆ। ਉਨ੍ਹਾ ਦੀਆਂ ਰਾਜਨੀਤਕ ਅਤੇ ਸਮਾਜਿਕ ਸਥਿਤੀਆਂ ਵਿੱਚ ਕਾਫ਼ੀ ਸੁਧਾਰ ਹੋਇਆ। ਸੰਯੁਕਤ ਰਾਜ ਅਮਰੀਕਾ ਦੀ ਹੱਲਾਸ਼ੇਰੀ ਨਾਲ ਦੋ ਔਰਤਾਂ ਡਾ. ਸਿਮਾ ਸਮਰ ਅਤੇ ਡਾ. ਸੁਹੇਲ ਸਿੱਦੀਕ ਨੂੰ ਸਰਕਾਰ ਵਿੱਚ ਮਹੱਤਵਪੂਰਨ ਅਹੁਦਿਆਂ 'ਤੇ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਹਬੀਬਾ ਸੋਰਾਬੀ ਨੇ ਮਹਿਲਾ ਮਾਮਲਿਆਂ ਦੇ ਮੰਤਰਾਲੇ ਨੂੰ ਸੰਭਾਲਿਆ। ਸੰਕਟਕਾਲੀਨ ਲੋਯਾ ਜਿਰਗਾ ਦਾ ਆਯੋਜਨ ਕਰਨ ਵਾਲੇ 21 ਮੈਂਬਰੀ ਆਯੋਗ ਵਿੱਚ ਵੀ ਤਿੰਨ ਔਰਤਾਂ ਸ਼ਾਮਲ ਕੀਤੀਆਂ ਗਈਆਂ।

ਤਾਲਿਬਾਨਾਂ ਨੇ ਸਰਹੱਦ ਪਾਰ ਪਾਕਿਸਤਾਨ ਵਿੱਚ ਇਕਜੁੱਟ ਹੋ ਕੇ ਆਪਣੀ ਤਾਕਤ ਵਧਾਈ ਅਤੇ ਬੇਦਖਲੀ ਦੇ ਦਸ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਫਿਰ ਤੋਂ ਖੇਤਰ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਅਗਸਤ 2021 ਤੀਕ ਤਾਲਿਬਾਨ ਫਿਰ ਸੱਤਾ ਵਿੱਚ ਪਰਤ ਆਇਆ ਅਤੇ ਪੂਰੇ ਦੇਸ਼ ਵਿੱਚ ਔਰਤਾਂ ਦੇ ਖਿਲਾਫ਼ ਹਿੰਸਾ ਅਤੇ ਭੇਦਭਾਵ ਦਾ ਸਾਮਰਾਜ ਫਿਰ ਸਥਾਪਤ ਹੋ ਗਿਆ।

ਤਾਲਿਬਾਨਾਂ ਦੇ ਦੂਸਰੇ ਦੌਰ ਵਿੱਚ ਫਿਰ ਤੋਂ ਔਰਤਾਂ ਅਤੇ ਕੁੜੀਆਂ ਦੇ ਪੜ੍ਹਨ, ਇੱਥੋਂ ਤੀਕ ਕਿ ਪਾਰਕਾਂ ਵਿੱਚ ਜਾਣ 'ਤੇ ਵੀ ਪਾਬੰਦੀ ਲਾ ਦਿੱਤੀ ਗਈ। ਅਫ਼ਗਾਨਿਸਤਾਨ ਵਿੱਚ ਪ੍ਰੈੱਸ 'ਤੇ ਵੀ ਪਾਬੰਦੀ ਲਾ ਦਿੱਤੀ ਗਈ। ਇਸ ਕਾਰਨ ਹੁਣ ਤੱਕ ਦੋ ਸੌ ਤੋਂ ਵੀ ਜ਼ਿਆਦਾ ਸਮਾਚਾਰ ਸੰਗਠਨ ਬੰਦ ਹੋ ਚੁੱਕੇ ਹਨ। ਤਾਲਿਬਾਨੀ ਸਰਕਾਰ ਆਪਣੇ ਖ਼ਿਲਾਫ਼ ਕਿਸੇ ਵੀ ਪ੍ਰਕਾਰ ਦੇ ਪ੍ਰਦਰਸ਼ਨ ਦਾ ਹਿੰਸਕ ਰੂਪ ਨਾਲ ਦਮਨ ਕਰਦੀ ਹੈ, ਉਨ੍ਹਾਂ 'ਤੇ ਨਜ਼ਰ ਰੱਖੀ ਜਾਂਦੀ ਹੈ ਅਤੇ ਅਕਸਰ ਉਨ੍ਹਾਂ ਨੂੰ ਗਾਇਬ ਕਰ ਦਿੱਤਾ ਜਾਂਦਾ ਹੈ। ਤਾਲਿਬਾਨ ਨੇ ਇੱਕ ਅਜਿਹੇ ਮੰਤਰਾਲੇ ਦੀ ਸਥਾਪਨਾ ਕੀਤੀ ਹੈ, ਜੋ ਉਸ ਦੇ ਸਦਗੁਣਾਂ ਦਾ ਪ੍ਰਚਾਰ ਅਤੇ ਬੁਰਾਈ ਦੀ ਰੋਕਥਾਮ ਕਰਦਾ ਹੈ। ਨਵੰਬਰ 2022 ਵਿੱਚ ਤਾਲਿਬਾਨੀ ਸਰਕਾਰ ਨੇ ਜੱਜਾਂ ਨੂੰ ਸ਼ਰੀਆ ਦੀ ਆਪਣੀ ਵਿਆਖਿਆ ਨੂੰ ਲਾਗੂ ਕਰਨ ਦਾ ਹੁਕਮ ਦਿੱਤਾ। ਇਸ ਦੇ ਕੁਝ ਹਫ਼ਤਿਆਂ ਬਾਅਦ ਅਧਿਕਾਰੀਆਂ ਨੇ ਜਨਤਕ ਰੂਪ ਨਾਲ ਕੋੜੇ ਮਾਰਨਾ ਅਤੇ ਫਾਂਸੀ ਦੇਣਾ ਫਿਰ ਤੋਂ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਵਾਪਸੀ ਦੇ ਪਹਿਲੇ ਮਹੀਨਿਆਂ ਵਿੱਚ ਲੱਖਾਂ ਲੋਕ ਗਰੀਬੀ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਗਏ। ਕੁਪੋਸ਼ਣ ਦਾ ਅਸਰ ਸਭ ਤੋਂ ਜ਼ਿਆਦਾ ਗਰੀਬ ਪਰਵਾਰਾਂ ਦੀਆਂ ਲੜਕੀਆਂ 'ਤੇ ਪਿਆ ਅਤੇ ਉਨ੍ਹਾਂ ਦੀ ਮੌਤ ਦਰ ਲੜਕਿਆਂ ਦੀ ਤੁਲਨਾ ਵਿੱਚ ਨੱਬੇ ਫੀਸਦੀ ਜ਼ਿਆਦਾ ਹੈ।

ਈਰਾਨ ਦੇ ਹਾਲਾਤ ਭਾਵੇਂ ਅਫ਼ਗਾਨਿਸਤਾਨ ਵਰਗੇ ਨਹੀਂ ਹਨ, ਪਰ ਉਸ ਤੋਂ ਥੋੜ੍ਹਾ ਹੀ ਘੱਟ ਹਨ। ਪਿਛਲੇ ਕੁਝ ਸਾਲਾਂ ਦੌਰਾਨ ਈਰਾਨ ਵਿੱਚ ਵੀ ਔਰਤਾਂ ਦੁਆਰਾ ਡ੍ਰੈੱਸ ਕੋਡ ਪ੍ਰਤੀ ਵਿਰੋਧ ਵਧਿਆ ਹੈ। 1979 ਦੀ ਮੁਸਲਿਮ ਕ੍ਰਾਂਤੀ ਤੋਂ ਬਾਅਦ, ਜਿਸ ਵਿੱਚ ਸ਼ਾਹ ਮੁਹੰਮਦ ਰਜਾ ਪਹਲਵੀ ਦੇ ਸ਼ਾਸਨ ਨੂੰ ਨਸ਼ਟ ਕਰ ਦਿੱਤਾ ਗਿਆ, ਆਇਤੁੱਲਾ ਖੋਮੈਨੀ ਸੱਤਾ ਵਿੱਚ ਆ ਗਏ ਤਾਂ ਈਰਾਨ ਵਿੱਚ ਔਰਤਾਂ ਲਈ ਹਿਜਾਬ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ। ਹਾਲਾਂਕਿ ਉੱਥੇ ਕੁੜੀਆਂ ਸਕੂਲ-ਕਾਲਜ ਤਾਂ ਜਾ ਸਕਦੀਆਂ ਹਨ, ਪਰ ਉਨ੍ਹਾਂ ਨੂੰ ਹਦਾਇਤ ਹੈ ਕਿ ਉਹ ਹਿਜਾਬ ਵਿੱਚ ਆਪਣੇ ਸਰੀਰ ਨੂੰ ਪੂਰੀ ਤਰ੍ਹਾਂ ਢਕ ਕੇ ਹੀ ਬਾਹਰ ਨਿਕਲਣ। ਇਸ ਡ੍ਰੈੱਸ ਕੋਡ ਕਰਕੇ ਔਰਤਾਂ ਵਿੱਚ ਕਾਫੀ ਰੋਹ ਹੈ। 2022 ਵਿੱਚ ਮਹਸਾ ਮਹੀਨੀ ਦੀ ਹਿਰਾਸਤ ਵਿੱਚ ਮੌਤ ਤੋਂ ਬਾਅਦ ਔਰਤਾਂ ਨੇ ਡ੍ਰੈੱਸ ਕੋਡ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ ਸੀ।

ਹੁਣੇ ਜਿਹੇ ਹੀ 2 ਨਵੰਬਰ 2024 ਨੂੰ ਇੱਕ ਈਰਾਨੀ ਕੁੜੀ ਅਹੂ ਦਰਿਆਈ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਆਪਣੇ ਕੱਪੜੇ ਉਤਾਰਨ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਤੇਹਰਾਨ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੀ ਇਹ ਕੁੜੀ ਬਗੈਰ ਹਿਜਾਬ ਦੇ ਯੂਨੀਵਰਸਿਟੀ ਵਿੱਚ ਆਈ ਸੀ ਅਤੇ ਯੂਨੀਵਰਸਿਟੀ ਦੇ ਸਾਹਮਣੇ ਸੜਕ 'ਤੇ ਜਾ ਰਹੀ ਸੀ। ਉਸ ਵੇਲੇ ਈਰਾਨ ਦੀ ਮੋਰਲ ਪੁਲਸ ਨੇ ਉਸ ਨੂੰ ਰੋਕਿਆ ਤੇ ਉਸ ਨੂੰ ਥੱਪੜ ਮਾਰੇ। ਅੱਗੋਂ ਉਸ ਨੇ ਵੀ


ਬਾਕੀ ਆਖ਼ਰੀ ਤੋਂ ਪਹਿਲੇ ਸਫ਼ੇ 'ਤੇ


# ਆਓ, ਕੁਝ ਨਾ ਕੁਝ ਕਰੀਏ


ਪ੍ਰੋ. ਕੁਲਵੰਤ ਔਜਲਾ


ਜੀਊਣ ਲਈ ਬੰਦੇ ਨੂੰ ਕੁਝ ਨਾ ਕੁਝ ਕਰੀ ਜਾਣਾ ਚਾਹੀਦਾ ਹੈ। ਕੁਝ ਨਾ ਕੁਝ ਕਰੀ ਜਾਣ ਨਾਲ ਲੋਅ ਤੇ ਲਗਾਤਾਰਤਾ ਸੰਜੀਵ ਰਹਿੰਦੀ ਹੈ। ਕੁਝ ਨਾ ਕੁਝ ਕਰੀ ਜਾਣ ਦਾ ਭਾਵ ਹੈ, ਨਿੱਕੇ-ਨਿੱਕੇ ਕਦਮ ਪੁੱਟਣੇ, ਛੋਟੇ-ਛੋਟੇ ਹੰਭਦੇ ਮਾਰਨੇ ਤੇ ਸਿਹਤਮੰਦ ਸੁਪਨੇ ਉਗਾਉਣ ਦੀ ਕਿਸੇ ਨਾ ਕਿਸੇ ਹਰਕਤ ਨਾਲ ਜੁੜੇ ਰਹਿਣਾ। ਅਜਿਹੇ ਯਤਨਾਂ ਨਾਲ ਊਰਜਾ, ਉਮੀਦ ਤੇ ਉਤਸ਼ਾਹ ਨੂੰ ਸ਼ਕਤੀ ਮਿਲਦੀ ਹੈ। ਬੈਂਕ ਵਿੱਚੋਂ ਸੇਵਾ ਮੁਕਤ ਹੋਏ ਮੇਰੇ ਇੱਕ ਮਿੱਤਰ ਨੇ ਆਪਣੇ ਘਰ ਵਿੱਚ ਲਾਇਬ੍ਰੇਰੀ ਖੋਲ੍ਹੀ ਹੋਈ ਹੈ। ਕੋਈ ਕਿਤਾਬ ਲੈਣ ਆਉਂਦਾ ਹੈ। ਕੋਈ ਕਿਤਾਬ ਮੋੜਨ ਆਉਂਦਾ ਹੈ। ਕਿਤਾਬਾਂ ਦੇ ਆਦਾਨ-ਪ੍ਰਦਾਨ ਨਾਲ ਉਸ ਦਾ ਘਰ ਕਿਤਾਬਾਂ ਦੀ ਕੁਟੀਆ ਜਾਪਦਾ ਹੈ। ਘਰ ਦੇ ਨਿੱਕੇ ਬੱਚਿਆਂ ਦੀ ਆਤਮਾ ਵਿੱਚੋਂ ਕਿਤਾਬਾਂ ਦੀ ਲੈਅ ਸਿੰਮਦੀ ਪ੍ਰਤੀਤ ਹੁੰਦੀ ਹੈ। ਕੰਮ ਕਰਦਿਆਂ, ਬੋਲਦਿਆਂ, ਝਗੜਦਿਆਂ ਤੇ ਸੌਂਦਿਆਂ, ਜਾਗਦਿਆਂ ਕਿਤਾਬਾਂ ਘਰ ਨੂੰ ਡੋਲਣ ਨਹੀਂ ਦਿੰਦੀਆਂ। ਕਿਤਾਬਾਂ ਦੀ ਹਾਜ਼ਰੀ ਵਿੱਚ ਸੁਪਨੇ, ਸੋਚਾਂ ਤੇ ਸੰਵਾਦ ਦੀ ਸੁਰ ਸੁਰੀਲੀ ਰਹਿੰਦੀ ਹੈ। ਕਿਤਾਬਾਂ ਦੀ ਕੁਟੀਆ ਹਰ ਪਿੰਡ, ਹਰ ਘਰ ਵਿੱਚ ਹੋਵੇ ਤਾਂ ਪਿੰਡਾਂ ਤੇ ਘਰਾਂ ਦੇ ਮਿਜ਼ਾਜ ਬਦਲ ਸਕਦੇ ਹਨ। ਕੁਰੀਤੀਆਂ ਤੇ ਕੁਕਰਮਾਂ ਨੂੰ ਰੋਕਣ ਲਈ ਦਿਲਾਂ ਦਾ ਪਾਕ ਹੋਣਾ ਜ਼ਰੂਰੀ ਹੈ। ਕਿਤਾਬਾਂ ਦਿਲਾਂ ਨੂੰ ਪਾਕ ਕਰਦੀਆਂ ਹਨ। ਸਕੂਲਾਂ, ਕਾਲਜਾਂ, ਦਫ਼ਤਰਾਂ, ਘਰਾਂ ਤੇ ਦੇਸ਼ਾਂ ਨੂੰ ਕਿਤਾਬਾਂ ਦੀ ਕੁਟੀਆ ਵਿੱਚ ਤਬਦੀਲ ਕਰਨ ਦੀ ਲੋੜ ਹੈ। ਅਜਿਹਾ ਹੋਵੇ ਜਾਂ ਨਾ ਹੋਵੇ ਪਰ ਸਾਨੂੰ ਕੁਝ ਨਾ ਕੁਝ ਕਰਨ ਵਾਲਿਆਂ ਨੂੰ ਅਜਿਹੇ ਸੁਪਨਦੇਸ਼ ਲਈ ਦੁਆ ਕਰਨੀ ਚਾਹੀਦੀ ਹੈ:

ਰਹੇ ਧੜਕਦੀ ਸਦਾ ਸਾਡੀ ਕੁਟੀਆ ਕਿਤਾਬਾਂ ਦੀ
ਚੱਲੇ ਗੱਲ ਕਦੇ ਕਦੇ ਸਰਬ ਸਾਂਝੇ ਪੰਜਾਬਾਂ ਦੀ

ਮੇਰਾ ਇੱਕ ਹੋਰ ਬਿਰਧ ਮਿੱਤਰ ਪੈਨਸ਼ਨਰਜ਼ ਐਸੋਸੀਏਸ਼ਨ ਵਿੱਚ ਕੰਮ ਕਰਦਾ ਹੈ। ਖੂੰਡੀ ਫੜ ਕੇ ਤੁਰਦਾ ਹੈ ਪਰ ਰੁਕਦਾ ਨਹੀਂ। ਸੇਵਾ ਮੁਕਤ ਲੋਕਾਂ ਲਈ ਆਵਾਜ਼ ਉਠਾਉਂਦਾ ਹੈ। ਨਿੱਕੇ-ਨਿੱਕ ਉਦਮ ਕਰਦਾ ਹੈ ਤੇ ਵੱਡੇ-ਵੱਡੇ ਹੌਸਲੇ ਜਗਾਉਂਦਾ ਹੈ। ਉਸ ਨੇ ਲਗਾਤਾਰ ਹਿੰਮਤ ਕਰਕੇ ਸੇਵਾ ਮੁਕਤ ਲੋਕਾਂ ਲਈ ਇਕੱਠੇ ਹੋਣ ਵਾਸਤੇ ਜ਼ਿਲ੍ਹਾ ਲਾਇਬ੍ਰੇਰੀ ਵਿੱਚ 'ਪੈਨਸ਼ਨਰਜ਼ ਹੋਮ' ਬਣਾ ਲਿਆ ਹੈ। ਲੋਕ ਇਸ ਘਰ ਵਿੱਚ ਆਉਂਦੇ ਨੇ, ਬਹਿਸਾਂ ਕਰਦੇ ਨੇ ਅਤੇ ਸੰਘਰਸ਼ ਦੇ ਨਵੇਂ ਨਵੇਂ ਖ਼ਿਆਲ ਉਗਾਉਂਦੇ ਨੇ। ਸਾਡੇ ਸਮਾਜ ਵਿੱਚ ਬਹੁਤ ਸਾਰੇ ਲੋਕ ਸੇਵਾ ਮੁਕਤ ਹੋ ਕੇ ਘਰਾਂ ਵਿੱਚ ਕੈਦ ਹੋ ਜਾਂਦੇ ਹਨ। ਲੋੜਾਂ ਤੇ ਗਰਜ਼ਾਂ ਨਾਲ ਜੂਝਦੇ-ਜੂਝਦੇ ਥੱਕ ਜਾਂਦੇ ਹਨ। ਅਜਿਹੇ ਲੋਕਾਂ ਨੂੰ ਜ਼ਿੰਦਗੀ ਲਈ ਕੁਝ ਨਾ ਕੁਝ ਕਰਨ ਦੇ ਰਾਹ ਤੁਰਨਾ ਚਾਹੀਦਾ ਹੈ। ਤੁਰਾਂਗੇ ਤਾਂ ਸਾਹ ਵੀ ਸੌਖੇ ਹੋ ਜਾਣਗੇ। ਕੁਝ ਨਾ ਕੁਝ ਕਰਨ ਦਾ ਜਜ਼ਬਾ ਬੰਦੇ ਨੂੰ ਬਿਰਧ ਨਹੀਂ ਹੋਣ ਦਿੰਦਾ। ਚੰਗੇ ਆਦਰਸ਼ਾਂ ਦੀ ਕਮਾਈ ਨਾਲ ਊਰਜਾ ਮਿਲਦੀ ਹੈ। ਦੁੱਖਾਂ, ਮੁਸੀਬਤਾਂ ਦੇ ਜਾਪ ਨਾਲੋਂ ਨਰੋਈਆਂ ਭਾਵਨਾਵਾਂ ਦਾ ਜਾਪ ਬੰਦੇ ਨੂੰ ਥਿੜਕਣ, ਭਟਕਣ ਨਹੀਂ ਦਿੰਦਾ।

ਨਰੋਈਆਂ ਭਾਵਨਾਵਾਂ ਦਾ ਜਾਪ ਕਰਨ ਵਾਲੇ ਲੋਕ ਪਰ ਥੋੜ੍ਹੇ ਰਹਿ ਗਏ ਹਨ। ਬਹੁਤੇ ਲੋਕ ਦੌੜ-ਦੌੜ ਕੇ ਦੂਸਰਿਆਂ ਨਾਲੋਂ ਅਗਾਂਹ ਨਿਕਲ ਜਾਣ ਦੀ ਭਾਵਨਾ ਨਾਲ ਭਰਪੂਰ ਹਨ। ਕੋਈ ਤੇਜ਼-ਤੇਜ਼ ਟਰੈਕਟਰ ਭਜਾ ਰਿਹਾ ਹੈ। ਕੋਈ ਨਵੀਂ ਲਈ ਥਾਰ ਦੇ ਗੇੜੇ ਕੱਢਦਾ ਫਿਰਦਾ ਹੈ। ਕੋਈ ਗਵਾਂਢੀ ਦੇ ਘਰ ਨਾਲੋਂ ਸ਼ਾਨਦਾਰ ਘਰ ਬਣਾਉਣ ਵਿੱਚ ਮਸ਼ਰੂਫ ਹੈ। ਕੋਈ ਸੱਤ ਤਾਰਾ ਪੈਲਸਾਂ ਵਿੱਚ ਪਰੋਸੇ ਜਾ ਰਹੇ ਪਕਵਾਨਾਂ ਦੇ ਸੁਆਦਾਂ ਨਾਲ ਆਫ਼ਰਿਆ ਪਿਆ ਹੈ। ਸਮਾਜ ਵਿੱਚ ਤੱਤ ਨਾਲੋਂ ਦਿੱਖ ਭਾਰੂ ਹੋ ਰਹੀ ਹੈ। ਸੱਤਾ, ਸ਼ੋਭਾ, ਸਵਾਰਥ ਤੇ ਸ਼ੋਹਰਤ ਲਈ ਪਾਗ਼ਲ ਹੋਈ ਫਿਰਦੀ ਹੈ ਦੁਨੀਆ। ਨੇਕ ਕੰਮ ਵੀ ਦਿਖਾਵੇ ਲਈ ਕੀਤੇ ਜਾ ਰਹੇ ਹਨ। ਕੰਮ ਨਾਲੋਂ ਇਸ਼ਤਿਹਾਰਬਾਜ਼ੀ ਜ਼ਿਆਦਾ ਮਹੱਤਵਪੂਰਨ ਹੁੰਦੀ ਜਾ ਰਹੀ ਹੈ। ਕੀਤੇ ਜਾ ਰਹੇ ਕੰਮਾਂ ਦੇ ਇਸ਼ਤਿਹਾਰਨੁਮਾ ਹੰਗਾਮੇ ਸਮਾਜ ਨੂੰ ਇਕਾਗਰ ਨਹੀਂ ਹੋਣ ਦਿੰਦੇ। ਹਰ ਬੰਦਾ ਦਿਸਣਾ ਚਾਹੁੰਦਾ। ਹਰ ਬੰਦਾ ਦਿਖਾਉਣਾ ਚਾਹੁੰਦਾ। ਹਰ ਬੰਦਾ ਦੱਸਣਾ ਚਾਹੁੰਦਾ। ਦਿਸਣ, ਦਿਖਾਉਣ ਤੇ ਦੱਸਣ ਦੇ ਅਭਿਮਾਨ ਨੂੰ ਪਰਚਾਉਣ ਤੇ ਪ੍ਰਮੋਟ ਕਰਨ ਲਈ ਅਨੇਕਾਂ ਪ੍ਰੋਫ਼ੈਸ਼ਨਲ ਹੱਟੀਆਂ ਖੁੱਲ੍ਹ ਗਈਆਂ ਹਨ। ਅਜਿਹੇ ਮਨੋਰੋਗੀ ਵਰਤਾਰਿਆਂ ਦੇ ਬਾਵਜੂਦ ਅਜੇ ਵੀ ਪਰ ਕੁਝ ਲੋਕ ਜੀਊਂਦੇ ਤੇ ਜਾਗਦੇ ਹਨ। ਮੇਰਾ ਇੱਕ ਵਿਦਿਆਰਥੀ ਪਿੰਡ ਦਾ ਸਰਪੰਚ ਬਣ ਗਿਆ। ਉਸ ਨੂੰ ਮਹਿਸੂਸ ਹੁੰਦਾ ਸੀ ਕਿ ਪਿੰਡ ਦੇ ਲੋਕ ਵਿਆਹਾਂ, ਮਰਨਿਆਂ ਉੱਤੇ ਬਹੁਤ ਜ਼ਿਆਦਾ ਖਰਚ ਕਰਦੇ ਹਨ। ਉਹ ਸੋਚਦਾ ਕਿ ਹਰ ਬੰਦੇ ਨੂੰ ਵਿੱਤ ਮੁਤਾਬਕ ਖਰਚ ਕਰਨਾ ਚਾਹੀਦਾ ਹੈ ਅਤੇ ਫੋਕੀ ਭੱਲ ਬਣਾਉਣ ਤੋਂ ਬਚਣ ਦੀ ਲੋੜ ਹੈ। ਸਿੱਟੇ ਵਜੋਂ ਉਸ ਨੇ ਪੰਚਾਇਤ ਵੱਲੋਂ ਮਤਾ ਪਾਸ ਕੀਤਾ ਕਿ ਪਿੰਡਾਂ ਦੇ ਵਸਨੀਕ ਭੋਗਾਂ, ਮਰਨਿਆਂ ਮੌਕੇ ਦਾਲ ਫੁਲਕਾ ਛਕਾਉਣ ਦੀ ਪਿਰਤ ਚਲਾਉਣ। ਇਸ ਚੰਗੀ ਪਿਰਤ ਦੀ ਲੋਕਾਂ ਨੇ ਵਡਿਆਈ ਕੀਤੀ ਅਤੇ ਹੌਲੀ-ਹੌਲੀ ਲੋਕ ਸਮਝਣ ਲੱਗੇ ਕਿ ਕਰਜ਼ੇ ਲੈ-ਲੈ ਕੇ ਫੋਕੀ ਭੱਲ ਬਣਾਉਣ ਨਾਲੋਂ ਬਿਹਤਰ ਹੈ ਕਿ ਸਾਦਾ ਸਮਾਗਮ ਕੀਤੇ ਜਾਣ। ਸਾਦਾ ਤੇ ਸੁਰੀਲੀਆਂ ਪਿਰਤਾਂ ਪਾਉਣ ਨਾਲ ਚੰਗਿਆਈ ਦਾ ਸੁਨੇਹਾ ਫੈਲਦਾ ਹੈ। ਘਰ ਕਰਜ਼ਈ ਹੋਣ ਤੋਂ ਬਚਦੇ ਹਨ। ਆਡੰਬਰਾਂ ਦੀ ਮਾਰ ਕਮਜ਼ੋਰ ਹੁੰਦੀ ਹੈ। ਕੁਝ ਨਾ ਕੁਝ ਚੰਗਾ ਕਰਨ ਨਾਲ ਸਮਾਜ ਨੂੰ ਸੁਰਤ ਆਉਂਦੀ ਹੈ। ਅਜਿਹੇ ਹੋਕੇ ਤੇ ਸੁਨੇਹੇ ਨਵੀਂ ਪਨੀਰੀ ਨੂੰ ਕਰਮਸ਼ੀਲ ਤੇ ਕਾਵਿਕ ਬਣਾਉਣ ਲਈ ਚੰਗੀ ਭੂਮਿਕਾ ਨਿਭਾਅ ਸਕਦੇ ਹਨ। ਹੋਰ ਪੰਚਾਂ-ਸਰਪੰਚਾਂ ਨੂੰ ਵੀ ਅਜਿਹਾ ਕੁਝ ਨਾ ਕੁਝ ਕਰਦੇ ਰਹਿਣਾ ਚਾਹੀਦਾ ਹੈ। ਕਈ ਪਿੰਡਾਂ ਵਿੱਚ ਨਸ਼ਿਆਂ ਖ਼ਿਲਾਫ਼ ਆਵਾਜ਼ ਪੰਘਰੀ ਹੈ। ਪਿੰਡ ਨੂੰ ਸਿਹਤਮੰਦ ਤੇ ਸਰਸਬਜ਼ ਕਰਨ ਦੇ ਸਲੋਗਨ ਊਰਜਿਤ ਹੋਏ ਹਨ। ਆਓ ਅਸੀਂ ਵੀ ਕੁਝ ਨਾ ਕੁਝ ਚੰਗਾ ਕਰੀਏ। ਆਸ ਤੇ ਉਮੀਦ ਦੀਆਂ ਨਿੱਕੀਆਂ-ਨਿੱਕੀਆਂ ਪੁਲਾਂਘਾਂ ਪੁੱਟੀਏ। ਨਿੱਕੀਆਂ-ਨਿੱਕੀਆਂ ਪੁਲਾਂਘਾਂ ਹੀ ਵੱਡੀ ਉਡਾਨ ਬਣਦੀਆਂ ਹਨ।

ਨਦੀਆਂ ਮਾਨਵ ਰੰਗੀਆਂ ਹਮੇਸ਼ਾ ਵਹਿਣ ਸਾਈਆਂ
ਇਨਸਾਨ ਇਨਸਾਨ ਰੰਗੇ ਜ਼ਰੂਰ ਰਹਿਣ ਸਾਈਆਂ
ਇਹ ਜੋ ਉਸਾਰੇ ਨੇ ਸਾਡੇ ਪਿਉ ਦਾਦਿਆਂ
ਕਿਲ੍ਹੇ ਕਿਰਤ ਦੇ ਕਦੇ ਨਾ ਢਹਿਣ ਸਾਈਆਂ

ਮੇਰੇ ਦੋਸਤ ਡਾ. ਤਰਲੋਕ ਸਿੰਘ ਬੱਲ ਮਾਨਵ ਰੰਗੇ ਮਨੁੱਖ ਸਨ। ਨਿੱਕੇ-ਨਿੱਕੇ ਕਦਮ ਪੁੱਟਣ ਵਾਲੇ ਸੰਜਮੀ ਇਨਸਾਨ। ਉਂਜ ਕਦੇ ਬਹੁਤਾ ਖਰਚ ਨਹੀਂ ਸਨ ਕਰਦੇ ਪਰ ਜਦ ਕਦੇ ਅਸੀਂ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੱਸਦੇ ਤਾਂ ਉਨ੍ਹਾਂ ਦਾ ਰੰਗ ਮਾਨਵ ਰੰਗਾ ਹੋ ਜਾਂਦਾ। ਆਪ ਜਾ ਕੇ ਵਿਦਿਆਰਥੀਆਂ ਨੂੰ ਮਿਲਦੇ। ਉਨ੍ਹਾਂ ਦੀਆਂ ਮੁਸੀਬਤਾਂ ਸੁਣਦੇ। ਕਿਤਾਬਾਂ ਲੈ ਕੇ ਦਿੰਦੇ ਤੇ ਵੱਡੀਆਂ-ਵੱਡੀਆਂ ਫੀਸਾਂ ਭਰਦੇ। ਅਜਿਹੇ ਮੌਕਿਆਂ ਉਤੇ ਉਹ ਸ਼ਾਹ ਦਿਲ ਹੋ ਜਾਂਦੇ। ਇਸ ਪ੍ਰਕਾਰ ਦੇ ਮਾਨਵ ਰੰਗੇ ਕਾਰਜਾਂ ਕਰਕੇ ਉਹ ਤਾਉਮਰ ਸੁਪਨਸ਼ੀਲ ਤੇ ਸਜੀਵ ਰਹੇ। ਕੁਸ਼ਟ ਆਸ਼ਰਮ ਨਾਲ ਵੀ ਉਨ੍ਹਾਂ ਦਾ ਗੂੜ੍ਹਾ ਨਾਤਾ ਸੀ। ਹਰ ਮਹੀਨੇ ਕੁਸ਼ਟ ਮਰੀਜ਼ਾਂ ਲਈ ਦਵਾਈਆਂ ਤੇ ਹੋਰ ਜ਼ਰੂਰੀ ਸਮੱਗਰੀ ਲੈ ਕੇ ਜਾਂਦੇ। ਭਾਵੇਂ ਉਹ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦਾ ਖ਼ਾਬ ਰੰਗੇ ਕਾਰਜਾਂ ਨੂੰ ਅਸੀਂ ਅੱਜ ਵੀ ਯਾਦ ਕਰਦੇ ਹਾਂ। ਉਨ੍ਹਾਂ ਦੀ ਪ੍ਰੇਰਨਾ ਨਾਲ ਅਸੀਂ ਕੁਝ ਲੋਕ ਅਜੇ ਵੀ ਲੋੜਵੰਦ ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਤੇ ਕਲਮਾਂ ਦੇਣ ਦਾ ਕਾਰਜ ਕਰ ਰਹੇ ਹਾਂ। ਚੰਗੀਆਂ ਉਦਾਹਰਣਾਂ ਕਦੇ ਮਰਦੀਆਂ ਨਹੀਂ। ਇਹ ਪੀੜ੍ਹੀ ਦਰ ਪੀੜ੍ਹੀ ਜਾਗ੍ਰਿਤ ਤੇ ਜੀਊਂਦੀਆਂ ਰਹਿੰਦੀਆਂ ਹਨ।

ਅੱਖਰਾਂ ਦੀ ਲੋਅ ਜਗਾਉਣ ਲਈ ਕਿਤਾਬ ਵੰਡਿਆ ਕਰ
ਜੀਊਣ ਦੇ ਅਹਿਸਾਸ ਉਗਾਉਣ ਲਈ ਖ਼ਾਬ ਵੰਡਿਆ ਕਰ
ਦਿਲਾਂ ਵਿੱਚ ਭਰਨ ਲਈ ਸੁਰ, ਲੈਅ ਅਤੇ ਤਾਲ
ਨਾਨਕ ਬਾਬੇ ਦੀ ਦਿੱਤੀ ਹੋਈ ਰਬਾਬ ਵੰਡਿਆ ਕਰ

ਬਹੁਗਿਣਤੀ ਲੋਕ ਪਰ ਮਾਨਵ ਰੰਗੇ ਨਹੀਂ ਰਹੇ। ਖ਼ਾਬ ਦੀ ਥਾਂ ਖੌਫ਼ ਵੰਡਿਆ ਜਾ ਰਿਹਾ ਹੈ। ਰਬਾਬ ਦੀ ਥਾਂ ਅਸ਼ਲੀਲਤਾ ਵੰਡੀ ਜਾ ਰਹੀ ਹੈ। ਕਿਤਾਬ ਦੀ ਥਾਂ ਨਸ਼ਾ ਵੰਡਿਆ ਜਾ ਰਿਹਾ ਹੈ। ਹਕੂਮਤਾਂ ਨੇ ਜੀਊਣ, ਸੋਚਣ ਤੇ ਕਰਨ ਦੇ ਸਾਡੇ ਮਿਜ਼ਾਜ਼ ਤੇ ਮੁਹਾਂਦਰੇ ਬਦਲ ਦਿੱਤੇ ਹਨ। ਮਨੁੱਖ ਦੀ ਸਿਰਜਣਾਤਮਿਕਤਾ ਤੇ ਸਜੀਵਤਾ ਨੂੰ ਧੁੰਦਲਾ ਕਰਨ ਲਈ ਨਕਲੀ ਤੇ ਨਾਂਹ-ਮੁਖੀ ਗਿਆਨ ਵੰਡਿਆ ਜਾ ਰਿਹਾ ਹੈ। ਰੂਹ ਦੀ ਥਾਂ ਰੋਬੋਟ ਦੀ ਮਹਿਮਾ ਹੋ ਰਹੀ ਹੈ। ਹੱਥਾਂ ਨਾਲੋਂ ਯੰਤਰਾਂ ਦੀ ਲੋੜ ਵਧੇਰੇ ਮੁੱਲਵਾਨ ਹੋਣ ਨੂੰ ਫਿਰਦੀ ਹੈ। ਅਮਾਨਵੀ ਵਿਕਾਸ ਤੇ ਵਣਜ ਨੇ ਮਾਨਵ ਨੂੰ ਮਾਨਵਰੰਗਾ ਨਹੀਂ ਰਹਿਣ ਦਿੱਤਾ। ਲੋਕਾਂ ਦੇ ਸੁਭਾਅ ਮੋਬਾਈਲ ਮੁਖੀ ਤੇ ਮਿਜ਼ਾਇਨੁਮਾ ਹੋ ਰਹੇ ਹਨ। ਅਜਿਹੇ ਹਮਲਿਆਂ ਤੋਂ ਖਿਝ ਕੇ ਮਨੁੱਖ ਤੜਪਦਾ ਤੇ ਰਿੱਝਦਾ ਹੈ। ਚੰਗੇ ਕਾਰਜਾਂ ਵਰਗਾ ਕੁਝ ਨਾ ਕੁਝ ਕਰੀ ਜਾਣ ਨਾਲ ਖਿਝ ਤੇ ਖਾਮੋਸ਼ੀ ਦਾ ਸੁਭਾਅ ਖ਼ਾਬਸ਼ੀਲ ਹੁੰਦਾ ਹੈ। ਮੇਰੇ ਘਰ ਦੇ ਨਜ਼ਦੀਕ ਇੱਕ ਪਾਰਕ ਹੈ। ਉਸ ਪਾਰਕ ਵਿੱਚ ਇੱਕ ਭਲੇ ਵਿਅਕਤੀ ਨੇ ਔਰਤਾਂ ਨੂੰ ਯੋਗਾ ਦੀ ਸਿਖਲਾਈ ਦੇਣ ਦਾ ਸ਼ੁੱਭ ਕਾਰਜ ਆਰੰਭਿਆ ਹੋਇਆ ਹੈ। ਔਰਤਾਂ ਸ਼ਾਮ ਵੇਲੇ ਘੰਟੇ ਡੇਢ ਘੰਟੇ ਲਈ ਇਕੱਠੀਆਂ ਹੁੰਦੀਆਂ ਹਨ। ਬਾਅਦਬ ਯੋਗਾ ਕਰਦੀਆਂ ਹਨ ਤੇ ਤੰਦਰੁਸਤੀ ਦੇ ਉਜਵਲ ਖਿਆਲ ਆਪਣੇ ਦਿਲਾਂ ਵਿੱਚ ਭਰ ਕੇ ਘਰਾਂ ਨੂੰ ਜਾਂਦੀਆਂ ਹਨ। ਬੀਬੀਆਂ ਘਰੋਂ ਉਦਾਸ-ਉਦਾਸ ਆਉਂਦੀਆਂ ਹਨ ਅਤੇ ਹੱਸਦੀਆਂ-ਹੱਸਦੀਆਂ ਘਰਾਂ ਨੂੰ ਜਾਂਦੀਆਂ ਹਨ। ਵਰਜ਼ਿਸ਼ ਨਾਲ ਸਰੀਰ ਹੌਲਾ ਹੋ ਜਾਂਦਾ ਹੈ ਤੇ ਗੱਲਾਂ ਨਾਲ ਮਨ ਹੌਲੇ ਹੋ ਜਾਂਦੇ ਹਨ। ਅਜੋਕੇ ਪੀੜਤ ਤੇ ਪਤਿਤ ਜ਼ਮਾਨੇ ਵਿੱਚ ਅਜਿਹੇ ਸ਼ੁੱਭ ਕਾਰਜਾਂ ਦੀ ਬੇਹੱਦ ਲੋੜ ਹੈ। ਸ਼ੁੱਭ ਕਾਰਜਾਂ ਦੀਆਂ ਉਦਾਹਰਣਾਂ ਨਾਲ ਆਹਰ ਵਧਦਾ ਹੈ ਅਤੇ ਆਦਰਸ਼ ਫੈਲਦੇ ਹਨ। ਨਰੋਏ ਵਿਚਾਰ, ਨਰੋਏ ਅਹਿਸਾਸ, ਨਰੋਏ ਅਮਲ ਤੇ ਨਰੋਏ ਅਰਮਾਨ ਨਿੱਕੀਆਂ-ਨਿੱਕੀਆਂ ਰਚਨਾਤਮਿਕ ਹਰਕਤਾਂ ਵਿੱਚੋਂ ਉਤਪੰਨ ਹੁੰਦੇ ਹਨ। ਚੰਗੇ ਲੋਕ ਨਿੱਕੀਆਂ-ਨਿੱਕੀਆਂ ਹਰਕਤਾਂ ਨਾਲ ਸਿਹਤਮੰਦ ਪੈਗ਼ਾਮ ਊਰਜਿਤ ਕਰਦੇ ਹਨ। ਵੱਡੇ ਕਾਰਜਾਂ ਨਾਲੋਂ ਪਹਿਲਾਂ ਨਿੱਕੇ ਕਾਰਜ ਕਰਨੇ ਚਾਹੀਦੇ ਹਨ। ਨਿੱਕਾ-ਨਿੱਕਾ ਕਰਦੇ ਕਰਦੇ ਕਾਰਜਾਂ ਦਾ ਫੈਲਾਊ ਆਪਮੁਹਾਰੇ ਵੱਡਾ ਹੋ ਜਾਂਦਾ ਹੈ। ਕੁਝ ਨਾ ਕੁਝ ਕਰਨ ਨਾਲ ਫ਼ਿਕਰਾਂ ਨੂੰ ਰਾਹਤ ਮਿਲਦੀ ਹੈ। ਅੰਦਰੂਨੀ ਧੜਕਣਾਂ ਨੂੰ ਬਲ ਮਿਲਦਾ ਹੈ। ਕੁਝ ਨਾ ਕੁਝ ਕਰਨ ਦਾ ਇਹੀ ਸੁੰਦਰ ਪੈਗ਼ਾਮ ਹੈ:

ਆਓ, ਕੁਝ ਨਾ ਕੁਝ ਕਰੀਏ
ਨਿੱਕਾ-ਨਿੱਕਾ ਪੰਘਰੀਏ
ਨਿੱਕਾ-ਨਿੱਕਾ ਪੁੰਗਰੀਏ
ਆਓ, ਕੁਝ ਨਾ ਕੁਝ ਕਰੀਏ।

# ਸੁਨਹਿਰੇ ਸੁਫਨੇ ਜਾਂ ਮਾਰੂਥਲ 'ਚ ਪਾਣੀ ਦੀ ਝਲਕ ਦਿਖਾ ਕੇ ਲੁੱਟੇ ਜਾ ਰਹੇ ਹਨ ਭਾਰਤ ਦੇ ਲੋਕ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇੱਕ ਨਵੰਬਰ ਨੂੰ ਇੱਕ ਵਾਰੀ ਫਿਰ ਉਹ ਦਿਨ ਲੰਘ ਗਿਆ ਹੈ, ਜਿਸ ਨਾਲ ਪੰਜਾਬ ਦੀ ਇਤਿਹਾਸਕ ਵਿਰਾਸਤ ਦੇ ਕੁਝ ਪ੍ਰਮੁੱਖ ਕਾਂਡ ਜੁੜੇ ਹੋਏ ਹਨ। ਇਹੋ ਦਿਨ ਤਾਂ ਸੀ, ਜਦੋਂ ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਨੇ ਭਾਰਤ ਦੇਸ਼ ਨੂੰ ਆਜ਼ਾਦ ਕਰਾਉਣ ਦਾ ਸੰਘਰਸ਼ ਵਿੱਢਣ ਲਈ ਗਦਰ ਦੀ ਗੂੰਜ ਗੁੰਜਾਈ ਸੀ ਤੇ ਇਹੋ ਦਿਨ ਪੰਜਾਬ ਦੀ ਕਈ ਵਾਰ ਵੰਡ ਕੀਤੇ ਜਾਣ ਤੇ ਅਜੋਕੇ ਪੰਜਾਬ ਦਾ ਨਕਸ਼ਾ ਉਲੀਕੇ ਜਾਣ ਦਾ ਗਵਾਹ ਬਣਿਆ ਸੀ। ਉਂਜ ਇਹੋ ਦਿਨ ਦਿੱਲੀ ਵਿੱਚ ਵਾਪਰੇ ਉਸ ਕਹਿਰ ਲਈ ਵੀ ਚੇਤੇ ਵਿੱਚ ਉੱਕਰਿਆ ਰਹੇਗਾ, ਜਿਹੜਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਣ ਮਗਰੋਂ ਇਸ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਤਿੰਨ ਦਿਨ ਵਾਪਰਦਾ ਰਿਹਾ ਤੇ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰ ਦਿੱਤੇ ਗਏ ਸਨ। ਏਦਾਂ ਦੇ ਕਈ ਪੱਖ ਇਸ ਦਿਨ ਨਾਲ ਜੁੜੇ ਹੋਏ ਹਨ ਅਤੇ ਜਦੋਂ ਇਹ ਦਿਨ ਆਉਂਦਾ ਹੈ, ਹਰ ਕੋਈ ਆਪਣੀ ਸੋਚ ਮੁਤਾਬਕ ਇਸ ਮੌਕੇ ਖੁਸ਼ੀ ਜਾਂ ਗਮੀ ਅਤੇ ਗੁੱਸੇ ਨਾਲ ਭਰੀ ਹੋਈ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਭਾਰਤ ਲੋਕਤੰਤਰੀ ਲੀਹ ਉੱਤੇ ਚੱਲਦਾ ਹੋਣ ਕਾਰਨ ਏਥੇ ਕਾਤਲ ਤੇ ਮਕਤੂਲ (ਜਿਸ ਦਾ ਕਤਲ ਕੀਤਾ ਗਿਆ ਹੈ) ਦੋਵਾਂ ਦੇ ਪੱਖ ਵਿੱਚ ਹਰ ਕਿਸੇ ਨੂੰ ਹਰ ਗੱਲ ਕਹਿਣ ਦਾ ਹੱਕ ਰਹਿੰਦਾ ਹੈ ਅਤੇ ਲੱਗਦੀ ਵਾਹ ਦੂਸਰਿਆਂ ਬਾਰੇ ਮੰਦੇ-ਚੰਗੇ ਬੋਲ ਬੋਲਣ ਦਾ ਹੱਕ ਵੀ।

ਇਸ ਵਾਰੀ ਇੱਕ ਪਾਸੇ ਜਲੰਧਰ ਵਿੱਚ ਗਦਰ ਪਾਰਟੀ ਵਾਲੇ ਦੇਸ਼ ਭਗਤ ਬਾਬਿਆਂ ਦਾ ਦਿਨ ਮਨਾਇਆ ਜਾ ਰਿਹਾ ਸੀ, ਜਿਸ ਵਿੱਚ ਉਸ ਵੇਲੇ ਦੇ ਉਨ੍ਹਾਂ ਹਾਲਾਤ ਦਾ ਵਰਨਣ ਕੀਤਾ ਜਾ ਰਿਹਾ ਸੀ, ਜਿਨ੍ਹਾਂ ਕਾਰਨ ਇਸ ਲਹਿਰ ਦਾ ਮੁੱਢ ਬੱਝਾ ਸੀ। ਮੋਹਰੀ ਉਹ ਬਾਬੇ ਬਣੇ ਸਨ, ਜਿਹੜੇ ਬਾਬੇ ਪਿੱਛੋਂ ਬਣ ਗਏ, ਘਰਾਂ ਤੋਂ ਰੁਜ਼ਗਾਰ ਕਮਾਉਣ ਲਈ ਪੱਛਮੀ ਦੇਸ਼ਾਂ ਵੱਲ ਜਵਾਨੀ ਵੇਲੇ ਗਏ ਅਤੇ ਜੜ੍ਹਾਂ ਜਮਾਉਣ ਲਈ ਆਪਣੀਆਂ ਜਵਾਨੀਆਂ ਗਾਲ ਚੁੱਕਣ ਪਿੱਛੋਂ ਵੀ ਉਸ ਦੇਸ਼ ਦੇ ਨਾਗਰਿਕਾਂ ਦੇ ਬਰਾਬਰ ਦੇ ਇਨਸਾਨ ਨਹੀਂ ਸੀ ਮੰਨੇ ਜਾਂਦੇ, ਦੁਕਾਨਾਂ ਅੱਗੇ ਲਿਖੇ ਬੋਰਡ ਭਾਰਤੀਆਂ ਨੂੰ ਇਹ ਕਹਿ ਕੇ ਚਿੜਾਉਂਦੇ ਸਨ ਕਿ 'ਇੰਡੀਅਨਜ਼ ਐਂਡ ਡਾਗਜ਼ ਆਰ ਨਾਟ ਅਲਾਊਡ'। ਓਦੋਂ ਉਨ੍ਹਾਂ ਚਿਤਵਿਆ ਸੀ ਕਿ ਆਪਣਾ ਦੇਸ਼ ਆਜ਼ਾਦ ਕਰਾਏ ਬਗੈਰ ਦੁਨੀਆ ਦੀ ਕਿਸੇ ਵੀ ਨੁੱਕਰ ਵਿੱਚ ਉਨ੍ਹਾਂ ਨੂੰ ਇਨਸਾਨੀ ਬਰਾਬਰੀ ਵਾਲੇ ਰੁਤਬੇ ਦੀ ਹੱਕਦਾਰੀ ਦੇ ਲਾਇਕ ਨਹੀਂ ਮੰਨਿਆ ਜਾ ਸਕਣਾ। ਏਸੇ ਲਈ ਔਖ ਨਾਲ ਜਮਾਏ ਅੱਡੇ ਛੱਡ ਕੇ ਜਾਨਾਂ ਦਾ ਖਤਰਾ ਸਹੇੜ ਕੇ ਵਤਨ ਵੱਲ ਵਾਪਸ ਕਾਫਲੇ ਬੰਨ੍ਹ ਕੇ ਤੁਰ ਪਏ। ਉਨ੍ਹਾਂ ਵਿੱਚੋਂ ਕਿੰਨੇ ਜਣੇ ਫਾਂਸੀਆਂ ਉੱਤੇ ਟੰਗ ਦਿੱਤੇ ਗਏ ਸਨ, ਕਿੰਨੇ ਜੇਲ੍ਹਾਂ ਦੀ ਸਖ਼ਤੀ ਝੱਲਦੇ ਹੋਏ ਉਮਰ ਦਾ ਪੰਧ ਮੁਕਾ ਕੇ ਵੀ ਵਤਨ ਦੀ ਸੁੱਖ ਮੰਗਦੇ ਤੁਰ ਗਏ! ਅਸੀਂ ਸਾਰੇ ਦੇਣਦਾਰ ਹਾਂ ਉਨ੍ਹਾਂ ਮਹਾਨ ਲੋਕਾਂ ਦੇ।

ਦੂਸਰਾ ਮਾਮਲਾ ਕੈਲੰਡਰ ਪੱਖੋਂ ਭਾਵੇਂ ਬਾਕੀ ਸਭ ਤੋਂ ਬਾਅਦ ਦਾ ਮੰਨ ਲਈਏ, ਦਿੱਲੀ ਵਿੱਚ ਮਾਰੇ ਗਏ ਸਿੱਖਾਂ ਦੇ ਬਹਾਨੇ ਸਿਆਸਤ ਹੋਣਾ ਉਸ ਨੂੰ ਪਹਿਲੇ ਥਾਂ ਲਿਆ ਰੱਖਦਾ ਹੈ। ਇਸ ਵਿੱਚ ਸ਼ੱਕ ਨਹੀਂ ਕਿ ਇੰਦਰਾ ਗਾਂਧੀ ਦੇ ਕਤਲ ਹੋਣ ਮਗਰੋਂ ਕਾਂਗਰਸੀ ਲੀਡਰਾਂ ਨੇ ਸਿੱਖਾਂ ਵਿਰੁੱਧ ਦਿੱਲੀ ਦੇ ਲੋਕਾਂ ਨੂੰ ਉਕਸਾਇਆ ਅਤੇ ਬੇਤਹਾਸ਼ਾ ਕਤਲੇਆਮ ਪਿੱਛੋਂ ਪ੍ਰਧਾਨ ਮੰਤਰੀ ਬਣ ਚੁੱਕੇ ਰਾਜੀਵ ਗਾਂਧੀ ਨੇ ਇਸ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਣ ਦਾ ਯਤਨ ਕੀਤਾ ਸੀ ਕਿ 'ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ'। ਉਸ ਦੇ ਇਸ ਬਿਆਨ ਦੇ ਬੋਝ ਤੋਂ ਕਾਂਗਰਸ ਪਾਰਟੀ ਕਦੇ ਵੀ ਮੁਕਤ ਨਹੀਂ ਹੋ ਸਕੇਗੀ, ਪਰ ਬਾਕੀ ਰਾਜਸੀ ਧਿਰਾਂ ਨੇ ਵੀ ਇਸ ਮਾਮਲੇ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਵਿਖਾਈ, ਦਿੱਲੀ ਦੇ ਗਲੀਆਂ-ਬਾਜ਼ਾਰਾਂ ਵਿੱਚ ਹੋਏ ਇਸ ਖ਼ੂਨ-ਖ਼ਰਾਬੇ ਨੂੰ ਆਪੋ-ਆਪਣੇ ਰਾਜਸੀ ਹਿੱਤਾਂ ਲਈ ਵਰਤਿਆ। ਕਾਂਗਰਸ ਵਿਰੋਧੀ ਹਰ ਪਾਰਟੀ ਅੱਜ ਇਹ ਕਹਿੰਦੀ ਹੈ ਕਿ ਇਸ ਖ਼ੂਨ-ਖ਼ਰਾਬੇ ਦਾ ਕਲੰਕ ਕਾਂਗਰਸ ਦੇ ਸਿਰ ਹੈ ਅਤੇ ਉਹ ਗਲਤ ਨਹੀਂ ਕਹਿ ਰਹੀ ਹੁੰਦੀ, ਪਰ ਅਗਲੀ ਗੱਲ ਵੀ ਉਹ ਕਹਿੰਦੇ ਹਨ ਕਿ ਕਾਂਗਰਸ ਨੇ ਪੀੜਤਾਂ ਲਈ ਇਨਸਾਫ ਅਤੇ ਉਨ੍ਹਾਂ ਦੇ ਮੁੜ-ਵਸੇਬੇ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਉਹ ਠੀਕ ਕਹਿੰਦੇ ਹੋ ਸਕਦੇ ਹਨ, ਪਰ ਇਹ ਗੱਲ ਉਹ ਛੁਪਾ ਜਾਂਦੇ ਹਨ ਕਿ ਜੇ ਕਾਂਗਰਸ ਨੇ ਪੀੜਤਾਂ ਲਈ ਇਨਸਾਫ ਅਤੇ ਮੁੜ-ਵਸੇਬੇ ਦੀ ਖਾਸ ਕੋਸ਼ਿਸ਼ ਨਹੀਂ ਕੀਤੀ ਤਾਂ ਕਾਂਗਰਸ ਦੇ ਵਿਰੋਧੀਆਂ ਨੇ ਵੀ ਕਦੀ ਕੁਝ ਨਹੀਂ ਕੀਤਾ, ਲਾਰੇ ਲਾਏ ਅਤੇ ਵਾਅਦੇ ਹੀ ਕੀਤੇ ਹਨ, ਅਮਲ ਵਿੱਚ ਉਨ੍ਹਾਂ ਵੀ ਕੁਝ ਖਾਸ ਨਹੀਂ ਕੀਤਾ। ਪੀੜਤ ਲੋਕਾਂ ਦੀ ਮਦਦ ਲਈ ਜਿੰਨੇ ਐਲਾਨ ਆਉਂਦੇ ਰਹੇ ਹਨ, ਜੇ ਉਨ੍ਹਾਂ ਸਭ ਐਲਾਨਾਂ ਉੱਤੇ ਅਮਲ ਕੀਤਾ ਹੁੰਦਾ ਤਾਂ ਪੀੜਤ ਪਰਵਾਰਾਂ ਨੂੰ ਅੱਜ ਤੱਕ ਦਿੱਲੀ ਦੀਆਂ ਸੜਕਾਂ ਉੱਤੇ ਇਨਸਾਫ ਮੰਗਣ ਲਈ ਰੁਲਦੇ ਨਹੀਂ ਸੀ ਰਹਿਣਾ ਪੈਣਾ। ਆਖਰ ਉਹ ਕਹਿੰਦੇ ਹਨ ਕਿ ਨਾ ਕਾਤਲਾਂ ਦਾ ਨਿਆਂ ਮਿਲਿਆ, ਨਾ ਹੋਏ ਨੁਕਸਾਨ ਦੀ ਕਦੇ ਭਰਪਾਈ ਹੋਈ, ਅੱਥਰੂ ਪੁਛਾਉਣ ਵਾਸਤੇ ਕਦੇ-ਕਦਾਈਂ ਛੋਟੀ-ਮੋਟੀ ਗਰਾਂਟ ਜਾਂ ਰਿਆਇਤ ਦੇ ਛੱਡਣਾ ਇਨਸਾਫ ਕਰਨਾ ਜਾਂ ਨੁਕਸਾਨ ਦੀ ਭਰਪਾਈ ਕਰਨਾ ਨਹੀਂ ਹੁੰਦਾ।

ਇਹ ਕੁਝ ਸਿਰਫ ਸਿੱਖਾਂ ਦੇ ਕੇਸ ਵਿੱਚ ਜਾਂ ਦਿੱਲੀ ਦੇ ਕਤਲੇਆਮ ਦੇ ਸੰਬੰਧ ਵਿੱਚ ਨਹੀਂ ਹੁੰਦਾ ਰਿਹਾ, ਭਾਰਤ ਦੀ ਕਿਸੇ ਵੀ ਨੁੱਕਰ ਵਿੱਚ ਕਿਸੇ ਕਮਜ਼ੋਰ ਧਿਰ ਉੱਤੇ ਭਾਰੂ ਧਿਰ ਦੇ ਜਨੂੰਨੀਆਂ ਵੱਲੋਂ ਕੀਤੇ ਗਏ ਕਿਸੇ ਵੀ ਹਮਲੇ ਅਤੇ ਕਿਸੇ ਵੀ ਕਤਲੇਆਮ ਦੇ ਮਾਮਲੇ ਵਿੱਚ ਇਨਸਾਫ ਨਹੀਂ ਮਿਲ ਸਕਿਆ। ਗੁਜਰਾਤ ਦੀ ਗੱਲ ਤਾਂ ਹਰ ਕੋਈ ਕਹੀ ਜਾਂਦਾ ਹੈ, ਇਸ ਤੋਂ ਇਲਾਵਾ ਕਿੱਥੇ ਕੀ ਹੁੰਦਾ ਰਿਹਾ, ਸਾਰਾ ਕੁਝ ਰਿਕਾਰਡਾਂ ਵਿੱਚ ਦੱਬਿਆ ਲੱਭਣਾ ਪੈਂਦਾ ਹੈ। ਦੇਸ਼ ਆਜ਼ਾਦ ਹੋਏ ਨੂੰ ਮਸਾਂ ਪੰਦਰਾਂ ਸਾਲ ਹੁੰਦੇ ਪਏ ਸਨ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ ਅਤੇ ਗਲੀਆਂ ਵਿੱਚ ਬਹੁ-ਗਿਣਤੀ ਧਰਮ ਦੇ ਜਨੂੰਨੀਆਂ ਨੇ ਦੇਸ਼ ਦੀ ਸਭ ਤੋਂ ਵੱਡੀ ਘੱਟ-ਗਿਣਤੀ ਵਾਲਿਆਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਸਨ। ਫਿਰ ਮੁੰਬਈ, ਭਿਵੰਡੀ ਜਾਂ ਅਲੀਗੜ੍ਹ ਅਤੇ ਜਮਸ਼ੇਦਪੁਰ ਦੇ ਦੰਗਿਆਂ ਦੀ ਕਹਾਣੀਆਂ ਵੀ ਆਜ਼ਾਦ ਭਾਰਤ ਦੇ ਇਤਿਹਾਸ ਦੇ ਕਲੰਕਿਤ ਕਾਂਡ ਹਨ, ਜਿਨ੍ਹਾਂ ਵਿੱਚ ਮਾਰੇ ਗਏ ਜਾਂ ਉਜਾੜੇ ਗਏ ਲੋਕਾਂ ਦੀ ਪੀੜ੍ਹੀ-ਦਰ-ਪੀੜ੍ਹੀ ਉਸ ਦਰਦ ਦੀ ਟੀਸ ਸਹਾਰਦੇ ਅਤੇ ਵਕਤ ਦੀਆਂ ਚੋਭਾਂ ਖਾਈ ਜਾਂਦੇ ਹਨ। ਬਹੁਤ ਸਾਰੇ ਇਹੋ ਜਿਹੇ ਲੋਕ ਹਨ, ਜਿਹੜੇ ਸਾਹਮਣੇ ਖੜੇ ਕਾਤਲ ਨੂੰ ਵੇਖ ਕੇ ਵੀ ਕਾਤਲ ਕਹਿਣ ਤੋਂ ਇਸ ਕਰ ਕੇ ਝਿਜਕ ਜਾਂਦੇ ਹਨ ਕਿ ਪਰਵਾਰ ਦੇ ਪਹਿਲੇ ਜਿਹੜੇ ਲੋਕ ਮਾਰੇ ਗਏ ਸਨ, ਉਹ ਮਾਰੇ ਜਾਣ ਪਿੱਛੋਂ ਕਾਤਲ ਵੱਲ ਕੀਤੀ ਉਂਗਲ ਕਿਧਰੇ ਬਾਕੀ ਪਰਵਾਰ ਲਈ ਮੁਸੀਬਤ ਪੈਦਾ ਨਾ ਕਰ ਦੇਵੇ। ਅੱਖੀਂ ਵੇਖ ਕੇ ਮੱਖੀ ਖਾਧੀ ਨਾ ਜਾਣ ਦੀ ਗੱਲ ਤਾਂ ਕਰਨੀ ਸੌਖੀ ਹੈ, ਸਾਹਮਣੇ ਖੜਾ ਪਰਵਾਰ ਦੇ ਜੀਆਂ ਦਾ ਕਾਤਲ ਵੇਖ ਕੇ ਕਾਤਲ ਕਹਿਣ ਦੀ ਹਿੰਮਤ ਨਾ ਕਰਨਾ ਕੋਈ ਬੁਜ਼ਦਿਲੀ ਨਹੀਂ, ਬਾਕੀ ਬਚਦੇ ਪਰਵਾਰ ਨੂੰ ਉਨ੍ਹਾਂ ਪੁਰਾਣੀਆਂ ਗਿਰਝਾਂ ਦੇ ਕਹਿਰ ਤੋਂ ਬਚਾਈ ਰੱਖਣ ਵਾਲਾ ਹੀਲਾ ਸਮਝਣਾ ਚਾਹੀਦਾ ਹੈ। ਦੇਸ਼ ਆਜ਼ਾਦ ਹੁੰਦੇ ਹੋਏ ਵੀ ਬੁੱਲ੍ਹ ਸੀਤੇ ਹੋਏ ਹਨ, ਮੂੰਹ ਖੋਲ੍ਹਣਾ ਔਖਾ ਜਾਪਦਾ ਹੈ।

ਰਾਜਨੀਤੀ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਫਰਕ ਨਹੀਂ ਪੈਂਦਾ, ਉਹ ਜਿਸ ਚਾਲ ਨਾਲ ਚੱਲਣਾ ਚਾਹੁੰਦੀ ਹੈ, ਆਗੂ ਦੀ ਸੋਚ ਨਾਲੋਂ ਵੱਧ ਆਗੂ ਦੀ ਰਾਜਸੀ ਖਾਹਿਸ਼ ਮੁਤਾਬਕ ਆਪਣਾ ਰਸਤਾ ਬਣਾ ਲੈਂਦੀ ਹੈ ਅਤੇ ਅਸੀਂ ਲੋਕ ਇਹ ਚਰਚਾ ਕਰ ਛੱਡਦੇ ਹਾਂ ਕਿ ਫਲਾਣਾ ਆਗੂ ਲੋਕਾਂ ਦਾ ਚਹੇਤਾ ਹੋਣ ਕਾਰਨ ਸੱਤਾ ਸੰਭਾਲਣ ਵਿੱਚ ਕਾਮਯਾਬ ਹੋ ਗਿਆ ਹੈ। ਹਕੀਕਤ ਦਾ ਸਾਨੂੰ ਕਿਹੜਾ ਪਤਾ ਨਹੀਂ ਕਿ ਅਸਲੀਅਤ ਤੋਂ ਬਾਈਪਾਸ ਲੰਘ ਕੇ ਲੋਕਾਂ ਨੂੰ ਇਹੋ ਜਿਹੇ ਮਿੱਠੇ ਲਾਰੇ ਤੇ ਸੁਹਾਵਣੇ ਸੁਫਨੇ ਪਰੋਸੇ ਜਾਂਦੇ ਹਨ ਕਿ ਉਨ੍ਹਾਂ ਨੂੰ ਬਾਕੀ ਸਭ ਕੁਝ ਊਣਾ-ਪੌਣਾ ਜਾਪਣ ਲੱਗਦਾ ਹੈ। ਇੱਕ ਵੱਡੇ ਵਿਅੰਗਕਾਰ ਦਾ ਦੋ ਹਿੱਸਿਆਂ ਦਾ ਇੱਕ ਕਾਰਟੂਨ ਸਕੈੱਚ ਮੀਡੀਏ ਨੇ ਛਾਪਿਆ ਹੈ। ਪਹਿਲੇ ਹਿੱਸੇ ਵਿੱਚ ਮਰਿਆ ਪਿਆ ਇੱਕ ਆਦਮੀ ਰੇਡੀਓ ਤੋਂ ਇੱਕ ਸਿਆਸੀ ਪਾਰਟੀ ਦਾ ਚੁਟਕਲਿਆਂ ਵਰਗਾ ਮੈਨੀਫੈਸਟੋ ਸੁਣ ਕੇ ਹੱਸਦਾ ਹੋਇਆ ਉੱਠ ਪੈਂਦਾ ਹੈ, ਪਰ ਦੂਜੀ ਪਾਰਟੀ ਦਾ ਓਦੋਂ ਵੱਧ ਚੁਟਕਲਿਆਂ ਵਰਗਾ ਮੈਨੀਫੈਸਟੋ ਸੁਣ ਕੇ ਏਨਾ ਹੱਸਦਾ ਹੈ ਕਿ ਉਹ ਫਿਰ ਮਰ ਜਾਂਦਾ ਹੈ। ਹਰ ਚੋਣ ਮੌਕੇ ਸੱਤਾ ਲਈ ਦੌੜਨ ਵਾਲੀ ਹਰ ਪਾਰਟੀ ਏਦਾਂ ਦੇ ਮੈਨੀਫੈਸਟੋ ਪੇਸ਼ ਕਰਦੀ ਹੈ ਕਿ ਲੋਕਾਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਨੂੰ ਹੱਸਣਾ ਚਾਹੀਦਾ ਹੈ ਕਿ ਰੋਣਾ ਚਾਹੀਦਾ ਹੈ ਅਤੇ ਜਦੋਂ ਇਹੋ ਜਿਹੀ ਹਾਲਤ ਬਣ ਜਾਂਦੀ ਹੈ, ਫਿਰ ਉਹ ਅਕਲ ਦੇ ਘੋੜੇ ਦੌੜਾਉਣ ਦੀ ਬਜਾਏ 'ਜਿਸ ਲਈ ਗੋਲੀ, ਓਸੇ ਨਾਲ ਤੁਰ ਚੱਲੀ' ਦੇ ਮੁਹਾਵਰੇ ਮੁਤਾਬਕ ਜਿਹੜਾ ਲਾਰਿਆਂ ਦੇ ਗੱਫੇ ਵੱਧ ਵੰਡਦਾ ਜਾਪਦਾ ਹੈ, ਉਹ ਉਸੇ ਦੀ ਖਾਤਿਰ ਪੁਰਜ਼ੀ ਵਾਲੇ ਚੋਣ ਨਿਸ਼ਾਨ ਦਾ ਬਟਨ ਦੱਬਣ ਲਈ ਤੁਰ ਪੈਂਦੇ ਹਨ।

ਨਤੀਜਾ ਫਿਰ ਇਹ ਨਿਕਲਦਾ ਹੈ ਕਿ ਰੇਗਿਸਤਾਨ ਵਿੱਚ ਜਿਵੇਂ ਦੂਰ ਪਾਣੀ ਦੀ ਝਲਕ ਵੇਖ ਕੇ ਕੋਈ ਮਿਰਗ ਓਧਰ ਨੂੰ ਦੌੜਦਾ ਹੈ, ਓਥੇ ਜਾ ਕੇ ਪਤਾ ਲੱਗਦਾ ਹੈ ਕਿ ਪਾਣੀ ਨਹੀਂ, ਐਵੇਂ ਰੇਤ ਚਮਕਾਂ ਮਾਰਦੀ ਸੀ, ਫਿਰ ਰੇਤ ਦੀ ਇੱਕ ਨਵੀਂ ਟਿੱਬੀ ਵੇਖ ਕੇ ਉਸ ਵੱਲ ਦੌੜ ਪੈਂਦਾ ਹੈ, ਉਹੋ ਹਾਲਤ ਭਾਰਤ ਦੇ ਲੋਕਾਂ ਦੀ ਹੋਈ ਰਹਿੰਦੀ ਹੈ। ਕਮਾਲ ਦੀ ਨਿਵੇਕਲੀ ਗੱਲ ਇਹ ਹੈ ਕਿ ਪਿਛਲੇ ਕੁਝ ਸਮੇਂ ਤੋਂ ਵੱਡੇ ਤੇ ਮਹਿੰਗੇ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਇਹ ਦੱਸਣ ਦਾ ਅਮਲ ਚੱਲ ਪਿਆ ਹੈ ਕਿ ਸਿਰਫ ਇਸ ਵਕਤ ਦੀ ਸਰਕਾਰ ਤੁਹਾਡੇ ਲਈ ਕੁਝ ਕਰਦੀ ਪਈ ਹੈ, ਨਾ ਪਿਛਲਿਆਂ ਵਿੱਚੋਂ ਕਿਸੇ ਨੇ ਕੁਝ ਕੀਤਾ ਸੀ ਤੇ ਨਾ ਭਵਿੱਖ ਵਿੱਚ ਕਿਸੇ ਨੇ ਕੁਝ ਕਰ ਸਕਣਾ ਹੈ। ਅਮਲ ਵਿੱਚ ਲੋਕਾਂ ਪੱਲੇ ਜਦੋਂ ਕੁਝ ਨਹੀਂ ਪੈਂਦਾ ਤਾਂ ਅਵਾਜ਼ਾਰ ਹੋਏ ਉਨ੍ਹਾਂ ਦੇ ਮਨ ਕਿਸੇ ਹੋਰ ਏਦਾਂ ਦੇ ਨੇਤਾ ਮਗਰ ਲੱਗਣ ਦੀ ਸੋਚਣ ਲੱਗਦੇ ਹਨ, ਜਿਹੜਾ ਪਾਣੀ ਲੱਭਣ ਦੀ ਝਲਕ ਵਿਖਾ ਕੇ ਤਪਦੇ ਮਾਰੂਥਲ ਵਿੱਚ ਦੌੜਾਂ ਲਾਉਂਦੇ ਹਿਰਨ ਦਾ ਰਹਿੰਦਾ ਸਾਹ ਵੀ ਸੁਕਾ ਦੇਂਦਾ ਹੈ। ਇੱਕ ਵਾਰੀ ਸੰਪੂਰਨ ਇਨਕਲਾਬ ਦਾ ਨਾਅਰਾ ਦੇਣ ਵਾਲਾ ਜੈ ਪ੍ਰਕਾਸ਼ ਨਾਰਾਇਣ ਭਾਰਤ ਦੇ ਲੋਕਾਂ ਦਾ 'ਲੋਕ ਨਾਇਕ' ਬਣ ਜਾਂਦਾ ਹੈ ਤਾਂ ਦੂਸਰੀ ਵਾਰੀ ਰਾਲੇਗਣ ਸਿੱਧੀ ਪਿੰਡ ਦਾ ਬਾਬੂ ਰਾਉ ਹਜ਼ਾਰੇ ਭ੍ਰਿਸ਼ਟਾਚਾਰ ਦੇ ਖ਼ਾਤਮੇ ਦੇ ਨਾਅਰੇ ਨਾਲ ਭਾਰਤੀ ਲੋਕਾਂ ਦਾ 'ਅੰਨਾ ਬਾਪੂ' ਬਣ ਜਾਂਦਾ ਹੈ ਤੇ ਭੁੱਲੇ ਹੋਏ ਲੋਕ ਜਗਾ ਕੇ ਆਪ ਫਿਰ ਰਾਲੇਗਣ ਸਿੱਧੀ ਦੇ ਆਸ਼ਰਮ ਵਿੱਚ ਜਾ ਬਹਿੰਦਾ ਹੈ। ਉਹ ਫਿਰ ਕਦੀ ਇਹ ਵੇਖਣ ਨਹੀਂ ਆਇਆ ਕਿ ਜਿਹੜੇ ਲੋਕਾਂ ਨੂੰ ਉਸ ਨੇ ਇੱਕ ਸੁਫਨਾ ਵਿਖਾਇਆ ਸੀ, ਲੋਕ-ਸ਼ਕਤੀ ਦੀ ਝਲਕ ਵਿਖਾ ਕੇ ਦੇਸ਼ ਦੀ ਪਾਰਲੀਮੈਂਟ ਨੂੰ ਅੱਧੀ ਰਾਤ ਤੱਕ ਬੈਠੇ ਰਹਿਣ ਅਤੇ ਮਤਾ ਪਾਸ ਕਰ ਕੇ ਉੱਠਣ ਲਈ ਮਜਬੂਰ ਕਰ ਦਿੱਤਾ ਸੀ, ਬਾਅਦ ਵਿੱਚ ਉਸ ਮਤੇ ਉੱਤੇ ਅਮਲ ਹੋਇਆ ਕਿ ਨਹੀਂ! ਉਹ ਸੋਚਦਾ ਹੈ ਕਿ ਇਤਿਹਾਸ ਦੇ ਇੱਕ ਮੋੜ ਦੀ ਲੋੜ ਸੀ ਕਿ ਵਿਰੋਧ ਬਣੇ, ਜੈ ਪ੍ਰਕਾਸ਼ ਨਾਰਾਇਣ ਤੇ ਹੋਰਨਾਂ ਵਾਂਗ ਇੱਕ ਬਾਪੂ ਹੋਰ ਅੱਗੇ ਆਵੇ ਅਤੇ ਏਨੀ ਜ਼ਿੰਮੇਵਾਰੀ ਉਹ ਪੂਰੀ ਨਿਭਾ ਚੁੱਕਾ ਹੈ, ਅਗਲਾ ਕੰਮ ਲੋਕ ਜਾਨਣ ਅਤੇ ਦੇਸ਼ ਦੀ ਸਰਕਾਰ ਜਾਣੇ, ਉਸ ਦੀ ਕੋਈ ਜ਼ਿੰਮੇਵਾਰੀ ਨਹੀਂ।

ਸਿਆਸੀ ਮਹਾਂਰਥੀਆਂ ਦੀ ਲੋੜ ਪੂਰੀ ਕਰਨ ਪਿੱਛੋਂ ਆਪਣੇ ਕਾਰੋਬਾਰੀ ਹਿੱਤਾਂ ਲਈ ਸਰਕਾਰਾਂ ਨੂੰ ਵਰਤਣ ਵਾਲੇ ਰਾਮਦੇਵ ਵਰਗੇ ਯੋਗੀ ਵੇਸ ਵਾਲੇ ਬੰਦੇ ਵੀ ਮੀਡੀਏ ਦੇ ਇੱਕ ਵਰਗ ਦੀ ਮਦਦ ਨਾਲ ਭਾਰਤ ਦੀ ਜਨਤਾ ਵਿੱਚ ਏਦਾਂ ਦਾ ਉਬਾਲਾ ਲਿਆ ਦੇਂਦੇ ਹਨ। ਪਹਿਲਾਂ ਧਰਨਾ ਦੇਣ ਅਤੇ ਫਿਰ ਜਾਨ ਬਚਾ ਕੇ ਭੱਜ ਜਾਣ ਮਗਰੋਂ ਮਰਨ ਵਰਤ ਰੱਖਣ ਵਰਗਾ ਨਾਟਕ ਉਸ ਨੇ ਏਨੀ ਸਫਲਤਾ ਨਾਲ ਕੀਤਾ ਕਿ ਲੋਕ ਅੱਜ-ਅੱਜ ਕਰ ਉੱਠੇ ਸਨ, ਪਰ ਜਦੋਂ ਉਸ ਵੱਲੋਂ ਕੀਤੇ ਨਾਟਕ ਦੇ ਅਮਲ ਬਾਰੇ ਪੁੱਛਿਆ ਗਿਆ ਤਾਂ ਪੁੱਛਣ ਵਾਲੇ ਨੂੰ ਗਾਲ੍ਹਾਂ ਵਰਗੀ ਭਾਸ਼ਾ ਵਿੱਚ ਜਵਾਬ ਦੇਂਦਾ ਸੁਣਾਈ ਦੇਂਦਾ ਸੀ। ਇਸ ਦੇਸ਼ ਦੀ ਖੁਸ਼ਕਿਸਮਤੀ ਹੈ ਕਿ ਲੋਕਾਂ ਨੇ ਮੁਹਾਵਰਾ ਇਹ ਸੁਣ ਰੱਖਿਆ ਹੈ ਕਿ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ, ਪਰ ਜਦੋਂ ਕੋਈ ਢੌਂਗ ਕਰ ਕੇ ਸੋਨੇ ਵਰਗੀ ਚਮਕ ਦਿਖਾਉਂਦਾ ਹੈ ਤਾਂ ਇਹ ਮੁਹਾਵਰਾ ਭੁੱਲ ਕੇ ਉਸ ਪਿੱਛੇ ਤੁਲ ਜਾਂਦੇ ਤੇ ਪੱਥਰ ਚੱਟ ਕੇ ਮੁੜਨ ਵਾਂਗ ਉਸ ਦਾ ਮੁਲੰਮਾ ਲੱਥ ਜਾਣ ਤੱਕ ਨਾਲ ਜੁੜੇ ਰਹਿੰਦੇ ਹਨ। ਜਦੋਂ ਲੋਕ ਸੋਨੇ ਅਤੇ ਉਹਦੀ ਚਮਕ ਵਰਗੀ ਚਮਕ ਮਾਰਦੇ ਨਕਲੀ ਮਾਲ ਵਾਂਗ ਭਾਰਤ ਦੀ ਰਾਜਨੀਤੀ ਵਿਚਲੇ ਨਕਲੀ ਲੋਕ-ਹਿਤੈਸ਼ੀਆਂ ਨੂੰ ਪਛਾਨਣ ਦਾ ਹੁਨਰ ਨਹੀਂ ਸਿੱਖਣਗੇ, ਉਹ ਏਸੇ ਤਰ੍ਹਾਂ ਲੁੱਟੇ ਜਾਂਦੇ ਰਹਿਣਗੇ। ਪਤਾ ਨਹੀਂ ਕਦੋਂ ਤੱਕ ਹੁੰਦਾ ਰਹੇਗਾ ਇਸ ਤਰ੍ਹਾਂ।

# .ਗਦਰੀਆਂ ਦਾ ਸੂਹਾ ਪਿੰਡ : ਕੋਟਲਾ ਨੌਧ ਸਿੰਘ

**ਪਿੰਡ ਵਸਿਆ-51**

**ਵਿਜੇ ਬੰਬੇਲੀ**

ਕੋਟਲਾ ਨੌਧ ਸਿੰਘ, ਹੁਸ਼ਿਆਰਪੁਰ ਬੈਂਸ ਜੱਟਾਂ ਦਾ ਕਬਜ਼ਾਇਆ ਪਿੰਡ ਹੈ। ਪਹਿਲਾਂ ਇਹ ਧੜਵੈਲ ਅਰਾਈਂ ਮੁਸਲਮਾਨਾਂ ਦੀ ਜਗੀਰ ਸੀ। ਉਦੋਂ ਬੇਸ਼ੱਕ ਇਹ ਵਸੇਬ ਦੀ ਬਜਾਏ ਵਿਸ਼ਾਲ ਚਰਾਂਦ ਦੀ ਨਿਗਰਾਨ ਚੌਂਕੀ ਦੇ ਨਿਆਈਂ ਸੀ, ਪਰ ਲੋੜ ਮੁਜ਼ਬ ਮਨੁੱਖੀ ਵਸੇਬਾ ਵੀ ਸੀ। ਸਮਾਂ ਪਾ ਕੇ ਇਸ ਪਿੰਡ ਦੀ ਸੱਦ ਦੇਸ਼ ਭਗਤਾਂ, ਖਾਸ ਕਰ ਗ਼ਦਰੀਆਂ ਦੇ ਪਿੰਡ ਵਜੋਂ ਹੋਈ। ਹੁਣ 90ਵਿਆਂ ਨੂੰ ਪਾਰ ਕਰ ਗਿਆ ਕਾ. ਜਰਨੈਲ ਸਿੰਘ, ਗ਼ਦਰੀ ਅਮਰ ਸਿੰਘ ਦਾ ਭਤੀਜਾ, ਸਿਜ਼ਰਾ ਨਸਬ (ਪਰਵਾਰਕ ਬੰਸਾਂਵਲੀ), ਜਿਹੜਾ ਉਸ ਹਰਿਦੁਆਰ ਤੇ ਸਦਰ ਕਾਨੂੰਗੋ (ਮਾਲ ਵਿਭਾਗ) ਤੋਂ ਪ੍ਰਾਪਤ ਕੀਤਾ ਸੀ, ਦਾ ਹਵਾਲਾ ਦਿੰਦਾ ਦੱਸਦਾ ਹੈ ਕਿ ਕੋਟਲਾ ਨੌਧ ਸਿੰਘ ਦੀ ਪਿੰਡ ਵਜੋਂ ਉਸਾਰੀ ਦੀ ਮੋੜ੍ਹੀ ਗੱਡਣ ਵਾਲੇ 'ਨੌਧਾਂ ਬੈਂਸ' ਦੀ ਉਹ 16ਵੀਂ ਪੀੜ੍ਹੀ ਵਿੱਚੋਂ ਹੈ। ਉਦੋਂ ਬੰਸ ਜਾਂ ਅਗਲੀ ਪੌਦ ਦੀ ਆਮਦ 18-22 ਵਰ੍ਹੇ ਬਾਅਦ ਮੰਨੀ ਜਾਂਦੀ ਸੀ। ਜੇ ਔਸਤਨ 20 ਵੀ ਮੰਨ ਲਈਏ ਤਾਂ 16 ਦੇ ਹਿਸਾਬ 320 ਵਰ੍ਹੇ ਤੇ 80 ਕੁ ਜੋੜ ਲਓ ਜਰਨੈਲ ਸਿੰਘ ਦੀ ਉਮਰ ਦੇ। ਇੰਜ ਇਹ ਪਿੰਡ ਜ਼ਰੂਰ ਚਾਰ ਕੁ ਸਦੀਆਂ ਪਹਿਲਾਂ ਬੱਝਾ ਹੋਊ। ਉਸ ਮੁਤਾਬਿਕ ਇਹਨਾਂ ਬੈਂਸਾਂ ਦੇ ਪੁਰਖਿਆਂ ਦੀ ਜੰਮਣ ਭੋਇੰ ਬੈਂਸਾਂ ਦੇ ਪਹਿਲਕੇ ਸਦਰ-ਮੁਕਾਮ ਖੇੜਾ (ਮਾਹਿਲਪੁਰ) ਦੇ ਲਾਗਲੇ ਪਿੰਡ ਗਣੇਸ਼ਪੁਰ-ਭਾਰਟਾ ਸੀ। ਉਦੋਂ ਟਿਕਵੀਂ ਖੇਤੀ ਦੀ ਬਜਾਏ ਮੁੱਖ ਧੰਦਾ ਪਸ਼ੂ-ਪਾਲਕ ਦਾ ਸੀ, ਜਿਸ ਲਈ ਵਿਸ਼ਾਲ ਚਰਾਂਦਾਂ ਅਤੇ ਜਲ-ਕੁੰਡਾਂ ਦੀ ਤੀਬਰ ਲੋੜ ਸੀ। ਜਦੋਂ ਮਾਹਿਲਪੁਰ ਜੂਹ 'ਚ ਇਹ ਤੰਗੀ ਮਹਿਸੂਸ ਹੋਈ ਤਾਂ ਪੰਜ-ਛੇ ਸਦੀਆਂ ਪਹਿਲਾਂ ਬੈਂਸ ਜੱਟਾਂ ਦਾ ਇੱਕ ਪੂਰ ਦੋ ਭਰਾਵਾਂ ਦੀ ਅਗਵਾਈ ਹੇਠ, ਭਰਵੀਆਂ ਚਰਾਂਦਾਂ ਤੇ ਪਾਣੀ ਦੀ ਭਾਲ ਵਿੱਚ ਇੱਥੋਂ ਪ੍ਰਸਥਾਨ ਕਰ ਗਿਆ। ਇੱਕ ਰੁਕ ਗਿਆ ਲੋਅਰ ਸ਼ਿਵਾਲਕ ਦੇ ਪੈਰਾਂ ਵਿੱਚ ਹਰਿਆਣਾ ਲਾਗੇ ਤੇ ਦੂਜੇ ਨੇ ਘੁੰਮਦੇ-ਘੁਮਾਉਂਦੇ ਬਾਬਾ ਬਕਾਲਾ ਲਾਗੇ ਪੱਕੇ ਡੇਰੇ ਲਾ ਲਏ।

ਦੋਵਾਂ ਟੱਬਰਾਂ ਅਤੇ ਅਗਲਿਆਂ ਦਾ ਪੀੜ੍ਹੀ-ਦਰ-ਪੀੜ੍ਹੀ ਪੀਡਾ ਰਾਬਤਾ ਬਣਿਆ ਰਿਹਾ ਜਿਸ ਦੇ ਜੁੜੰਤ-ਜਲੌਅ ਦਾ ਸੂਹਾ ਪ੍ਰਗਟਾਵਾ ਸਦੀ-ਦੋ ਸਦੀ ਬਾਅਦ ਹਰਿਆਣਾ ਲਾਗੇ ਟਿਕਿਆਂ ਦੀ ਅਗਲੀ-ਅਗਲੇਰੀ ਪੀੜ੍ਹੀ ਦੇ ਇੱਕ ਧੜਵੈਲ ਨੌਧਾਂ ਬੈਂਸ ਦੀ ਅਗਵਾਈ 'ਚ ਕੋਟਲਾ ਖਿੱਤਾ ਨੱਪਣ ਅਤੇ ਮਗਰੋਂ 'ਕੋਟਲਾ ਨੌਧ ਸਿੰਘ' ਬੰਨ੍ਹਣ ਵੇਲੇ ਹੋਇਆ। ਹੋਇਆ ਇਉਂ ਕਿ ਇਹ ਖਿੱਤਾ ਅਰਾਈਆਂ ਦੀ ਸਲਤਨਤ ਸੀ, ਜਿਹੜੇ ਇਥੇ ਡੰਗਰ ਚਾਰਦੇ ਅਤੇ ਲੋੜ ਮੂਜ਼ਬ ਵਰਖਾ-ਸੇਤੀ ਖੇਤੀ ਕਰਦੇ। ਲਾਗਲੀ ਜੂਹ 'ਚ ਚਰਦਾ ਬੈਂਸਾਂ ਦਾ ਮਾਲ-ਡੰਗਰ ਕਦੇ-ਕਦੰਤ ਦੇਵ-ਨੇਤ ਜਾਂ ਯੋਜਨਾਬੱਧ ਇਧਰ ਮੂੰਹ ਮਾਰ ਜਾਂਦਾ। ਅਰਾਈਂ ਤਲਖ ਹੋ ਜਾਂਦੇ, ਪਰ ਗੱਲ ਮਾਰ-ਕੁਟਾਈ ਜਾਂ ਕਬਜ਼ਾ ਕਰਨ ਤੱਕ ਕਦੇ ਵੀ ਨਹੀਂ ਸੀ ਵਧੀ। ਇੱਕ ਦਫਾ ਇਸੇ ਤਨਜ਼ ਦੀ ਅਚੇਤ-ਸੁਚੇਤ ਹੋਈ ਕੁੱਝ-ਵਦਵੀਂ ਹਰਕਤ ਨੇ ਅਰਾਈਆਂ ਨੂੰ ਐਨਾ ਤਲਖ ਕਰ ਦਿੱਤਾ ਕਿ ਉਹਨੀਂ ਭੱਤਾ ਲੈ ਕੇ ਤੁਰੀਆਂ ਤਿੰਨ ਬੈਂਸ ਤ੍ਰੀਮਤਾਂ ਦੀ ਬੇਹੱਦ ਹੇਠੀ ਕਰ ਦਿੱਤੀ। ਸਿੱਟੇ ਵਜੋਂ ਬੈਂਸਾਂ ਅਤੇ ਅਰਾਈਆਂ ਦੀ ਗਲ-ਵੱਢਵੀਂ ਲੜਾਈ ਹੋਈ, ਅਰਾਈਂ ਭਾਰੂ ਰਹੇ। ਬੈਂਸਾਂ ਨੇ ਬਕਾਲੇ ਤੋਂ ਆਪਣੇ ਸਕੇ-ਸੋਧਰੇ ਸੱਦ ਲਏ। ਬਕਾਲੇ ਗਿਆਂ ਦੀ ਉਹ ਅੱਠਵੀਂ ਪੀੜ੍ਹੀ ਸੀ। ਮਾਝੇ ਦੀ ਪੁੱਠ 'ਚ ਰੰਗ ਚੁੱਕੇ ਬੈਂਸ ਦੋਆਬੀਆਂ ਤੋਂ ਵੱਧ ਮਾਰੂ ਸਨ, ਹੁਣ ਬਾਜ਼ੀ ਬੈਂਸਾਂ ਦੇ ਹੱਥ ਰਹੀ ਅਤੇ ਅਰਾਈਂ ਆਪਣੇ ਲਾਗਲੇ ਮੂਲ ਸਦਰ ਮੁਰਾਦਪੁਰ-ਡਡਿਆਣਾ ਨੂੰ ਪੱਤਰਾ ਵਾਚ ਗਏ। ਬੈਂਸ ਇਸ 'ਕੋਟਲਾ' ਨਾਂਅ ਦੀ ਰੱਖ 'ਤੇ ਆਣ ਕਾਬਜ਼ ਹੋਏ ਪਰ ਕਿਉਂਕਿ ਅਰਾਈਆਂ ਦੇ ਤਿੰਨ ਬੰਦੇ ਵੀ ਮਾਰੇ ਗਏ ਸਨ ਤੇ ਉਹ ਇਲਾਕੇ ਦੇ ਮੁਸਲਿਮ ਧੜਵੈਲ ਪਾਸ, ਪਥਰਾਲੀਆਂ ਜਾ ਫਰਿਆਦੀ ਹੋਏ ਜਿਸ ਨੇ ਬਕਾਲੇ ਦੇ ਬੈਂਸਾਂ ਦੀ ਮਾਰੂ ਸ਼ਕਤੀ ਨੂੰ ਭਾਂਪਦਿਆਂ ਕੋਈ ਠੋਸ ਫੈਸਲਾ ਨਾ ਲਿਆ। ਕਿਹਾ ਜਾਂਦਾ ਹੈ ਕਿ ਅਰਾਈਆਂ ਦਾ ਕੋਟਲਾ, ਜਿੱਥੇ ਬੈਂਸਾਂ ਨੇ ਪਹਿਲਾਂ ਰੈਣ-ਬਸੇਰਾ ਕੀਤਾ, ਵੀ ਹੁਣ ਵਾਲੇ 'ਕੋਟਲਾ ਨੌਧ ਸਿੰਘ' ਤੋਂ ਫਰਲਾਂਗ ਕੁ ਦੂਰ ਮੁਰਾਦਪੁਰ ਕੰਨੀ ਹੀ ਸੀ/ਹੈ। ਇਸ ਥਾਂ ਤੋਂ ਖੇਤਾਂ ਵਿੱਚ ਹੁਣ ਵੀ ਕੱਚੇ ਭਾਂਡਿਆਂ ਦੀਆਂ ਠੀਕਰੀਆਂ ਤੇ ਕਦੇ-ਕਦੰਤ ਮੁਸਲਿਮ ਕਬਰਾਂ ਦੀਆ ਹੱਡੀਆਂ ਵੀ ਨਿਕਲ ਆਉਂਦੀਆਂ ਹਨ।

ਕਿਸੇ ਕਾਰਨ ਬੈਂਸਾਂ ਨੇ ਉਸ ਥੇਹ 'ਚ ਟਿਕਣ ਦੀ ਬਜਾਏ ਆਪਣੇ ਆਗੂ 'ਨੌਧਾਂ', ਕਿਹਾ ਜਾਂਦਾ ਹੈ ਕਿ ਉਹ ਬਕਾਲੀਆਂ ਤੋਂ ਵੀ ਵਧਵਾਂ ਸੀ, ਦੀ ਦੇਖ-ਰੇਖ ਹੇਠ ਹੁਣ ਵਾਲੀ ਥਾਂ ਪਿੰਡ ਦੀ ਮੋੜ੍ਹੀ ਗੱਡ ਦਿੱਤੀ ਅਤੇ ਪੱਕੇ ਪੈਰੀਂ ਰਹਿਣ ਲਈ ਬਕਾਲੇ ਵਾਲੀ ਧਿਰ ਨੂੰ ਵੀ ਮੁਕੰਮਲ ਤੌਰ 'ਤੇ ਇੱਥੇ ਹੀ ਵਸੇਬ ਕਰਨ ਨੂੰ ਮਨਾ ਲਿਆ।

ਪਿੰਡ ਭਾਵੇਂ ਬੈਂਸ ਜੱਟਾਂ ਨੇ ਬੰਨ੍ਹਿਆਂ ਸੀ, ਪਰ ਗਰੇਵਾਲ ਜੱਟ ਵੀ ਇਥੇ ਵਿਸ਼ੇਸ਼ ਧਿਰ ਹਨ, ਜਿਹਨਾਂ ਦੀ ਆਮਦ ਬਾਰੇ ਇੰਜ. ਗੁਰਮੇਲ ਸਿੰਘ, ਜਿਸ ਨੇ ਵੀ ਇਸ ਨਗਰ ਅਤੇ ਦੇਸ਼ ਭਗਤਾਂ ਤੇ ਟੱਬਰਾਂ ਬਾਰੇ ਪੁਖਤਾ ਜਾਣਕਾਰੀ ਦਿੱਤੀ ਸੀ, ਮੁਤਾਬਿਕ ਵੱਖ-ਵੱਖ ਮੱਤ ਹਨ, ਜਿਵੇਂ ਗਰੇਵਾਲਾਂ ਨੂੰ ਨਾਨਕਾ ਢੇਰੀ ਮਿਲ ਜਾਣੀ ਜਾਂ ਮਾਮਿਆਂ ਦੇ ਮੁਤਬੰਨੇ, ਪਰ ਅਮਰੀਕਾ ਵੱਸਦੇ ਦਾਨਿਸ਼ਵਰ ਬਲਦੇਵ ਸਿੰਘ ਗਰੇਵਾਲ ਵੱਲੋਂ ਇੱਕ ਸਾਰਥਿਕ ਕਨਸੋਅ ਇਹ ਹੈ ਕਿ 'ਬੱਦੋਵਾਲ ਦੀ ਐਂਗਲੋ ਸਿੱਖ ਵਾਰ, 1946' ਸਮੇਂ ਜਦ ਸਿੱਖ ਧਿਰ ਨੁਕਸਾਨੀ ਗਈ ਤਾਂ ਉਥੇ ਵੱਸਦੇ ਕੁੱਝ ਧੜਵੈਲ ਗਰੇਵਾਲ ਦੋਆਬੇ ਨੂੰ ਧਾਹ ਗਏ ਸਨ। ਸਥਿਤੀਆਂ-ਪ੍ਰਸਥਿਤੀਆਂ ਵੱਸ ਉਹ ਪਹਿਲਾਂ ਹਰਿਆਣਾ-ਆਲੋਵਾਲ ਬੁੱਲ੍ਹੋਵਾਲ ਲਾਗੇ 'ਵਰਿਆਣਾ' ਵਿਖੇ ਆ ਟਿਕੇ ਅਤੇ ਲੋੜ-ਮੁਜ਼ਬ 1849 'ਚ ਉਹਨਾਂ ਨੂੰ 'ਕੋਟਲਾ ਨੌਧ ਸਿੰਘ' ਲੈ ਆਂਦਾ ਜਾਂ ਉਹ ਰਕਬਾ-ਬਹੁਤਾਤ ਕਾਰਨ ਖੁਦ ਆ ਵਸੇ। ਇਹਨਾਂ ਦੇ ਇਥੇ ਆ ਵਸਣ ਨਾਲ ਬੈਂਸ ਧਿਰ ਹੋਰ ਨਾ-ਫਿਕਰ ਹੋ ਗਈ। ਹਾਂ; ਗਰੇਵਾਲਾਂ ਤੋਂ ਪਹਿਲਾਂ ਅਤੇ ਮਗਰੋਂ ਵੀ ਹੋਰ ਕਿੱਤਾ ਸਮੂਹਾਂ ਦੀ ਆਮਦ ਸਥਿਰ ਹੱਦ ਤੀਕ ਜਾਰੀ ਰਹੀ ਅਤੇ ਕੋਟਲਾ ਇੱਕ ਸੰਪੰਨ ਪਿੰਡ ਦਾ ਰੂਪ ਅਖਤਿਆਰ ਕਰ ਗਿਆ।

ਮਗਰੋਂ ਇਹ ਵਸੇਬ ਦੇਸ਼ ਭਗਤ ਗ਼ਦਰੀਆਂ ਬਦੌਲਤ ਬੜੀ ਬੁਲੰਦ ਹੋਈ। ਗ਼ਦਰੀ ਅਮਰ ਸਿੰਘ ਪੁੱਤਰ ਬੂਟਾ ਸਿੰਘ ਤੇ ਸ਼ਿਵ ਸਿੰਘ ਪੁੱਤਰ ਮੁਨਸ਼ੀ ਇਸੇ ਧਿਰ ਦੇ ਫਰਜ਼ੰਦ ਸਨ ਅਤੇ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਪੁੱਤਰ ਗੁਰਦਿੱਤ ਸਿੰਘ ਬਕਾਲਿਓਂ ਮੁੜਿਆਂ 'ਚੋਂ ਸੀ। ਬੱਬਰ ਅਕਾਲੀ, ਵਿਸ਼ੇਸ਼ ਕਰਕੇ ਇਨਕਲਾਬੀ ਜੋਤ ਨੂੰ ਮਘਦਾ ਰੱਖਣ ਦੇ ਅਮਲ 'ਚ 'ਆਦਮਪੁਰ ਬੰਬ ਬਲਾਸਟ' 'ਚ ਸ਼ਹੀਦ ਹੋਣ ਵਾਲਾ ਸੂਰਮਾ ਚਾਨਣ ਸਿੰਘ ਉਰਫ ਚੰਨਣ ਸਿੰਘ ਪੁੱਤਰ ਈਸ਼ਰ ਸਿੰਘ ਵੀ ਇਸੇ ਪਿੰਡ ਦਾ ਸਪੂਤ ਸੀ। ਇਹੀ ਨਹੀਂ, ਹੋਰ ਜਿਹੜੇ ਦੇਸ਼ ਭਗਤ ਇਸ ਪਿੰਡ ਦੇ ਜਾਏ ਸਨ, ਉਹ ਸਨ: ਸ਼ਹੀਦ ਅਮਰ ਸਿੰਘ ਪੁੱਤਰ ਸ਼ਿਵ ਸਿੰਘ ਤੇ ਕੂਕਾ ਹਰਦਿੱਤ ਸਿੰਘ ਪੁੱਤਰ ਬਸੰਤ ਸਿੰਘ ਨਾਮਧਾਰੀ ਲਹਿਰ ਅਤੇ ਜੰਗਿ-ਏ-ਆਜ਼ਾਦੀ ਦੀ ਲਖਾਇਕ ਗੁਰਦੁਆਰਾ ਸੁਧਾਰ ਲਹਿਰ ਵਾਲੇ ਭਾਈ ਖੜਕ ਸਿੰਘ ਤੇ ਪੁੱਤਰ ਈਸ਼ਰ ਸਿੰਘ, ਅਮਰ ਸਿੰਘ ਪੁੱਤਰ ਅਤਰ ਸਿੰਘ ਅਤੇ ਭਾਈ ਭਗਤ ਸਿੰਘ 'ਟੋਭਾ' ਆਦਿ। 'ਕੋਟਲਾ ਨੌਧ ਸਿੰਘ' ਜਿਸ ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ ਦੀ ਬਦੌਲਤ ਵੀ ਬੜਾ ਉੱਘਾ ਹੋਇਆ, ਉਹ ਇੱਥੋਂ ਜਾਂ ਦੋਆਬੇ ਦੀ ਨਹੀਂ, ਭਾਵੇਂ ਮਾਲਵੇ ਦੇ ਪਿੰਡ 'ਬਖਸ਼ੀਵਾਲਾ' ਦੀ ਧੀ ਸੀ। ਪ੍ਰੰਤੂ ਉਹ ਮਹਾਂ-ਮਾਨਵ 'ਕੋਟਲਾ ਨੌਧ ਸਿੰਘ' ਦੀ ਮਿੱਟੀ ਨਾਲ ਜਿਵੇਂ ਇੱਕ-ਮੁੱਕ ਹੋਈ, ਉਸ ਦੀ ਕਥਾ ਬੜੀ ਹਿਰਦੇਵੇਦਕ ਅਤੇ ਮਾਣ-ਮੱਤੀ ਹੈ, ਇਹ ਗਾਥਾ ਕਿਤੇ ਫੇਰ ਸਹੀ।

ਮੋਬਾ. 94634-39075

# ਦੁਨੀਆ ਨਾਨਕ-ਨਾਨਕ ਆਖੇ, ਬਾਬਲ ਕੌੜਾ ਕੌੜਾ ਝਾਕੇ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-39**

**ਸੁਰਜੀਤ ਸੁਮਨ**

ਵੇਈਂ ਤੋਂ ਬਾਹਰ ਆਉਂਦਿਆਂ ਈ ਬਾਬਾ ਨਾਨਕ ਨੇ ਫਰਮਾਇਆ ਸੀ, 'ਨਾ ਕੋਈ ਹਿੰਦੂ, ਨਾ ਮੁਸਲਮਾਨ।' ਉਨ੍ਹਾਂ ਦੇ ਮੂੰਹੋਂ ਉਚਰੇ ਇਨ੍ਹਾਂ ਸ਼ਬਦਾਂ ਨੇ ਓਸ ਵੇਲ਼ੇ ਦੀਆਂ ਮਾਨਵ ਵਿਰੋਧੀ ਤਾਕਤਾਂ ਦੇ ਮੱਥੇ ਇੱਕ ਡੂੰਘਾ ਡੰਗ ਮਾਰਿਆ ਸੀ, ਜਿਹੜੀਆਂ ਮਨੁੱਖਤਾ ਨੂੰ ਧਰਮ ਦੇ ਨਾਂ 'ਤੇ ਵੰਡ ਕੇ ਆਪਣਾ ਉੱਲੂ ਸਿੱਧਾ ਕਰਨ ਵਿੱਚ ਹਮੇਸ਼ਾ ਜੁਟੀਆਂ ਰਹਿੰਦੀਆਂ ਹਨ। ਦੂਜੇ ਪਾਸੇ ਉਨ੍ਹਾਂ ਮਾਨਵਵਾਦੀ ਧਿਰਾਂ ਦੇ ਤਪਦੇ ਹਿਰਦਿਆਂ ਨੂੰ ਠਾਰਨ ਦਾ ਗੁੱਝਾ ਭੇਦ ਵੀ ਉਜਾਗਰ ਕਰ ਛੱਡਿਆ ਸੀ, ਜਿਹੜੀਆਂ ਹਮੇਸ਼ਾ ਉਨ੍ਹਾਂ ਦੇ ਬੋਲੇ ਸੱਚ ਨਾਲ਼ ਕੂੜ ਪਸਾਰੇ ਦੀਆਂ ਹਾਮੀ ਧਿਰਾਂ ਦੀ ਮਿੱਟੀ ਪਲੀਤ ਕਰਨ ਦਾ ਰਾਹ ਮੋਕਲ਼ਾ ਕਰ ਆਮ ਲੋਕਾਈ ਨੂੰ ਇਸ ਵਿਰੁੱਧ ਬੇਬਾਕ ਹੋ ਕੇ ਡਟਣ ਲਈ ਪ੍ਰੇਰਨਾ ਦਾ ਬਾਨਣੂੰ ਬੰਨ੍ਹਦੀਆਂ ਹਨ। ਇਸ ਤਰ੍ਹਾਂ ਆਮ ਲੋਕਾਂ ਨੂੰ ਇੱਕ ਢੋਈ ਮਿਲ਼ੀ, ਇੱਕ ਓਟ-ਆਸਰਾ ਲੱਭਿਆ, ਜਿਸ ਸਹਾਰੇ ਉਨ੍ਹਾਂ ਆਪਣੇ ਜੀਵਨ ਦਾ ਪਥਰੀਲਾ, ਰੇਤਲਾ, ਕੰਡਿਆਲ਼ਾ ਪੰਧ ਕੁਝ ਨਾ ਕੁਝ ਸੌਖਾ ਤੈਅ ਕਰਨਾ ਸੀ। ਆਮ ਲੋਕਾਂ ਅਤੇ ਘਰਦਿਆਂ ਲਈ ਬਾਬਾ ਨਾਨਕ ਉਦੋਂ ਬਾਬਾ ਨਾਨਕ ਨਹੀਂ ਸੀ, ਮਾਪਿਆਂ ਲਈ ਉਦੋਂ ਉਹ ਓਹੀ ਸੀ ਜੋ ਅੱਜ ਕੱਲ੍ਹ ਅਸੀਂ ਆਪਣੀ ਔਲਾਦ ਨੂੰ ਅਜਿਹੇ ਰਾਹ ਨਹੀਂ, ਕੁਰਾਹ ਪਿਆ ਸਮਝਦੇ ਹਾਂ। ਇਸ ਦਾ ਕੁਝ ਨਾ ਕੁਝ ਰਹੱਸ ਬੀਬੀ ਨਾਨਕੀ ਸਮਝਦੀ ਸੀ। ਇਸੇ ਲਈ ਪਿਤਾ ਵੱਲੋਂ ਵਪਾਰ ਕਰਨ ਲਈ ਦਿੱਤੇ ਵੀਹਾਂ ਰੁਪੱਈਆਂ ਨੂੰ ਖਰਚਦਿਆਂ ਲੋੜਵੰਦ ਸਾਧੂਆਂ ਨੂੰ ਲੰਗਰ ਛਕਾਉਣ ਦੇ ਇਵਾਜ਼ਾਨੇ ਵਿੱਚ ਪਿਤਾ ਦੇ ਗੁੱਸੇ ਦੇ ਕਹਿਰ ਦਾ ਸ਼ਿਕਾਰ ਹੋਏ ਭਰਾ ਦੇ ਭਰੱਪਣ ਵਿੱਚ ਵਹਿ ਤੁਰੀ, ਭੈਣ ਨਾਨਕੀ ਭਰਾ ਲਈ ਲੋਹੇ ਦੀ ਕੰਧ ਬਣ ਖਲੋਂਦੀ ਹੈ। ਇਸੇ ਤਰ੍ਹਾਂ ਉਦੋਂ ਬਹੁਤ ਕੁਝ ਸਮਝ, ਮਹਿਸੂਸ ਰਹੇ ਸਨ; ਸਿਰਫ ਰਾਏ ਬੁਲਾਰ ਭੱਟੀ, ਜਿਨ੍ਹਾਂ ਆਪਣੇ ਮਾਤਹਿਤ ਨਾਨਕ-ਪਿਤਾ ਮਹਿਤਾ ਕਾਲੂ ਨੂੰ ਤਲਬ ਕਰਕੇ ਰੱਬੀ ਰੂਹ ਨਾਨਕ ਨਾਲ਼ ਬਾਸਲੂਕ ਪੇਸ਼ ਹੋਣ ਲਈ ਮਿੱਠਾ ਜਿਹਾ ਵਰਜਿਆ ਸੀ। ਇਹ ਉਹੋ ਰਾਏ ਬੁਲਾਰ ਭੱਟੀ ਸਨ, ਜਿਨ੍ਹਾਂ ਬਾਅਦ ਵਿੱਚ ਆਪਣੀ ਮੁਰੱਬਿਆਂ ਵਿੱਚ ਫੈਲੀ ਜਾਗੀਰ ਵਿੱਚੋਂ ਇੱਕ ਵੱਡਾ ਹਿੱਸਾ ਬਾਬਾ ਨਾਨਕ ਵੱਲੋਂ ਚਲਾਏ ਪੰਥ ਲਈ ਹੱਸਦਿਆਂ ਹੱਸਦਿਆਂ ਨਿਸ਼ਾਵਰ ਕਰ ਦਿੱਤਾ, ਜਿੱਥੇ ਅੱਜ ਵਸ ਰਿਹਾ ਕਰਤਾਰਪੁਰ ਦੁਨੀਆਂ ਦੇ ਨਕਸ਼ੇ 'ਤੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਰੋਸ਼ਨੀ ਵਿੱਚ ਚਮਕ ਰਿਹਾ ਹੈ। ਦੂਜੇ ਪਾਸੇ ਬਾਬਰ ਤੋਂ ਲੈ ਕੇ ਔਰੰਗਜ਼ੇਬ ਅਤੇ ਉਸ ਤੋਂ ਬਾਅਦ ਦੀਆਂ ਪੀੜ੍ਹੀਆਂ ਦੇ ਇਤਿਹਾਸ ਦੇ ਖੰਡਰਾਂ ਦੀ ਨਿਸ਼ਾਨਦੇਹੀ ਕਰਨਾ ਅੱਜ ਮੁਸ਼ਕਲ ਹੈ। ਕਿੱਧਰ ਗਏ ਉਹ ਅਡੰਬਰ ਰਚਣ ਵਾਲ਼ੇ, ਜਿਨ੍ਹਾਂ ਮਨੁੱਖਤਾ ਨੂੰ ਜ਼ੁਲਮ ਦੀ ਅੱਗ ਵਿੱਚ ਹਮੇਸ਼ਾ ਝੁਲ਼ਸੀ ਰੱਖਿਆ? ਕਿੱਧਰ ਗਏ ਉਨ੍ਹਾਂ ਦੇ ਉਹ ਖਜ਼ਾਨੇ, ਜਿਨ੍ਹਾਂ ਲਈ ਉਹ ਦਿਨ-ਰਾਤ ਪਾਪ ਕਮਾਉਂਦੇ ਸਨ? ਲੁੱਟਾਂ-ਖੋਹਾਂ ਕਰਦੇ ਸਨ? ਸਮੂਹਿਕ ਕਤਲ ਕਰਦੇ ਸਨ? ਔਰਤਾਂ ਨੂੰ ਬਾਜ਼ਾਰਾਂ ਵਿੱਚ ਨੀਲਾਮ ਕਰਦੇ ਸਨ? ਨਿਆਸਰੇ ਮਨੁੱਖ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜ ਦਿੰਦੇ ਸਨ? ਤਤਕਾਲੀਨ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਗਹੁ ਨਾਲ਼ ਵਾਚਦਿਆਂ ਬਾਬਾ ਨਾਨਕ, ਭਾਈ ਮਰਦਾਨੇ ਸੰਗ ਸੰਸਾਰਕ ਉਦਾਸੀਆਂ ਲਈ ਨੰਗੇ ਪੈਰ ਨਿਕਲ਼ ਤੁਰਦੇ ਹਨ, ਬੱਸ ਇੱਕੋ ਨਿਸ਼ਾਨਾ ਲੈ ਕੇ, 'ਦੀਵਾ ਬਲ਼ੇ ਅੰਧੇਰਾ ਜਾਇ॥' ਆਪਣੀ ਬਾਣੀ ਰਾਹੀਂ ਕਪਟੀ ਸਾਧੂਆਂ ਨੂੰ ਵੀ ਲੰਬੇ ਹੱਥੀਂ ਲੈਂਦਿਆਂ ਸੰਬੋਧਨ ਕਰਦੇ ਹਨ, 'ਗਿਆਨ ਵਿਹੂਣਾ ਗਾਵੈ ਗੀਤ॥' ਅਤੇ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ' ਰਾਹੀਂ ਹਾਕਮਾਂ ਹੱਥੋਂ ਬੁਰੀ ਤਰ੍ਹਾਂ ਲੁੱਟੀ-ਪੁੱਟੀ ਜਾ ਰਹੀ ਲੋਕਾਈ ਨੂੰ ਕਿਰਤ ਦਾ ਪੱਲਾ ਨਾ ਛੱਡਣ ਲਈ ਪ੍ਰੇਰਦੇ ਹੋਏ ਹਰ ਹਾਲ ਵਿੱਚ ਉੱਤਮ ਮਾਰਗ 'ਤੇ ਤੁਰਨ ਲਈ ਹੀ ਆਖਦੇ ਹਨ। ਬਾਬਾ ਨਾਨਕ ਆਪਣੀ ਬਾਣੀ ਵਿੱਚ ਥਾਂ ਥਾਂ ਦ੍ਰਿਸ਼ਟਾਂਤ ਪੇਸ਼ ਕਰਦਿਆਂ ਲੋਕਾਈ ਲਈ ਚਾਨਣ-ਮੁਨਾਰਾ ਬਣਦੇ ਹੋਏ ਇੱਥੋਂ ਤੱਕ ਆਖ ਜਾਂਦੇ ਹਨ, 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥ ਜਾਂ ਰਾਜੇ ਸੀਹ ਮੁਕੱਦਮ ਕੁੱਤੇ॥' ਜਦੋਂ ਜਦੋਂ ਬਾਬਾ ਨਾਨਕ ਬਾਣੀ ਉਚਾਰਦੇ ਹਨ, ਭਾਈ ਮਰਦਾਨੇ ਨੂੰ ਰਬਾਬ ਵਜਾਉਣ ਲਈ ਆਖਦੇ ਹਨ, ਜਿਸ ਦੀ ਸੁਰ ਸ੍ਰਿਸ਼ਟੀ ਦੀ ਸੁਰ ਨਾਲ਼ ਜਾ ਮਿਲ਼ਦੀ ਹੈ। ਕੁਦਰਤ ਨਾਲ਼ ਇਕ-ਮਿਕ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਮਨੁੱਖ ਨੂੰ ਸੱਚ ਦੇ ਰਾਹ 'ਤੇ ਤੁਰਦਿਆਂ ਭੈਅ-ਮੁਕਤ ਕਰਦੇ ਤੁਰੇ ਜਾਂਦੇ ਹਨ। ਤਤਕਾਲੀਨ ਸਮੇਂ ਦੇ ਬਾਰਸੂਖ ਹਾਕਮ ਮਲਿਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜ ਦੇ ਸੱਦੇ ਨੂੰ ਵਿਸਾਰ, ਉਹ ਭਾਈ ਲਾਲੋ ਦੀ ਰੁੱਖੀ-ਮਿਸੀ ਗ੍ਰਹਿਣ ਕਰਨ ਲਈ ਉਸ ਨਾਲ਼, ਉਸ ਦੇ ਘਰ ਗੋਸ਼ਟ ਰਚਾਉਂਦੇ ਹਨ। ਇਸੇ ਤਰ੍ਹਾਂ ਉਹ ਸਿੱਧਾਂ ਨਾਲ਼ ਗੋਸ਼ਟ ਦੌਰਾਨ ਉਨ੍ਹਾਂ ਨੂੰ ਸਮਾਜ ਪ੍ਰਤੀ ਉਨ੍ਹਾਂ ਦੇ ਫਰਜ਼ਾਂ ਬਾਰੇ ਚੇਤਨ ਕਰਦੇ ਹਨ। ਰਿਧੀਆਂ-ਸਿਧੀਆਂ, ਝੂਠ, ਫਰੇਬ ਦੇ ਰਸਤੇ ਨੂੰ ਤਿਆਗ ਹੱਕ-ਸੱਚ ਦੇ ਰਾਹ ਨੂੰ ਅਪਣਾਉਣ ਨੂੰ ਉੱਤਮ ਮੰਨਦੇ ਹਨ। ਸੱਜਣ ਠੱਗ ਵਰਗੇ, ਵਿਸਾਹ ਕੇ ਮਾਰਨ ਵਾਲ਼ੇ ਮਨ ਦੇ ਮੈਲ਼ੇ ਲੁਟੇਰੇ ਨੂੰ ਸਿੱਧੇ ਰਾਹ ਤੁਰਨਾ ਸਿਖਾਉਂਦੇ ਹਨ। ਡੋਰ ਵੈੱਲ ਵੱਜੀ ਤਾਂ ਮੇਰੀ ਲਿਵ ਟੁੱਟ ਗਈ। ਥੋੜ੍ਹਾ ਅਸਹਿਜ ਮਹਿਸੂਸ ਹੋਇਆ, ਬੜਾ ਗੁੱਸਾ ਆਇਆ ਪਰ ਫਿਰ ਪਿਆਰਾ ਸਿੰਘ ਦੇ ਪੈਰਾਂ ਦੀ ਪੈੜਚਾਲ ਪਛਾਣ ਮੈਂ ਉਨ੍ਹਾਂ ਨੂੰ ਅੰਦਰ ਲੰਘ ਆਉਣ ਲਈ ਆਖਦਾ ਹਾਂ। ਓਸੇ ਪਲ ਆਪਣੇ ਆਪੇ ਨੂੰ ਲਾਹਨਤ ਪਾਉਂਦਾ ਹਾਂ। ਕਿਉਂ? ਕਿਉਂਕਿ ਨਾਨਕ ਬਾਣੀ ਨਾਲ਼ ਜੁੜ ਕੇ ਵੀ ਅਸਹਿਜ ਹੋਣਾ ਇਸ ਮਾਰਗ ਤੋਂ ਭਟਕਣਾ ਹੀ ਹੈ। ਫਿਰ ਨਾਨਕ ਬਾਣੀ ਵਿੱਚੋਂ ਲਏ ਰਸ ਨੂੰ ਮਾਣਦਾ ਹੋਇਆ ਮੈਂ ਪਿਆਰਾ ਸਿੰਘ ਦਾ ਸੁਆਗਤ ਕਰਦਾ ਹਾਂ ਪਰ ਉਹ ਉੱਖੜਿਆ-ਉੱਖੜਿਆ, ਬੈਠਣ ਤੋਂ ਪਹਿਲਾਂ ਇੱਧਰ-ਉੱਧਰ ਪੈਰ ਪਟਕਦਾ ਹੈ। ਉਂਝ ਪਿਆਰਾ ਸਿੰਘ ਰੱਬੀ ਰੂਹ ਹਨ। ਕਿਰਤੀ ਮਨੁੱਖ। ਆਪਣੇ ਮੁੰਡੇ ਤੋਂ ਪੁੱਜ ਕੇ ਦੁਖੀ, ਜਿਸ ਵਿੱਚੋਂ ਉਸ ਨੂੰ ਮਲਿਕ ਭਾਗੋ ਦਿਖਾਈ ਦਿੰਦਾ ਹੈ। ਇਸ ਨੂੰ ਉਸ ਦੀ ਲੀਡਰਗਿਰੀ ਪਸੰਦ ਨਹੀਂ। ਇਸ ਨੂੰ ਉਸ ਦੀ ਡੀਲਰਗਿਰੀ ਦਾ ਧੰਦਾ ਪਸੰਦ ਨਹੀਂ। ਉਹ ਸਮਝਦਾ ਹੈ ਕਿ ਇਨ੍ਹਾਂ ਧੰਦਿਆਂ ਵਿੱਚ ਬੇਈਮਾਨੀ ਦੇ ਅੰਸ਼ ਭਾਰੂ ਰਹਿੰਦੇ ਹਨ। ਪਾਣੀ ਦਾ ਗਲਾਸ ਮੂੰਹ ਨੂੰ ਲਾਉਂਦਿਆਂ ਹੀ ਉਹ ਆਪਣੇ ਪੁੱਤ ਨੂੰ ਪਾਣੀ ਪੀ ਪੀ ਕੇ ਕੋਸਣ ਲਗਦਾ ਹੈ। ਸੈਰ ਲਈ ਪਾਰਕ ਵੱਲ ਤੁਰੇ ਜਾਂਦਿਆਂ ਵੀ ਉਹ ਆਪਣੇ ਮਨ ਦੇ ਗੁੱਭ-ਗੁਭਾਟ ਨੂੰ ਕੱਢ ਰਿਹੈ, 'ਮੈਨੂੰ ਤਾਂ ਮਾਰ ਲਿਆ ਮੇਰੇ ਆਰ ਇਸ ਗੰਦੀ 'ਲਾਦ ਨੇ। ਦੁਪਹਿਰ ਨੂੰ ਲੀਡਰੀ ਕਰਨ ਤੁਰ ਪੈਂਦੈ। ਖੜਕਦਾ ਸੂਟ ਪਾ ਕੇ ਨਿਕਲ਼ ਜਾਂਦੈ ਲਗੌੜ ਪਾਰਟੀ ਨਾਲ਼। ਅੱਧੀ ਰਾਤੀਂ ਸ਼ਰਾਬ ਨਾਲ਼ ਡੱਕਿਆ ਘਰੇ ਵੜਦਾ। ਬਾਬਾ ਨਾਨਕ ਦਾ ਜਨਮ ਦਿਹਾੜਾ ਆ ਰਿਹੈ ਨਾ, ਗੁਆਂਢੀਆਂ ਘਰੇ ਪ੍ਰਭਾਤ ਫੇਰੀ ਦਾ ਸੁਆਗਤ ਕਰਨਾ ਸੀ। ਅਸੀਂ ਵੀ ਦੋਵੇਂ ਜੀਅ ਜਾਣ ਲਈ ਤਿਆਰ ਬੈਠੇ। ਐਨ ਓਸੇ ਵੇਲ਼ੇ ਇਹ ਨਸ਼ੇ ਨਾਲ਼ ਡੱਕਿਆ ਘਰ ਆ ਵੜਿਆ। ਵੱਡੇ ਤੜਕੇ। ਆਉਂਦਿਆਂ ਹੀ ਸਾਰੇ ਪਰਿਵਾਰ ਦੀ ਜਾਨ ਮੁੱਠੀ ਵਿੱਚ ਆ ਗਈ। ਪਤਾ ਨਹੀਂ ਕੀਹਨੂੰ ਕੀ ਬੋਲ ਦੇਵੇ? ਸਾਡੀ ਨੂੰਹ ਰਾਣੀ ਸਹਿਮ ਕੇ ਅੰਦਰ ਜਾ ਵੜੀ। ਮੈਂ ਤੇ ਮੇਰੀ ਘਰਵਾਲ਼ੀ ਪ੍ਰਭਾਤ ਫੇਰੀ ਵੇਲ਼ੇ ਬਾਬਾ ਨਾਨਕ ਅੱਗੇ ਅਰਜੋਈਆਂ ਕਰਦੇ ਰਹੇ, ਹੇ ਦੀਨ ਦੁਖੀ ਦੇ ਵਾਲੀ ਇਹਨੂੰ ਸੁਮੱਤ ਬਖਸ਼। ਸਾਨੂੰ ਤੂੰ ਕਿਸੇ ਚੀਜ਼ ਦੀ ਤੋਟ ਨਹੀਂ ਛੱਡੀ। ਲਹਿਰਾਂ-ਬਹਿਰਾਂ ਲਾਈਆਂ। ਝੂਠ-ਫਰੇਬ ਨਾਲ਼ ਇਹ ਹੋਰ ਮਾਇਆ ਇਕੱਠੀ ਕਰਕੇ ਕੀ ਕਰ ਲਵੇਗਾ। ਕਿਤੇ ਨਸ਼ਾ ਵਪਾਰੀ ਈ ਨਾ ਬਣ ਜਾਵੇ। ਮੈਨੂੰ ਇਸੇ ਗੱਲ ਦਾ ਦੁੱਖ ਐ ਬਈ ਇਹ ਹੱਕ ਦੀ ਕਮਾਈ ਨਹੀਂ ਕਰ ਰਿਹਾ। ਬਾਬਾ ਨਾਨਕ ਫੁਰਮਾਉਂਦੇ ਨੇ, 'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥' ਬਾਈ ਦਲੇਰ ਸਿੰਘ ਦੀ ਫੋਨ ਕਾਲ ਨੇ ਓਹਦਾ ਧਿਆਨ ਭਟਕਾ ਦਿੱਤਾ ਤੇ ਉਹ ਚੁੱਪ ਹੋ ਗਿਆ। ਬਾਈ ਦਲੇਰ ਸਿੰਘ ਬੋਲ ਰਿਹਾ ਸੀ, 'ਛੋਟੇ ਭਾਈ ਗੁਰਪੁਰਬ ਆ ਰਿਹੈ। ਆਪਾਂ ਵੀ ਤਿਆਰੀ 'ਚ ਲੱਗੇ ਹੋਏ ਆਂ। ਬੜਾ ਉਤਸ਼ਾਹ ਬਈ ਮਨ 'ਚ। ਅੱਜ ਦੇ ਸਮੇਂ ਵਿੱਚ ਨਾਨਕ ਬਾਣੀ ਦਾ ਈ ਓਟ-ਆਸਰਾ ਨਿਆਸਰਿਆਂ, ਦੱਬਿਆਂ-ਕੁਚਲਿਆਂ ਤੇ ਜਾਤ-ਕਜਾਤ ਦੇ ਨਾਂ 'ਤੇ ਜ਼ਲੀਲ ਹੋਣ ਵਾਲ਼ਿਆਂ ਨੂੰ। ਉਂਝ ਤਾਂ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਝੰਡੇ ਗੱਡੇ ਹਨ ਪਰ ਕਾਲ਼ੀਆਂ ਕਰਤੂਤਾਂ ਦੇ ਚਿੱਠੇ ਵੀ ਬਥੇਰੇ ਖਿੰਡਾਏ ਇਨ੍ਹਾਂ। ਬਹੁਤਾ ਵੱਡਾ ਕਹਾਉਣ ਵਾਲ਼ਿਆਂ ਨੇ ਤਾਂ ਧੀਆਂ, ਭੈਣਾਂ, ਨੂੰਹਾਂ, ਮਾਵਾਂ ਨਾਲ਼ ਫਰਜ਼ੀ ਵਿਆਹ ਕਰਵਾਏ ਦਰਸਾ ਕੇ ਵਿਦੇਸ਼ ਲਈ ਉਡਾਰੀ ਮਾਰੀ ਐ। ਦੇਖ ਲੈ ਆ ਇੱਕ ਵੱਡੇ ਪੁਲਿਸ ਅਧਿਕਾਰੀ ਨੂੰ ਕੀ ਫਰੋਲਿਆ, ਉਹਦੇ ਕੋਲ਼ੋਂ ਤਾਂ ਕੌਰੂ ਦਾ ਖਜ਼ਾਨਾ ਲੱਭ ਪਿਆ। ਹੋਰ ਪਤਾ ਨਈਂ ਏਦਾਂ ਦਿਆਂ ਕਿੰਨਿਆਂ ਨੇ ਚਾਲੀ ਗੰਜ ਤੋਂ ਵੀ ਵੱਧ ਮਾਇਆ ਜੋੜ ਰੱਖੀ ਹੋਵੇ। ਲਗਦੈ ਸਿਆਸਤ ਨੇ ਧਰਮ ਫਿਰ ਕਬਜ਼ਾ ਲਿਆ। ਤਖਤਾਂ-ਤਾਜਾਂ ਦੀ ਤਲਬ ਵਿੱਚ ਇਨ੍ਹਾਂ ਨੂੰ ਕਿੱਥੇ ਯਾਦ ਐ ਬਾਣੀ ਦੀ ਇਹ ਸਿੱਖਿਆ 'ਧੌਲ ਧਰਮ ਦਇਆ ਕਾ ਪੂਤ॥' ਕਈ ਵਰ੍ਹੇ ਪਹਿਲਾਂ ਗਾਇਕਾ ਬੀਬੀ ਅਕਸ ਹੀਰ ਦੀ ਆਵਾਜ਼ ਵਿੱਚ ਮੇਰਾ ਇੱਕ ਗੀਤ ਰਿਕਾਰਡ ਹੋਇਆ ਸੀ। ਉਸ ਗੀਤ ਵਿੱਚ ਗਭਰੇਟ ਨਾਨਕ ਨੂੰ ਦੁਨਿਆਵੀ ਵਪਾਰ ਕਰਨ ਤੋਂ ਆਨਾ-ਕਾਨੀ ਕਰਨ ਬਾਬਤ ਮਾਤਾ ਤ੍ਰਿਪਤਾ ਤੇ ਪਿਤਾ ਮਹਿਤਾ ਕਾਲੂ ਨੂੰ ਭੈਣ ਨਾਨਕੀ ਇਹ ਬੋਲ ਆਖਦੀ ਹੈ, 'ਦੁਨੀਆਂ ਨਾਨਕ ਨਾਨਕ ਆਖੇ/ ਬਾਬਲ ਕੌੜਾ-ਕੌੜਾ ਝਾਕੇ/ ਐਵੇਂ ਮਾਰ ਨਾ ਤੂੰ ਤਾਹਨਿਆਂ ਦੇ ਤੀਰ ਨੀਂ ਮਾਏ/ ਮੈਨੂੰ ਲੱਖਾਂ ਚੋਂ ਪਿਆਰਾ/ ਮੈਨੂੰ ਲੱਖਾਂ ਚੋਂ ਪਿਆਰਾ ਮੇਰਾ ਵੀਰ ਨੀਂ ਮਾਏ!'

ਸੰਪਰਕ : 98144 30874

# ਗਾਥਾ ਇੱਕ ਪਿੰਡ ਦੀ : ਬਖੋਰਾ ਕਲਾਂ

**ਰਣਜੀਤ ਲਹਿਰਾ**

ਲਹਿਰਾਗਾਗਾ ਤੋਂ 6-7 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਬਖੋਰਾ ਕਲਾਂ ਆਪਣੀ ਬੁੱਕਲ ਵਿੱਚ ਅਜਿਹਾ ਇਤਿਹਾਸ ਛੁਪਾਈ ਬੈਠਾ ਹੈ, ਜਿਹਨੂੰ ਪੜ੍ਹ-ਸੁਣ ਕੇ ਅੱਜ ਵੀ ਖੂਨ ਖੌਲ ਉੱਠਦਾ ਹੈ। 70-75 ਸਾਲ ਪਹਿਲਾਂ ਪੈਪਸੂ ਮੁਜ਼ਾਰਾ ਲਹਿਰ ਦੌਰਾਨ ਇਸ ਇਤਿਹਾਸ ਦੇ 'ਸੁਨਹਿਰੀ ਹਰਫ' ਪਿੰਡ ਦੇ ਮੁਜ਼ਾਰੇ ਕਿਸਾਨਾਂ 'ਤੇ ਉਨ੍ਹਾਂ ਦੀਆਂ ਤ੍ਰੀਮਤਾਂ ਨੇ "ਬਲਦੇ ਹੱਥਾਂ ਨਾਲ ਹਵਾ ਵਿੱਚ" ਲਿਖੇ ਸੀ ਤੇ ਉਨ੍ਹਾਂ ਮਿੱਟੀ ਦੇ ਜਾਇਆਂ ਵੱਲੋਂ "ਹਵਾ ਵਿੱਚ ਲਿਖੇ (ਇਹ) ਹਰਫ ਹਮੇਸ਼ਾ ਲਿਖੇ ਰਹਿਣਗੇ।" ਉਨ੍ਹਾਂ ਇੱਕ ਵਾਰ ਨਹੀਂ, ਵਾਰ-ਵਾਰ ਡਾਢਿਆਂ ਨਾਲ ਮੱਥਾ ਲਾਇਆ ਸੀ ਤੇ ਡਾਢਿਆਂ ਦੀ ਪੁਲਸ ਨਾਲ ਔਰਤਾਂ ਦੀ ਇੱਕ ਸਿੱਧਮ-ਸਿੱਧੀ ਟੱਕਰ ਵਿੱਚ ਜਦੋਂ ਇੱਕ ਨਿਹੱਥੀ ਮਾਂ ਵੱਲੋਂ ਕੁੱਛੜ ਚੁੱਕੀ ਧੀ ਨੂੰ ਹੀ ਹੱਥ ਦਾ ਹਥਿਆਰ ਬਣਾ ਕੇ ਇੱਕ ਪੁਲਸੀਏ ਦੀ ਹਿੱਕ ਵਿੱਚ ਵਗਾਹ ਮਾਰਿਆ ਸੀ ਤਾਂ "ਉਹਦਾ ਤੱਕ ਕੇ ਪਹਾੜ ਜਿੱਡਾ ਜੇਰਾ, ਵੈਰੀ ਵੀ ਹੈਰਾਨ ਰਹਿ ਗਿਆ" ਸੀ। ਜਦੋਂ ਮੈਨੂੰ ਇਹ ਪਤਾ ਚੱਲਿਆ ਕਿ ਪਿੰਡ ਦੀਆਂ ਮਹਾਨ ਔਰਤਾਂ ਵਿੱਚੋਂ ਇੱਕ ਔਰਤ ਹਾਲੇ ਜ਼ਿੰਦਾ ਹੈ ਤਾਂ ਸਾਥੀ ਨਾਮਦੇਵ ਭੁਟਾਲ ਤੇ ਲਛਮਣ ਅਲੀਸ਼ੇਰ ਸਮੇਤ ਮੈਂ ਉਸ ਮਾਤਾ ਦੇ ਦਰਸ਼ਨ ਕਰਨ ਬਖੋਰਾ ਕਲਾਂ ਪਹੁੰਚਿਆ ਅਤੇ ਉਸ ਇਤਿਹਾਸ ਦੇ ਕੁੱਝ ਪੰਨੇ ਪਲਟ ਕੇ ਪਾਠਕਾਂ ਦੇ ਰੂਬਰੂ ਕਰਨ ਦਾ ਮਨ ਬਣਾਇਆ।

ਇਤਿਹਾਸ ਦੱਸਦਾ ਹੈ ਕਿ ਸੰਨ 1870-80 ਦੇ ਕੱਚੇ ਜ਼ਮੀਨੀ ਬੰਦੋਬਸਤ ਅਤੇ ਫਿਰ 1902-04 ਦੇ ਪੱਕੇ ਜ਼ਮੀਨੀ ਬੰਦੋਬਸਤ ਦੌਰਾਨ ਪਟਿਆਲਾ ਰਿਆਸਤ ਦੇ ਰਾਜ ਘਰਾਣੇ ਸਮੇਤ ਪੰਜਾਬ ਦੀਆਂ ਹੋਰ ਰਿਆਸਤਾਂ ਦੇ ਰਜਵਾੜਿਆਂ ਨੇ ਧੋਖੇ ਅਤੇ ਧੱਕੇ ਨਾਲ ਆਪਣੀਆਂ ਰਿਆਸਤਾਂ ਦੇ ਘੁੱਗ ਵੱਸਦੇ ਸੈਂਕੜੇ ਪਿੰਡਾਂ ਦੇ ਕਿਸਾਨਾਂ ਦੀਆਂ ਲੱਖਾਂ ਏਕੜ ਜ਼ਮੀਨਾਂ ਆਪਣੇ ਕੁੜਮ ਕਬੀਲੇ ਅਤੇ ਦਰਬਾਰੀ ਅਹਿਲਕਾਰਾਂ ਦੇ ਨਾਂਅ ਕਰਕੇ ਲੱਖਾਂ ਹੀ ਕਿਸਾਨਾਂ ਨੂੰ ਰਾਤੋ-ਰਾਤ ਮੁਜ਼ਾਰੇ ਬਣਾ ਕੇ ਰੱਖ ਦਿੱਤਾ ਸੀ। ਸਭ ਤੋਂ ਨੰਗੇ-ਚਿੱਟੇ ਰੂਪ ਵਿੱਚ ਇਹ ਅਨਰਥ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਰਾਜ ਘਰਾਣੇ ਨੇ ਕੀਤਾ ਸੀ। ਤੇ ਫਿਰ ਜ਼ਮੀਨਾਂ ਤੋਂ ਹੱਥਲ ਕੀਤੇ ਇਹ ਮੁਜ਼ਾਰੇ ਕਿਸਾਨ ਦਰਿਆਫਤਾਂ/ਦਰਖਾਸਤਾਂ ਦਿੰਦੇ ਤੇ ਆਪਣੇ ਮਾਲਕੀ ਹੱਕਾਂ ਦੇ ਕਾਗਜ਼ਾਤ ਸਰਕਾਰੇ/ਦਰਬਾਰੇ ਅਤੇ ਕੋਰਟ/ਕਚਹਿਰੀਆਂ ਵਿੱਚ ਪੇਸ਼ ਕਰਦੇ ਰਾਹਾਂ ਦੀ ਧੂੜ ਬਣ ਕੇ ਰਹਿ ਗਏ ਸਨ। ਉਹ ਜੁੱਲੀ-ਬਿਸਤਰਾ ਮੋਢਿਆਂ 'ਤੇ ਟੰਗੀ ਅੱਜ ਪਟਿਆਲੇ, ਕੱਲ੍ਹ ਬਰਨਾਲੇ ਤੇ ਪਰਸੋਂ ਫਰੀਦਕੋਟ/ਫਿਰੋਜ਼ਪੁਰ ਨੂੰ ਤੁਰੇ ਰਹਿੰਦੇ। ਇੱਥੋਂ ਤੱਕ ਕਿ ਸ਼ਿਮਲੇ, ਲਾਹੌਰ ਤੱਕ ਵੀ ਉਨ੍ਹਾਂ ਦੇ ਵਫਦ ਜਾਂਦੇ ਰਹੇ ਸਨ, ਪਰ ਉਨ੍ਹਾਂ ਦਾ ਵਾਹ ਗੈਂਡਾ-ਚਮੜੀ ਪ੍ਰਸ਼ਾਸਕੀ ਤੇ ਨਿਆਂ ਅਧਿਕਾਰੀਆਂ ਨਾਲ ਪਿਆ ਸੀ, ਜਿੱਥੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ। ਆਹਲਾ ਮਾਲਕ, ਅਦਨਾ ਮਾਲਕ ਅਤੇ ਮਰੂਸੀ ਮੁਜ਼ਾਰੇ, ਗੈਰ-ਮਰੂਸੀ ਮੁਜ਼ਾਰੇ, ਕਨਕੂਤ ਤੇ ਠੱਪਾ ਰਸਮ ਵਰਗੇ ਨਵੇਂ-ਨਵੇਂ ਸ਼ਬਦਾਂ ਦੇ ਬੋਝਲ ਪਿੰਡਿਆਂ ਹੇਠ ਕਿਸਾਨਾਂ ਦੇ ਦਿਲਾਂ ਦੀ ਹੂਕ ਇੱਕ ਵਾਰ ਤਾਂ ਦਬ ਕੇ ਰਹਿ ਗਈ ਸੀ। ਬਿਸਵੇਦਾਰ ਨਾ ਸਿਰਫ ਵਟਾਈ ਲੈਂਦੇ ਸਨ, ਸਗੋਂ ਅਨੇਕਾਂ ਵਗਾਰਾਂ ਵੀ ਲੈਂਦੇ ਸਨ।

ਸਮਾਂ ਆਪਣੀ ਤੋਰ ਤੁਰਦਾ ਗਿਆ ਤੇ ਜਿਉਂ-ਜਿਉਂ ਕੋਰਟਾਂ/ਕਚਹਿਰੀਆਂ 'ਚੋਂ ਇਨਸਾਫ਼ ਦੀ ਆਸ ਮੁੱਕਦੀ ਗਈ, ਤਿਉਂ-ਤਿਉਂ ਮੁਜ਼ਾਰੇ ਡਾਂਗਾਂ, ਸੋਟਿਆਂ 'ਤੇ ਟੇਕ ਰੱਖਦੇ ਗਏ। ਪਹਿਲਾਂ 'ਕੱਲੇ-'ਕੱਲੇ ਤੇ ਫਿਰ 'ਕੱਠੇ ਹੋ ਕੇ ਉਹ ਆਪਣੇ ਹਿੱਸੇ ਦੀ ਧਰਤੀ 'ਤੇ ਉੱਗ ਆਈ ਅੰਗਰੇਜ਼ਾਂ ਦੇ ਪਿੱਠੂ ਰਾਜ ਘਰਾਣਿਆਂ ਅਤੇ ਬਿਸਵੇਦਾਰੀ ਨਾਂਅ ਦੀ ਜਮਾਤ ਨਾਲ ਟੱਕਰਾਂ ਲੈਣ ਲੱਗੇ। ਜਦੋਂ ਦੇਸ਼ ਦੇ ਲੋਕ ਆਜ਼ਾਦੀ ਲਈ ਲੜ ਰਹੇ ਸਨ, ਉਦੋਂ ਰਿਆਸਤਾਂ ਦੀ ਰਿਆਇਆ ਪਰਜਾ ਦੇ ਅਧਿਕਾਰਾਂ ਲਈ ਤੇ ਮੁਜ਼ਾਰੇ ਕਿਸਾਨ "ਜ਼ਮੀਨ ਹਲ਼ਵਾਹਕ ਦੀ" ਲਈ ਲੜ ਮਰ ਰਹੇ ਸਨ। ਆਜ਼ਾਦੀ ਤੋਂ ਬਾਅਦ ਪੰਜਾਬ ਦੀਆਂ 8 ਰਿਆਸਤਾਂ ਇਕੱਠੀਆਂ ਕਰਕੇ ਪੈਪਸੂ ਵੱਖਰਾ ਸੂਬਾ ਬਣਨ (ਜੁਲਾਈ, 1948) ਤੋਂ ਬਾਅਦ ਮੁਜ਼ਾਰਾ ਘੋਲ, ਪੈਪਸੂ ਦਾ ਮੁਜ਼ਾਰਾ ਘੋਲ ਬਣ ਗਿਆ। ਮਾਰਚ, 1948 ਵਿੱਚ ਹੀ ਭਾਰਤ ਸਰਕਾਰ ਨੇ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲਾ ਕੇ ਗ੍ਰਿਫਤਾਰੀਆਂ ਆਰੰਭ ਦਿੱਤੀਆਂ ਸਨ। ਪਰਜਾ ਮੰਡਲ, ਕਿਸਾਨ ਸਭਾ ਤੇ ਕਿਸਾਨ ਮੁਜ਼ਾਰਾ ਕਮੇਟੀ ਰਾਹੀਂ ਹੁੰਦੇ ਹੋਏ ਗੱਲ ਮੁਜ਼ਾਰਾ ਵਾਰ ਕੌਂਸਲ ਤੱਕ ਪਹੁੰਚ ਗਈ। ਜਿਹਦੀ ਅਗਵਾਈ ਕਾਮਰੇਡ ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ, ਭਾਗ ਸਿੰਘ, ਧਰਮ ਸਿੰਘ ਫੱਕਰ, ਕਾਮਰੇਡ ਜੰਗੀਰ ਸਿੰਘ ਜੋਗਾ, ਛੱਜੂ ਮੱਲ ਵੈਦ ਵਰਗੇ ਹੰਢੇ-ਵਰਤੇ ਆਗੂਆਂ ਦੇ ਹੱਥ ਸੀ। ਕਾਮਰੇਡਾਂ ਨੇ ਮੁਜ਼ਾਰਿਆਂ ਦੀ ਲੜਾਈ ਨੂੰ ਜਥੇਬੰਦਕ ਤੇ ਖਾੜਕੂ ਰੂਪ ਦੇਣ ਲਈ "ਮੁਜ਼ਾਰਾ ਵਾਰ ਕੌਂਸਲ" ਦਾ ਗਠਨ ਕੀਤਾ, ਮੰਗਾਂ ਨੂੰ ਨਿਤਾਰਿਆ, ਲੰਮੇ ਸੰਘਰਸ਼ ਦੀ ਯੁੱਧਨੀਤੀ ਤੇ ਦਾਅਪੇਚ ਘੜੇ ਅਤੇ ਫਿਰ ਪੈਪਸੂ ਮੁਜ਼ਾਰਾ ਘੋਲ ਨੂੰ ਇੱਕ ਇਤਿਹਾਸਕ ਘੋਲ ਬਣਾ ਦਿੱਤਾ। ਚੇਤਨ ਤੇ ਜਥੇਬੰਦ ਹੋਏ ਮੁਜ਼ਾਰੇ ਸਮਝ ਗਏ ਸਨ ਕਿ ਇਹ "ਯੁੱਧ ਲੰਮਾ ਤੇ ਲਮਕਵਾਂ, ਅਸੀਂ ਜਿੱਤਣਾ ਲੁਟੇਰਿਆਂ ਨੇ ਹਾਰਨਾ"। ਮੁਜ਼ਾਰਾ ਵਾਰ ਕੌਂਸਲ ਦੀ ਅਗਵਾਈ ਵਿੱਚ ਪਿੰਡ-ਪਿੰਡ ਜਥੇਬੰਦੀ ਬਣਾਈ ਗਈ ਅਤੇ ਬਿਸਵੇਦਾਰਾਂ ਦੇ ਹਮਲਿਆਂ ਦਾ ਮੂੰਹ-ਤੋੜ ਜਵਾਬ ਦੇਣ ਲਈ ਗੁਰੀਲਾ ਦਸਤੇ ਕਾਇਮ ਕੀਤੇ ਗਏ। ਮੁਜ਼ਾਰੇ ਕਿਸਾਨਾਂ ਤੇ ਗੁਰੀਲਾ ਦਸਤਿਆਂ ਦੀ ਪੂਰੀ ਫੌਜ ਸੀ, ਜਿਹੜੀ ਆਧੁਨਿਕ ਤੇ ਰਵਾਇਤੀ ਹਥਿਆਰਾਂ ਨਾਲ ਬਿਸਵੇਦਾਰਾਂ ਨੂੰ ਪਦੀੜਾਂ ਪਾਉਣ ਲੱਗੀ। ਬਿਸਵੇਦਾਰਾਂ ਤੇ ਮੁਜ਼ਾਰਿਆਂ ਵਿਚਾਲੇ ਰੋਜ਼ਾਨਾ ਟੱਕਰਾਂ ਹੁੰਦੀਆਂ, ਠੂਹ-ਠਾਹ ਹੁੰਦੀ। ਖੇਤਾਂ ਵਿੱਚ ਹੁਣ ਫਸਲਾਂ ਹੀ ਨਹੀਂ, ਸੂਰਮੇ ਉੱਗਣ ਲੱਗੇ ਸਨ। 40ਵਿਆਂ ਦੇ ਮੱਧ ਤੱਕ ਮੁਜ਼ਾਰਾ ਲਹਿਰ ਵਟਾਈ ਦਾ ਬਾਈਕਾਟ, ਬਿਸਵੇਦਾਰਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ, ਬਿਸਵੇਦਾਰਾਂ ਦੀਆਂ ਹਵੇਲੀਆਂ ਮਿੱਟੀ ਵਿੱਚ ਮਿਲਾਉਣ ਤੇ ਉਨ੍ਹਾਂ ਨੂੰ ਪਿੰਡਾਂ ਵਿੱਚੋਂ ਖਦੇੜ ਦੇਣ ਵੱਲ ਵਧ ਚੱਲੀ ਸੀ।

ਜਗਸੀਰ ਜੀਦੇ ਦੇ ਸ਼ਬਦਾਂ ਵਿਚ ਇਸ ਹਾਲਤ ਨੂੰ ਇੰਝ ਬਿਆਨ ਕੀਤਾ ਜਾ ਸਕਦੈ: "ਕਰੋ ਤਿੱਖੀਆਂ ਮਾਰ ਕੇ ਰੇਤੀ, ਛਵੀਆਂ ਦੀ ਰੁੱਤ ਆਈ।" ਸੱਚ ਹੀ ਮੁਜ਼ਾਰਿਆਂ ਦੇ ਹੱਥ ਡਾਂਗਾਂ, ਛਵੀਆਂ ਨੂੰ ਪੈ ਗਏ ਸਨ। ਹੁਣ ਪਿੰਡਾਂ ਦੀ ਫਿਜ਼ਾ ਵਿੱਚ "ਤੇਰੀ ਜਾਊਗੀ ਗਰੀਬੀ ਸ਼ੇਰਾ, ਰਾਜਿਆਂ ਦੇ ਰਾਜ ਜਾਣਗੇ", "ਉੱਠ ਕਰ ਲੈ ਜ਼ਮੀਨ ਉੱਤੇ ਕਬਜ਼ਾ, ਬਿਸਵੇਦਾਰ ਭੱਜ ਜਾਣਗੇ", "ਜ਼ਮੀਨ ਰੱਖਣ ਦਾ ਇੱਕ ਤਰੱਦਦ-ਇੱਕ-ਦੂਜੇ ਦੀ ਪੂਰੀ ਮਦਦ" ਵਰਗੇ ਗੀਤ ਤੇ ਨਾਅਰੇ ਗੂੰਜਣ ਲੱਗੇ ਸਨ। ਸਾਡੇ ਵਾਲੇ ਸੁਨਾਮ-ਲਹਿਰਾ ਇਲਾਕੇ ਵਿੱਚ ਬਾਬਾ ਹਰਨਾਮ ਸਿੰਘ ਧਰਮਗੜ੍ਹ, ਗਿਆਨੀ ਬਚਨ ਸਿੰਘ ਬਖ਼ਸ਼ੀਵਾਲਾ, ਕੇਹਰ ਸਿੰਘ ਬਖ਼ਸ਼ੀਵਾਲਾ, ਘੁੰਮਣ ਸਿੰਘ ਉਗਰਾਹਾਂ, ਗੁਰਬਚਨ ਸਿੰਘ ਰਾਹੀ (ਨੇਤਰਹੀਣ), ਕਾਮਰੇਡ ਤਾਰਾ ਸਿੰਘ ਜਵਾਹਰ ਵਾਲਾ, ਬੰਤ ਰਾਮ ਅਲੀਸ਼ੇਰ, ਉਜਾਗਰ ਸਿੰਘ ਕਿਰਤੀ ਬਖੋਰਾ, ਪ੍ਰਿਥਾ ਸਿੰਘ ਕਿਸ਼ਨਗੜ੍ਹ, ਪੂਰਨ ਸਿੰਘ ਸਿਰਸੀਵਾਲਾ ਆਦਿ ਮੁੱਖ ਆਗੂ ਤੇ ਗੁਰੀਲੇ ਸਨ, ਜਿਨ੍ਹਾਂ ਨੇ ਮੁਜ਼ਾਰਾ ਲਹਿਰ ਨੂੰ ਜੇਤੂ ਅੰਤ ਤੱਕ ਪਹੁੰਚਾਣ ਵਿੱਚ ਅਹਿਮ ਰੋਲ ਨਿਭਾਇਆ। ਤੇ ਇਹੋ ਸਮਾਂ ਸੀ ਜਦੋਂ ਬਖੋਰਾ ਕਲਾਂ ਦੇ ਮੁਜ਼ਾਰੇ ਵਟਾਈ ਇਨਕਾਰ ਲਈ ਉੱਠ ਖੜੇ ਹੋਏ ਸਨ। ਉਨ੍ਹਾਂ ਆਪਣੇ ਪਿੰਡੇ ਨੂੰ ਚੁੰਬੜੀ ਬਿਸਵੇਦਾਰ ਨਾਨਕ ਸਿੰਘ ਨਾਂਅ ਦੀ ਖੂਨ ਪੀਣੀ ਜੋਕ ਨੂੰ ਲਾਹੁਣ ਦਾ ਤਹੱਈਆ ਕਰ ਲਿਆ ਸੀ। ਨਾਨਕ ਸਿੰਘ ਨਾ ਸਿਰਫ ਖੁਦ ਬਿਸਵੇਦਾਰ ਸੀ, ਸਗੋਂ ਉਹ ਤਾਂ ਜ਼ਿਮੀਂਦਾਰਾ ਸਭਾ ਬਣਾ ਕੇ ਉਹਦਾ ਆਪੂੰ ਬਣਿਆ ਸਕੱਤਰ ਵੀ ਸੀ। ਉਹਨੇ ਨਾ ਸਿਰਫ ਲੱਠਮਾਰਾਂ ਦੀ ਫੌਜ ਰੱਖੀ ਹੋਈ ਸੀ, ਸਗੋਂ ਉਹਦੀ ਰਾਖੀ ਲਈ ਰਾਜ ਘਰਾਣੇ ਨੇ ਪਿੰਡ ਵਿੱਚ ਪੁਲਸ ਚੌਕੀ ਵੀ ਬਿਠਾ ਰੱਖੀ ਸੀ। ਤੇ ਦਿਲਚਸਪ ਗੱਲ ਇਹ ਕਿ ਉਸ ਚੌਕੀ ਦਾ ਇੰਚਾਰਜ ਥਾਣੇਦਾਰ ਸੁਖਜਿੰਦਰ ਸਿੰਘ ਸੀ, ਜਿਹੜਾ ਕਾਂਗਰਸ ਦੇ ਮੌਜੂਦਾ ਵਿਧਾਇਕ ਤੇ ਚਰਚਿੱਤ ਆਗੂ ਸੁਖਪਾਲ ਖਹਿਰੇ ਦਾ ਪਿਤਾ ਸੀ। ਮੁਜ਼ਾਰਿਆਂ ਨੇ ਬਖੋਰਾ ਕਲਾਂ ਵਿੱਚ ਜ਼ਮੀਨ 'ਤੇ ਕਬਜ਼ਾ ਕਰਕੇ ਜ਼ਮੀਨ ਮੁਜ਼ਾਰਿਆਂ ਵਿੱਚ ਵੰਡ ਦਿੱਤੀ ਤੇ ਖੁਦ ਕਾਸ਼ਤ ਸ਼ੁਰੂ ਕਰ ਦਿੱਤੀ, ਪਰ ਜਦੋਂ ਸਾਉਣੀ ਦੀ ਫਸਲ ਆਈ ਤਾਂ ਬਿਸਵੇਦਾਰ ਨਾਨਕ ਸਿੰਘ ਨੇ ਸੌ-ਡੇਢ ਸੌ ਗੁੰਡੇ ਲੈ ਕੇ ਅਤੇ ਪੁਲਸ ਸੁਪਰਡੈਂਟ ਰਾਮ ਸਿੰਘ ਬਰਾੜ ਦੀ ਅਗਵਾਈ ਵਿੱਚ ਸੈਂਕੜੇ ਪੁਲਸੀਏ ਲੈ ਕੇ ਫਸਲ 'ਤੇ ਕਬਜ਼ਾ ਕਰਨਾ ਚਾਹਿਆ। ਪੁਲਸ ਨੇ ਦਰਜਨਾਂ ਮੁਜ਼ਾਰੇ ਗ੍ਰਿਫਤਾਰ ਕਰ ਲਏ। ਇਹ ਦੇਖ ਕੇ ਪਿੰਡ ਦੀਆਂ ਔਰਤਾਂ ਨੇ ਚੰਡੀ ਦਾ ਰੂਪ ਧਾਰਦਿਆਂ ਸੰਗਰੂਰ ਨੂੰ ਜਾਂਦਾ ਰਾਹ ਘੇਰ ਲਿਆ। ਨੇੜਲੇ ਪਿੰਡਾਂ ਤੋਂ ਨਾਅਰੇ ਲਾਉਂਦੇ, ਢੋਲ ਵਜਾਉਂਦੇ ਮੁਜ਼ਾਰਿਆਂ ਦੇ ਜਥੇ ਪਹੁੰਚਣ ਲੱਗ ਪਏ ਤੇ ਸਿੱਧੇ ਖੇਤਾਂ ਵਿੱਚ ਜਾ ਕੇ ਕਪਾਹਾਂ ਚੁਗਣ ਲੱਗ ਪਏ। ਇਹ ਦੇਖ ਕੇ ਖੇਤਾਂ ਵਿੱਚ ਵੜੇ ਗੁੰਡੇ ਭੱਜ ਉੱਠੇ। ਬਿਸਵੇਦਾਰ ਨਾਨਕ ਸਿੰਘ ਹੱਥ ਮਲ਼ਦਾ ਰਹਿ ਗਿਆ। ਅਜਿਹੀਆਂ ਕਾਰਵਾਈਆਂ ਨਾਲ ਮੁਜ਼ਾਰਿਆਂ ਦੇ ਹੌਸਲੇ ਦੂਣ-ਸਵਾਏ ਹੋ ਰਹੇ ਸਨ।

ਇਸੇ ਦੌਰਾਨ ਇੱਕ ਦਿਨ ਅਚਾਨਕ ਬੱਲਰਾ ਪਿੰਡ ਵਾਲੇ ਪਾਸੇ ਡੇਢ ਨਾਲ਼ ਵਾਲੇ ਸੂਏ 'ਤੇ ਦੋ ਗੁਰੀਲਿਆਂ (ਪਿਰਥਾ ਸਿੰਘ ਕਿਸ਼ਨਗੜ੍ਹ ਹੁਰਾਂ) ਦਾ ਪੁਲਸ ਨਾਲ ਮੁਕਾਬਲਾ ਹੋ ਗਿਆ। ਦੋ ਜਣੇ ਇੱਕ ਬੰਦੂਕ ਨਾਲ ਤਿੰਨ ਘੰਟੇ ਮੁਕਾਬਲਾ ਕਰਦੇ ਰਹੇ ਤੇ ਪੁਲਸ ਦੇ ਰਸਾਲੇ ਦਾ ਮੂੰਹ ਮੋੜ ਦਿੱਤਾ। ਉਸੇ ਰਾਤ ਨੂੰ ਗੁਰੀਲਾ ਦਸਤੇ ਨੇ ਬਿਸਵੇਦਾਰਾਂ ਦੇ ਘੋੜਿਆਂ ਦੇ ਤਬੇਲੇ 'ਤੇ ਬੰਬ ਵੀ ਸੁੱਟੇ। ਇਸ ਘਟਨਾ ਤੋਂ ਬਾਅਦ ਪੁਲਸ ਨੇ ਪਿੰਡ ਦੀਆਂ ਮੁਜ਼ਾਰਾ ਔਰਤਾਂ ਨੂੰ ਬਾਗੀਆਂ ਨੂੰ ਰੋਟੀ-ਟੁੱਕ ਤੇ ਪਨਾਹ ਦੇਣ ਦਾ ਦੋਸ਼ ਲਾ ਕੇ ਫੜ ਲਿਆ। ਇਨ੍ਹਾਂ ਵਿੱਚੋਂ ਤਿੰਨ ਔਰਤਾਂ ਸੁਰਜੀਤ ਕੌਰ ਪਤਨੀ ਚੰਦ ਸਿੰਘ, ਗੁਰਦੇਵ ਕੌਰ ਪਤਨੀ ਆਤਮਾ ਸਿੰਘ, ਚੰਦ ਕੌਰ ਪਤਨੀ ਉਦੇ ਸਿੰਘ ਢਿੱਲੋਂ ਡੇਢ ਮਹੀਨਾ ਨਾਭਾ ਤੇ ਸੁਨਾਮ ਜੇਲ੍ਹ ਵਿੱਚ ਬੰਦ ਰਹੀਆਂ। ਜਿਨ੍ਹਾਂ ਵਿੱਚੋਂ ਮਾਤਾ ਗੁਰਦੇਵ ਕੌਰ ਅੱਜ ਵੀ ਜ਼ਿੰਦਾ ਹੈ ਤੇ ਉਸੇ ਦੇ ਦਰਸ਼ਨਾਂ ਲਈ ਅਸੀਂ ਗਏ ਸੀ।

ਤੇ ਫਿਰ ਇੱਕ ਦਿਨ ਗੁਰੀਲੇ ਕਾਮਰੇਡਾਂ ਨੇ ਬਿਸਵੇਦਾਰ ਦੇ ਗੁੰਡਿਆਂ ਤੋਂ ਸਰ੍ਹੋਂ ਸਿਟਾ ਕੇ ਪਿੰਡ ਦੇ ਕਿਸਾਨਾਂ ਵਿੱਚ ਵੰਡ ਦਿੱਤੀ। ਵੰਡੀ ਗਈ ਸਰ੍ਹੋਂ ਦੀ ਬਰਾਮਦਗੀ ਲਈ ਪੁਲਸ ਘਰ-ਘਰ ਤਲਾਸ਼ੀ ਲੈਣ ਲੱਗੀ। ਇੱਕ ਘਰ ਦੀ ਟਾਂਡ (ਪੜਛੱਤੀ) 'ਤੇ ਸਰ੍ਹੋਂ ਮਿਲ ਗਈ। ਪਿੰਡ ਦੀਆਂ ਔਰਤਾਂ 'ਕੱਠੀਆਂ ਹੋ ਗਈਆਂ। ਪੁਲਸ ਵਾਲੇ ਟਾਂਡ ਤੋਂ ਸਰ੍ਹੋਂ ਦਾ ਗੱਟਾ ਹੇਠਾਂ ਸੁੱਟਿਆ ਕਰਨ, ਔਰਤਾਂ ਮੁੜ ਟਾਂਡ 'ਤੇ ਸੁੱਟ ਦਿਆ ਕਰਨ। ਇਹ ਕਸ਼ਮਕਸ਼ ਪਹਿਲਾਂ ਹੱਥੋਪਾਈ ਤੇ ਫਿਰ ਪੁਲਸ ਤੇ ਔਰਤਾਂ ਵਿਚਾਲੇ ਟੱਕਰ ਦਾ ਰੂਪ ਲੈ ਗਈ। ਔਰਤਾਂ ਦੇ ਡੰਡਾ, ਸੋਟਾ ਜੋ ਵੀ ਹੱਥ ਆਇਆ, ਹਥਿਆਰ ਬਣ ਗਿਆ। ਧੰਨੋ ਨਾਂਅ ਦੀ ਇੱਕ ਔਰਤ ਦੇ ਹੱਥ ਜਦੋਂ ਕੁਝ ਹੋਰ ਨਾ ਆਇਆ ਤਾਂ ਉਹਨੇ ਕੁੱਛੜ ਚੁੱਕੀ ਆਪਣੀ ਨਿੱਕੀ ਬਾਲੜੀ ਹੀ ਇੱਕ ਪੁਲਸੀਏ ਦੀ ਹਿੱਕ ਵਿੱਚ ਵਗਾਹ ਕੇ ਮਾਰੀ। ਹੋਣੀ ਤਾਂ ਧੰਨੋ ਨੂੰ ਆਪਣੀ ਦੁੱਧ ਚੁੰਘਦੀ ਕੁੜੀ ਵੀ ਬਹੁਤ ਪਿਆਰੀ, ਪਰ ਫਸਲਾਂ ਦੀ ਰਾਖੀ ਉਸ ਤੋਂ ਵੀ ਪਿਆਰੀ ਸੀ। ਮਾਸਟਰ ਦੇਸ ਰਾਜ ਛਾਜਲੀ ਨੇ ਆਪਣੀ ਕਿਤਾਬ "ਮੁਜ਼ਾਰਾ ਲਹਿਰ ਦਾ ਸ਼ੇਰ ਬੰਤ ਰਾਮ ਅਲੀਸ਼ੇਰ" ਵਿੱਚ ਇਸ ਘਟਨਾ ਨੂੰ ਬਿਆਨ ਕਰਦਿਆਂ ਲਿਖਿਆ ਹੈ ਕਿ ਉਹ ਕੁੜੀ ਅਜੇ ਵੀ ਜ਼ਿੰਦਾ ਹੈ ਤੇ ਨੇੜਲੇ ਪਿੰਡ ਸੇਖੂਪੁਰ ਖੁਡਾਲ (ਮਾਨਸਾ) ਵਿਖੇ ਵਿਆਹੀ ਹੋਈ ਹੈ। ਉਜਾਗਰ ਸਿੰਘ ਕਿਰਤੀ, ਮਿਸਤਰੀ ਆਤਮਾ ਸਿੰਘ, ਦਰਬਾਰਾ ਸਿੰਘ, ਚੰਦ ਸਿੰਘ ਤੇ ਅਰਜਨ ਢਿੱਲੋਂ ਆਦਿ ਨੌਜਵਾਨ ਬਖੋਰਾ ਕਲਾਂ ਦੇ ਮੁਜ਼ਾਰਿਆਂ ਦੇ ਪੁੱਤ ਸਨ, ਜਿਹੜੇ ਸਿਰ 'ਤੇ ਕਫਨ ਬੰਨ੍ਹ ਕੇ ਲੜੇ ਸਨ। ਜਿਨ੍ਹਾਂ ਨੂੰ ਬਾਅਦ ਵਿੱਚ ਸਮਝੌਤੇ ਅਧੀਨ ਐੱਸ ਪੀ ਰਾਓ (ਕੇਂਦਰ ਸਰਕਾਰ ਦਾ ਅਧਿਕਾਰੀ) ਅੱਗੇ ਪੇਸ਼ ਕੀਤਾ ਗਿਆ ਸੀ ਤੇ ਫਿਰ ਉਹ ਰਿਹਾਅ ਹੋ ਕੇ ਪਿੰਡ ਵੜੇ ਸਨ। ਤੇ ਅੰਤ ਨੂੰ ਮੁਜ਼ਾਰਿਆਂ ਦੇ ਹੱਕਾਂ ਦੀ ਇਹ ਜੰਗ ਪੂਰਨ ਰੂਪ ਵਿੱਚ ਜੇਤੂ ਹੋ ਕੇ ਨਿਕਲੀ। ਇਹਨੇ ਹਕੂਮਤ ਦੇ ਕੰਘਾਕਰੂ ਅਪਰੇਸ਼ਨਾਂ ਸਮੇਤ "ਸਾਰਾ ਜਾਂਦਾ ਦੇਖ ਕੇ ਅੱਧਾ ਲਈਏ ਬਚਾ" ਵਾਲੇ ਸਾਰੇ ਸ਼ਾਹੀ ਫੁਰਮਾਨਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਸਾਰੀ ਦੀ ਸਾਰੀ ਜ਼ਮੀਨ ਵਾਹੀਕਾਰਾਂ ਦੇ ਨਾਂਅ ਕਰਕੇ ਜਿੱਤ ਦੇ ਝੰਡੇ ਗੱਡੇ ਸਨ। ਇਸ ਇਤਿਹਾਸਕ ਜਿੱਤ ਤੋਂ ਬਾਅਦ ਹੋਰਨਾਂ ਸਮੇਤ ਬਖੋਰਾ ਕਲਾਂ ਦੇ ਮੁਜ਼ਾਰਿਆਂ ਤੋਂ ਮਾਲਕ ਬਣੇ ਕਿਸਾਨਾਂ ਨੇ "ਨਵੀਂ ਧਰਤੀ 'ਤੇ ਨਵੇਂ ਸਿਆੜ" ਕੱਢਣੇ ਸ਼ੁਰੂ ਕੀਤੇ। ਖੇਤਾਂ ਵਿੱਚ ਫਸਲਾਂ ਲਹਿਲਹਾਉਣ ਲੱਗੀਆਂ ਅਤੇ ਕੱਚੇ ਦੀ ਥਾਂ ਪੱਕੇ ਘਰ ਬਣੇ, ਚੁਬਾਰੇ ਉੱਸਰੇ, ਸਕੂਲ ਬਣੇ ਤੇ ਗੁਰੂ ਘਰ ਵੀ ਬਣੇ। ਮੁਜ਼ਾਰਾ ਵਾਰ ਕੌਂਸਲ ਦੇ ਆਗੂਆਂ ਨੇ ਸੱਚ ਹੀ ਕਿਹਾ ਸੀ : ਤੇਰੀ ਜਾਊਗੀ ਗਰੀਬੀ ਸ਼ੇਰਾ, ਰਾਜਿਆਂ ਦੇ ਰਾਜ ਜਾਣਗੇ!

ਮੋਬਾ: 94175-88616


ਨਵਾਂ ਜ਼ਮਾਨਾ ਪੋਸਟ ਬਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਇਨਸਾਫ਼ ਪਾਉਣ ਦੀ ਜੁਝਾਰੂ ਸੰਘਰਸ਼ ਯਾਤਰਾ




ਫੋਕਸ



## ਚਰਚਾ ਇਕ ਪੁਸਤਕ ਦੀ

**ਡਾ. ਜਸਵਿੰਦਰ ਕੌਰ ਬਿੰਦਰਾ**

### ਹਵੇਲੀਆਲਾ

**ਜਸਪਾਲ ਮਾਨਖੇੜਾ**
**ਪੰਨੇ : 150, ਮੁੱਲ : 250 ਰੁਪਏ**
**ਪੀਪਲਜ਼ ਫੋਰਮ, ਬਰਗਾੜੀ**

ਲੰਮੇ ਸਮੇਂ ਤੋਂ ਭਾਰਤ ਵਿੱਚ ਆਮ ਆਦਮੀ ਦੀ ਕੋਈ ਥਾਂ ਨਹੀਂ ਰਹੀ, ਕਿਉਂਕਿ ਸਾਰਾ ਸਿਸਟਮ ਹੀ ਅਮੀਰਾਂ ਤੇ ਪੂੰਜੀਪਤੀਆਂ ਦੇ ਹੱਥਾਂ ਵਿੱਚ ਖੇਡਦਾ ਹੈ। ਉਹੀ ਸਰਕਾਰਾਂ ਬਣਾਉਂਦੇ ਤੇ ਡਿਗਾਉਂਦੇ ਹਨ। ਇੱਥੇ ਸਿਰਫ਼ ਤੇ ਸਿਰਫ਼ ਅਮੀਰਾਂ ਦਾ ਬੋਲਬਾਲਾ ਹੈ। ਮੰਤਰੀਆਂ ਤੇ ਉੱਚੇ ਅਹੁਦਿਆਂ ਉਤੇ ਬੈਠਿਆਂ ਦੇ ਨਾਂਅ ਦੇ ਨਾਅਰੇ ਲਗਾਏ ਜਾਂਦੇ ਹਨ, ਜਦਕਿ ਉਨ੍ਹਾਂ ਦੀ ਨਜ਼ਰ ਵਿੱਚ ਪੱਛੜੀ ਜਾਤੀ, ਇਸਤਰੀ ਜਾਤੀ ਤੇ ਆਮ ਆਦਮੀ ਦੀ ਕੋਈ ਵੁੱਕਤ ਹੀ ਨਹੀਂ। ਸਮਾਜ ਸੇਵਾ ਦਾ ਢੌਂਗ ਰਚਦੇ, ਚੋਣਾਂ ਦੌਰਾਨ ਖੋਖਲੇ ਵਾਅਦੇ ਕਰਦੇ ਇਹ ਸਾਰੇ ਹੀ ਉਪਰਲੀ ਜਮਾਤ ਦੇ ਬੰਦੇ ਚਿੱਟ ਕੱਪੜੀਏ ਬਣ, ਦੇਸ਼ ਦੀ ਹਰ ਪੂੰਜੀ, ਸਾਧਨ ਤੇ ਸੰਸਾਧਨਾਂ ਉੱਤੇ ਕਬਜ਼ਾ ਕਰੀ ਬੈਠੇ ਹਨ। ਪੁਲਸ ਬਲ ਉਨ੍ਹਾਂ ਦੇ ਹਰ ਆਦੇਸ਼ ਦਾ ਪਾਲਣ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਆਇਆ ਹੈ। ਭਾਵੇਂ ਨਾਅਰਾ ਉਨ੍ਹਾਂ ਦਾ ਇਹੀ ਹੈ, 'ਆਪਕੇ ਲਈ, ਸਦੈਵ ਆਪਕੇ ਸਾਥ।' ਜਦਕਿ ਸੱਚ ਤਾਂ ਇਹ ਹੈ ਕਿ ਸਾਧਾਰਨ ਬੰਦਾ ਪੁਲਸ ਦੇ ਕੋਲੋਂ ਵੀ ਲੰਘਣਾ ਨਹੀਂ ਚਾਹੁੰਦਾ। ਉਸ ਦੀ ਪਰਛਾਈਂ ਤੋਂ ਵੀ ਦੂਰ ਰਹਿਣਾ ਚਾਹੁੰਦਾ ਹੈ। ਪੁਲਸ ਦੀਆਂ ਇਨ੍ਹਾਂ ਕਰਤੂਤਾਂ ਕਰਕੇ ਹੀ ਇਹ ਅਖਾਣ ਪ੍ਰਚੱਲਤ ਹੈ, 'ਪੁਲਸੀਆਂ ਦੀ ਨਾ ਦੋਸਤੀ ਚੰਗੀ ਨਾ ਦੁਸ਼ਮਣੀ!'

ਜ਼ਿੰਦਗੀ ਦਾ ਅਸਲ ਲੁਤਫ਼ ਸੱਤਾਧਾਰੀ ਤੇ ਸਮਰਿੱਧ ਜਮਾਤ ਦੇ ਲੋਕ ਚੁੱਕਦੇ ਹਨ, ਬਾਕੀ ਜਨਤਾ ਤਾਂ ਬਸ ਕਿਸੇ ਤਰ੍ਹਾਂ ਘਿਸ ਕੇ ਤੇ ਪਿੱਟ ਕੇ ਗੁਜ਼ਾਰਾ ਹੀ ਕਰਦੀ ਹੈ। ਇਨ੍ਹਾਂ ਵਿੱਚੋਂ ਸਭ ਤੋਂ ਮਾੜੀ ਹਾਲਤ ਹੈ ਮੱਧਵਰਗ ਦੀ। ਇਸ ਵਿੱਚ ਪੇਂਡੂ ਤੇ ਸ਼ਹਿਰੀ ਨਿਮਨ ਮੱਧਵਰਗ ਵੀ ਸ਼ਾਮਲ ਹੈ, ਜੋ ਮਿਹਨਤ ਕਰਕੇ, ਹੱਡ ਭੰਨ ਕੇ ਕੰਮ ਕਰਦਾ ਤੇ ਆਪਣੀ ਕਬੀਲਦਾਰੀ ਨੂੰ ਤੋਰਦਾ ਹੈ। ਇਸ ਗੁਜ਼ਾਰੇ ਜੋਗੀ ਆਮਦਨ ਵਿੱਚ ਹਰ ਕਿਸੇ ਦਾ ਜੀਅ ਚਾਹੁੰਦਾ ਕਿ ਉਹ ਆਪਣੇ ਪਰਵਾਰ ਨੂੰ ਖੁਸ਼ਹਾਲ ਰੱਖੇ, ਆਪਣੇ ਬੱਚਿਆਂ ਨੂੰ ਉਹ ਤਾਲੀਮ ਜ਼ਰੂਰ ਦੇਵੇ, ਜੋ ਆਪ ਲੈਣ ਦੇ ਸਮਰੱਥ ਨਹੀਂ ਹੋ ਸਕਿਆ। ਆਪਣੇ ਬੱਚਿਆਂ ਨੂੰ ਉਹ ਸੁੱਖ-ਸਹੂਲਤਾਂ ਜ਼ਰੂਰ ਦੇਵੇ, ਜਿਨ੍ਹਾਂ ਲਈ ਉਹ ਤਾਂਘਦਾ ਜਾਂ ਲਲਚਾਈਆਂ ਅੱਖਾਂ ਨਾਲ ਦੇਖਦੇ ਤੇ ਚਾਹੁੰਦੇ ਹੋਏ ਵੱਡਾ ਹੋਇਆ ਹੈ। ਸਭ ਤੋਂ ਵੱਧ ਹਾਦਸੇ, ਐਕਸੀਡੈਂਟ ਤੇ ਦੁਰਘਟਨਾਵਾਂ ਦਾ ਸ਼ਿਕਾਰ ਵੀ ਇਹੀ ਵਰਗ ਬਣਦਾ ਹੈ। ਭਾਰਤ ਦਾ ਮੱਧਵਰਗ ਸਰਕਾਰੀ ਟੈਕਸ ਭਰਨ, ਸਮਾਜਿਕ ਤੌਰ-ਤਰੀਕਿਆਂ ਨੂੰ ਨਿਭਾਉਣ, ਬੇਕਾਰ ਦੇ ਦਿਖਾਵਟੀ ਖ਼ਰਚੇ ਕਰਨ, ਮਹਿੰਗੀਆਂ ਪੜ੍ਹਾਈਆਂ ਤੇ ਬੇਰੁਜ਼ਗਾਰੀ ਵਿੱਚ ਖੱਜਲ ਹੋਣ ਦੇ ਨਾਲ ਪੁੱਠੀਆਂ-ਸਿੱਧੀਆਂ ਨੀਤੀਆਂ ਤੇ ਸਰਕਾਰੀ ਵਿਭਾਗਾਂ ਦੇ ਬਹੁਤ ਢਿੱਲੇ-ਮੱਠੇ, ਟਾਲ-ਮਟੋਲ ਕਰਨ ਦੇ ਰਵੱਈਏ ਵਿੱਚ ਹੀ ਰੁਲ ਤੇ ਭਟਕ ਰਿਹਾ ਹੈ। ਇਹ ਹਾਲ ਸਿਰਫ਼ ਪ੍ਰਸ਼ਾਸਨਿਕ ਤੰਤਰ ਦਾ ਹੀ ਨਹੀਂ, ਅਦਾਲਤਾਂ ਦਾ ਹਾਲ ਇਸ ਤੋਂ ਵੀ ਮਾੜਾ ਹੈ, ਜਿੱਥੇ ਇਨਸਾਫ਼ ਦੀ ਗੁਹਾਰ ਲਗਾਉਂਦੇ ਲੋਕਾਂ ਦੀਆਂ ਅਗਲੀਆਂ ਪੀੜ੍ਹੀਆਂ ਤੱਕ ਵੀ ਕੇਸਾਂ ਦੀ ਸੁਣਵਾਈ ਨਹੀਂ ਹੁੰਦੀ। ਜ਼ਰੂਰੀ ਨਹੀਂ ਵਾਦੀ ਨੂੰ ਇਨਸਾਫ਼ ਹੀ ਮਿਲੇ। ਬਹੁਤ ਵਾਰ ਸਬੂਤਾਂ ਦੇ ਅਭਾਵ ਕਾਰਨ ਜਾਂ ਸੰਦੇਹ ਪੱਖੋਂ ਦੋਸ਼ੀਆਂ ਨੂੰ ਮਾਫ਼ ਕਰ ਦਿੱਤਾ ਜਾਂਦਾ ਹੈ, ਕਿਉਂਕਿ ਕਈ ਸਾਲਾਂ ਦੇ ਵਕਫ਼ੇ ਕਾਰਨ ਸਬੂਤ ਦਾ ਮਿਟ ਜਾਣਾ ਜਾਂ ਮਿਟਾ ਦਿੱਤਾ ਜਾਣਾ, ਗਵਾਹਾਂ ਦਾ ਮੁੱਕਰ ਜਾਣਾ ਜਾਂ ਮਰ ਜਾਣਾ ਲਾਜ਼ਮ ਹੈ।

ਅਜਿਹੇ ਗ਼ਰਕ ਹੋ ਚੁੱਕੇ ਸਿਸਟਮ ਅਧੀਨ 'ਸਾਡਾ ਭਾਰਤ ਮਹਾਨ', ਵਿਸ਼ਵ-ਗੁਰੂ ਹੋਣ ਦੇ ਦਾਅਵੇ ਕਰਦਾ ਅੰਦਰੋਂ ਕਿੰਨਾ ਖੋਖਲਾ, ਬਦਬੂਦਾਰ ਤੇ ਦਾਗ਼ਦਾਰ ਹੋ ਚੁੱਕਾ ਹੈ, ਇਸ ਦੀ ਤਾਜ਼ਾ ਮਿਸਾਲ ਪੇਸ਼ ਕਰਦਾ ਹੈ, ਜਸਪਾਲ ਮਾਨਖੇੜਾ ਦਾ ਨਵਾਂ ਨਾਵਲ 'ਹਵੇਲੀਆਲ਼ਾ', ਪਰ ਨਾਵਲ ਇਸ ਸਿਸਟਮ ਤੇ ਅਦਾਲਤੀ ਪੱਖਾਂ ਦੀਆਂ ਅੰਦਰੋਂ-ਬਾਹਰੋਂ ਧੱਜੀਆਂ ਉਡਾਉਂਦੇ ਹੋਏ, ਇਸ ਦੀਆਂ ਉਲਝੀਆਂ ਤੰਦਾਂ ਉਧੇੜਦੇ ਹੋਏ, ਇਸ ਤੋਂ ਕਈ ਅਗਲੇਰੇ ਕਦਮ ਚੁੱਕਦਾ ਹੈ। ਮਾਨਖੇੜਾ ਬਹੁਤ ਜਾਣਿਆ-ਪਛਾਣਿਆ ਸਾਹਿਤਕਾਰ ਹੈ। ਪਿਛਲੇ ਕੁਝ ਅਰਸੇ ਵਿੱਚ ਰਚੇ ਇਸ ਦੇ ਨਾਵਲ ਸਮੇਂ ਦੀ ਨਬਜ਼ ਨੂੰ ਫੜਦੇ ਹੋਏ, ਉਸ ਦੇ ਨਾਲ ਕਦਮ ਮੇਚਦੇ ਹੋਏ ਪ੍ਰਤੀਤ ਹੋ ਰਹੇ ਹਨ।

ਹਥਲਾ ਨਾਵਲ ਇਕ ਅਜਿਹੇ ਕੇਸ ਨੂੰ ਨਾਵਲੀ ਰਚਨਾ ਅਧੀਨ ਲਿਆਉਂਦਾ ਹੈ, ਜਿਸ ਨੇ ਅਦਾਲਤੀ ਕੇਸਾਂ ਦੀ ਲੰਮੀ ਦੌੜ ਵਿੱਚ ਆਪਣਾ ਨਾਂਅ ਨਿਵੇਕਲੇ ਤੌਰ 'ਤੇ ਦਰਜ ਕੀਤਾ। ਇਹ ਸਤਿ ਵੀ ਭਾਰਤੀਆਂ ਨੇ ਦੇਖਿਆ ਤੇ ਮਹਿਸੂਸ ਕੀਤਾ ਹੈ, ਜਦੋਂ ਅਤਿ ਹੋ ਜਾਵੇ ਤਾਂ ਉਸ ਦਾ ਮੁਕਾਬਲਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸਾਡੇ ਪੌਰਾਣਿਕ ਗ੍ਰੰਥਾਂ ਵਿੱਚ ਵੀ ਕਈ ਕਥਾਵਾਂ ਰਾਹੀਂ ਦੱਸਿਆ ਗਿਆ ਹੈ ਕਿ ਅੱਤਿਆਚਾਰੀਆਂ ਦਾ ਸਿਰ ਲਾਹੁਣਾ ਲਾਜ਼ਮ ਹੁੰਦਾ ਹੈ ਤਾਂ ਹੀ ਉਨ੍ਹਾਂ ਦੇ ਅੱਤਿਆਚਾਰਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਕਈ ਸਦੀਆਂ ਦੀ ਗੁਲਾਮੀ ਮਗਰੋਂ ਜਦੋਂ ਜ਼ਮੀਨੀ ਪੱਧਰ ਉਤੇ ਦੇਸ਼ ਵਾਸੀ ਇਕਜੁੱਟ ਹੋਏ ਤਾਂ ਹੀ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢਿਆ ਜਾ ਸਕਿਆ। ਅਜੇ ਹਾਲ ਵਿੱਚ ਹੀ 'ਕਿਸਾਨ ਅੰਦੋਲਨ' ਨੇ 'ਨਵਾਂ ਇਤਿਹਾਸ' ਸਿਰਜਿਆ, ਜਦੋਂ ਸਾਧਾਰਨ ਜਿਹੇ ਕਿਸਾਨਾਂ ਨੇ ਸੱਤਾ ਤੋਂ ਆਪਣੀ ਗੱਲ ਮੰਨਵਾ ਕੇ ਇਸ ਸੱਚਾਈ ਉਤੇ ਪੱਕੀ ਮੋਹਰ ਲਗਾ ਦਿੱਤੀ ਕਿ ਜਦੋਂ ਜ਼ਮੀਨੀ ਪੱਧਰ ਉੱਤੇ ਲੋਕ ਰਲ ਕੇ ਕੋਈ ਮੋਰਚਾ ਚੁੱਕ ਲੈਣ ਤਾਂ ਉਸ ਮੁਹਿੰਮ ਨੂੰ ਨਜ਼ਰਅੰਦਾਜ਼ ਕਰਨਾ ਸੱਤਾ ਪੱਖ ਵੱਲੋਂ ਵੀ ਔਖਾ ਹੋ ਜਾਂਦਾ ਹੈ। ਹਾਲਾਂਕਿ ਉਹ ਹਰ ਹੀਲੇ ਤੇ ਤਰੀਕੇ ਲੋਕਾਂ ਦੀ ਆਪਸੀ ਜੁੱਟਤਾ ਨੂੰ ਤੋੜਣ ਤੇ ਵੱਖ-ਵੱਖ ਕਰਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਨਾਉਂਦੀ ਹੈ। ਅਕਸਰ ਉਹ ਆਪਣੀ ਸਿਆਸੀ ਤਾਕਤ ਤੇ ਪੁਲਸ ਬਲ ਦੇ ਸਿਰ ਉਤੇ ਅਜਿਹੀਆਂ ਲੋਕ-ਮੁਹਿੰਮਾਂ ਨੂੰ ਕੁਚਲਣ ਵਿੱਚ ਕਾਮਯਾਬ ਵੀ ਹੋ ਜਾਂਦੀ ਹੈ, ਫਿਰ ਵੀ ਇਤਿਹਾਸ ਵਿੱਚ ਅਜਿਹੇ ਕੁਝ ਕੁ ਜਨ-ਅੰਦੋਲਨ ਸ਼ਾਮਲ ਹਨ, ਜਿਨ੍ਹਾਂ ਲੰਮਾ ਸਮਾਂ ਬੀਤ ਜਾਣ 'ਤੇ ਵੀ ਆਪਣੀ ਜ਼ਿੱਦ ਨਹੀਂ ਛੱਡੀ ਤੇ ਡਟੇ ਰਹੇ। ਅਖ਼ੀਰ ਇਨਸਾਫ਼ ਦੀ ਲੜਾਈ ਰਾਹੀਂ ਹੀ ਆਪਣਾ ਹੱਕ ਮੰਨਵਾ ਕੇ ਰਹੇ। ਹੱਕ ਮੰਨਵਾ ਲੈਣਾ ਤੇ ਕਿਸੇ ਕੇਸ ਨੂੰ ਪਹਿਲਾ ਮੁੱਦਾ ਬਣਾ ਕੇ ਲੜਨ ਤੱਕ ਦਾ ਹੌਸਲਾ ਰੱਖਣਾ, ਕਹਿਣਾ ਵੀ ਸੌਖਾ ਨਹੀਂ ਲੱਗਦਾ, ਪਰ ਪੰਜਾਬੀਆਂ ਨੂੰ ਅਜਿਹੇ ਹੌਸਲੇ ਕਰਨ ਦੀ ਆਦਤ ਹੈ। ਉਨ੍ਹਾਂ ਦਾ ਜਨਮ ਹੀ ਅਜਿਹੀ ਧਰਤੀ ਉਤੇ ਹੋਇਆ ਹੈ ਕਿ ਜਿੱਥੇ ਉਨ੍ਹਾਂ ਨੂੰ 'ਨਿੱਤ ਮੁਹਿੰਮਾਂ' ਦਾ ਸਾਹਮਣਾ ਕਰਨ ਦੀ ਜਾਚ ਕੁਦਰਤੀ ਤੌਰ 'ਤੇ ਆ ਗਈ ਹੋਈ ਹੈ।

ਨਾਵਲ ਦੀ ਪ੍ਰਮੁੱਖ ਘਟਨਾ ਇਕੋ ਹੀ ਹੈ ਕਿ ਮਾਸਟਰ ਲਛਮਣ ਦੀ ਜਵਾਨ ਬੀ.ਏ. ਪੜ੍ਹਦੀ ਧੀ ਰਿਸ਼ਮਦੀਪ ਨੂੰ ਉਸ ਦੇ ਪਿੰਡ ਦੇ ਅਮੀਰ ਜ਼ਿਮੀਂਦਾਰ ਦੇ ਮੁੰਡਿਆਂ ਪ੍ਰੀਤ ਤੇ ਛਿੰਦੇ ਨੇ ਆਪਣੇ ਭਈਏ ਗੱਬਰ ਨਾਲ ਰਲ ਕੇ ਚੁੱਕ ਲਿਆ ਤੇ ਜ਼ਬਰਦਸਤੀ ਉਸ ਨਾਲ ਜਬਰ-ਜ਼ਨਾਹ ਕੀਤਾ। ਮਗਰੋਂ ਉਸ ਨੂੰ ਆਪਣੇ ਹੀ ਖੇਤ ਵਿੱਚ ਲਿਜਾ ਕੇ ਮਾਰ ਕੇ, ਦੱਬ ਦਿੱਤਾ। ਘਰ ਵਿੱਚ ਉਸ ਦੀ ਮਾਂ ਵਿੰਦਰ, ਬਾਪੂ ਲਛਮਣ, ਦਾਦਾ ਤੇ ਛੋਟਾ ਭਰਾ ਪਵਨਦੀਪ ਆਸ-ਪਾਸ ਉਸ ਨੂੰ ਲੱਭਦੇ ਰਹੇ। ਹੌਲੀ-ਹੌਲੀ ਗੱਲ ਪਿੰਡ ਵਾਲਿਆਂ ਤੱਕ ਪੁੱਜੀ, ਫਿਰ ਪੁਲਸ ਤੱਕ, ਪਰ ਕੁੜੀ ਦਾ ਕੋਈ ਖੁਰਾ-ਖੋਜ ਨਾ ਲੱਭਾ। ਪੁਲਸ ਵਾਲੇ ਆਪਣੀ ਆਦਤ ਮੁਤਾਬਕ ਬਦਤਮੀਜ਼ੀ ਦਾ ਵਿਹਾਰ ਕਰਦੇ ਹੋਏ ਪੈਰਾਂ ਉਤੇ ਪਾਣੀ ਨਾ ਪੈਣ ਦੇਣ। ਵਾਰ-ਵਾਰ ਮਸ਼ਕਰੀਆਂ ਕਰਨ ਕਿ 'ਕੁੜੀ ਭੱਜ ਗਈ ਹੋਣੀ ਹੈ, ਆਪਣੇ ਯਾਰ ਨਾਲ। ਦੋ-ਚਾਰ ਦਿਨ ਮੌਜ-ਮਸਤੀ ਕਰਕੇ ਵਾਪਸ ਆ ਜਾਏਗੀ।' ਉਹ ਐੱਫ.ਆਈ.ਆਰ ਤੱਕ ਲਿਖਣ ਲਈ ਤਿਆਰ ਨਾ ਹੋਏ, ਪਰ ਜਦੋਂ ਪਿੰਡ ਦੇ ਮੋਹਤਬਰ ਲੋਕਾਂ ਨੇ ਰਲ ਕੇ ਪੁਲਸ ਦੇ ਵੱਡੇ ਅਫਸਰ ਤੱਕ ਪਹੁੰਚ ਕੀਤੀ ਤਾਂ ਕਿੱਧਰੇ ਜਾ ਕੇ ਪੁਲਸ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਹੋਈ। ਉਦੋਂ ਥੋੜ੍ਹੀ ਜਿਹੀ ਪੜਤਾਲ ਬਾਅਦ ਉਨ੍ਹਾਂ ਅਮੀਰ ਭਰਾਵਾਂ ਵਿੱਚੋਂ ਇਕਬਾਲ ਦੇ ਖੇਤ ਵਿੱਚੋਂ ਰਿਸ਼ਮਦੀਪ ਦਾ ਸਾਈਕਲ, ਕਿਤਾਬਾਂ ਤੇ ਚੁੰਨੀ ਉਥੇ ਪਏ ਮਿਲੇ। ਪੁਲਸ ਸਾਰਾ ਸਾਮਾਨ ਜ਼ਬਤ ਕਰਕੇ ਨਾਲ ਲੈ ਗਈ। ਫਿਰ ਵੀ ਉਨ੍ਹਾਂ ਨੇ ਅਮਰੀਕ, ਇਕਬਾਲ ਤੇ ਤਾਰੇ ਦੇ ਪਰਵਾਰ ਤੇ ਮੁੰਡਿਆਂ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਪਾਈ। ਇਸ ਸਭ ਮਗਰੋਂ ਪਿੰਡ ਦੇ ਅਧਿਆਪਕ ਵਰਗ, ਕਾਮਰੇਡਾਂ ਤੇ ਮੋਹਤਬਰ ਬੰਦਿਆਂ ਦੇ ਨਾਲ ਹੋਰ ਬੰਦੇ ਜੁੜਨ ਲੱਗੇ।

ਇਸ ਵਿੱਚ ਲਛਮਣ ਦੇ ਨਾਲ ਕਰਨੈਲ, ਟਰੇਡ ਯੂਨੀਅਨ ਦਾ ਸਕੱਤਰ ਅਜੈਬ ਨੱਤ, ਮੁਹੱਬਤਪਾਲ, ਪਿੰਡ ਦਾ ਪ੍ਰਧਾਨ, ਚਰਨ ਚੰਨੀ, ਕੁਲਦੀਪ ਕਲੇਰ ਤੇ ਜਗਦੇਵ ਭੜੀ ਜਿਹੇ ਸਿਰੜੀ ਲੋਕ ਇਕੱਠੇ ਹੋ ਗਏ। ਉਨ੍ਹਾਂ ਪੂਰੀ ਵਿਉਂਤਬੰਦੀ ਨਾਲ ਇਸ ਘਟਨਾ ਨੂੰ ਮੁੱਦਾ ਬਣਾਇਆ। ਉਨ੍ਹਾਂ ਰਿਸ਼ਮਦੀਪ ਦੇ ਦੁਸ਼ਕਰਮੀਆਂ ਤੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਕਮਰਕੱਸ ਲਈ। ਉਨ੍ਹਾਂ ਇਹ ਮਾਮਲਾ ਪਹਿਲਾਂ ਮੰਡੀ ਦੇ ਇਕੱਠ ਤੋਂ ਸ਼ੁਰੂ ਕੀਤਾ, ਜਿਸ ਤੋਂ ਵਧਦੇ-ਵਧਦੇ ਇਹ ਮਾਮਲਾ ਜਨ-ਅੰਦੋਲਨ ਦਾ ਰੂਪ ਧਾਰਨ ਕਰ ਗਿਆ। ਜਦੋਂ ਵਿੰਦਰ ਨੂੰ ਰਿਸ਼ਮ ਦੀ ਕਾਪੀ ਵਿੱਚੋਂ ਇਹ ਲਿਖਿਆ ਮਿਲ ਗਿਆ ਕਿ 'ਕੰਬਾਲੇ ਦੇ ਲੰਡਰ ਮੈਨੂੰ ਛੇੜਦੇ ਨੇ। ਭਈਆ ਵੀ ਰਾਹ ਰੋਕਦਾ ਏ ਮੇਰਾ।' ਇਸ ਨੂੰ ਸਬੂਤ ਮੰਨ ਕੇ ਇਸ ਮੁਹਿੰਮ ਨੂੰ ਚਲਾਉਣ ਵਾਲਿਆਂ ਨੇ ਪੁਲਸ ਉੱਤੇ ਜ਼ੋਰ ਪਾਇਆ ਕਿ ਉਹ ਇਕਬਾਲ ਦੇ ਪੁੱਤਰਾਂ ਤੇ ਭਈਏ ਖ਼ਿਲਾਫ਼ ਰਿਪੋਰਟ ਲਿਖਣ। ਮਾਰ ਖਾ ਕੇ ਭਈਏ ਨੇ ਸਾਰਾ ਕੁਝ ਕਬੂਲ ਕਰ ਲਿਆ।

ਇਸ ਤੋਂ ਬਾਅਦ ਰਿਸ਼ਮ ਨੂੰ ਇਨਸਾਫ਼ ਦਿਵਾਉਣ ਵਾਲਾ ਮੋਰਚਾ ਇਕ ਲਹਿਰ ਵਿੱਚ ਬਦਲ ਗਿਆ। ਇਕ ਪਾਸੇ ਲਛਮਣ ਨਾਲ ਜ਼ਮੀਨੀ ਪੱਧਰ ਦੇ ਕਾਮਰੇਡ, ਪੜ੍ਹੇ-ਲਿਖੇ ਤੇ ਕੰਮਕਾਜੀ ਬੰਦੇ, ਕਿਸਾਨ ਯੂਨੀਅਨਾਂ, ਮਜ਼ਦੂਰ ਸਭਾਵਾਂ, ਮੁਲਾਜ਼ਮ, ਨੌਜਵਾਨ, ਵਿਦਿਆਰਥੀ ਜਥੇਬੰਦੀਆਂ ਸ਼ਾਮਲ ਸਨ। ਦੂਜੇ ਪਾਸੇ ਦੁਸ਼ਕਰਮੀਆਂ ਦੇ ਪਾਲੇ ਵਿੱਚ ਜੱਥੇਦਾਰ ਬਲਕਾਰ ਸਿੰਘ ਵੜੈਚ, ਪੁਲਸ ਦੇ ਵੱਡੇ ਅਫਸਰ ਤੇ ਵਿਧਾਇਕ ਤੱਕ ਪਹੁੰਚ ਕਰ, ਅਦਾਲਤ ਦੇ ਜੱਜ, ਵਕੀਲ ਨੂੰ ਆਪਣੇ ਪੱਖ ਵਿੱਚ ਮੰਨਵਾਉਣ ਵਾਲੇ ਅਮੀਰ, ਨੌਕਰਸ਼ਾਹੀ ਤੇ ਸੱਤਾਧਾਰੀ। ਇਹ ਲੜਾਈ ਜਿੱਤਣੀ ਬਹੁਤ ਔਖੀ ਸੀ। ਦੋਵਾਂ ਪੱਖਾਂ ਨੇ ਸਿਰ-ਧੜ ਦੀ ਬਾਜ਼ੀ ਲਾਈ ਹੋਈ ਸੀ। ਜੱਥੇਦਾਰ ਦੇ ਕਹਿਣ 'ਤੇ ਲੋਕਾਂ ਨੂੰ ਬੇਵਕੂਫ਼ ਬਣਾਉਣ ਲਈ ਉਨ੍ਹਾਂ ਪ੍ਰੀਤ, ਛਿੰਦੇ ਤੇ ਗੱਬਰ ਨੂੰ ਅੰਦਰ ਕਰਾਉਣ ਦੀ ਸਲਾਹ ਦਿੱਤੀ। ਜਿੱਥੋਂ ਉਹ ਉਨ੍ਹਾਂ ਨੂੰ ਲੋਕਾਂ ਦੇ ਗੁੱਸੇ ਤੋਂ ਦੂਰ ਰੱਖ ਸਕਣਗੇ ਤੇ ਨਾਲੇ ਉਹ ਅੰਦਰ ਆਰਾਮ ਨਾਲ ਰਹਿਣਗੇ। ਕੁਝ ਦਿਨਾਂ ਬਾਅਦ ਲੋਕਾਂ ਦਾ ਗੁੱਸਾ ਠੰਢਾ ਪੈ ਜਾਣ 'ਤੇ ਉਨ੍ਹਾਂ ਦੀ ਜ਼ਮਾਨਤ ਕਰਵਾ ਲਈ ਜਾਏਗੀ। ਉਨ੍ਹਾਂ ਨੂੰ ਪਤਾ ਸੀ, ਕੇਸ ਸਾਲੋਂ-ਸਾਲ ਚੱਲਦੇ ਹੀ ਰਹਿੰਦੇ ਹਨ, ਪਰ ਮੁੰਡੇ ਬਾਹਰ ਆ ਜਾਣਗੇ। ਚਾਲਾਂ ਤੇ ਉਨ੍ਹਾਂ ਨੇ ਸਾਰੀਆਂ ਸ਼ਾਤਰ ਭਰੀਆਂ ਸਿਆਸੀ ਹੀ ਚੱਲੀਆਂ, ਪਰ ਦੂਜੇ ਪਾਸੇ ਖੜੇ ਸਿਰਲੱਥ ਲੋਕਾਂ ਨਾਲ ਮੁਕਾਬਲਾ ਉਨ੍ਹਾਂ ਨੂੰ ਭਾਰੀ ਪੈਣ ਲੱਗਾ।

ਉਨ੍ਹਾਂ ਇਕ ਵਾਰ ਸੁਣਵਾਈ ਮਗਰੋਂ ਜਾਣਬੁੱਝ ਕੇ ਆਪਣੇ ਹੀ ਬੰਦਿਆਂ ਤੋਂ ਹਮਲਾ ਕਰਵਾ ਕੇ ਮੋਰਚੇ ਦੇ ਮੂਹਰੇ ਆਗੂਆਂ ਉਤੇ ਕੇਸ ਪਵਾ ਦਿੱਤਾ। ਜਿਸ ਵਿੱਚ ਕੁਲਦੀਪ, ਅਜੈਬ ਨੱਤ ਤੇ ਮੁਹੱਬਤਪਾਲ ਉਤੇ ਪਰਚਾ ਪਾ ਦਿੱਤਾ ਗਿਆ। ਇਸ ਤਰ੍ਹਾਂ ਐਕਸ਼ਨ ਕਮੇਟੀ ਨੂੰ ਇਸ ਮੋਰਚੇ ਨੂੰ ਜਾਰੀ ਰੱਖਣ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਨ੍ਹਾਂ ਹਿੰਮਤ ਨਾ ਹਾਰੀ। ਉਨ੍ਹਾਂ ਇਸ ਪੂਰੇ ਮੁੱਦੇ ਨੂੰ ਲਹਿਰ ਪੱਖੋਂ ਟੁੱਟਣ ਨਾ ਦਿੱਤਾ। ਉਨ੍ਹਾਂ ਇਸ ਨੂੰ ਜਨ-ਅੰਦੋਲਨ ਬਣਾਉਣ ਲਈ ਇਸ ਨੂੰ ਇਕ ਸਿਸਟਮੈਟਿਕ ਤਰੀਕੇ ਨਾਲ ਅੱਗੇ ਵਧਾਇਆ। ਉਨ੍ਹਾਂ ਵੱਡੇ-ਵੱਡੇ ਸ਼ਹਿਰਾਂ ਦੇ ਨਾਲ ਪਿੰਡਾਂ ਦੇ ਲੋਕਾਂ ਵਿੱਚ ਇਸ ਕੇਸ ਲਈ ਜਾਗ੍ਰਤੀ ਪੈਦਾ ਕੀਤੀ, ਭਾਸ਼ਣ, ਗੀਤਾਂ ਤੇ ਨਾਅਰਿਆਂ ਨਾਲ ਜਨਮਾਨਸ ਨੂੰ ਚੇਤਨ ਕੀਤਾ। ਲੋਕਾਂ ਨੂੰ ਇਹ ਲੱਗਣਾ ਹੀ ਚਾਹੀਦਾ ਸੀ ਕਿ ਰਿਸ਼ਮ ਕਿਸੇ ਮਾਸਟਰ ਦੀ ਧੀ ਨਹੀਂ, ਉਨ੍ਹਾਂ ਦੀ ਆਪਣੀ, ਆਪਣੇ ਘਰ, ਪਿੰਡ, ਸਮਾਜ ਤੇ ਪੰਜਾਬ ਦੀ ਧੀ ਹੈ, ਜਿਸ ਨਾਲ ਬਦਕਾਰੀ ਕੀਤੀ ਗਈ ਤੇ ਉਸ ਨੂੰ ਮਾਰ ਮੁਕਾਇਆ ਗਿਆ।

ਇਹ ਕੇਸ ਬਹੁਤ ਲੰਮਾ ਚੱਲਿਆ। ਇਸ ਵਿੱਚ ਜੱਥੇਬੰਦੀਆਂ ਨੇ ਹਿੰਮਤ ਨਾ ਹਾਰੀ, ਉਥੇ ਧੋਖੇ ਨਾਲ ਅੰਦਰ ਕੀਤੇ ਤਿੰਨੋਂ ਆਗੂਆਂ ਨੇ ਵੀ ਬਹੁਤ ਹੌਸਲਾ ਰੱਖਿਆ। ਜਿਨ੍ਹਾਂ ਕਿਸੇ ਦੀ ਧੀ ਲਈ ਸਿਰ-ਧੜ ਦੀ ਬਾਜ਼ੀ ਲਗਾ ਦਿੱਤੀ। ਐਕਸ਼ਨ ਕਮੇਟੀ ਨੇ ਗਵਰਨਰ ਤੋਂ ਮਾਫੀਨਾਮਾ ਵੀ ਕਰਵਾਇਆ, ਜੋ ਮੁਜਰਮ ਪੱਖ ਨੇ ਅਰਜ਼ੀ ਦਾਇਰ ਕਰਕੇ ਰੱਦ ਕਰਵਾ ਦਿੱਤਾ। ਉਨ੍ਹਾਂ ਫਿਰ ਵੀ ਸਿਦਕ ਬਣਾਏ ਰੱਖਿਆ। ਉਨ੍ਹਾਂ ਤਿੰਨਾਂ ਵਿੱਚੋਂ ਦੋ ਦੀ ਰਿਹਾਈ ਹੋ ਗਈ, ਪਰ ਤੀਜੇ ਨੂੰ ਰਿਹਾਅ ਕਰਾਉਣ ਲਈ ਵੀ ਅੱਡੀ-ਚੋਟੀ ਦਾ ਜ਼ੋਰ ਲਾਇਆ ਗਿਆ। ਅਖ਼ੀਰ ਧਰਨੇ, ਮੁਜ਼ਾਹਰੇ, ਹੜਤਾਲਾਂ, ਸਪੀਚਾਂ, ਲੋਕ-ਨਾਟਕਾਂ, ਰਿਸ਼ਮ ਦੀ ਬਰਸੀ, ਅਹਿਦਨਾਮੇ, ਮੁਕਤੀ ਸੰਘਰਸ਼, ਨਾਅਰੇ, ਜੋਸ਼, ਖਲੂਸ ਦੇ ਰਲਵੇਂ ਜੁਝਾਰੂ ਸਿਰੜ ਕਾਰਨ ਅਖ਼ੀਰ ਕੁਲਦੀਪ ਸਿੰਘ ਕਲੇਰ ਨੂੰ ਲੋਕਾਂ ਦੇ ਜਨੂੰਨੀ ਹੜ੍ਹ ਨੇ ਕੁਝ ਸਾਲਾਂ ਬਾਅਦ ਉਸ ਕੈਦ ਤੋਂ, ਉਸ ਅਪਰਾਧ ਤੋਂ ਮੁਕਤ ਕਰਵਾ ਹੀ ਲਿਆ, ਜੋ ਉਸ ਨੇ ਕਦੇ ਕੀਤਾ ਹੀ ਨਹੀਂ ਸੀ। ਲੋਕਾਂ ਦਾ ਹੜ੍ਹ ਇਕ ਜਲੂਸ ਦੀ ਸ਼ਕਲ ਵਿੱਚ ਉਸ ਨੂੰ ਜੇਲ੍ਹ ਤੋਂ ਨਿਕਲਣ ਸਮੇਂ, ਉਸ ਦੀ ਅਗਵਾਈ ਕਰਨ ਲਈ ਗਿਆ। ਉਸ ਦੀ ਦਲੇਰੀ, ਜ਼ਿੰਦਾਦਿਲੀ ਤੇ ਹੌਸਲੇ ਦੇ ਨਾਅਰੇ ਲਗਾਉਂਦੇ ਹੋਏ ਜਲੂਸ ਉਸ ਨੂੰ ਉਸ ਦੇ ਪਿੰਡ ਤੱਕ ਛੱਡਣ ਗਿਆ। ਪੂਰੇ ਚੌਵੀ ਸਾਲਾਂ ਦੀ ਲੰਮੀ ਘਾਲਣਾ ਮਗਰੋਂ ਇਸ ਕੇਸ ਦੀ ਸਮਾਪਤੀ ਸੁਖਦ ਤਰੀਕੇ ਨਾਲ ਹੋਈ। ਜਿਸ ਨੇ ਇਕ ਮਿਸਾਲ ਕਾਇਮ ਕੀਤੀ ਕਿ ਸੱਚ-ਹੱਕ ਦੀ ਲੜਾਈ ਕਦੇ ਇਕੱਲੇ ਨਹੀਂ ਲੜੀ ਜਾਂਦੀ। ਜਦੋਂ ਤੱਕ ਪੂਰਾ ਸਮਾਜ, ਇਕੋ ਜਿਹੀ ਸੋਚ ਰੱਖਦੇ ਹੋਏ, ਲੜਨ ਲਈ ਤਿਆਰ ਨਹੀਂ ਹੁੰਦਾ, ਉਦੋਂ ਤੱਕ ਕਦੇ ਕਾਮਯਾਬੀ ਨਹੀਂ ਮਿਲ ਸਕਦੀ। ਇਸ ਵਿੱਚ ਸਮਾਂ ਕਿੰਨਾ ਲੱਗੇਗਾ, ਇਸ ਦਾ ਕੋਈ ਅੰਦਾਜ਼ਾ ਨਹੀਂ ਹੁੰਦਾ। ਨਾ ਹੀ ਮੋਰਚੇ ਦੇ ਸਫਲ ਹੋਣ ਦੀ ਕੋਈ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਿਸਾਨੀ ਖੁਦਕੁਸ਼ੀਆਂ ਬਾਰੇ ਗੰਭੀਰ ਸੰਵਾਦ

## ਸਾਹਿਤ ਚਿੰਤਨ


**ਨਿਰੰਜਣ ਬੋਹਾ**

### ਆਤਮਹੱਤਿਆ

(ਨਾਵਲ)
**ਬਾਬੂ ਸਿੰਘ ਬਰਾੜ**
**ਪੰਨੇ-152, ਮੁੱਲ-200 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਪੰਜਾਬ ਦਾ ਪੇਂਡੂ ਅਰਥਚਾਰਾ ਮੁੱਖ ਤੌਰ 'ਤੇ ਵਾਹੀਯੋਗ ਜ਼ਮੀਨ ਨਾਲ ਜੁੜਿਆ ਹੋਇਆ ਹੈ, ਇਸ ਲਈ ਜਦੋਂ ਪੰਜਾਬ ਦਾ ਕੋਈ ਕਿਸਾਨ ਆਤਮ-ਹੱਤਿਆ ਕਰਦਾ ਹੈ ਤਾਂ ਦੁਨੀਆ ਵਿੱਚ ਇਸ ਸੰਦੇਸ਼ ਦਾ ਸੰਚਾਰ ਹੁੰਦਾ ਹੈ ਕਿ ਪੰਜਾਬ ਦੀ ਆਰਥਿਕਤਾ ਵੀ ਆਤਮ-ਹੱਤਿਆ ਕਰਨ ਦੇ ਰਾਹ ਪੈ ਗਈ ਹੈ। ਜੇ ਪੰਜਾਬ ਦਾ ਕਿਸਾਨ ਆਤਮ-ਹੱਤਿਆ ਕਰਦਾ ਹੈ ਤਾਂ ਪੰਜਾਬ ਦਾ ਸਵੈਮਾਣ ਤੇ ਹੌਸਲਾ ਵੀ ਆਤਮ-ਹੱਤਿਆ ਕਰਦਾ ਹੈ। ਇਸ ਲਈ ਪੰਜਾਬ ਦੇ ਕਿਸਾਨ ਨੂੰ ਆਤਮ-ਹੱਤਿਆ ਕਰਨ ਲਈ ਉਕਸਾਉਣ ਅਤੇ ਮਜਬੂਰ ਕਰਨ ਵਾਲੇ ਕਾਰਨ ਲੱਭਣ ਲਈ ਸਾਡੇ ਲੋਕ ਹਿਤੈਸ਼ੀ ਰਾਜਨੀਤੀਵਾਨਾਂ, ਅਰਥ ਸ਼ਾਸਤਰੀਆਂ, ਲੇਖਕਾਂ ਤੇ ਚਿੰਤਕਾਂ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਵਿਖਾਵੇ ਦੇ ਤੌਰ 'ਤੇ ਸਾਡੀਆਂ ਸਰਕਾਰਾਂ ਵੀ ਇਸ ਚਿੰਤਨ ਮੰਥਨ ਵਿਚ ਆਪਣਾ ਯੋਗਦਾਨ ਪਾ ਰਹੀਆ ਹਨ, ਪਰ ਇਹਨਾਂ ਦੇ ਹਿੱਤ ਕਾਰਪੋਰੇਟ ਜਗਤ ਨਾਲ ਜੁੜੇ ਹੋਏ ਹੋਣ ਕਾਰਨ ਇਹ ਇਸ ਰੁਝਾਨ ਨੂੰ ਰੋਕਣ ਲਈ ਆਪਣੀ ਬਣਦੀ ਭੂਮਿਕਾ ਠੀਕ ਢੰਗ ਨਾਲ ਨਹੀਂ ਨਿਭਾਅ ਰਹੀਆਂ। ਕਿਸਾਨੀ ਨੂੰ ਖੁਦਕੁਸ਼ੀਆਂ ਦੇ ਰਾਹ ਪੈਣ ਤੋਂ ਰੋਕਣ ਲਈ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਮੋਰਚੇ ਸਮੇਤ ਕਈ ਤਿੱਖੇ ਸੰਘਰਸ਼ ਵੀ ਲੜੇ ਗਏ, ਪਰ ਸਰਕਾਰਾਂ ਦੀ ਇੱਛਾ-ਸ਼ਕਤੀ ਕਮਜ਼ੋਰ ਹੋਣ ਕਾਰਨ ਖੁਦਕੁਸ਼ੀਆਂ ਦਾ ਸਿਲਸਲਾ ਰੁਕ ਨਹੀਂ ਰਿਹਾ। ਇਸ ਸੰਦਰਭ ਵਿਚ ਗੀਤਕਾਰੀ ਤੋਂ ਨਾਵਲ ਕਲਾ ਵੱਲ ਆਏ ਬਾਬੂ ਸਿੰਘ ਬਰਾੜ ਦਾ ਹੱਥਲਾ ਨਾਵਲ 'ਆਤਮ ਹੱਤਿਆ' ਇਸ ਕਿਸਾਨ- ਮਾਰੂ ਵਰਤਾਰੇ ਦੇ ਜਾਰੀ ਰਹਿਣ ਦੇ ਸੰਬੰਧ ਵਿਚ ਜਿਹੜੇ ਮਨੋ-ਸਮਾਜਿਕ ਕਾਰਨ ਤਲਾਸ਼ਦਾ ਹੈ, ਉਹ ਭਾਵੇਂ ਪਾਠਕਾਂ ਲਈ ਨਵੇਂ ਨਹੀਂ ਹਨ, ਪਰ ਨਾਵਲਕਾਰ ਵੱਲੋਂ ਇਹਨਾਂ ਦੀ ਕੀਤੀ ਕਲਾਤਮਿਕ ਪੇਸ਼ਕਾਰੀ ਪਾਠਕੀ ਮਨਾਂ 'ਤੇ ਬੱਝਵਾਂ ਤੇ ਚਿਰਜੀਵੀ ਪ੍ਰਭਾਵ ਪਾਉਣ ਵਾਲੀ ਹੈ।

ਨਾਵਲ ਦੀ ਕਹਾਣੀ ਦੀ ਸ਼ੁਰੂਆਤ ਆਰਥਿਕ ਤੌਰ 'ਤੇ ਖੁਸ਼ਹਾਲ ਸਮਝੇ ਜਾਣ ਵਾਲੇ ਸੰਤਾ ਸਿੰਘ ਅਤੇ ਬੰਤਾ ਸਿੰਘ ਨਾਂਅ ਦੇ ਭਰਾਵਾਂ ਦੇ ਸੰਯੁਕਤ ਪਰਵਾਰ ਦੀ ਏਕਤਾ ਦਾ ਬਿਰਤਾਂਤ ਸਿਰਜਣ ਨਾਲ ਹੁੰਦੀ ਹੈ। ਇਸ ਪਰਵਾਰ ਦੀ ਖੁਸ਼ਹਾਲੀ ਦਾ ਰਾਜ਼ ਵੱਡੇ ਭਰਾ ਸੰਤਾ ਸਿੰਘ ਦੀ ਆਰਥਿਕ ਵਿਉਂਤਬੰਦੀ ਤੇ ਛੋਟੇ ਭਰਾ ਬੰਤਾ ਸਿੰਘ ਦੀ ਮਿਹਨਤ ਵਿਚ ਛੁਪਿਆ ਹੋਇਆ ਹੈ। ਸੰਤਾ ਸਿੰਘ ਪਰਵਾਰ ਦੇ ਮੁਖੀ ਦੇ ਤੌਰ 'ਤੇ ਖੇਤੀਬਾੜੀ ਤੋਂ ਹੋਣ ਵਾਲੀ ਆਮਦਨ ਅਤੇ ਘਰ ਦੇ ਖਰਚੇ ਨੂੰ ਅਜਿਹੇ ਅਨੁਪਾਤ ਵਿਚ ਰੱਖਦਾ ਹੈ ਕਿ ਉਨ੍ਹਾਂ ਨੂੰ ਆੜ੍ਹਤੀਏ ਤੋਂ ਉਧਾਰ ਲੈਣ ਦੀ ਲੋੜ ਨਹੀਂ ਪੈਂਦੀ, ਸਗੋਂ ਆੜ੍ਹਤੀਆ ਉਨ੍ਹਾਂ ਦੀ ਰਕਮ ਵਰਤਦਾ ਹੈ। ਪਰਿਵਾਰਕ ਏਕਤਾ ਦਾ ਵੀ ਇਸ ਪਰਵਾਰ ਦੀ ਤਰੱਕੀ ਵਿੱਚ ਵਿਸ਼ੇਸ਼ ਯੋਗਦਾਨ ਰਹਿੰਦਾ ਹੈ। ਜਦੋਂ ਇਸ ਏਕਤਾ ਵਿੱਚ ਤ੍ਰੇੜ ਪੈਂਦੀ ਹੈ ਤਾਂ ਪਰਿਵਾਰਕ ਤਰੱਕੀ ਵੀ ਇਸ ਤੋਂ ਪ੍ਰਭਾਵਤ ਹੋਏ ਬਗੈਰ ਨਹੀਂ ਰਹਿ ਸਕਦੀ। ਜਦੋਂ ਕਿਸੇ ਕਿਸਾਨੀ ਪਰਵਾਰ ਦਾ ਏਕਾ ਟੁੱਟਦਾ ਹੈ ਤਾਂ ਉਹ ਪਰਵਾਰ ਕਿਸ਼ਤਾਂ ਵਿੱਚ ਮਰਨਾ ਸ਼ੁਰੂ ਹੋ ਜਾਂਦਾ ਹੈ। ਭਾਵੇ ਦੋਹੇਂ ਭਰਾ ਜ਼ਮੀਨ ਦੀ ਭਾਈ-ਵੰਡ ਰੋਕਣਾ ਚਾਹੁੰਦੇ ਹਨ, ਪਰ ਸੰਤਾ ਸਿੰਘ ਦਾ ਇਕਲੌਤਾ ਪੁੱਤਰ ਜੰਟਾ ਸਿੰਘ ਆਪਣੇ ਵਿਆਹ ਤੋਂ ਬਾਅਦ ਖੇਤੀਬਾੜੀ ਦੇ ਕੰਮ ਵਿਚ ਆਪਣੀ ਦਿਲਚਸਪੀ ਘਟਾ ਲੈਂਦਾ ਹੈ ਤਾਂ ਉਸ ਦੀ ਆਪਣੇ ਚਾਚੇ ਦੇ ਮੁੰਡਿਆਂ ਨਾਲ ਪੈਦਾ ਹੋਈ ਸ਼ਰੀਕੇਬਾਜ਼ੀ ਇਸ ਵੰਡ ਨੂੰ ਨਿਸਚਿਤ ਬਣਾ ਦਿੰਦੀ ਹੈ।




ਸੰਤਾ ਸਿੰਘ ਦੀ ਇਕਲੌਤੀ ਸੰਤਾਨ ਹੋਣ ਕਾਰਨ ਜੰਟਾ ਸਿੰਘ ਨੂੰ ਸਾਂਝੀ ਢੇਰੀ ਦੀ ਛੱਬੀ ਏਕੜ ਜ਼ਮੀਨ ਵਿਚੋਂ ਤੇਰਾਂ ਏਕੜ ਜ਼ਮੀਨ ਆਉਂਦੀ ਹੈ। ਏਨੀ ਜ਼ਮੀਨ ਦਾ ਮਾਲਕ ਪੇਂਡੂ ਅਰਥਚਾਰੇ ਵਿਚ ਖੁਸ਼ਹਾਲ ਕਿਸਾਨ ਸਮਝਿਆ ਜਾਂਦਾ ਹੈ, ਪਰ ਜੇ ਕਿਸਾਨੀ ਆਮਦਨ ਤੇ ਖਰਚ ਦਾ ਸੰਤੁਲਨ ਵਿਗੜ ਜਾਵੇ ਤਾਂ ਇਹ ਖੁਸ਼ਹਾਲੀ ਮੰਦਹਾਲੀ ਵਿਚ ਤਬਦੀਲ ਹੁੰਦਿਆਂ ਵੀ ਦੇਰ ਨਹੀਂ ਲਾਉਂਦੀ। ਸੰਤਾ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਜੰਟਾ ਸਿੰਘ ਕੋਲ ਖੁਦਮੁਖਤਿਆਰੀ ਆ ਜਾਂਦੀ ਹੈ ਤਾਂ ਉਸ ਦਾ ਪਰਵਾਰ ਬਜ਼ਾਰ ਦੀਆਂ ਉਪਭੋਗੀ ਜ਼ਰੂਰਤਾਂ ਦਾ ਸ਼ਿਕਾਰ ਹੋ ਕੇ ਆਮਦਨ ਦੇ ਮੁਕਾਬਲੇ ਖਰਚ ਨੂੰ ਕਈ ਗੁਣਾ ਵਧਾ ਲੈਂਦਾ ਹੈ। ਉਸ ਦਾ ਚਾਚਾ ਬੰਤਾ ਉਸ ਨੂੰ ਜ਼ਮੀਨ ਬੈਂਕ ਕੋਲ ਗਹਿਣੇ ਰੱਖ ਕੇ ਨਵਾਂ ਟਰੈਕਟਰ ਨਾ ਲੈਣ ਦੀ ਸਲਾਹ ਦਿੰਦਾ ਹੈ, ਪਰ ਉਹ ਸਹੁਰਿਆਂ ਦੇ ਬਹਿਕਾਵੇ ਵਿਚ ਆ ਕੇ ਅੱਡੀਆਂ ਚੁੱਕ ਕੇ ਫਾਹਾ ਲੈਣ ਲੈਣ ਤੋਂ ਗੁਰੇਜ਼ ਨਹੀਂ ਕਰਦਾ। ਚਾਚੇ ਵੱਲੋਂ ਆਮਦਨ-ਖਰਚ ਦੀ ਸਹੀ ਵਿਉਂਤਬੰਦੀ ਕਰ ਲਏ ਜਾਣ 'ਤੇ ਉਸ ਦੇ ਪੁੱਤਰ ਘੱਟ ਜ਼ਮੀਨ ਹੋਣ 'ਤੇ ਵੀ ਕਰਜ਼ੇ ਦੀ ਮਾਰ ਤੋਂ ਬਚੇ ਰਹਿੰਦੇ ਹਨ, ਪਰ ਜੰਟਾ ਸਿੰਘ ਵਿਖਾਵੇ ਦੇ ਚੱਕਰ ਵਿਚ ਪੈ ਕੇ ਆਪਣੀ ਬਰਬਾਦੀ ਨੂੰ ਆਪ ਆਵਾਜ਼ ਮਾਰ ਲੈਂਦਾ ਹੈ।

ਨਾਵਲ ਪੇਂਡੂ ਅਰਥਚਾਰੇ ਤੇ ਸਮਾਜਿਕਤਾ ਦੇ ਦਵੰਦਾਤਮਕ ਰਿਸ਼ਤੇ ਨੂੰ ਪਰਿਭਾਸ਼ਿਤ ਕਰਦਾ ਹੈ ਤਾਂ ਇਹ ਤੱਥ ਪੂਰੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦੇ ਹਨ ਕਿ ਵਿਖਾਵੇਬਾਜ਼ੀ ਦੇ ਨਾਲ ਸਮਾਜਿਕ ਤੌਰ 'ਤੇ ਦੂਰਅੰਦੇਸ਼ੀ ਦੀ ਘਾਟ ਵੀ ਕਿਸਾਨੀ ਖੁਦਕੁਸ਼ੀਆਂ ਵਿਚ ਵਾਧਾ ਕਰ ਰਹੀ ਹੈ। ਜਦੋਂ ਜੰਟਾ ਸਿੰਘ ਦੇ ਘਰ ਦੇ ਖਰਚੇ ਖੇਤੀ ਅਤੇ ਟਰੈਕਟਰ ਨਾਲ ਪ੍ਰਾਪਤ ਹੋਈ ਆਮਦਨ ਤੋਂ ਵੱਧ ਜਾਂਦੇ ਹਨ ਤਾਂ ਬੈਂਕ ਤੇ ਸ਼ਾਹੂਕਾਰ ਦਾ ਕਰਜ਼ਾ ਉਤਾਰਣ ਲਈ ਆਪਣੀ ਦੋ ਕਿੱਲੇ ਜ਼ਮੀਨ ਦਾ ਬੈਅ-ਨਾਮਾ ਆਪਣੇ ਆੜ੍ਹਤੀਏ ਲਛਮਣ ਦਾਸ ਦੇ ਨਾਂਅ ਕਰਾਉਣਾ ਪੈਂਦਾ ਹੈ। ਅਗਲੇ ਦੋ ਕਿੱਲੇ ਟਰੈਕਟਰ ਨਾਲ ਜੁੜਵੇਂ ਸੰਦਾਂ ਦੀ ਖਰੀਦ ਕਰਨ ਵੇਲੇ ਵੇਚਣੇ ਪੈ ਜਾਂਦੇ ਹਨ। ਕਦੇ ਉਹ ਬੈਂਕ ਦਾ ਕਰਜ਼ਾ ਉਤਾਰਨ ਲਈ ਆੜ੍ਹਤੀਏ ਦੇ ਜਾਲ ਵਿੱਚ ਫਸਦਾ ਹੈ ਤੇ ਕਦੇ ਆੜ੍ਹਤੀਏ ਦਾ ਕਰਜ਼ਾ ਉਤਾਰਨ ਲਈ ਬੈਂਕ ਤੋਂ ਕਰਜ਼ਾ ਲੈਂਦਾ ਹੈ। ਨਤੀਜਾ ਹਰ ਵਾਰ ਜ਼ਮੀਨ ਦਾ ਇਕ ਹਿੱਸਾ ਆੜ੍ਹਤੀਏ ਦੇ ਨਾਂਅ ਕਰਾਉਣ ਦੇ ਰੂਪ ਵਿਚ ਹੀ ਸਾਹਮਣੇ ਆਉਦਾ ਹੈ।

ਜੰਟਾ ਸਿੰਘ ਦੇ ਆਰਥਿਕ ਸੰਕਟ ਦੇ ਡੂੰਘਾ ਹੋਣ ਦਾ ਕਾਰਨ ਇਹ ਨਹੀਂ ਕਿ ਉਹ ਤਿੰਨ ਧੀਆਂ ਦਾ ਬਾਪ ਹੈ, ਸਗੋਂ ਅਸਲ ਕਾਰਨ ਇਹ ਹੈ ਕਿ ਉਹ ਆਪਣੀ ਆਮਦਨ ਤੇ ਖਰਚ ਦੀ ਸਹੀ ਵਿਉਂਤਬੰਦੀ ਕਰਨਾ ਨਹੀਂ ਜਾਣਦਾ ਤੇ ਨਾ ਹੀ ਉਸ ਨੂੰ ਆੜ੍ਹਤੀਏ ਵੱਲੋਂ ਭੂਮੀਹੀਣ ਬਣਾਉਣ ਲਈ ਚੱਲੀਆਂ ਜਾਣ ਵਾਲੀਆਂ ਚਾਲਾਂ ਦੀ ਸਾਰ ਹੈ। ਧਨਾਢ ਕਿਸਾਨੀ ਪਰਵਾਰ ਵਿਚੋ ਆਈ ਉਸ ਦੀ ਪਤਨੀ ਖਰਚੇ ਘਟਾਉਣ ਵਿਚ ਉਸ ਦਾ ਸਾਥ ਦੇਣ ਦੀ ਬਜਾਏ ਘਰ ਵਿਚ ਉਪਭੋਗੀ ਵਸਤੂਆਂ ਵਿਚ ਨਿਰੰਤਰ ਵਾਧਾ ਕਰਨ ਦਾ ਰਾਹ ਅਪਣਾਉਂਦੀ ਹੈ। ਉਸ ਨੂੰ ਫਜ਼ੂਲ-ਖਰਚੀ ਤੋਂ ਵਰਜਣ ਵਾਲਾ ਸਿਰਫ਼ ਉਸ ਦਾ ਚਾਚਾ ਬੰਤਾ ਹੈ, ਪਰ ਉਸ ਅੰਦਰਲੀ ਵਿਖਾਵੇਬਾਜ਼ ਬਿਰਤੀ ਨੂੰ ਉਤਸ਼ਾਹਤ ਵਾਲੇ ਉਸ ਦੀ ਪਤਨੀ ਸਮੇਤ ਅਨੇਕਾਂ ਰਿਸ਼ਤੇਦਾਰ ਹਨ। ਚਾਹੇ ਪੇਂਡੂ ਰਿਸ਼ਤਾ-ਨਾਤਾ ਪ੍ਰਬੰਧ ਵੱਲੋਂ ਉਸ ਨੂੰ ਆਤਮ-ਹੱਤਿਆ ਕਰਨ ਦੇ ਪੜਾਅ ਤੱਕ ਲਿਜਾਣ ਦਾ ਕਾਰਜ ਬੇਸਮਝੀ ਵਿੱਚ ਹੀ ਕੀਤਾ ਗਿਆ ਹੈ, ਪਰ ਇਹ ਛੋਟੀਆਂ-ਛੋਟੀਆਂ ਗਲਤੀਆਂ ਆਖਰ ਉਸ ਨੂੰ ਫਾਹਾ ਲੈਣ ਵਾਲੇ ਰੱਸੇ ਦੇ ਨੇੜੇ ਲੈ ਜਾਂਦੀਆਂ ਹਨ।

ਉਹ ਆਤਮ-ਹੱਤਿਆ ਵੱਲ ਆਖਿਰੀ ਕਦਮ ਉਦੋਂ ਪੁੱਟਦਾ ਹੈ, ਜਦੋਂ ਉਹ ਪਤਨੀ ਸਮੇਤ ਹੋਰ ਰਿਸ਼ਤੇਦਾਰਾਂ ਦੀਆਂ ਗੱਲਾਂ ਵਿਚ ਆ ਕੇ ਆਪਣੀਆਂ ਧੀਆਂ ਲਈ ਵੱਡੇ ਘਰਾਂ ਵਿਚ ਵਿਆਹੁਣ ਦੇ ਰਾਹ ਪੈਂਦਾ ਹੈ। ਉਸ ਦੀਆਂ ਤਿੰਨੇ ਧੀਆਂ ਪੜ੍ਹੀਆਂ-ਲਿਖੀਆਂ ਹਨ ਤੇ ਸੋਹਣੀਆਂ-ਸੁਨੱਖੀਆਂ ਹਨ, ਇਸ ਲਈ ਉਨ੍ਹਾਂ ਦੇ ਵਿਆਹ ਦਾ ਮਸਲਾ ਏਨਾ ਵੱਡਾ ਨਹੀਂ ਸੀ। ਬਿਨਾਂ ਕੁੜਮਾਂ ਦਾ ਘਰ ਭਰੇ ਤੇ ਉਨ੍ਹਾਂ ਦੀਆ ਨਜਾਇਜ਼ ਮੰਗਾਂ ਮੰਨੇ ਵੀ ਉਨ੍ਹਾਂ ਦੇ ਵਿਆਹ ਦਰਮਿਆਨੇ ਕਿਸਾਨ ਪਰਵਾਰਾਂ ਵਿੱਚ ਅਸਾਨੀ ਨਾਲ ਹੋ ਸਕਦੇ ਸਨ ਤੇ ਉਹ ਆਰਥਿਕ ਸੰਕਟ ਵਿਚ ਆਉਣ ਤੋਂ ਬਚ ਸਕਦਾ ਸੀ। ਭਾਵੇਂ ਵੱਡੀ ਕੁੜੀ ਦੇ ਸਹੁਰੇ ਲਾਲਚੀ ਨਹੀਂ ਹਨ, ਪਰ ਫਿਰ ਵੀ ਜੁਆਈ ਦੇ ਹਿੱਸੇ ਆਉਂਦੀ ਚਾਲੀ ਏਕੜ ਜ਼ਮੀਨ ਉਸ ਨੂੰ ਮਜਬੂਰ ਕਰ ਦਿੰਦੀ ਹੈ ਕਿ ਉਹ ਆਪਣੀ ਹੈਸੀਅਤ ਨਾਲੋਂ ਵਧ ਕੇ ਧੀ ਦੇ ਵਿਆਹ 'ਤੇ ਖਰਚ ਕਰੇ। ਦੂਜੀ ਧੀ ਦੇ ਵਿਆਹ ਵੇਲੇ ਵਿਚੋਲਾ ਉਸ ਦੇ ਕੁੜਮ ਦੇ ਲਾਲਚੀ ਹੋਣ ਦੀ ਗੱਲ ਪਹਿਲਾਂ ਹੀ ਦੱਸ ਦਿੰਦਾ ਹੈ, ਪਰ ਪਤਨੀ ਤੇ ਉਸ ਦੀ ਭਰਜਾਈ ਦੇ ਦਬਾਅ ਹੇਠ ਆ ਕੇ ਉਹ ਕੁੜਮ ਵੱਲੋਂ ਦਾਜ ਵਿਚ ਕਾਰ ਤੇ ਚਾਲੀ ਤੋਲੇ ਸੋਨਾ ਦੇਣ ਦੀ ਕੀਤੀ ਮੰਗ ਨਾ ਚਾਹੁੰਦੇ ਹੋਏ ਵੀ ਪ੍ਰਵਾਨ ਕਰ ਲੈਂਦਾ ਹੈ।

ਸਿਲਸਲਾ ਇੱਥੇ ਹੀ ਨਹੀਂ ਰੁਕਦਾ, ਤੀਜੀ ਧੀ ਸਰਬਜੀਤ ਆਪਣਾ ਭਵਿੱਖ ਭਾਰਤ ਦੀ ਬਜਾਇ ਕੈਨੇਡਾ ਵਿਚ ਵੇਖਦੀ ਹੈ ਤਾਂ ਉਹ ਰਹਿੰਦੀ ਜ਼ਮੀਨ ਵੇਚ ਕੇ ਆਪਣੀ ਧੀ ਨੂੰ ਵਿਦੇਸ਼ ਵਿਚ ਸੈੱਟ ਕਰਨ ਦੀ ਦੌੜ ਵਿਚ ਸ਼ਾਮਿਲ ਹੋ ਜਾਂਦਾ ਹੈ। ਧੀ ਨੂੰ ਬਾਹਰ ਭੇਜਣ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਉਸ ਕੋਲ ਰਹਿੰਦੇ ਪੰਜ ਕਿੱਲੇ ਜ਼ਮੀਨ ਆੜ੍ਹਤੀਏ ਦੇ ਨਾਂਅ ਕਰਾਉਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ। ਜੇ ਉਹ ਜ਼ਮੀਨ ਵੇਚਣ ਜਾਂ ਨਾ ਵੇਚਣ ਨੂੰ ਲੈ ਕੇ ਦਵੰਦ ਵਿੱਚ ਪੈਂਦਾ ਹੈ ਤਾਂ ਆੜ੍ਹਤੀਆ ਆਪਣੇ ਦਲਾਲ ਨੰ ਬ ਰ ਦ ਾ ਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸੱਜਰਾ ਸਾਹਿਤ





**ਚਿੜੀਆਂ ਦਾ ਚੰਬਾ**
ਸੰਪਾ. ਰਵਿੰਦਰਜੀਤ ਸਿੰਘ ਬਿੰਦੀ
ਮੁੱਲ : 250, ਸਫੇ : 173
ਅਜੀਜ ਕਿਤਾਬ ਘਰ, ਪਟਿਆਲਾ





**ਸਾਗਰ ਦੇ ਮੋਤੀ**
ਰੂਪ ਸਾਗਰ
ਮੁੱਲ : 220, ਸਫ਼ੇ : 112
ਹੁਨਰ ਪਬਲੀਕੇਸ਼ਨ, ਪਟਿਆਲਾ




**ਪੰਜਾਬ ਦੀ ਵਿਰਾਸਤ**
ਡਾ. ਸੁਨੀਤਾ ਰਾਣੀ
ਮੁੱਲ : 200, ਸਫ਼ੇ : 107
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





**ਹਰਿਆਣਾ ਦੀ ਪੰਜਾਬੀ ਕਵਿਤਾ ਦੇ ਦਾਰਸ਼ਨਿਕ ਸਰੋਕਾਰ**
ਸੰਦੀਪ ਸ਼ਰਮਾ
ਮੁੱਲ : 220, ਸਫ਼ੇ : 152
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਤੇਰੀ ਸੋਚ ਮੇਰੇ ਲਫ਼ਜ**
ਵਿਸ਼ਾਲ ਪੁਆਰ ਟੂਟੋਮਾਜਰੀਆ
ਮੁੱਲ : 145, ਸਫ਼ੇ : 72
ਨਿੱਕੀਆ ਕਰੂੰਬਲਾਂ ਪ੍ਰਕਾਸ਼ਨ, ਮਹਿਲਪੁਰ





**ਪਾਣੀ 'ਤੇ ਲਿਖੇ ਹਰਫ਼**
ਸੁਖਰਾਜ ਸਿੰਘ
ਮੁੱਲ : 200, ਸਫ਼ੇ : 54
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





**ਜੀਵਨ ਦਾਤਾ ਸਤਿਗੁਰੂ**
ਬਲਬੀਰ ਸਿੰਘ ਢਿੱਲੋਂ
ਮੁੱਲ : 200, ਸਫ਼ੇ : 100
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




**ਨੂਰ ਇਲਾਹੀ**
ਮਨਜੀਤ ਕੌਰ ਮੁਹਾਲੀ
ਮੁੱਲ :200, ਸਫ਼ੇ : 136
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



**ਬੁੱਲ੍ਹੇ ਸ਼ਾਹ ਰਚਿਤ ਪੰਜਾਬੀ ਸੂਫ਼ੀ ਕਾਵਿ**
ਡਾ. ਨਵਜੋਤ ਕੌਰ
ਮੁੱਲ : 280, ਸਫ਼ੇ : 145
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





**ਓੜਕਿ ਸਚਿ ਰਹੀ**
ਧਰਮ ਸਿੰਘ ਕੰਮੇਆਣਾ
ਮੁੱਲ : 275, ਸਫ਼ੇ : 100
ਆਰਸੀ ਪਬਲਿਸ਼ਰਜ਼, ਦਿੱਲੀ

# ਪੁਸਤਕ ਰੀਵਿਊ

### ਸ਼ਬਦਾਂ ਦੇ ਰੇਗਿਸਤਾਨ ਵਿੱਚ

(ਕਾਵਿ ਸੰਗ੍ਰਹਿ)
**ਕਵਿਤਰੀ-ਰਮਨ ਸਖ਼ੀ**
**ਸਫ਼ੇ-128, ਮੁੱਲ-275 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਰਮਨਜੀਤ ਕੌਰ ਉਰਫ਼ ਰਮਨ ਸਖ਼ੀ ਕਵਿਤਾ ਦੇ ਖੇਤਰ ਵਿੱਚ ਇੱਕ ਅਸਲੋਂ ਨਵਾਂ ਨਾਂਅ ਹੈ। ਹੱਥਲਾ ਕਾਵਿ ਸੰਗ੍ਰਹਿ 'ਸ਼ਬਦਾਂ ਦੇ ਰੇਗਿਸਤਾਨ ਵਿੱਚ' ਉਹਨਾਂ ਦਾ ਪਲੇਠਾ ਕਾਵਿ ਸੰਗ੍ਰਹਿ। ਜੇ ਕਵਿੱਤਰੀ ਦੀ ਗੱਲ ਕਰੀਏ ਤਾਂ ਆਪਣੇ ਨਾਂਅ ਨਾਲ 'ਸਖੀ' ਸ਼ਬਦ ਨੂੰ ਜੋੜਨਾ ਆਪਣੇ ਆਪ ਵਿੱਚ ਇੱਕ ਕੋਮਲ ਭਾਵੀ ਅਹਿਸਾਸ ਹੈ। ਤੇ ਕੋਮਲ ਭਾਵੀ ਅਹਿਸਾਸ ਵਾਲੇ ਇਨਸਾਨ ਜਦੋਂ ਕਵਿਤਾ ਦੀ ਰਚਨਾ ਕਰਦੇ ਨੇ ਤਾਂ ਉਹਨਾਂ ਦੇ ਹਰ ਸ਼ਬਦ ਵਿੱਚੋਂ ਸੂਖਮ ਭਾਵਾਂ ਦੀ ਸਿਰਜਣਾ ਸਹਿਜੇ ਹੀ ਜਨਮ ਲੈਂਦੀ ਹੈ। ਰਮਨ ਸਖ਼ੀ ਦੇ ਇਸ ਕਾਵਿ ਸੰਗ੍ਰਹਿ ਵਿੱਚ ਕੁੱਲ 86 ਦੇ ਕਰੀਬ ਕਵਿਤਾਵਾਂ ਹਨ। ਇਹ ਕਵਿਤਾਵਾਂ ਲਿਖਤ ਪੱਖੋਂ ਭਾਵੇਂ ਛੋਟੇ ਰੂਪ ਵਿੱਚ ਹਨ, ਪਰ ਜੇ ਸਾਰਥਿਕ ਪੱਖੋਂ ਗੱਲ ਕਰੀਏ ਤਾਂ ਹਰ ਕਵਿਤਾ ਆਪਣੇ ਆਪ ਵਿੱਚ ਇੱਕ ਵਿਉਂਤਬੱਧ ਸੁਨੇਹਾ ਦਿੰਦੀ ਲੱਗਦੀ ਹੈ। ਕਵਿੱਤਰੀ ਰਮਨ ਸਖ਼ੀ ਦੇ ਆਪਣੇ ਵਿਚਾਰ ਅਨੁਸਾਰ ਜੇ ਕਵਿਤਾ ਇਕ ਅਹਿਸਾਸ ਹੈ, ਕੁਦਰਤੀ ਹੈ ਕਿ ਕਵੀ ਉਹਨਾਂ ਅਹਿਸਾਸਾਂ ਨੂੰ ਸ਼ਬਦਾਂ ਰਾਹੀਂ ਬਿਆਨ ਕਰੇਗਾ। ਇਸੇ ਗੱਲ ਦੀ ਗਵਾਹੀ ਭਰਦੀ ਹੈ ਉਹਨਾਂ ਦੀ ਪਹਿਲੀ ਕਵਿਤਾ 'ਸ਼ਬਦਾਂ ਦੇ ਰੇਗਿਸਤਾਨ ਵਿੱਚ'। ਇਸ ਕਵਿਤਾ ਵਿੱਚ ਕਵਿੱਤਰੀ ਨੇ ਮਨ ਦੀ ਭਟਕਣ ਨੂੰ ਖ਼ੂਬਸੂਰਤ ਸ਼ਬਦਾਂ ਵਿੱਚ ਬਿਆਨ ਕੀਤਾ। 'ਮੁਸਾਫ਼ਿਰ' ਕਵਿਤਾ ਮਨੁੱਖ ਦੇ ਅੰਤਿਮ ਸੱਚ ਨੂੰ ਬਿਆਨ ਕਰਦੀ ਹੈ।




'ਸਵਾਲ' ਕਵਿਤਾ ਵਿੱਚ ਰਮਨ ਦੀ ਆਰਥਿਕ ਨਾ-ਬਰਾਬਰੀ ਪ੍ਰਤੀ ਫਿਕਰਮੰਦੀ ਝਲਕਦੀ:-

'ਅਮੀਰਾਂ ਖਾਧੀ ਰੋਟੀ ਰੱਜ ਕੇ,
ਗਰੀਬਾਂ ਕਿਉਂ ਦਿੱਤੀ ਸੱਖਣੀ ਭੁੱਖ।'

ਕਵਿੱਤਰੀ ਦੀਆਂ ਕੁਝ ਕਵਿਤਾਵਾਂ ਕਈ ਵਾਰ ਨਿੱਜ ਦੇ ਹਾਲਾਤ ਨੂੰ ਬਿਆਨ ਕਰਦੀਆਂ ਲੱਗਦੀਆਂ ਹਨ। ਜਿਨ੍ਹਾਂ ਵਿੱਚ ਉਸ ਦੀ ਸੋਚ ਉਸਾਰੂ ਅਤੇ ਅਵਾਮੀ ਨਾ ਹੋ ਕੇ ਢਲਾਣ ਵੱਲ ਜਾਂਦੀ ਹੈ। 'ਵਕਤ' ਕਵਿਤਾ ਵਿੱਚ ਕਵਿੱਤਰੀ ਨੇ ਬੀਤੇ ਵਕਤ ਦੀ ਅਟੱਲ ਸੱਚਾਈ ਨੂੰ ਬਿਆਨ ਕੀਤਾ ਹੈ, ਇੱਕ ਵਾਰ ਲੰਘ ਗਿਆ ਸਮਾਂ ਕਦੇ ਵਾਪਸ ਨਹੀਂ ਆਉਂਦਾ। 'ਜਨਾਜ਼ਾ' ਕਵਿਤਾ ਵਿੱਚ ਜ਼ਿੰਦਗੀ 'ਚੋਂ ਰੁੱਖੇ ਹੋ ਗਏ ਰਿਸ਼ਤਿਆਂ ਦੀ ਗੱਲ ਹੈ। 'ਧਰਤੀ ਹੋਈ ਜਵਾਨ' ਕਵਿਤਾ ਵਿੱਚ ਪੰਜਾਬ ਦੀ ਧਰਤੀ, ਫਸਲਾਂ ਅਤੇ ਕਿਸਾਨੀ ਦੀ ਗੱਲ ਕਰਦੀ ਹੈ। 'ਤਾਂਘ' ਕਵਿਤਾ ਮੁਹੱਬਤ ਦੇ ਸੂਖਮ ਭਾਵਾਂ ਦੀ ਗੱਲ ਕਰਦੀ ਹੈ। 'ਪਿੱਪਲ' ਕਵਿਤਾ ਵਿੱਚ ਕਵਿੱਤਰੀ ਨੇ ਜੀਵਨ ਅਤੇ ਰਿਸ਼ਤਿਆਂ ਨੂੰ ਪਿੱਪਲ ਨਾਲ ਸੋਹਣੀ ਤਸ਼ਬੀਹ ਦਿੱਤੀ ਹੈ। 'ਔਰਤ' ਕਵਿਤਾ ਵਿੱਚ ਸਮਾਜ ਦੀ ਔਰਤ ਪ੍ਰਤੀ ਬਜ਼ਾਰੂ ਸੋਚ ਬਾਰੇ ਲਿਖਿਆ ਹੈ। 'ਸਰਘੀ ਵੇਲਾ' ਕਵਿਤਾ ਵਿਚ ਇਕ ਉਮੀਦ ਹੈ :-

'ਸੂਰਜ ਵੀ ਚੜ੍ਹੇਗਾ,
ਲੈ ਕੇ ਨਵਾਂ ਸੁਨੇਹਾ'।

ਸਮੁੱਚੇ ਕਾਵਿ ਸੰਗ੍ਰਹਿ ਵਿੱਚ ਕਵਿੱਤਰੀ ਦੀ ਪ੍ਰਵਾਸ ਪ੍ਰਤੀ ਫਿਕਰਮੰਦੀ ਹੈ। ਦੇਸ਼ ਦੇ ਬਟਵਾਰੇ ਦੀ ਕਸਕ ਹੈ। ਬਿਰਹੋਂ ਦੀ ਤੜਫ਼ ਹੈ। ਸਮੁੱਚੇ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਸ਼ਿਵ ਕੁਮਾਰ ਬਟਾਲਵੀ ਦੀ ਸੋਚ ਦੀਆਂ ਧਾਰਨੀ ਨੇ। ਕਵਿੱਤਰੀ, ਸ਼ਬਦਾਂ ਨਾਲ ਆਪਣੇ ਨਿੱਜ ਦੇ ਹੀ ਆਲੇ-ਦੁਆਲੇ ਘੁੰਮਦੀ ਹੈ। ਕਵਿਤਾਵਾਂ ਦੀ ਭਾਸ਼ਾ ਤੇ ਸ਼ਬਦ ਸਰਲ ਹੋਣ ਕਰਕੇ ਆਮ ਪਾਠਕ ਦੀ ਪਕੜ ਵਿੱਚ ਆਉਂਦੇ ਹਨ। ਕਵਿੱਤਰੀ ਨੇ ਬਹੁਤ ਸਾਰੇ ਸ਼ਬਦ ਉਰਦੂ ਦੇ ਵਰਤੇ ਹਨ, ਜਿਨ੍ਹਾਂ ਨਾਲ ਕਵਿਤਾਵਾਂ ਦੀ ਖ਼ੂਬਸੂਰਤੀ ਵੀ ਵਧੀ ਹੈ ਅਤੇ ਸ਼ਬਦ ਭੰਡਾਰ ਦੀ ਵਿਸ਼ਾਲਤਾ ਵੱਲ ਵੀ ਇਸ਼ਾਰਾ ਹੈ। ਕਈ ਕਵਿਤਾਵਾਂ ਵਿੱਚ ਕਵਿੱਤਰੀ ਵੱਲੋਂ ਗੀਤਾਂ ਦੇ ਮੁੱਖੜੇ ਵਰਤੇ ਗਏ ਨੇ, ਜਿਵੇਂ 'ਮੈਂ ਸਾਰੀ ਉਮਰ ਲੰਘਾਲੂੰਗਾ, ਤੈਨੂੰ ਚੇਤੇ ਕਰ ਕਰ ਕੇ'

ਇਹ ਵਾਕ ਅਤੇ ਸ਼ਬਦ ਕਵਿੱਤਰੀ ਦੀ ਮੌਲਿਕਤਾ ਨੂੰ ਢਾਅ ਲਾਉਂਦੇ ਨੇ। ਕਵਿੱਤਰੀ ਨੇ ਆਪਣੇ ਭਾਵਾਂ ਨੂੰ ਖੁੱਲ੍ਹੀ ਕਵਿਤਾ ਵਿੱਚ ਹੀ ਬਿਆਨ ਕੀਤਾ ਹੈ। ਖੁੱਲ੍ਹੀ ਕਵਿਤਾ ਦੀ ਤਬੀਅਤ ਰੱਖਦਾ ਇਹ ਕਾਵਿ ਸੰਗ੍ਰਹਿ ਬਿਰਹਾ ਦੀ ਤੜਫ਼ ਨਾਲ਼ ਭਰਿਆ ਪਿਆ ਹੈ, ਜਿਹੜੀ ਕਿ ਬਹੁਤੀ ਨਿੱਜਤਾ ਵੱਲ ਉਲਰਦੀ ਹੈ। ਚੰਗੇ ਹੋਣ ਦਾ ਕਸੂਰ ਵੀ ਉਨ੍ਹਾਂ ਦੀ ਕਵਿਤਾ ਵਿੱਚ ਨਾਸੂਰ ਬਣਦਾ ਹੈ। ਜੀਵਨ ਦੀ ਅਟੱਲ ਸੱਚਾਈ ਨਾਲ ਜੂਝਦੀ ਕਵਿਤਾ 'ਮੌਸਮ' ਵਿਛੋੜੇ ਦਾ ਭਿਆਨਕ ਮੰਜ਼ਰ ਸਿਰਜਦੀ ਹੈ। ਕਵਿਤਾ ਤੇ ਤੁਕਾਂਤ ਮੇਲ, ਕਵਿਤਾ ਨੂੰ ਨਵੀਨਤਾ ਬਖਸ਼ਦਾ ਹੈ। ਰਮਨ ਸਖ਼ੀ ਨੂੰ ਪੰਜਾਬੀ ਕਵਿਤਾ ਦੀ ਚੰਗੇਰ ਵਿੱਚ ਸੋਹਣੇ ਫੁੱਲ ਦੀ ਤਰ੍ਹਾਂ ਸਜਾਉਂਦਾ ਹੈ। ਜਿਸ ਲਈ ਰਮਨ ਸਖ਼ੀ ਵਧਾਈ ਦੇ ਹੱਕਦਾਰ ਹਨ।

— **ਅੰਮ੍ਰਿਤਪਾਲ ਕਲੇਰ**

### ਮੁਹੱਬਤ ਨੇ ਕਿਹਾ

**ਦੇਵਿੰਦਰ ਸੈਫੀ**
**ਸਫੇ-174, ਮੁੱਲ-300 ਰੁਪਏ**
**ਊੜਾ ਪਬਲੀਕੇਸ਼ਨ, ਮੋਗਾ**

"ਮੁਹੱਬਤ ਨੇ ਕਿਹਾ" ਮੁਹੱਬਤ ਤੇ ਪ੍ਰੇਮ ਦਾ ਪੈਗਾਮ ਇੱਕ ਅਜਿਹਾ ਪੈਗਾਮ ਹੈ, ਜਿਸ ਦੀ ਮਾਨਸਿਕ ਵਿਕਾਰਾਂ, ਮੁਸ਼ਕਲਾਂ, ਪ੍ਰੇਸ਼ਾਨੀਆਂ ਅਤੇ ਰਿਸ਼ਤਿਆਂ ਦੇ ਸੰਤਾਪ ਭੋਗ ਰਹੇ ਸਮਾਜ ਨੂੰ ਇਸ ਦੌਰ ਵਿੱਚ ਬੜੀ ਲੋੜ ਹੈ। ਕਿਤਾਬ ਪੜ੍ਹਦਿਆਂ ਪਾਠਕ ਇੱਕ ਵੱਖਰੀ ਤਰ੍ਹਾਂ ਦੀ ਮਨੋਬਿਰਤੀ ਵਿੱਚ ਵਿਚਰਦਾ ਹੈ। ਸ਼ਬਦਾਂ ਦੀ ਤਾਕਤ ਨਾਲ ਪਾਠਕ ਨੂੰ ਭਾਵਨਾਤਮਿਕ ਤੌਰ 'ਤੇ ਆਪਣੇ ਨਾਲ ਤੋਰ ਲੈਣਾ ਇਹ ਕਿਸੇ ਵੀ ਲਿਖਤ ਦਾ ਸਭ ਤੋਂ ਵੱਡਾ ਹਾਸਲ ਹੁੰਦਾ ਹੈ। ਦੇਵਿੰਦਰ ਸੈਫੀ ਦੀਆਂ ਰਚਨਾਵਾਂ ਵਿੱਚ ਮਾਨਵੀ ਮਨਾਂ ਦੀਆਂ ਗੰਢਾਂ, ਘੁੰਡੀਆਂ, ਗੁੰਝਲਾਂ ਖੋਹਲਣ ਦਾ ਮਨੋਵਿਗਿਆਨ ਹੈ। ਜੀਵਨ ਨੂੰ ਜਾਨਣ, ਮਾਨਣ ਅਤੇ ਸਮਝਣ ਦੀ ਯੁਗਤ ਹੈ। ਬਾਜ਼ਾਰ, ਵਪਾਰ ਅਤੇ ਮੰਡੀ ਦੇ ਇਸ ਦੌਰ ਤੋਂ ਪਾਰ ਹੋ ਕੇ ਮਾਨਵੀ ਰਿਸ਼ਤਿਆਂ ਦੀ ਕਦਰ ਕਰਨ ਦੀ ਸੂਝ ਹੈ। ਸੈਫੀ ਦੀ ਕਵਿਤਾ ਵਿੱਚ ਸੂਫੀ ਰੰਗ ਵੀ ਬੜਾ ਗੂੜ੍ਹਾ ਹੈ। ਸਾਡੇ ਸਾਹਿਤ ਵਿੱਚ ਸੂਫੀ-ਕਾਵਿ ਦਾ ਵਿਸ਼ੇਸ਼ ਸਥਾਨ ਹੈ, ਜਿਸ ਨੂੰ ਸਦੀਆਂ ਤੋਂ ਵੱਖ-ਵੱਖ ਗਾਇਕਾਂ ਨੇ ਗਾਇਆ ਅਤੇ ਅੱਜ ਵੀ ਗਾ ਰਹੇ ਹਨ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ ਹੂ' ਅਤੇ ਇਹੋ ਆਵਾਜ਼ ਸਾਨੂੰ ਦੱਸਦੀ ਹੈ ਕਿ ਰੰਗੜ ਨਾਲ ਖਿੰਘਰ ਚੰਗਾ ਜਿਸ 'ਤੇ ਪੈਰ ਘਸਾਈਦਾ ਸੈਫੀ ਨੇ ਇਸ ਪ੍ਰੰਪਰਾ ਨੂੰ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ ਹੈ।




ਬਾਜ਼ਾਰ ਅਤੇ ਮੰਡੀ ਦੇ ਇਸ ਦੌਰ ਵਿੱਚ ਆਪਾਧਾਪੀ ਅਤੇ ਵਸਤਾਂ ਦੇ ਜੰਗਲ ਵਿੱਚ ਗਵਾਚੇ ਮਨੁੱਖ ਨੂੰ ਔੜ ਵਿੱਚ ਉਸ ਦੇ ਸ਼ਬਦ ਮੁਹੱਬਤ ਦੀ ਬਾਰਿਸ਼ ਬਣ ਵਰਸਦੇ ਹਨ।

ਕਿਤਾਬ ਦੀਆਂ ਕਵਿਤਾਵਾਂ ਔੜਾਂ ਸੋਕਾਂ ਦੇ ਮੌਸਮ ਵਿੱਚ ਰਿਮਝਿਮ ਵਸਦੀਆਂ ਬੂੰਦਾਂ ਵਰਗੀਆਂ ਹਨ। ਇਹ ਮੁਹੱਬਤ ਦੀ ਬਾਤ ਪਾਉਂਦੀ ਉਹ ਮੁਹੱਬਤ ਜਿਸ ਤੋਂ ਸਾਡੀ ਧਰਤੀ ਦੀਆਂ ਮਾਵਾਂ ਅਤੇ ਉਹਨਾਂ ਦੀ ਔਲਾਦ ਅੱਜ ਵਿਰਵੀ ਹੋ ਰਹੀ ਹੈ। ਦੁਨੀਆ ਭਰ ਦੇ ਸ਼ਾਸ਼ਤਰ ਰੰਗਾਂ, ਨਸਲਾਂ, ਜਾਤਾਂ, ਪਾਤਾਂ, ਧਰਮਾਂ, ਮਜ਼ਹਬਾਂ, ਬੋਲੀਆਂ ਅਤੇ ਹੱਦਾਂ-ਸਰਹੱਦਾਂ ਤੋਂ ਉਪਰ ਉੱਠ ਕੇ ਮਾਨਵਤਾ ਨੂੰ ਪਿਆਰ ਕਰਨ ਦੀ ਤਾਗੀਦ ਕਰਦੇ ਹਨ। ਮੁਹੱਬਤ ਤੋਂ ਸੱਖਣੇ ਹੋਏ ਲੋਕ ਮਾਨਵਤਾ ਨੂੰ ਵਿਸਾਰ ਕੇ ਮਾਰਧਾੜ, ਕਤਲੋਗਾਰਤ, ਆਤਮ ਹੱਤਿਆਵਾਂ, ਨਸ਼ਿਆਂ ਵਰਗੇ ਮਨੋਵਿਕਾਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਅਜਿਹੀ ਸਥਿਤੀ ਡਾ. ਦਵਿੰਦਰ ਸੈਫੀ ਦੀ ਇਹ ਕਿਤਾਬ ਦਾ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਠੰਢੀ ਹਵਾ ਦੇ ਬੁੱਲੇ ਵਰਗਾ ਹੈ ਬੱਦਲਾਂ ਦੀ ਛਹਿਬਰ ਵਰਗਾ ਹੈ।

— **ਗੁਰਚਰਨ ਸਿੰਘ ਨੂਰਪੁਰ**

# ਪ੍ਰਕਾਸ਼ ਕੌਰ ਸੰਧੂ ਵੱਲੋਂ ਅਨੁਵਾਦ ਡਾ. ਸੇਵਾ ਸਿੰਘ ਦੀ ਪੁਸਤਕ 'ਬ੍ਰਾਹਮਣਵਾਦ ਅਤੇ ਜਨਵਿਮਰਸ਼' ਦਾ ਰਿਲੀਜ਼ ਸਮਾਗਮ



**ਜਲੰਧਰ**-ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਇਕਾਈ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਡਾ. ਸੇਵਾ ਸਿੰਘ ਦੀ ਪੁਸਤਕ 'ਬ੍ਰਾਹਮਣਵਾਦ ਅਤੇ ਜਨਵਿਮਰਸ਼' ਦਾ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਦਾ ਅਨੁਵਾਦ ਪ੍ਰਕਾਸ਼ ਕੌਰ ਸੰਧੂ ਵੱਲੋਂ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਾ. ਗੁਰਮੀਤ, ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਤੇ ਹਰਵਿੰਦਰ ਭੰਡਾਲ ਨੇ ਕੀਤੀ । ਪ੍ਰਲੇਸ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਸਟੇਜ ਸੰਚਾਲਨ ਕਰਦਿਆਂ ਕਿਹਾ ਕਿ ਪ੍ਰਕਾਸ਼ ਕੌਰ ਸੰਧੂ ਨੇ ਪ੍ਰਸਿੱਧ ਵਿਦਵਾਨ ਡਾ. ਸੇਵਾ ਸਿੰਘ ਦੀ ਇਹ ਪੁਸਤਕ 'ਬ੍ਰਾਹਮਣਵਾਦ ਅਤੇ ਜਨ ਵਿਮਰਸ਼' ਅੱਜ ਦੇ ਸਮੇਂ ਵਿੱਚ ਬੜੀ ਮਹੱਤਵਪੂਰਨ ਹੈ, ਜਦੋਂ ਦੇਸ਼ ਵਿੱਚ ਜਨ-ਜਾਤੀਆਂ ਤੇ ਹੇਠਲੀਆਂ ਸ਼੍ਰੇਣੀਆਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ । ਮੁੱਖ ਵਕਤਾ ਹਰਵਿੰਦਰ ਭੰਡਾਲ ਨੇ ਰਿਲੀਜ਼ ਹੋ ਰਹੀ ਪੁਸਤਕ, ਲੇਖਕ ਦੀ ਵਿਚਾਰਧਾਰਾ ਅਤੇ ਅਨੁਵਾਦਕ ਬਾਰੇ ਬੋਲਦਿਆਂ ਕਿਹਾ ਕਿ ਡਾ. ਸੇਵਾ ਸਿੰਘ ਨੇ ਚਿੰਤਨ ਵਿੱਚ ਜੋ ਹੁਣ ਤੱਕ ਕੰਮ ਕੀਤਾ ਹੈ ਉਹ ਆਪਣੇ ਆਪ ਵਿੱਚ ਵਿਲੱਖਣ ਹੈ । ਅਨੁਵਾਦ ਪੁਸਤਕ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਮੂਲ ਲੇਖਕ ਨੇ ਬੜੇ ਕਠਿਨ ਸ਼ਬਦਾਂ ਦੀ ਵਰਤੋਂ ਕੀਤੀ, ਪ੍ਰੰਤੂ ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਨੇ ਬੜੀ ਮਿਹਨਤ ਨਾਲ ਕਠਿਨ ਸ਼ਬਦਾਂ ਦੇ ਪੰਜਾਬੀ ਸ਼ਬਦ ਲੱਭ ਕੇ ਵੱਡ ਅਕਾਰੀ 336 ਪੰਨਿਆਂ ਦੀ ਪੁਸਤਕ ਦਾ ਅਨੁਵਾਦ ਕਾਰਜ ਨੇਪਰੇ ਚਾੜ੍ਹਿਆ ਹੈ। ਕਿਤਾਬ ਪੜ੍ਹਦਿਆਂ ਮੈਨੂੰ ਇਹ ਵੀ ਲੱਗਾ ਕਿ ਕੁਝ ਸ਼ਬਦਾਂ ਦਾ ਅਨੁਵਾਦ ਹੋ ਨਹੀਂ ਸਕਦਾ । ਸਮਕਾਲ ਵਿੱਚ ਬਹੁਤੇ ਪਾਠਕ ਭਾਰਤ ਦਾ ਦਰਸ਼ਨ ਪੜ੍ਹਨ ਵੱਲ ਵਧੇਰੇ ਰੁਚੀ ਰੱਖਦੇ ਆ ਰਹੇ ਨੇ । ਸਾਨੂੰ ਵਧੇਰੇ ਸਮਾਂ ਵਿਸ਼ਵ ਦਾ ਦਰਸ਼ਨ ਪੜ੍ਹਾਇਆ ਜਾਂਦਾ ਰਿਹਾ ਤੇ ਭਾਰਤੀ ਦਰਸ਼ਨ ਤੋਂ ਸਾਨੂੰ ਦੂਰ ਰੱਖਿਆ ਗਿਆ, ਸੋ ਅੱਜ ਦੇ ਸਮੇਂ ਵਿੱਚ ਇਹੋ ਜਿਹੀਆਂ ਪੁਸਤਕਾਂ ਦੀ ਬਹੁਤ ਲੋੜ ਹੈ । ਇਸ ਕਿਤਾਬ ਵਿੱਚ ਆਮ ਲੋਕਾਂ ਦੀਆਂ ਵਿਚਾਰਕ ਪ੍ਰੰਪਰਾਵਾਂ ਨੂੰ ਬ੍ਰਾਹਮਣਵਾਦ ਦੇ ਸਮਾਂਤਰ ਸਮਝਣ ਦੀ ਕੋਸ਼ਿਸ਼ ਕੀਤੀ ਹੈ । ਪੰਜਾਬੀ ਵਿੱਚ ਇਸ ਕਿਤਾਬ ਦਾ ਆਉਣਾ ਸ਼ੁੱਭ ਸ਼ਗਨ ਮੈਂ ਮੰਨਦਾ ਹਾਂ । ਰਕੇਸ਼ ਆਨੰਦ ਨੇ ਕਿਤਾਬ ਬਾਰੇ ਆਪਣੇ ਵਿਚਾਰਾਂ ਤੋਂ ਉਪਰੰਤ ਕਿਤਾਬ ਦੇ ਮੂਲ ਲੇਖਕ ਡਾ. ਸੇਵਾ ਸਿੰਘ ਦੇ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਦਿਆਂ ਕਿਹਾ ਕਿ ਇਸ ਪੁਸਤਕ ਦੇ ਅਧਿਐਨ ਵਿੱਚ ਅਸੀਂ ਵੇਖਾਂਗੇ ਕਿ ਸਦੀਆਂ ਤੋਂ ਭਾਰਤ ਦੀਆਂ ਉਤਪਾਦਨਸ਼ੀਲ ਸ਼੍ਰੇਣੀਆਂ, ਸੇਵਾਕਰਮੀਆਂ ਅਤੇ ਔਰਤਾਂ ਦੇ ਭਿਆਨਕ ਸ਼ੋਸ਼ਣ ਵਿੱਚ ਵਿਚਾਰਧਾਰਾ ਦੀ ਭੂਮਿਕਾ ਨਿਰਣਾਇਕ ਰਹੀ ਹੈ।

ਪੁਸਤਕ ਦੇ ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਨੇ ਕਿਹਾ ਕਿ ਜਦੋਂ ਮੈਂ ਇਹ ਕਿਤਾਬ ਪੜ੍ਹੀ ਤਾਂ ਮੈਂ ਮਹਿਸੂਸ ਕੀਤਾ ਕਿ ਇਹ ਕਿਤਾਬ ਪੰਜਾਬੀ ਵਿੱਚ ਅਨੁਵਾਦ ਹੋਣੀ ਬਹੁਤ ਜ਼ਰੂਰੀ ਹੈ । ਇਸ ਕਿਤਾਬ ਦੀ ਵਿਚਾਰਧਾਰਾ ਤੇ ਦ੍ਰਿਸ਼ਟੀ ਨਾਲ ਸਹਿਮਤ ਹੁੰਦਿਆਂ ਮੈਂ ਇਹ ਕਿਤਾਬ ਦਾ ਕਾਰਜ ਪੂਰਾ ਕੀਤਾ । ਡਾ. ਸੇਵਾ ਸਿੰਘ ਨੇ ਪੁਸਤਕ ਵਿੱਚ ਹਿੰਦੀ-ਸੰਸਕ੍ਰਿਤਨੁਮਾ ਭਾਸ਼ਾ ਬਹੁਤ ਵਰਤੀ ਹੈ, ਉਸ ਨੂੰ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਹੈ, ਜੋ ਸ਼ਬਦ ਅਨੁਵਾਦ ਹੋ ਨਹੀਂ ਸਕਦੇ ਸਨ, ਉਨ੍ਹਾਂ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ ਗਿਆ ਹੈ । ਸਮਾਗਮ ਦੀ ਪ੍ਰਧਾਨਗੀ ਕਰ ਰਹੇ ਕਾ. ਗੁਰਮੀਤ ਨੇ ਕਿਹਾ ਕਿ ਡਾ. ਸੇਵਾ ਸਿੰਘ ਅਜਿਹੇ ਵਿਦਵਾਨ ਹਨ,ਜਿਨ੍ਹਾਂ ਨੂੰ ਅਸੀਂ ਕਈ ਸਾਲਾਂ ਤੋਂ ਪੜ੍ਹਦੇ ਤੇ ਸੁਣਦੇ ਆ ਰਹੇ ਹਾਂ। ਪ੍ਰਕਾਸ਼ ਕੌਰ ਸੰਧੂ ਕਾਫੀ ਦੇਰ ਤੋਂ ਅਨੁਵਾਦ ਕਾਰਜ ਵਿੱਚ ਲੱਗੀ ਹੋਈ ਹੈ । ਉਸ ਨੇ ਅਨੇਕਾਂ ਕਿਤਾਬਾਂ ਦਾ ਪਹਿਲਾਂ ਅਨੁਵਾਦ ਕੀਤਾ ਹੈ। ਇਹ ਉਸ ਦਾ ਸਿਰੜ ਹੈ ਕਿ ਉਸ ਨੇ ਇਹ ਕਿਤਾਬ ਬੜੀ ਮਿਹਨਤ ਨਾਲ ਸਮਾਂ ਲਗਾ ਕੇ ਅਨੁਵਾਦ ਕੀਤੀ ਹੈ। ਸਮਾਗਮ ਵਿੱਚ ਰਜਿੰਦਰ ਮੰਡ, ਹਰਮੇਸ਼ ਮਾਲੜੀ, ਦੇਸ ਰਾਜ, ਆਸ਼ੀ ਈਸਪੁਰੀ, ਕੁਲਵਿੰਦਰ ਫੁੱਲ, ਪ੍ਰੇਮਜੀਤ, ਹਰਪਾਲ ਸਿੰਘ ਸੰਧਾਵਾਲੀਆ, ਸਰੋਜ, ਅਮਨਪ੍ਰੀਤ ਕੌਰ, ਅਭਿਸ਼ੇਕ ਕੁਮਾਰ, ਫ਼ਿਜ਼ਾ ਆਦਿ ਹਾਜ਼ਰ ਸਨ। ਅੰਤ ਵਿੱਚ ਸੰਘ ਦੇ ਸਕੱਤਰ ਕੇਸਰ (ਪੰਜ ਆਬ) ਨੇ ਸਭ ਦਾ ਧੰਨਵਾਦ ਕੀਤਾ।

# ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਕਹਾਣੀ ਦਰਬਾਰ




**ਚੰਡੀਗੜ੍ਹ** : ਚੰਡੀਗੜ੍ਹ ਸਾਹਿਤ ਅਕਾਦਮੀ ਦੇ ਚੇਅਰਮੈਨ ਡਾ. ਮਨਮੋਹਨ ਸਿੰਘ ਅਤੇ ਵਾਈਸ ਚੇਅਰਮੈਨ ਡਾ. ਅਨੀਸ਼ ਗਰਗ, ਸਕੱਤਰ ਸੁਭਾਸ਼ ਭਾਸਕਰ ਦੀ ਅਗਵਾਈ ਹੇਠ ਕਹਾਣੀ ਦਰਬਾਰ ਦਾ ਸਫਲ ਆਯੋਜਨ ਕੀਤਾ ਗਿਆ। ਕਾਰਜਕ੍ਰਮ ਦੀ ਪ੍ਰਧਾਨਗੀ ਪ੍ਰਸਿੱਧ ਲੇਖਕ ਅਤੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਕੀਤੀ। ਡਾ. ਮਨਮੋਹਨ ਸਿੰਘ ਨੇ ਕਹਾਣੀਕਾਰਾਂ ਦਾ ਸਵਾਗਤ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇੱਕ ਕਹਾਣੀਕਾਰ ਵਿੱਚ ਵਿਲੱਖਣ ਪ੍ਰਤਿਭਾ ਹੁੰਦੀ ਹੈ, ਜੋ ਆਪਣੇ ਆਲੇ-ਦੁਆਲੇ ਦੇ ਸਾਰੇ ਪਾਤਰਾਂ ਅਤੇ ਘਟਨਾਵਾਂ ਨੂੰ ਗਹਿਰਾਈ ਨਾਲ ਵੇਖਦਾ ਹੈ ਅਤੇ ਆਪਣੀ ਕਲਪਨਾਤਮਕਤਾ ਤੇ ਸਿਰਜਣਸ਼ੀਲਤਾ ਦੇ ਮਿਲਾਪ ਨਾਲ ਕਹਾਣੀ ਰਚਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਸਾਹਿਤ ਅਕਾਦਮੀ ਦਾ ਇਹ ਮੰਚ ਖੁਸ਼ਕਿਸਮਤ ਹੈ, ਜਿਸ ਨੂੰ ਸ਼ਹਿਰ ਦੇ ਸਾਹਿਤ ਪ੍ਰੇਮੀਆਂ ਨੂੰ ਇੰਨੇ ਵਿਦਵਾਨ ਕਹਾਣੀਕਾਰਾਂ ਨੂੰ ਸੁਣਨ ਦਾ ਸੁਨਿਹਰਾ ਮੌਕਾ ਮਿਲ ਰਿਹਾ ਹੈ। ਇਹ ਲੇਖਕ ਸਿਰਫ਼ ਸਾਹਿਤ ਨੂੰ ਹੀ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਵੀ ਨਵਾਂ ਸੋਚਣ ਦਾ ਨਜ਼ਰੀਆ ਦੇ ਰਹੇ ਹਨ।

ਇਸ ਕਹਾਣੀ ਦਰਬਾਰ ਵਿੱਚ ਸਭ ਤੋਂ ਪਹਿਲਾਂ ਦਿੱਲੀ ਦੇ ਲੇਖਕ ਕੇਸਰਾ ਰਾਮ ਨੇ ਪੰਜਾਬੀ ਕਹਾਣੀ ਵਾਇਰਸ ਰਾਹੀਂ ਕਰੋਨਾ ਕਾਲ ਦੇ ਤਜ਼ਰਬਿਆਂ ਨੂੰ ਆਪਣੀ ਕਹਾਣੀ ਵਿੱਚ ਬਹੁਤ ਹੀ ਸੁੰਦਰ ਢੰਗ ਨਾਲ ਉਤਾਰਿਆ। ਬਹਾਦੁਰਗੜ੍ਹ ਤੋਂ ਆਏ ਸੀਨੀਅਰ ਕਹਾਣੀਕਾਰ ਗਿਆਨ ਪ੍ਰਕਾਸ਼ ਵਿਵੇਕ ਨੇ ਹਿੰਦੀ ਕਹਾਣੀ ਸ਼ਹਿਰ ਛੋੜਤੇ ਹੂਏ ਰਾਹੀਂ ਆਪਣੇ ਪਾਤਰ ਦੀ ਸ਼ਹਿਰ ਛੱਡਣ ਦੀ ਪੀੜਾ ਅਤੇ ਸੰਵੇਦਨਾ ਨੂੰ ਗਹਿਰਾਈ ਨਾਲ ਪੇਸ਼ ਕੀਤਾ। ਇਸ ਤੋਂ ਬਾਅਦ ਡਾ. ਰਾਜਿੰਦਰ ਕੁਮਾਰ ਕਨੌਜੀਆ ਨੇ ਆਪਣੀ ਹਿੰਦੀ ਕਹਾਣੀ ਦਰਵਾਜ਼ਾ ਰਾਹੀਂ ਘਰ ਦੇ ਮੁੱਖ ਦਰਵਾਜ਼ੇ ਨੂੰ ਆਪਣੇ ਸੰਵਾਦ ਤੇ ਭਾਵਨਾ ਨਾਲ ਜੀਵੰਤ ਕਰ ਦਿੱਤਾ। ਲੇਖਿਕਾ ਸੁਨੈਨਾ ਜੈਨ ਨੇ ਆਪਣੀ ਅੰਗ੍ਰੇਜ਼ੀ ਕਹਾਣੀ ਦ ਪੇਸ਼ੰਸ ਸਟੋਨ ਵਿੱਚ ਮੁੱਖ ਕਿਰਦਾਰ ਦੀ ਆਦਰਸ਼ ਆਂਟੀ ਜੀ ਦਾ ਜ਼ਿਕਰ ਕੀਤਾ, ਜੋ ਹਰ ਮੁਸ਼ਕਲ ਹਾਲਤ ਵਿੱਚ ਧੀਰਜ ਤੇ ਆਤਮ-ਵਿਸ਼ਵਾਸ ਨਾਲ ਇੱਕ ਮਜ਼ਬੂਤ ਪੱਥਰ ਵਾਂਗ ਖੜ੍ਹੀ ਰਹੀ। ਸ਼ਾਇਰ ਅਤੇ ਕਹਾਣੀਕਾਰ ਜਤਿੰਦਰ ਪਰਵਾਜ਼ ਨੇ ਆਪਣੀ ਉਰਦੂ ਕਹਾਣੀ ਏਕ ਮਾਸੂਮ ਕਾ ਖੁਆਬ ਰਾਹੀਂ ਗਰੀਬ ਘਰ ਦੇ ਬੱਚੇ ਦੀਪੂ ਦੀ ਦਿਲ ਨੂੰ ਛੂਹਣ ਵਾਲੀ ਕਹਾਣੀ ਪੇਸ਼ ਕੀਤੀ, ਜਿਸ ਵਿੱਚ ਉਸਦੀ ਪੀੜਾ ਹੈ ਕਿ ਉਸਨੂੰ ਰਾਮਲੀਲਾ ਵਿੱਚ ਲਕਸ਼ਮਣ ਦਾ ਰੋਲ ਨਹੀਂ ਮਿਲਦਾ, ਕਿਉਂਕਿ ਉੱਥੇ ਹਮੇਸ਼ਾ ਅਮੀਰ ਪਰਿਵਾਰਾਂ ਦੇ ਬੱਚਿਆਂ ਨੂੰ ਤਰਜੀਹ ਮਿਲਦੀ ਹੈ। ਪਰ ਜਦੋਂ ਲਕਸ਼ਮਣ ਦੀ ਭੂਮਿਕਾ ਕਰਨ ਵਾਲਾ ਬੱਚਾ ਇਨਕਾਰ ਕਰਦਾ ਹੈ, ਤਾਂ ਦੀਪੂ ਨੂੰ ਉਹ ਮੌਕਾ ਮਿਲ ਜਾਂਦਾ ਹੈ।

ਵਾਇਸ ਚੇਅਰਮੈਨ ਡਾ. ਅਨੀਸ਼ ਗਰਗ ਨੇ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦਾ ਕਹਾਣੀ ਦਰਬਾਰ ਸ਼ਬਦਾਂ ਅਤੇ ਭਾਵਨਾਵਾਂ ਦਾ ਇੱਕ ਤਿਉਹਾਰ ਜਿਹਾ ਅਨੁਭਵ ਹੋਇਆ। ਉਨ੍ਹਾਂ ਕਿਹਾ ਕਿ ਲੇਖਕਾਂ ਦੀਆਂ ਕਹਾਣੀਆਂ ਵਿੱਚ ਸਿਰਫ਼ ਘਟਨਾਵਾਂ ਹੀ ਨਹੀਂ, ਸਗੋਂ ਜੀਵਨ ਦੇ ਅਨੁਭਵਾਂ ਦੀਆਂ ਜੀਵੰਤ ਛਾਵਾਂ ਵੀ ਮਹਿਸੂਸ ਹੋਈਆਂ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਬੁੱਧ ਸਾਹਿਤਕਾਰ ਜੰਗ ਬਹਾਦੁਰ ਗੋਯਲ, ਪ੍ਰੋ. ਅਸ਼ੋਕ ਸਭਰਵਾਲ, ਡਾ. ਪਰਵੀਨ ਕੁਮਾਰ, ਗੁਲ ਚੌਹਾਨ, ਬਲੀਜੀਤ, ਸੰਤੋਸ਼ ਧੀਮਾਨ, ਪ੍ਰੇਮ ਵਿਜ, ਡਾ. ਹਰਬੰਸ ਕੌਰ, ਦੀਪਕ ਚਨਾਰਥਲ, ਅਮਨਦੀਪ ਸੈਣੀ, ਅਸ਼ਵਿਨੀ ਸ਼ਾਂਡਿਲਿਆ, ਅਸ਼ੋਕ ਭੰਡਾਰੀ, ਡਾ. ਦਲਜੀਤ ਕੌਰ, ਜਗਦੀਪ ਸਿੱਧੂ, ਪਰਮਜੀਤ ਮਾਨ, ਸੁਰਜੀਤ ਸੁਮਨ, ਡਾ. ਸ਼ਸ਼ੀ ਪ੍ਰਭਾ, ਸੁਨੀਤ ਮਦਾਨ, ਅਤੇ ਡਾ. ਸੁਧੀਰ ਬਵੇਜਾ ਹਾਜ਼ਰ ਰਹੇ।

# ਦਸਤਾਵੇਜ਼ੀ ਫਿਲਮ 'ਇਨਕਲਾਬ ਦੀ ਖੇਤੀ' ਨੂੰ ਮਿਲਿਆ ਭਰਵਾਂ ਹੁੰਗਾਰਾ



**ਬਰੈਂਪਟਨ**-ਬਰੈਂਪਟਨ ਵਿੱਚ ਵਿਖਾਈ ਗਈ ਦਸਤਾਵੇਜ਼ੀ ਫਿਲਮ ਨੂੰ ਜਿੱਥੇ ਭਰਵਾਂ ਹੁੰਗਾਰਾ ਮਿਲਿਆ, ਉੱਥੇ ਦਰਸ਼ਕਾਂ ਵੱਲੋਂ ਇਸ ਦੀ ਖ਼ੂਬ ਪ੍ਰਸੰਸਾ ਵੀ ਕੀਤੀ ਗਈ। ਇਹ ਦਸਤਾਵੇਜ਼ੀ ਫਿਲਮ 2020/21 ਦੇ ਭਾਰਤੀ ਕਿਸਾਨ ਅੰਦੋਲਨ ਨਾਲ ਸੰਬੰਧਤ ਹੈ, ਜਿਸ ਵਿੱਚ ਨਾ ਸਿਰਫ ਕਿਸਾਨ ਅੰਦੋਲਨ ਦੀ ਅੰਦਰੂਨੀ ਤਸਵੀਰ, ਸਗੋਂ ਕਿਸਾਨਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਤੇ ਹੱਕਾਂ ਪ੍ਰਤੀ ਠਾਠਾਂ ਮਾਰਦੇ ਜਜ਼ਬਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਇਸ ਸਮੇਂ ਹਾਜ਼ਰ ਇਸ ਫਿਲਮ ਦੀ ਨਿਰਦੇਸ਼ਕ ਨਿਸ਼ਠਾ ਜੈਨ ਨੇ ਦੱਸਿਆ ਕਿ ਉਨ੍ਹਾਂ ਨੇ 135 ਦਿਨ ਕਿਸਾਨ ਅੰਦੋਲਨ ਵਿੱਚ ਹਾਜ਼ਰ ਰਹਿ ਕੇ ਕੋਈ 600 ਘੰਟੇ ਦੀ ਰਿਕਾਰਡਿੰਗ ਕੀਤੀ ਸੀ, ਜਿਸ ਵਿੱਚੋਂ ਸਿਰਫ 105 ਮਿੰਟ ਦੀ ਡਾਕੂਮੈਂਟਰੀ ਬਣਾਉਣੀ ਪਈ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਕਿ ਬੇਸ਼ੱਕ ਬਹੁਤ ਸਾਰੇ ਥਾਵਾਂ 'ਤੇ ਮੋਰਚੇ ਲੱਗੇ ਹੋਏ ਸਨ, ਪਰ ਉਨ੍ਹਾਂ ਨੇ ਆਪਣੀਆਂ ਸੀਮਾਵਾਂ ਕਾਰਨ ਸਿਰਫ ਉਗਰਾਹਾਂ ਜਥੇਬੰਦੀ ਦੇ ਮੋਰਚੇ 'ਤੇ ਹੀ ਕੇਂਦਰਤ ਕੀਤਾ ਹੈ। ਇਨ੍ਹਾਂ ਸੀਮਾਵਾਂ ਵਿੱਚ ਸਟਾਫ਼ ਦੀ ਘਾਟ ਅਤੇ ਅੰਦੋਲਨਕਾਰੀਆਂ ਦੇ ਸ਼ੱਕੀ ਨਜ਼ਰੀਏ ਕਾਰਨ ਸਟਾਫ਼ ਦੀ ਸੁਰੱਖਿਆ ਦਾ ਮਸਲਾ ਵੀ ਸ਼ਾਮਲ ਸੀ। ਉਨ੍ਹਾ ਦੱਸਿਆ ਕਿ ਇੱਕ ਮੋਰਚੇ 'ਤੇ ਉਨ੍ਹਾਂ ਦੇ ਸਟਾਫ ਨੂੰ 'ਗੋਦੀ ਮੀਡੀਆ' ਦਾ ਹਿੱਸਾ ਸਮਝ ਕੇ ਪ੍ਰੇਸ਼ਾਨ ਵੀ ਕੀਤਾ ਗਿਆ ਸੀ, ਜਿਸ ਕਰਕੇ ਉਨ੍ਹਾਂ ਸਿਰਫ ਉਗਰਾਹਾਂ ਜਥੇਬੰਦੀ ਨਾਲ ਰਹਿਣ ਦਾ ਫੈਸਲਾ ਕੀਤਾ। ਇਸ ਦੇ ਬਾਵਜੂਦ ਕਿ ਇਹ ਫਿਲਮ ਸਿਰਫ ਇੱਕ ਮੋਰਚੇ 'ਤੇ ਕੇਂਦਰਿਤ ਹੈ, ਇਸ ਵਿੱਚੋਂ ਕਿਸਾਨ ਅੰਦੋਲਨ ਦੀ ਤੇ ਅੰਦੋਲਨਕਾਰੀਆਂ ਦੀ ਸਪਿਰਟ ਦੀ ਸਮੁੱਚੀ ਤਸਵੀਰ ਸਪੱਸ਼ਟ ਹੁੰਦੀ ਹੈ। ਨਿਸ਼ਠਾ ਜੈਨ ਨੇ ਦੱਸਿਆ ਕਿ ਸੈਂਸਰ ਬੋਰਡ ਦੀਆਂ ਪਾਬੰਦੀਆਂ ਕਾਰਨ ਇਹ ਫਿਲਮ ਨੈੱਟਫਲੈਕਸ ਜਾਂ ਸਿਨਮਿਆਂ ਵਿੱਚ ਨਹੀਂ ਵਿਖਾਈ ਜਾ ਰਹੀ, ਪਰ ਉਹ ਛੇਤੀ ਹੀ ਕਿਸੇ ਹੋਰ ਤਰੀਕੇ ਨਾਲ਼ ਇਹ ਫਿਲਮ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ।ਬਰੈਂਪਟਨ ਵਿੱਚ ਇਸ ਫਿਲਮ ਦੀ ਪ੍ਰਦਰਸ਼ਨੀ ਬਲਦੇਵ ਰਹਿਪਾ, ਕੁਲਵਿੰਦਰ ਖਹਿਰਾ, ਰਛਪਾਲ ਦੋਸਾਂਝ, ਸੁਖਦੇਵ ਸਿੰਘ ਦੇ ਯਤਨਾਂ ਨਾਲ ਸੰਭਵ ਹੋ ਸਕੀ।

# ਮਾਨਸਾ 'ਚ ਹੋਇਆ ਦਰਸ਼ਨ ਮਿਤਵਾ ਦੇ ਕਥਾ ਸਾਹਿਤ ਬਾਰੇ ਸੈਮੀਨਾਰ




**ਮਾਨਸਾ**-ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਮਾਨਸਾ ਵਿਖੇ ਕਥਾਕਾਰ ਅਤੇ ਨਾਟਕਕਾਰ ਦਰਸ਼ਨ ਮਿਤਵਾ ਦੇ ਰਚਨਾ ਸੰਸਾਰ ਬਾਰੇ ਇਕ ਸੈਮੀਨਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਅਦਾਕਾਰਾ ਮਨਜੀਤ ਔਲਖ ਨੇ ਕੀਤੀ। ਪ੍ਰਿੰਸੀਪਲ ਪ੍ਰੋ. ਡਾ. ਬਰਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ। ਮਿਤਵਾ ਦੇ ਜੀਵਨ ਬਾਰੇ ਬੋਲਦਿਆਂ ਕਥਾਕਾਰ ਦਰਸ਼ਨ ਜੋਗਾ ਨੇ ਕਿਹਾ ਕਿ ਮਿਤਵਾ ਨੇ ਜੀਵਨ ਅਤੇ ਸਾਹਿਤ ਵਿਚ ਹੈਰਾਨੀਜਨਕ ਤਰੱਕੀ ਕੀਤੀ। ਉਹ ਸਿਰੜੀ ਅਤੇ ਮਿਹਨਤੀ ਸਨ। ਉਹ ਪੰਜਾਬੀ ਦੇ ਨਾਲ-ਨਾਲ ਹਿੰਦੀ ਵਿਚ ਵੀ ਲਿਖਦੇ ਸਨ। ਉਨ੍ਹਾਂ ਦੇ ਛੇ ਨਾਵਲ, ਸੱਤ ਕਹਾਣੀ ਸੰਗ੍ਰਹਿ ਤੋਂ ਇਲਾਵਾ ਸੱਤ ਕਿਤਾਬਾਂ ਹਿੰਦੀ ਵਿਚ ਛਪ ਚੁੱਕੀਆਂ ਹਨ।

ਆਲੋਚਕ ਅਤੇ ਕਹਾਣੀਕਾਰ ਨਿਰੰਜਨ ਬੋਹਾ ਨੇ ਉਨ੍ਹਾਂ ਦੇ ਕਥਾ ਸੰਸਾਰ ਬਾਰੇ ਬੋਲਦਿਆਂ ਕਿਹਾ ਕਿ ਮਿਤਵਾ ਜਿਉਂਦੇ ਜੀਅ ਵੀ ਅਣਗੌਲਿਆ ਰਿਹਾ ਅਤੇ ਉਸ ਦੇ ਤੁਰ ਜਾਣ ਪਿੱਛੋਂ ਵੀ ਅਕਾਦਮਿਕ ਅਦਾਰਿਆਂ ਨੇ ਉਸ ਦੀ ਸਾਹਿਤਕ ਦੇਣ 'ਤੇ ਸਵੱਲੀ ਨਜ਼ਰ ਨਹੀਂ ਮਾਰੀ। ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਸੈਮੀਨਾਰ ਕਰਵਾ ਕੇ ਪਹਿਲ-ਕਦਮੀ ਕੀਤੀ ਹੈ, ਜਿਸ ਦੀ ਸਭ ਨੂੰ ਪ੍ਰਸੰਸਾ ਕਰਨੀ ਚਾਹੀਦੀ ਹੈ। ਪ੍ਰੀਤਮ ਰੁਪਾਲ ਨੇ ਕਿਹਾ ਕਿ ਦਰਸ਼ਨ ਮਿਤਵਾ ਨਿਪੁੰਨ ਨਾਟਕਕਾਰ ਅਤੇ ਅਦਾਕਾਰ ਸਨ। ਪ੍ਰੋ. ਡਾ. ਬਰਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਅਤੇ ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਮਿਤਵਾ ਦੇ ਸਮੁੱਚੇ ਸਾਹਿਤ 'ਤੇ ਖੋਜ ਕਾਰਜ ਕਰਵਾ ਕੇ ਉਨ੍ਹਾਂ ਦੀ ਲੇਖਣੀ ਦੀਆਂ ਸਾਰੀਆਂ ਪਰਤਾਂ ਪ੍ਰਕਾਸ਼ ਵਿਚ ਲਿਆ ਕੇ ਖੋਜਾਰਥੀਆਂ ਅੱਗੇ ਲਿਆਉਣੀਆਂ ਚਾਹੀਦੀਆਂ ਹਨ। ਪ੍ਰਧਾਨਗੀ ਭਾਸ਼ਨ ਦਿੰਦਿਆਂ ਅਦਾਕਾਰਾ ਮਨਜੀਤ ਔਲਖ ਨੇ ਕਿਹਾ ਕਿ ਮਿਤਵਾ ਮਾਨਸਾ ਦੇ ਮੋਢੀ ਪੱਤਰਕਾਰਾਂ ਵਿੱਚੋਂ ਸਨ। ਉਨ੍ਹਾਂ ਦੇ ਸਾਰੇ ਸਿਰਜਣਾਤਮਕ ਪੱਖ ਗੌਲਣਯੋਗ ਸਨ । ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਮੰਚ ਦਾ ਫ਼ਰਜ਼ ਨਿਭਾਉਂਦਿਆਂ ਮਿੱਤਵਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਕਹਾਣੀ ਕਲਾ ਅਤੇ ਉਨ੍ਹਾਂ ਦੇ ਤਖੱਲਸ ਮਿਤਵਾ ਰੱਖਣ ਦੇ ਪਿਛੋਕੜ ਬਾਰੇ ਦੱਸਿਆ।

# ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ




**ਬਰਨਾਲਾ**-ਬੀਤੇ ਦਿਨੀਂ ਸਥਾਨਕ ਸ਼ਹੀਦ ਬਿੱਕਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਆਫ ਐਮਿਨੈਂਸ ਵਿਖੇ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਪ੍ਰਸਿੱਧ ਕਹਾਣੀਕਾਰ ਅਤੇ ਲੋਕ ਰੰਗ ਸਾਹਿਤ ਸਭਾ ਦੇ ਪ੍ਰਧਾਨ ਭੋਲਾ ਸਿੰਘ ਸੰਘੇੜਾ ਦੀ ਪ੍ਰਧਾਨਗੀ ਹੇਠ ਸਾਹਿਤਕ ਸਮਾਗਮ ਕਰਵਾਇਆ ਗਿਆ। ਪ੍ਰੈੱਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਤੇਜਿੰਦਰ ਚੰਡਿਹੋਕ ਅਤੇ ਉਹਨਾਂ ਦੇ ਪਰਵਾਰ ਵੱਲੋਂ ਹਰਦੀਪ ਕੌਰ ਚੰਡਿਹੋਕ ਯਾਦਗਾਰੀ ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ ਦਿੱਤਾ ਗਿਆ, ਜਿਸ ਵਿਚ ਸਨਮਾਨ ਚਿੰਨ੍ਹ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ।ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਚੰਡਿਹੋਕ ਨੇ ਸੰਸਥਾ ਦੇ ਪ੍ਰਿੰਸੀਪਲ ਹਰੀਸ਼ ਬਾਂਸਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਰ ਸਾਹਿਤਕ ਸਮਾਗਮ ਲਈ ਸਹਿਯੋਗ ਦਿੰਦੇ ਹਨ। ਪਾਠਕ ਸੁਖਵਿੰਦਰ ਸਿੰਘ ਬਾਰੇ ਮੈਡਮ ਮਨਦੀਪ ਕੌਰ ਭਦੌੜ ਨੇ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਸੁਖਵਿੰਦਰ ਸਿੰਘ ਨੇ ਆਪਣੇ ਵੱਲੋਂ ਪੜ੍ਹੇ ਸਾਹਿਤ ਬਾਰੇ ਦੱਸਿਆ। ਸਮਾਗਮ ਦੌਰਾਨ ਡਾਕਟਰ ਬਿਕਰਮਜੀਤ ਪੁਰਬਾ ਦੀ ਪੁਸਤਕ ਹਮੇਸ਼ਾ ਵੱਡਾ ਸੋਚੋ ਅਤੇ ਇੰਦਰਜੀਤ ਕੌਰ ਰੰਧਾਵਾ ਤਪਾ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਜਿਹਨਾਂ ਬਾਰੇ ਕਰਮਵਾਰ ਮਾਲਵਿੰਦਰ ਸ਼ਾਇਰ ਅਤੇ ਤੇਜਾ ਸਿੰਘ ਤਿਲਕ ਨੇ ਜਾਣਕਾਰੀ ਦਿੱਤੀ। ਉਪਰੰਤ ਲੇਖਕਾਂ ਨੇ ਆਪਣੀ ਸਿਰਜਣਾ ਬਾਰੇ ਦੱਸਿਆ। ਉਪਰੰਤ ਲੇਖਕਾਂ ਦਾ ਵੀ ਲੋਈ, ਸਨਮਾਨ ਚਿੰਨ੍ਹ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨ ਕੀਤਾ ਗਿਆ। ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਭਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਾਰੀਆਂ ਸਭਾਵਾਂ ਲੇਖਕਾਂ ਦਾ ਸਨਮਾਨ ਹੀ ਕਰਦੀਆਂ ਹਨ, ਪਰ ਇਹ ਸਭਾ ਪਾਠਕ ਦਾ ਸਨਮਾਨ ਕਰਕੇ ਵਧੀਆ ਉੱਦਮ ਕਰ ਰਹੀ ਹੈ। ਆਏ ਸਾਹਿਤਕਾਰਾਂ, ਪਾਠਕਾਂ ਦਾ ਧੰਨਵਾਦ ਨਾਵਲਕਾਰ ਦਰਸ਼ਨ ਸਿੰਘ ਗੁਰੂ ਨੇ ਕੀਤਾ ਅਤੇ ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਬਾਖ਼ੂਬੀ ਕੀਤਾ। ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਮਨਦੀਪ ਕੁਮਾਰ, ਉਜਾਗਰ ਸਿੰਘ ਮਾਨ, ਰਾਮ ਸਰੂਪ ਸ਼ਰਮਾ, ਰਾਜਿੰਦਰ ਸ਼ੌਂਕੀ, ਪਰਗਟ ਸਿੰਘ ਕਾਲੇਕੇ, ਕਰਮਿੰਦਰ ਸਿੰਘ, ਰਘਬੀਰ ਸਿੰਘ ਗਿੱਲ ਕੱਟੂ, ਸੁਰਿੰਦਰਪਾਲ ਸਿੰਘ ਬਿੰਦਰਾ ਜਗਰਾਓਂ, ਰਾਮ ਸਿੰਘ ਬੀਹਲਾ, ਚਰਨ ਸਿੰਘ, ਕੁਲਰੌਨਕ ਸਿੰਘ ਚੰਡਿਹੋਕ ਅਤੇ ਹਾਕਮ ਸਿੰਘ ਰੂੜੇਕੇ ਨੇ ਆਪਣੇ ਕਲਾਮ ਪੇਸ਼ ਕੀਤੇ। ਇਹਨਾਂ ਤੋਂ ਇਲਾਵਾ ਸਮਾਗਮ ਵਿੱਚ ਕੰਵਰਜੀਤ ਭੱਠਲ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਜਗਰਾਜ ਚੰਦ ਰਾਏਸਰ, ਬ੍ਰਿਜ ਲਾਲ ਗੋਇਲ ਧਨੌਲਾ, ਮੇਜਰ ਸਿੰਘ ਗਿੱਲ, ਜੁਪਿੰਦਰ ਸਿੰਘ, ਜੈਸਮੀਨ ਕੌਰ, ਜਸਨੀਤ ਕੌਰ, ਪ੍ਰੀਤਮ ਸਿੰਘ, ਕਰਨਜੀਤ ਸਿੰਘ, ਮਨਦੀਪ ਸਿੰਘ, ਰਾਜਵੰਤ ਕੌਰ, ਚਮਕੌਰ ਸਿੰਘ, ਤਰਸੇਮ ਅਤੇ ਅੰਜਨਾ ਮੈਨਨ ਨੇ ਸ਼ਿਰਕਤ ਕੀਤੀ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ



**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮਾਸਿਕ ਇਕੱਤਰਤਾ ਸਥਾਨਕ ਕੋਸੋ ਹਾਲ ਵਿੱਚ ਬਾਅਦ ਦੁਪਹਿਰ ਦੋ ਵਜੇ ਅਕਤੂਬਰ ਮਹੀਨੇ ਦੀ 26 ਤਾਰੀਖ ਨੂੰ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ।ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨੌਜਵਾਨ ਗਾਇਕ ਰਾਜਬੀਰ ਜਵੰਦਾ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ । ਉਪਰੰਤ ਸਾਹਿਤਕ ਰਚਨਾਵਾਂ ਦਾ ਦੌਰ ਆਰੰਭ ਹੋਇਆ। ਇਸ ਤੋਂ ਉਪਰੰਤ ਜਰਨੈਲ ਸਿੰਘ ਤੱਗੜ, ਸੁਰਜੀਤ ਸਿੰਘ ਸੀਤਲ, ਪਰਮਜੀਤ ਭੰਗੂ, ਮਨਮੋਹਨ ਸਿੰਘ ਬਾਠ, ਸੋਹਣ ਸਿੰਘ ਭੁੱਚੋ, ਅੰਗਰੇਜ਼ ਸਿੰਘ ਸੀਤਲ ਤੇ ਮਨਜੀਤ ਬਰਾੜ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਜੀਰ ਸਿੰਘ ਬਰਾੜ ਨੇ ਉਸਾਰੂ ਅਤੇ ਸੁਲਝੇ ਵਿਚਾਰ ਵੀ ਸਾਂਝੇ ਕੀਤੇ । ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੀ ਰਚਨਾ 'ਚੋਗ ਟਿਕ ਕੇ ਤਲੀਆਂ ਉੱਤੇ, ਪੰਛੀ ਕੋਲ ਬੁਲਾਇਆ ਮੈਂ' ਤਰੰਨਮ ਵਿਚ ਸੁਣਾਈ । ਜਗਦੇਵ ਸਿੱਧੂ ਨੇ ਸੁਰਿੰਦਰ ਗੀਤ ਦੀਆਂ ਦੋ ਨਵੀਆਂ ਛਪੀਆਂ ਪੁਸਤਕਾਂ 'ਰੰਗਾਂ ਦੀ ਖੇਡ' ਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦਤ ਕਵਿਤਾਵਾਂ ਦੀ ਕਿਤਾਬ 'Where the Heart Dwells' 'ਤੇ ਚਰਚਾ ਕੀਤੀ । ਪ੍ਰਿਤਪਾਲ ਸਿੰਘ ਸਾਈਬਰ ਸਿਸਟਮ ਬਾਰੇ ਜਾਣਕਾਰੀ ਦਿੱਤੀ । ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਾਖੂਬੀ ਨਿਭਾਇਆ।

# 'ਬਿੱਜੜੇ ਦੂਰ ਉੱਡ ਗਏ' ਤੇ 'ਇੱਕ ਟਾਪੂ ਦੀ ਕਹਾਣੀ' ਕਿਤਾਬਾਂ ਰਿਲੀਜ਼



**ਚੰਡੀਗੜ੍ਹ** : ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਚਰਨ ਸਿੰਘ ਨੂਰਪੁਰ ਦੀਆਂ ਦੋ ਬਾਲ ਪੁਸਤਕਾਂ "ਬਿਜੜੇ ਦੂਰ ਉੱਡ ਗਏ" ਅਤੇ "ਇੱਕ ਟਾਪੂ ਦੀ ਕਹਾਣੀ" ਬੱਚਿਆਂ ਵੱਲੋਂ ਰਿਲੀਜ਼ ਕੀਤੀਆਂ ਗਈਆਂ। ਬਾਲ ਕਹਾਣੀਆਂ ਦੀਆਂ ਇਹਨਾਂ ਬੇਹੱਦ ਖ਼ੂਬਸੂਰਤ ਕਿਤਾਬਾਂ ਨੂੰ ਸੰਗਮ ਪਬਲੀਕੇਸ਼ਨ ਨੇ ਪ੍ਰਕਾਸ਼ਤ ਕੀਤਾ ਹੈ। ਕਿਤਾਬਾਂ ਵਿੱਚ ਰੰਗਦਾਰ ਖੂਬਸੂਰਤ ਚਿੱਤਰ ਹਨ, ਜੋ ਬੱਚਿਆਂ ਨੂੰ ਪੜ੍ਹਨ ਦੇ ਨਾਲ-ਨਾਲ ਤਸਵੀਰਾਂ ਵੇਖਣ ਵਿੱਚ ਵੀ ਦਿਲਚਸਪੀ ਪੈਦਾ ਕਰਦੇ ਹਨ। ਇਹਨਾਂ ਦੋ ਕਿਤਾਬਾਂ ਨੂੰ ਕੱਲ੍ਹ ਛੋਟੇ ਬੱਚਿਆਂ ਕੁਦਰਤਪ੍ਰੀਤ ਕੌਰ, ਤਕਦੀਰਪ੍ਰੀਤ ਕੌਰ ਅਤੇ ਹਰਸੀਰਤ ਕੌਰ ਵੱਲੋਂ ਰਿਲੀਜ਼ ਕੀਤਾ ਗਿਆ। ਗੁਰਚਰਨ ਨੂਰਪੁਰ ਨੇ ਹੁਣ ਤੱਕ 20 ਕਿਤਾਬਾਂ ਲਿਖੀਆਂ ਹਨ, ਜਿਹਨਾਂ 'ਚੋਂ 6 ਬਾਲ ਪੁਸਤਕਾਂ ਹਨ। ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੁਰਚਰਨ ਸਿੰਘ ਨੂਰਪੁਰ ਨੇ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਜ਼ਮਾਨੇ ਵਿੱਚ ਬੱਚਿਆਂ ਲਈ ਉਸਾਰੂ ਸਾਹਿਤ ਦੀ ਬਹੁਤ ਵੱਡੀ ਲੋੜ ਹੈ ਅਤੇ ਬੱਚਿਆਂ ਲਈ ਲਿਖੀਆਂ ਗਈਆਂ ਕਿਤਾਬਾਂ ਦਾ ਮਿਆਰ ਬਦਲ ਕੇ ਸਾਨੂੰ ਆਧੁਨਿਕ ਸ਼ੈਲੀ ਅਤੇ ਕਲਾਤਮਿਕ ਬਾਲ ਸਾਹਿਤ ਦੀ ਵੱਡੀ ਲੋੜ ਹੈ। ਇਹ ਕਿਤਾਬਾਂ ਅਜਿਹੀ ਸੋਚ ਨੂੰ ਅੱਗੇ ਰੱਖ ਕੇ ਲਿਖੀਆਂ ਅਤੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਸ ਮੌਕੇ ਅਮਨ ਹਸਪਤਾਲ ਦੇ ਡਾ. ਅਮਨਦੀਪ ਕੌਰ, ਡਾ. ਰਜਨੀਤ ਕੌਰ ਜ਼ੀਰਾ, ਪਰਵਿੰਦਰ ਕੌਰ, ਰਵਿੰਦਰ ਕੌਰ, ਵਤਨਪ੍ਰੀਤ ਸਿੰਘ, ਪਿੰਕੀ ਕਸੋਆਣਾ, ਸੁਖਪ੍ਰੀਤ ਕੌਰ, ਹਰਪ੍ਰੀਤ ਕੌਰ, ਜਸਪ੍ਰੀਤ ਕੌਰ, ਰਾਵੀ ਗਾਦੜੀਵਾਲ ਆਦਿ ਮੌਜੂਦ ਸਨ।

## ਕਲਾਕਾਰ ਸੰਗਮ ਵੱਲੋਂ ਸਨਮਾਨ ਵੰਡ ਸਮਾਗਮ 16 ਨੂੰ

**ਬਰਨਾਲਾ**-ਕੌਮਾਂਤਰੀ ਕਲਾਕਾਰ ਸੰਗਮ (ਰਜਿ.) ਬਰਨਾਲਾ ਅਤੇ ਅਦਾਰਾ ਕਲਾਕਾਰ ਸਾਹਿਤਕ ਵੱਲੋਂ ਪੰਜਾਬੀ ਸਾਹਿਤ ਸਭਾ (ਰਜਿ.) ਤੇ ਮਾਲਵਾ ਸਾਹਿਤ ਸਭਾ (ਰਜਿ.) ਦੇ ਸਹਿਯੋਗ ਨਾਲ 76ਵਾਂ ਸਨਮਾਨ ਵੰਡ ਸਮਾਗਮ ਪੱਤੀ ਰੋਡ ਕਲਾਕਾਰ ਭਵਨ ਬਰਨਾਲਾ ਵਿਖੇ ਹੁਣ 16 ਨਵੰਬਰ ਨੂੰ ਹੋਵੇਗਾ। ਸੰਸਥਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਪਹਿਲਾਂ ਇਹ ਸਮਾਗਮ 2 ਨਵੰਬਰ ਨੂੰ ਹੋਣਾ ਸੀ, ਪਰ ਕਿਸੇ ਕਾਰਨ ਤਰੀਕ ਵਿਚ ਤਬਦੀਲੀ ਕਰਨੀ ਪਈ।

# ਕਾਫ਼ਲੇ ਵੱਲੋਂ ਪੂਰਨ ਸਿੰਘ ਪਾਂਧੀ ਨਾਲ ਵਿਸ਼ੇਸ਼ ਗੱਲਬਾਤ, ਭਵਿੱਖ ਦੇ ਪ੍ਰੋਗਰਾਮਾਂ ਬਾਰੇ ਵਿਚਾਰ-ਵਟਾਂਦਰਾ ਤੇ ਕਵੀ ਦਰਬਾਰ



**ਬਰੈਂਪਟਨ**-'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੌਰਾਨ ਜਿੱਥੇ ਪੂਰਨ ਸਿੰਘ ਪਾਂਧੀ ਨਾਲ਼ ਗੱਲਬਾਤ ਕੀਤੀ ਗਈ, ਉੱਥੇ ਸੰਚਾਲਕ ਟੀਮ ਵੱਲੋਂ ਕਾਫ਼ਲੇ ਵਿੱਚ ਕੁਝ ਵਿਸ਼ੇਸ਼ ਸੈਗਮੈਂਟਾਂ ਦੀ ਸ਼ੁਰੂਆਤ ਕਰਨ ਬਾਰੇ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ।ਪੂਰਨ ਸਿੰਘ ਪਾਂਧੀ ਬਾਰੇ ਜਾਣ-ਪਛਾਣ ਕਰਵਾਉਂਦਿਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਪਾਂਧੀ ਸਾਹਿਬ ਦੀ ਕਾਫ਼ਲੇ ਨਾਲ ਬਹੁਤ ਪੁਰਾਣੀ ਸਾਂਝ ਹੈ। ਕਾਫ਼ਲੇ ਵੱਲੋਂ ਪੁਰਾਣੇ ਬੰਦਿਆਂ ਨੂੰ ਸੁਣਨ ਦੀ ਪਿਰਤ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਕਿਹਾ ਕਿ ਪਾਂਧੀ ਸਾਹਿਬ ਦੀਆਂ ਕਿਤਾਬਾਂ ਦੀ ਗਿਣਤੀ ਕਾਫ਼ੀ ਹੈ, ਪੂਰਨ ਸਿੰਘ ਪਾਂਧੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਉਮਰ ਦੇ ਪਹਿਲੇ 19-20 ਸਾਲ ਇੰਝ ਗੁਜ਼ਰੇ ਜਿਵੇਂ ਪੁਰਾਣੇ ਪਿੰਡ, ਕੱਚੀਆਂ ਸੜਕਾਂ, ਹਰ ਸੜਕ ਦੇ ਕੰਢੇ ਕਾਨਿਆਂ ਦੇ ਝੁੰਡ, ਝਾੜੀਆਂ, ਭੈੜੇ-ਭੈੜੇ ਮਲ੍ਹੇ ਹੋਣ। ਉਨ੍ਹਾਂ ਕਿਹਾ ਕਿ ਮੇਰੀ ਉਮਰ ਵੇਲੇ ਸਕੂਲ ਨਹੀਂ ਸਨ ਅਤੇ ਨਾ ਫੱਟੀਆਂ ਹੁੰਦੀਆਂ ਸਨ। ਮੋਗੇ ਪੜ੍ਹਦਿਆਂ ਕਰਤਾਰ ਸਿੰਘ ਸੰਤੋਸ਼ ਨੇ ਉਨ੍ਹਾਂ ਨੂੰ ਵਿਚਾਰਾਂ ਦਾ ਪਾਂਧੀ ਕਹਿ ਕੇ ਪੂਰਨ ਸਿੰਘ 'ਪਾਂਧੀ' ਬਣਾ ਦਿੱਤਾ। ਬਾਅਦ ਵਿੱਚ ਸਟੇਟ ਕਾਲਜ ਪਟਿਆਲਾ ਤੋਂ ਬੀ ਟੀ ਕਰਕੇ ਟੀਚਰ ਬਣ ਗਿਆ। ਸਾਹਿਤ ਦੀ ਚੇਟਕ ਗਿਆਨੀ ਦੇ ਕੋਰਸ ਦੀਆਂ ਕਿਤਾਬਾਂ ਪੜ੍ਹਦਿਆਂ ਅਤੇ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਤੋਂ ਲੱਗੀ। ਪ੍ਰੀਤਲੜੀ, ਲੋਕ ਸਾਹਿਤ ਅਤੇ ਪੰਜ ਦਰਿਆ ਉਹ ਵਾਰ-ਵਾਰ ਪੜ੍ਹਦੇ ਸੀ। ਉਨ੍ਹਾਂ ਦੀ ਨਵਤੇਜ ਭਾਰਤੀ ਨਾਲ ਵੀ ਸਾਂਝ ਸੀ। ਕੁਲਜੀਤ ਮਾਨ ਨੇ ਪੂਰਨ ਸਿੰਘ ਪਾਂਧੀ ਬਾਰੇ ਬੋਲਦਿਆਂ ਕਿਹਾ ਕਿ ਪਾਂਧੀ ਸਾਹਿਬ ਵੱਖ-ਵੱਖ ਵਿਧਾਵਾਂ ਦੇ ਪਾਂਧੀ ਹਨ। ਅਵਤਾਰ ਸਿੰਘ ਜੰਡੂ, ਗੁਰਦੇਵ ਸਿੰਘ ਮਾਨ, ਭੁਪਿੰਦਰ ਦੂਲੇ, ਜਸਵਿੰਦਰ ਸੰਧੂ, ਅਜਾਇਬ ਸੰਘਾ ਤੇ ਲਾਲ ਸਿੰਘ ਬੈਂਸ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਡਾ. ਨਾਹਰ ਸਿੰਘ ਨੇ ਕਿਹਾ ਕਿ ਪੂਰਨ ਸਿੰਘ ਪਾਂਧੀ ਵਿੱਚ ਉਹ ਸਾਰੇ ਗੁਣ ਹਨ, ਜੋ ਇੱਕ ਚੰਗੇ ਇਨਸਾਨ ਵਿੱਚ ਹੋਣੇ ਚਾਹੀਦੇ ਹਨ। ਧਰਮੀ ਹੋਣ ਦੇ ਨਾਲ-ਨਾਲ ਉਹ ਲਚਕੀਲੇਪਨ ਦੇ ਵੀ ਧਾਰਨੀ ਹਨ।ਕਾਫ਼ਲਾ ਸੰਚਾਲਕ ਉਂਕਾਰਪ੍ਰੀਤ ਨੇ ਭਵਿੱਖ ਲਈ ਕਾਫਲ਼ੇ ਵੱਲੋਂ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰ ਸਾਂਝੇ ਕੀਤੇ। ਕਵੀ ਦਰਬਾਰ ਵਿੱਚ ਗੁਰਦੇਵ ਸਿੰਘ ਚੌਹਾਨ, ਅਵਤਾਰ ਸਿੰਘ ਜੰਡੂ, ਜਸਵਿੰਦਰ ਸਿੰਘ ਸੰਧੂ, ਸੁਸ਼ਮਾ ਰਾਣੀ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ, ਉਂਕਾਰਪ੍ਰੀਤ ਅਤੇ ਰਛਪਾਲ ਕੌਰ ਗਿੱਲ ਨੇ ਸ਼ਮੂਲੀਅਤ ਕੀਤੀ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜ੍ਹਚਿਰੋਲੀ : ਸੰਤੋਸ਼ੀ ਮਰਕਾਮ

ਧਰਮ ਸਿੰਘ ਗੁਰਾਇਆ ਨਾਲ ਮੁਲਾਕਾਤ : ਤਰਸੇਮ ਸਿੰਘ ਭੰਗੂ

'ਰੰਗਾਂ ਦੀ ਗੁਫ਼ਤਗੂ' : ਮੱਖਣ ਮਾਨ (ਫੋਕਸ) ਡਾ. ਅਰਵਿੰਦਰ ਕੌਰ ਕਾਕੜਾ

ਸੰਤੋਖ ਸਿੰਘ ਸੁੱਖੀ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਪ੍ਰਵਚਨ : ਪੱਚੀ ਸਾਲਾਂ ਦਾ ਸਫ਼ਰ

ਪ੍ਰਵਚਨ ਦਾ ਜੁਲਾਈ-ਦਸੰਬਰ, 2025 ਅੰਕ ਛਪ ਗਿਆ ਹੈ। 100 ਵੇਂ ਅੰਕ ਨਾਲ ਪ੍ਰਵਚਨ ਨੇ ਸਾਹਿਤਕ ਪੱਤਰਕਾਰੀ ਵਿੱਚ ਆਪਣੇ ਪੱਚੀ ਸਾਲ ਪੂਰੇ ਕਰ ਲਏ ਹਨ। ਹੱਥਲੇ ਦੋ ਅੰਕਾਂ ਨੂੰ ਮਿਲਾ ਕੇ ਇਹ ਅੰਕ ਪ੍ਰਕਾਸ਼ਤ ਕੀਤਾ ਗਿਆ ਹੈ। ਸੰਪਾਦਕੀ ਵਿੱਚ ਕੁਲਵੰਤ ਸੰਧੂ ਨੇ ਲਿਖਿਆ ਹੈ ਕਿ "ਜਦੋਂ ਅਸੀਂ ਪੰਜਾਬੀ ਦੇ ਏਨੀ ਅਉਧ ਵਾਲੇ ਰਸਾਲਿਆਂ 'ਤੇ ਨਜ਼ਰ ਮਾਰਦੇ ਹਾਂ ਤਾਂ ਇਸ ਪੱਖੋਂ ਮੈਦਾਨ ਲਗਪਗ ਖ਼ਾਲੀ ਹੀ ਨਜ਼ਰ ਆਉਂਦਾ ਹੈ। ਪਿਛਲੀ ਇਕ ਸਦੀ ਵਿਚ ਬਹੁਤ ਸਾਰੇ ਮੈਗਜ਼ੀਨ ਸ਼ੁਰੂ ਹੋਏ, ਉਨ੍ਹਾਂ ਨੇ ਆਪਣੀ ਆਪਣੀ ਸਮਰਥਾ ਮੁਤਾਬਿਕ ਸਾਹਿਤ, ਸਭਿਆਚਾਰ, ਰਾਜਨੀਤਿਕ ਤੇ ਆਰਥਿਕ ਮਸਲਿਆਂ ਨੂੰ ਉਠਾਉਣ ਸਮਝਣ ਤੇ ਸਮਝਾਉਣ ਵਿਚ ਆਪਣਾ ਯੋਗਦਾਨ ਵੀ ਪਾਇਆ।"




ਹੱਥਲੇ ਅੰਕ ਵਿੱਚ ਚਿੰਤਨੀ ਸੁਰ ਵਾਲੇ ਲੇਖ ਵਿਸ਼ੇਸ਼ ਧਿਆਨ ਖਿਚਦੇ ਹਨ। ਪ੍ਰੋ. ਧਨਵੰਤ ਕੌਰ ਨੇ 'ਸਮਾਨਤਾ, ਨਵ-ਸਾਮਰਾਜ ਅਤੇ ਪੰਜਾਬੀ ਸਾਹਿਤ ਦਾ ਸਮਕਾਲੀ ਦ੍ਰਿਸ਼' ਲੰਮੇ ਕਾਲ ਖੰਡ ਵਿੱਚ ਸਾਹਿਤ ਦੇ ਦ੍ਰਿਸ਼ ਤੇ ਪੜਚੋਲਵੀ ਨਜ਼ਰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਲੰਮੇ ਕਾਲਖੰਡ ਵਿੱਚ ਸਾਰਾ ਕੁਝ ਪੜ੍ਹਨਾ ਅਸੰਭਵ ਹੁੰਦਾ ਏ। ਦੂਜਾ ਲੇਖ ਡਾ. ਪ੍ਰਭਜੋਤ ਕੌਰ 'ਪੰਜਾਬੀ ਸਾਹਿਤ ਵਿੱਚ ਨਾਰੀ ਕਹਾਣੀ ਦਾ ਉਦਭਵ, ਤੱਥਗਤ ਪੜਚੋਲ', ਲਤਾ ਖੇੜਾ ਦਾ 'ਡਿਜੀਟਲ ਯੁੱਗ ਵਿੱਚ ਪੰਜਾਬੀ ਸਾਹਿਤ ਦਸ਼ਾ ਅਤੇ ਦਿਸ਼ਾ', ਪਰਮਜੀਤ ਜੱਜ ਦਾ 'ਪੰਜਾਬੀ ਦੇ ਸੱਭਿਆਚਾਰ ਦੇ ਇਕ ਪੱਖ ਉੱਤੇ ਝਾਤ' ਵੀ ਛਪੇ ਹਨ। ਡਾ. ਰਣਜੀਤ ਸਿੰਘ ਘੁੰਮਣ ਦਾ ਲੇਖ 'ਪੰਜਾਬੀ ਦੀ ਆਰਥਿਕਤਾ-ਕੱਲ੍ਹ,ਅੱਜ ਅਤੇ ਭਲਕ' ਇਸ ਅੰਕ ਦੀ ਪ੍ਰਾਪਤੀ ਹੈ। ਤੱਥ ਅਤੇ ਅੰਕੜਿਆਂ ਨਾਲ ਲੇਖਕ ਨੇ ਆਪਣੀਆਂ ਧਾਰਨਾਵਾਂ ਦੇ ਕੇ ਸਥਿਤੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਡਾ. ਜਗਰੂਪ ਸਿੰਘ ਸੇਖੋਂ ਨੇ 'ਪੰਜਾਬ ਦੀ ਰਾਜਨੀਤੀ, ਇਕ ਝਾਤ' ਲੇਖ ਵੀ ਚੰਗਾ ਹੈ। ਸ਼ਿਵ ਇੰਦਰ ਸਿੰਘ ਨੇ 'ਮੀਡੀਆ ਨਾਲ ਜੁੜੇ ਬੁਨਿਆਦੀ ਸਵਾਲ ਤੇ ਡਿਜੀਟਲ ਪੰਜਾਬੀ ਪੱਤਰਕਾਰੀ ਦੀ ਭਰੋਸੇ ਯੋਗਤਾ' ਲੇਖ ਵੀ ਧਿਆਨ ਖਿੱਚਣ ਵਾਲਾ ਹੈ। ਇਸ ਤਰ੍ਹਾਂ ਵੱਖ ਵੱਖ ਮੁੱਦਿਆਂ 'ਤੇ ਹੱਥਲੇ ਅੰਕ ਵਿੱਚ ਲੇਖ ਪ੍ਰਕਾਸ਼ਤ ਕਰਕੇ ਸੰਵਾਦ ਤੋਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੱਥਲੇ ਅੰਕ ਵਿੱਚ ਆਮਿਰ ਰਜ਼ਾ (ਮਿੱਥੁਨ ਸ਼ਾਹ), ਬਲਬੀਰ ਪਰਵਾਨਾ (ਹਾਸ਼ੀਏ ਤੇ ਵਿਚਰਦੇ ਸੁਪਨੇ), ਜਸਪਾਲ ਕੌਰ (ਵਾਰਨੇ), ਆਗਾਜ਼ਬੀਰ (ਸਹੁੰ ਦੀ ਪਿਉਂਦ) ਤੇ ਅਲਫ਼ਾਜ਼ (ਹਿਰਸ) ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪ੍ਰੇਮ ਮਾਨ ਦਾ ਸਵੈ-ਜੀਵਨੀ ਅੰਸ਼ ਪ੍ਰਕਾਸ਼ਤ ਕੀਤਾ ਗਿਆ ਹੈ। ਅੰਕ ਦੇ ਸ਼ੁਰੂ ਵਿੱਚ ਗੁਰਦਿਆਲ ਰੌਸ਼ਨ, ਜੋਗਿੰਦਰ ਨੂਰਮੀਤ, ਅਮਰਜੀਤ ਗਰੇਵਾਲ, ਸੁਖਿੰਦਰ, ਜਨਮੀਤ, ਲਾਭ ਸਿੰਘ ਖੀਵਾ, ਕੁਲਵਿੰਦਰ ਚਾਵਲਾ, ਸੁਖਪਾਲ ਸੰਘੇੜਾ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਪ੍ਰਕਾਸਤ ਹੋਈਆਂ ਹਨ। ਅੰਤ ਵਿੱਚ ਕੁਲਵੰਤ ਸਿੰਘ ਸੰਧੂ ਨੇ ਸਮਕਾਲੀ ਸਾਹਿਤ ਨੂੰ ਆਪਣੀ ਤਿੱਖੀ ਦ੍ਰਿਸ਼ਟੀ ਨਾਲ ਵਾਚਿਆ ਹੈ। ਅੰਕ 'ਤੇ ਸੰਪਾਦਕੀ ਅਮਲੇ ਨੇ ਮਿਹਨਤ ਕੀਤੀ ਹੈ।

ਇਸ ਅੰਕ ਦੇ ਸਫ਼ੇ : 220, ਮੁੱਲ : 80 ਰੁਪਏ, ਸੰਪਾਦਕ : ਡਾ. ਕੁਲਵੰਤ ਸਿੰਘ (98722-44885), ਸੰਪਾਦਕ : ਡਾ. ਰਮਿੰਦਰ ਕੌਰ, ਰਚਨਾਵਾਂ ਭੇਜਣ ਲਈ : parvachanpunjabi@gmail.com

## ਅੱਖਰ : ਅਕਤੂਬਰ-ਦਸੰਬਰ,2025


'ਅੱਖਰ' ਦੇ ਨਵੇਂ ਅੰਕ ਦੇ ਸਰਵਰਕ ਉੱਤੇ ਸਿਮਰਨਜੋਤ ਮਾਨ ਦੀ ਪ੍ਰਗੀਤਕ ਰਚਨਾ ਪ੍ਰਕਾਸਤ ਕੀਤੀ ਗਈ ਹੈ। ਸੰਪਾਦਕੀ ਵਿੱਚ 'ਪੰਜਾਬੀ ਕਵਿਤਾ ਦੇ ਵਿਕਾਸ' ਦੀ ਗੱਲ ਕੀਤੀ ਹੈ।




ਹੱਥਲੇ ਅੰਕ ਵਿੱਚ ਅਲਫ਼ਾਜ਼ ਦੀ 'ਆਊਟਸਾਇਡਰ' ਅਤੇ ਦੀਪ ਇੰਦਰ ਦੀ 'ਦੇਹੀ' ਕਹਾਣੀਆਂ ਛਪੀਆਂ ਹਨ। ਬਾਕੀ ਪੰਕਜ ਬਿਸ਼ਟ ਦੀ (ਖੰਭਾਂ ਵਾਲੀ ਬੇੜੀ, ਅਨੁ. ਮਨਮੋਹਨ), ਕਰੁਣ ਕੁਮਾਰ ਦੀ (ਪੁਸਪ ਲਤਾ ਹੱਸ ਪਈ, ਅਨੁ. ਬੂਟਾ ਸਿੰਘ ਚੌਹਾਨ) ਦੀਆਂ ਕਹਾਣੀਆਂ ਹਨ। ਮਲਿਕ ਮਿਹਰ ਅਲੀ ਦੀ ਨਿੱਕੀ ਜਿਹੀ ਕਹਾਣੀ 'ਢੇਰੀਆਂ' ਕਹਾਣੀ ਦਾ ਅਨੁਵਾਦ ਅਰਵਿੰਦਰ ਕੌਰ ਧਾਲੀਵਾਲ ਨੇ ਕੀਤਾ ਹੈ। ਜੰਗ ਬਹਾਦੁਰ ਗੋਇਲ ਨੇ 'ਇਕ ਅਨੂਠੀ ਪ੍ਰੇਮ ਕਹਾਣੀ' ਰਾਬਿੰਦਰ ਨਾਥ ਟੈਗੋਰ ਬਾਰੇ ਚੰਗੀ ਰਚਨਾ ਹੈ। ਅਵਤਾਰਜੀਤ ਧੰਜਲ ਮੂਰਤੀ ਕਲਾ ਤੇ ਦਰਸ਼ਨ ਬਾਰੇ ਲੇਖ ਹੈ। ਬਲਦੇਵ ਸਿੰਘ ਸੜਕਨਾਮਾ ਨੇ ਆਪਣੀ ਜ਼ਿੰਦਗੀ ਦੇ ਰੰਗਾਂ ਬਾਰੇ ਚੰਗਾ ਲਿਖਿਆ ਹੈ। ਅੰਕ ਵਿੱਚ ਕੁਲਦੀਪ ਸਿੰਘ ਦੀਪ, ਲਖਵਿੰਦਰ ਸਿੰਘ ਗਿੱਲ, ਤ੍ਰਲੋਚਨ ਲੋਚੀ, ਮੁਕੇਸ਼ ਆਲਮ, ਪ੍ਰਤੀਕ ਸਿੰਘ, ਸਿਮਰਨ ਕੌਰ ਸਾਬਰੀ, ਅਨੁਬਾਲਾ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਪ੍ਰਕਾਸ਼ਤ ਕੀਤੀਆਂ ਹਨ। ਲਖਵਿੰਦਰ ਜੌਹਲ ਨੂੰ ਹਰਮੀਤ ਨੇ ਸੱਤ ਸਵਾਲ ਕੀਤੇ ਹਨ। ਤਰਸੇਮ ਬਸ਼ਰ ਨੇ 'ਖ਼ਾਮੋਸ਼ ਪਾਣੀ-2004' ਤੇ ਹਰਿੰਦਰ ਸੋਹਲ ਨੇ ਅਰਵਿੰਦਰ ਧਾਲੀਵਾਲ ਦੀ ਕਹਾਣੀ 'ਪਿਆਰ ਦੀ ਕਹਾਣੀ' ਦਾ ਵਿਸ਼ਲੇਸ਼ਣ ਕੀਤਾ ਹੈ। ਹਰਮੀਤ ਦਾ 'ਮੁੜਿਆ ਹੋਇਆ ਵਰਕਾ' ਰੌਚਿਕ ਲੱਗਾ। ਸਤਨਾਮ ਸਿੰਘ ਮਾਣਕ ਦਾ ਲੇਖ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵਰਤਮਾਨ ਅਤੇ ਭਵਿੱਖ', ਤੇਜਿੰਦਰਪਾਲ ਕੌਰ ਮਾਨ ਦਾ 'ਵੈਣਾਂ ਦੇ ਵਹਿਣ' ਤੇ ਡਾ. ਦੇਵਿੰਦਰ ਕੌਰ ਨੇ ਹਰਜੀਤ ਅਟਵਾਲ ਦੇ ਨਾਵਲ 'ਸਫ਼ਰ' ਬਾਰੇ ਲਿਖਿਆ ਹੈ। ਇਸ ਅੰਕ ਦੇ ਸਫ਼ੇ : 92, ਮੁੱਖ ਸੰਪਾਦਕ : ਡਾ. ਕਰਨੈਲ ਸ਼ੇਰਗਿੱਲ, ਸਰਪ੍ਰਸਤ : ਡਾ. ਵਿਕਰਮਜੀਤ, ਸੰਪਾਦਕ : ਹਰਮੀਤ ਆਰਟਿਸਟ, ਰਚਨਾਵਾਂ ਭੇਜਣ ਲਈ : akharmagazine25@gmail.com

## The Distances Within: Selected Stories of Bhagwant Rasulpuri

'ਦ ਡਿਸਟੰਸ ਵਿਦਅਨ' ਮੇਰੀਆਂ (ਭਗਵੰਤ ਰਸੂਲਪੁਰੀ) ਅੰਗਰੇਜ਼ੀ ਵਿੱਚ ਅਨੁਵਾਦ ਕਹਾਣੀਆਂ ਦੀ ਨਵੀਂ ਕਿਤਾਬ ਹੈ। ਇਸ ਕਿਤਾਬ ਵਿੱਚ ਸੱਤ ਕਹਾਣੀਆਂ ਦਾ ਅਨੁਵਾਦ ਕਨਿਕਾ ਕਿੰਮ ਨੇ ਕੀਤਾ ਹੈ। ਕਨਿਕਾ ਇਸ ਵੇਲੇ ਯੂਨੀਵਰਸਿਟੀ ਆਫ਼ ਕੈਲੇਫੋਰਨੀਆਂ, ਅਮਰੀਕਾ ਵਿੱਚ ਲੋਕ ਕਹਾਣੀਆਂ 'ਤੇ ਪੀ ਐੱਚ. ਡੀ. ਕਰ ਰਹੀ ਹੈ। ਮੂਲ ਰੂਪ ਵਿੱਚ ਉਹ ਪੰਜਾਬ ਦੇ ਜ਼ਿਲ੍ਹਾਂ ਲੁਧਿਆਣਾ ਦੀ ਰਹਿਣ ਵਾਲੀ ਹੈ। ਇਸ ਕਿਤਾਬ ਵਿੱਚ ਸੱਤ ਕਹਾਣੀਆਂ ਹਨ। ਪੰਜਾਬੀ ਤੇ ਇੰਗਲਿਸ ਵਿੱਚ ਕਹਾਣੀਆਂ ਦੇ ਨਾਂ ਹਨ- ਡਲਿਵਰੀ ਮੈਨ (Delivery Man), ਜੜ੍ਹਾਂ (Roots), ਕੀੜਾ (the Insect), ਖੋਜ (The Discovery), ਧੂੜ (Dust), ਬਲੈਕ ਡਸਟਬਿਨ (Black Dustbin) ਤੇ ਮਾਹਾਮਾਯਾ (The Great Illusion) ਆਦਿ।




ਅਨੁਵਾਦਕ ਕਨਿਕਾ ਵੱਲੋਂ ਪੁਸਤਕ ਵਿੱਚ ਸਾਮਿਲ ਕਹਾਣੀਆਂ ਦੇ ਪਾਤਰਾਂ ਦੀਆਂ ਮਾਨਸਿਕ ਗੁੰਝਲਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਕਿਤਾਬ ਦੀ ਭੂਮਿਕਾ 'ਚ ਅਨੁਵਾਦਕ ਨੇ ਅਨੁਵਾਦ ਵਿੱਚ ਆਈਆਂ ਮੁਸ਼ਕਲਾਂ ਦਾ ਜ਼ਿਕਰ ਕੀਤਾ ਹੈ। ਕੁਝ ਸ਼ਬਦਾਂ ਤੇ ਮੈਟਾਫਰ ਨੂੰ ਸਪੱਸ਼ਟ ਕਰਨ ਲਈ ਅਨੁਵਾਦਕ ਨੇ ਨੋਟ ਵੀ ਲਿਖੇ ਹਨ। ਉਸ ਦਾ ਕਹਿਣਾ ਹੈ ਕਿ ਮੇਰੀ ਕੋਸ਼ਿਸ਼ ਰਹੀ ਹੈ ਕਿ ਇੰਗਲਿਸ ਦਾ ਪਾਠਕ ਇਨ੍ਹਾਂ ਕਹਾਣੀਆਂ ਨੂੰ ਫਲੋ ਵਿੱਚ ਪੜ੍ਹਨ ਅਤੇ ਕਹਾਣੀ ਦੀ ਫੀਲਿੰਗ ਨੂੰ ਸਮਝਣ। ਅੱਗੇ ਇਕ ਪੰਨੇ ਉੱਤੇ ਲੇਖਕ ਬਾਰੇ ਅਤੇ ਇਕ ਪੰਨੇ ਉੱਤੇ ਅਨੁਵਾਦਕ ਬਾਰੇ ਜਾਣਕਾਰੀ ਦਿੱਤੀ ਗਈ ਹੈ। 144 ਪੰਨਿਆਂ ਦੇ ਇਸ ਕਹਾਣੀ ਸੰਗ੍ਰਹਿ ਵਿੱਚ 7 ਕਹਾਣੀਆਂ ਹਨ। ਕਿਤਾਬ ਦੇ ਟਾਇਟਲ ਉੱਤੇ ਲੱਗੀ ਸੁਰਜੀਤ ਕੌਰ ਦੀ ਪੇਂਟਿੰਗ 'ਦ ਡਿਸਟੰਸ ਵਿਦਅਨ' ਨੂੰ ਅਰਥਵਾਨ ਬਣਾਉਂਦੀ ਹੈ।

The Distances Within, Translation from Punjabi: Kanika Kim, Page: 144, Rs: 300/-, Publisher: Parwaz Parkashan, e-mail:parwazparkashan.com, ਕਿਤਾਬ ਖਰੀਦਣ ਲਈ ਵਟਸਐੱਪ ਨੰਬਰ : 94177-04502

# ਗਾਜ਼ਾ ਪੱਟੀ ਦੇ ਬੱਚਿਆਂ ਦੇ ਨਾਂਅ ਮੁਆਫ਼ੀ-ਨਾਮਾ

## ਬੱਚਿਓ ! ਸਾਨੂੰ ਮੁਆਫ਼ ਕਰਨਾ

ਘਰਾਂ ਵਿਚ ਉੱਗੀਆਂ ਕਬਰਾਂ ਫਰੋਲਦੇ
ਬੇਬਸ, ਮਸੂਮ, ਤੇ ਯਤੀਮ ਬੱਚਿਓ
ਸਾਨੂੰ ਵੱਡਿਆਂ ਨੂੰ ਮੁਆਫ਼ ਕਰਨਾ
ਅਸੀਂ ਤੁਹਾਡੇ ਬਚਾਅ ਲਈ ਕੁਝ ਨਹੀਂ ਕਰ ਸਕੇ।

ਹੁਣ ਨਹੀਂ ਮਿਲਣੀਆਂ ਮਾਂ ਦੀਆਂ ਲੋਰੀਆਂ
ਕਿਸੇ ਨਹੀਂ ਸੁਣਾਉਣੀਆਂ ਰਾਤਾਂ ਨੂੰ ਕਹਾਣੀਆਂ
ਕਿਸੇ ਨਹੀਂ ਰੋਂਦਿਆਂ ਨੂੰ ਚੁੱਪ ਕਰਾਉਣਾ
ਨਾ ਹੀ ਰਿਆੜ ਕਰਦਿਆਂ ਸੀਨੇ ਨਾਲ ਲਾਉਣਾ
ਭੁੱਲ ਜਾਵੋ ਮਾਂਵਾਂ ਦੇ ਦਾਈਏ
ਗੋਦ ਦਾ ਨਿੱਘ ਤੇ ਸੁਪਨਿਆਂ ਦੀ ਤਾਮੀਰਦਾਰੀ
ਨਹੀਂ ਥਿਆਉਣੀ ਬਾਪ ਦੀ ਠੰਢੜੀ ਛਾਂ
ਤੇ ਨਾ ਹੀ ਰਹਿਣੀਆਂ ਤੋਤਲੀਆਂ ਗੱਲਾਂ।
ਕਿਸ ਦੀ ਉਂਗਲ ਫੜ ਕੇ ਤੁਰੋਗੇ ?

ਬੱਚਿਓ! ਤੁਹਾਥੋਂ ਖੋਹ ਲਈ ਹੈ
ਦੁੱਧ ਦੀ ਬੋਤਲ ਅਤੇ ਬੇਹੀ ਰੋਟੀ
ਸਿਸਕਦੇ ਨੇ ਬਸਤੇ ਤੇ ਸੜੀਆਂ ਕਿਤਾਬਾਂ
ਹਉਕਾ ਬਣ ਗਏ ਨੇ ਵਰਕਿਆਂ ਦੇ ਪੂਰਨੇ
ਲੇਰਾਂ 'ਚ ਗੁਆਚ ਗਈ ਏ ਸ਼ਬਦ-ਲੋਅ
ਅਣਲਿਖੀ ਲਿਖਤ ਨੂੰ ਕਿੰਝ ਵਰਾਉਣਗੇ ਸਫ਼ੇ ?
ਤੇ ਕਲਮ ਕੋਲੋਂ ਹੁਣ ਖੁਣ ਨਹੀਂ ਹੋਣਾ
ਕੋਰੇ ਮੱਥਿਆਂ 'ਤੇ ਸੂਰਜ ਦਾ ਸਿਰਨਾਵਾਂ।
ਛੱਤ 'ਤੇ ਪਤੰਗ ਉਡਾਉਂਦਿਆਂ
ਅੰਬਰ ਦੇ ਸੁਪਨੇ ਲੈਣ ਵਾਲਿਓ!
ਤੁਹਾਥੋਂ ਤਾਂ ਛੱਤ ਵੀ ਖੋਹ ਲਈ
ਤੇ ਡੋਰ ਸਮੇਤ ਪਤੰਗ ਵੀ ਲੁੱਟ ਲਈ।

ਬੱਚਿਓ!
ਤੁਹਾਥੋਂ ਰੁੱਸ ਗਈ ਹੈ ਖੇਡਣ-ਰੁੱਤ
ਕੁਝ ਤਾਂ ਖਿਡੌਣਿਆਂ ਸਮੇਤ ਮਲਬੇ 'ਚ ਦੱਬੇ ਗਏ
ਕੁਝ ਬੰਬਾਂ ਨਾਲ ਉਡਾ ਦਿੱਤੇ
ਕੁਝ ਅੰਗਹੀਣ ਹੋ ਕੇ ਰੀਂਗ ਰਹੇ
ਕੁਝ ਭੁੱਖਮਰੀ ਦਾ ਸ਼ਿਕਾਰ ਹੋ ਗਏ
ਤੇ ਕੁਝ ਆਖ਼ਰੀ ਸਾਹਾਂ 'ਤੇ।
ਸਾਇਰਨ ਦੀ ਦਹਿਸ਼ਤ 'ਚ
ਸਹਿਮ ਗਿਆ ਹੈ ਤੁਹਾਡਾ ਖਰੂਦ
ਖੋਹ ਲਈਆਂ ਨੇ ਤੁਹਾਡੀਆਂ ਟਪੂਸੀਆਂ
ਭਲਾ! ਕਬਰਾਂ ਬਣੇ ਵਿਹੜਿਆਂ 'ਚ
ਨੱਚ ਕੇ ਕਿਵੇਂ ਪ੍ਰਗਟਾਉਗੇ ਚਾਅ ?
ਤੁਹਾਡਾ ਦੁੱਬਕਿਆ ਬਚਪਣਾ
ਬਣ ਜਾਣਾ ਉਮਰ ਦਾ ਗੁਨਾਹ ।

ਬੱਚਿਓ!
ਵਕਤ ਦੇ ਹਾਕਮ!
ਤੁਹਾਡੀਆਂ ਅੱਖਾਂ 'ਚ ਅੱਖਾਂ ਪਾ ਕੇ ਨਹੀਂ ਦੇਖਿਆ
ਚਿਹਰੇ 'ਤੇ ਜੰਮੇ ਅੱਥਰੂਆਂ ਦੀ ਇਬਾਰਤ ਨਹੀਂ ਪੜ੍ਹੀ
ਨੈਣਾਂ 'ਚ ਸੁਪਨਿਆਂ ਦੀ ਅਰਥੀ ਨਹੀਂ ਦੇਖੀ
ਭੁੱਖੇ ਢਿੱਡ ਦੀਆਂ ਲਿਲ੍ਹਕੜੀਆਂ ਨਹੀਂ ਸੁਣੀਆਂ
ਤਰਲਿਆਂ 'ਚ ਜੀਣ ਦੀ ਬੇਬਸੀ ਨਹੀਂ ਪਛਾਣੀ
ਤੇ ਪਿੰਡਿਆਂ 'ਤੇ ਪੀੜਾ ਦੀ ਮੁਹਾਰਨੀ ਨਹੀਂ ਸੁਣੀ
ਤਾਂ ਹੀ ਉਹ ਤੁਹਾਡੇ ਅੱਡੇ ਹੋਏ ਹੱਥਾਂ 'ਚ
ਜੀਵਨ ਦੀ ਖ਼ੈਰਾਤ ਪਾਉਣਾ ਭੁੱਲ ਗਏ।

ਬੱਚਿਓ!
ਅਸੀਂ ਜੋ ਵੱਡੇ ਹਾਂ
ਖਿਡੌਣਿਆਂ ਦੇ ਕੀਚਰਿਆਂ
ਗੁੰਗੇ ਬੋਲਾਂ ਦੀ ਬੇਬਸੀ
ਗਡੀਹਰਾ ਦੀ ਬੇਮੁਖਤਾ
ਤੇ ਮੂਕ ਹੁੰਗਾਰਿਆਂ ਦਾ ਗੁਨਾਹ
ਸਿਰ ਨਿਵਾ ਕੇ ਕਬੂਲਦੇ ਹਾਂ।

ਹੌਕੇ ਵਰਗੇ ਬੱਚਿਓ!
ਤੁਸੀਂ ਜ਼ਰੂਰ ਸੋਚਦੇ ਹੋਵੋਗੇ
ਅਸੀਂ ਕਿਉਂ ਜਨਮੇ ?
ਸਾਡਾ ਕੀ ਸੀ ਕਸੂਰ ?
ਸਾਨੂੰ ਲੂਲ੍ਹੇ ਤੇ ਲੰਗੜੇ ਕਰਕੇ
ਅਪਾਹਜ ਬਣਾਉਣ ਵਾਲਿਆਂ ਦਾ
ਅਸਾਂ ਕੀ ਵਿਗਾੜਿਆ ਸੀ ?

ਬੱਚਿਓ!
ਜੇ ਕਦੇ ਹੁਕਮਰਾਨ ਟੱਕਰਿਆ
ਤਾਂ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਪੁੱਛਿਓ
ਕੀ ਸਾਡੇ ਖਿਡੌਣੇ ਬੰਬ ਸਨ ?
ਪਤੰਗ ਮਿਜ਼ਾਈਲਾਂ ਸਨ ?
ਪੈੱਨ/ਪੈਨਸਿਲਾਂ ਅਸਾਲਟ ਰਾਈਫਲਾਂ ਸਨ ?
ਖੇਡ ਮੈਦਾਨ ਜੰਗ ਦਾ ਮੈਦਾਨ ਸੀ ?
ਮਾਸੂਮ ਬੋਲ ਜੰਗ ਦਾ ਐਲਾਨਨਾਮਾ ਸਨ ?
ਜੇ ਇਹ ਸਭ ਕੁਝ ਨਹੀਂ ਸੀ
ਤਾਂ ਸਾਡੇ ਹਿੱਸੇ ਮੌਤ ਕਿਉਂ ਆਈ ?
ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੋਵੇਗਾ।

ਚੀਕਾਂ ਤੇ ਕੁਰਲਾਹਟਾਂ 'ਚ ਜਿਉਂਦੇ ਬੱਚਿਓ!
ਦਹਿਸ਼ਤ 'ਚ ਕਿੰਝ ਸਹਿਕਦਾ ਹੋਵੇਗਾ
ਤੁਹਾਡਾ ਕੋਮਲ ਮਨ ਤੇ ਅਲੂੰਈਂ ਸੋਚ ?
ਬਚਪਣਾ ਤਾਂ ਕੋਮਲ ਫੁੱਲ ਹੁੰਦਾ
ਜੋ ਜ਼ਰਾ ਕੁ ਸੇਕ ਨਾਲ ਮੁਰਝਾ ਜਾਂਦਾ
ਤੇ ਪਲ ਕੁ ਦੀ ਔੜ ਪੱਤੀਆਂ ਕੇਰ ਦਿੰਦੀ
ਇਹੀ ਸੋਚ ਕੇ ਮਨ ਬਹੁਤ ਉਦਾਸ ਹੈ।

ਬੱਚਿਓ!
ਡਰੇ ਚਿਹਰਿਆਂ ਦਾ ਸ਼ਬਦ-ਕੋਸ਼
ਅਸੀਂ ਤਾਂ ਪੜ੍ਹ ਹੀ ਨਾ ਸਕੇ
ਅੱਖਾਂ ਵਿਚ ਜੰਮ ਚੁੱਕੇ
ਬਲਦੇ ਹੰਝੂ ਦੀ ਤਾਸੀਰ ਕਿੰਝ ਸਮਝਦੇ ?
ਇਹ ਸਾਡੀ ਕਾਇਰਤਾ ਹੀ ਸੀ
ਕਿ ਅਸੀਂ ਕੁਝ ਨਾ ਕਰ ਸਕੇ।

ਬੱਚਿਓ!
ਬੇਰਹਿਮ ਹਾਕਮ ਨੇ ਤੁਹਾਨੂੰ
ਜਾਂ ਤੁਹਾਡੇ ਮਾਪਿਆਂ ਨੂੰ ਕੀ ਬਖ਼ਸ਼ਣਾ ਸੀ
ਇਨ੍ਹਾਂ ਤਾਂ ਬੱਚਿਆਂ ਦੀ ਚੁੰਘਣੀ ਵੀ ਖੋਹੀ
ਪਿਆਸਿਆਂ ਨੂੰ ਪਾਣੀ ਦੀ ਤਿੱਪ ਨਾ ਦਿੱਤੀ
ਤੇ ਤੁਹਾਡੇ ਹਮਦਰਦਾਂ ਨੂੰ ਵੀ ਨਾ ਬਖ਼ਸ਼ਿਆ।

ਬੱਚਿਓ!
ਇਹ ਗੋਲੀਆਂ ਚਲਾਉਣ ਵਾਲੇ ਤਾਂ
ਆਪਣੇ ਬੱਚਿਆਂ ਵਿੱਚੋਂ ਵੀ
ਤੁਹਾਡਾ ਅਕਸ ਕਦੇ ਨਹੀਂ ਦੇਖਦੇ
ਭਲਾ ਸਾਡੀ ਕੀ ਮੰਨਣਗੇ ?

ਬੱਚਿਓ!
ਜਦ ਕੋਈ ਬੇਕਿਰਕ ਹਾਕਮ
ਵਿੱਦਿਆ ਦਾ ਮੱਕਾ ਢਾਹੁੰਦਾ
ਹਸਪਤਾਲ ਨੂੰ ਰੋੜਿਆਂ ਦਾ ਢੇਰ ਬਣਾਉਂਦਾ
ਧਾਰਮਿਕ ਅਸਥਾਨ ਦੇ ਗੁੰਬਦ ਤੋੜਦਾ
ਜਾਂ ਕੁੱਖ ਵਿਚ ਪਲਦੇ ਬੱਚੇ ਕਤਲ ਕਰਦਾ
ਤਾਂ ਉਹ ਹੈਵਾਨ ਹੁੰਦਾ
ਤੇ ਹੈਵਾਨੀਅਤ ਕਦੇ ਵੀ ਇਨਸਾਨੀਅਤ ਨਹੀਂ ਹੁੰਦੀ।

ਕਬਰਾਂ 'ਤੇ ਬੈਠਿਓ ਬੱਚਿਓ!
ਇਹ ਮੁਮਕਿਨ ਤਾਂ ਨਹੀਂ
ਪਰ ਜੇ ਹੋ ਸਕੇ
ਤਾਂ ਤੁਸੀਂ ਸਰਘੀ ਦੀ ਕਿਰਨ
ਜਾਂ ਧਰਤ 'ਚ ਪੁੰਗਰਦੇ ਬੀਜ
ਜਾਂ ਫੁੱਟਦੀਆਂ ਲਗਰਾਂ
ਜਾਂ ਖਿੜਦੀਆਂ ਡੋਡੀਆਂ ਨੂੰ ਤੱਕਣਾ
ਸ਼ਾਇਦ ਤੁਹਾਡੇ ਸਾਹਾਂ ਨੂੰ ਕੁਝ ਰਾਹਤ ਮਿਲੇ।

ਬੱਚਿਓ!
ਬੰਬਾਰਾਂ ਦੇ ਬੱਚਿਆਂ ਨੂੰ
ਮੁਹੱਬਤ ਦਾ ਵਾਸਤਾ ਪਾਓ
ਅਗਰ ਮੌਤ ਵੰਡਣ ਵਾਲਿਆਂ ਦੇ ਮਨਾਂ 'ਚ
ਰਤਾ ਕੁ ਮੋਹ ਤੇ ਮਮਤਾ
ਜਿਊਂਦੀ ਤੇ ਜਾਗਦੀ ਹੋਈ
ਤਾਂ ਤੁਹਾਡਾ ਬਚਪਣਾ ਬਖ਼ਸ਼ ਦੇਣਗੇ।
ਤੇ ਫਿਰ ਤੁਸੀਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਿਓ।
ਪਰ ਹਾਲੇ ਤਾਂ ਬੱਚਿਓ!
ਸਾਨੂੰ ਮੁਆਫ਼ ਕਰਿਓ।

ਬੱਚਿਓ!
ਸਾਨੂੰ ਮੁਆਫ਼ ਕਰਨਾ
ਇਸ ਕੁਹਰਾਮ ਦੇ ਚਸ਼ਮਦੀਦ ਬਣੇ
ਅਸੀਂ ਗੁੰਮ ਸੁੰਮ ਹੋਏ
ਸਿਰਫ਼ ਅਖ਼ਬਾਰਾਂ ਪੜ੍ਹਨ
ਟੀਵੀ 'ਤੇ ਮੌਤਾਂ ਦੀ ਗਿਣਤੀ ਦੇਖਣ
ਤੇ ਰਸਾਲਿਆਂ ਵਿਚਲੀ ਕਰੁਣਾ ਦੇਖਣ ਤੀਕ ਸੀਮਤ ਰਹੇ।

ਬੱਚਿਓ!
ਸਾਨੂੰ ਮੁਆਫ਼ ਕਰਨਾ
ਅਸੀਂ ਸ਼ਾਂਤੀ ਵਾਰਤਾ ਦੇ ਮਖੌਟੇ ਹੇਠ
ਮਿਲ-ਬੈਠਣ ਦਾ ਢੌਂਗ ਰਚਦੇ
ਬੇਲੋੜੀਆਂ ਤੇ ਬੇਤੁਕੀਆਂ ਗੱਲਾਂ ਕਰਦੇ
ਘਰਾਂ ਨੂੰ ਵਾਪਸ ਮੁੜ ਆਉਂਦੇ
ਤੇ ਸੁਰੱਖਿਅਤ ਖੋਲ੍ਹਾਂ 'ਚ ਬੰਦ ਹੋ ਜਾਂਦੇ।

ਬੱਚਿਓ!
ਸਾਡੇ ਸਮਿਆਂ ਦੀ ਕਰੂਰਤਾ
ਜੋ ਤੁਸੀਂ ਪਿੰਡੇ ਹੰਢਾ ਰਹੇ ਹੋ
ਸ਼ਾਇਦ ਇਸ ਤਵਾਰੀਖ ਨੂੰ ਪੜ੍ਹ ਕੇ
ਸਮੇਂ ਦੇ ਹਾਕਮ
ਆਪਣੀਆਂ ਤਰਜੀਹਾਂ ਬਦਲ
ਤੁਹਾਡੇ ਮੱਥਿਆਂ 'ਤੇ ਮਰਨ-ਰੁੱਤ ਦੀ ਬਜਾਏ
ਤਕਦੀਰ ਦੀ ਕਲਾ-ਨੱਕਾਸ਼ੀ ਕਰ ਦੇਣ।

ਬੱਚਿਓ!
ਤੁਹਾਡੇ ਰੋਂਦੇ ਚਿਹਰੇ
ਲੀਰਾਂ ਹੋਈ ਤਕਦੀਰ
ਸਿਸਕੀਆਂ ਦੀ ਆਹਟ
ਤੇ ਮੁੱਖ 'ਤੇ ਪਲਿੱਤਣਾਂ
ਸਦਾ ਇੰਝ ਨਹੀਂ ਰਹਿਣਾ।
ਵਕਤ ਜ਼ਰੂਰ ਬਦਲਦਾ
ਤੇ ਬਦਲਦੇ ਵਕਤਾਂ ਵਿਚ
ਤਦਬੀਰਾਂ ਲਿਖਦੀਆਂ ਨੇ ਤਕਦੀਰਾਂ।

ਬੱਚਿਓ! ਤੁਸੀਂ ਵੱਡੇ ਹੋ ਕੇ
ਖ਼ੁਦ ਦੇ ਗਵਾਚੇ ਬਚਪਣੇ 'ਚੋਂ
ਆਪਣੇ ਬੱਚਿਆਂ ਦੇ ਬਚਪਣੇ ਲਈ
ਆਪ ਜਹਾਜ਼ ਜ਼ਰੂਰ ਉਡਾਇਓ
ਪਰ ਨਿਹੱਥਿਆਂ 'ਤੇ ਬੰਬ ਵਰ੍ਹਾਉਣ ਲਈ ਨਹੀਂ
ਸਗੋਂ ਰਸਦ ਢੋਣ ਜਾਂ ਸਵਾਰੀਆਂ ਵਾਲਾ ਹੋਵੇ।
ਸਿਪਾਹੀ ਬਣ ਕੇ ਮਜ਼ਲੂਮਾਂ ਦੇ ਰਾਖੇ ਬਣਿਓ
ਨਾ ਕਿ ਲਾਸ਼ਾਂ ਦੀ ਗਿਣਤੀ ਕਰਨ ਵਾਲੇ
ਅਜੇਹਾ ਨਾ ਹੋਵੇ ਕਿ
ਚਿੱਟੀਆਂ ਚੁੰਨੀਆਂ ਲਈ ਕੱਪੜਾ ਮੁੱਕ ਜਾਵੇ
ਤੇ ਕਬਰਾਂ ਲਈ ਕੋਈ ਥਾਂ ਨਾ ਬਚੇ।
ਕਦੇ ਵੀ ਜ਼ੁਰਮਾਂ ਦੀ ਤਸ਼ਬੀਹ ਨਾ ਬਣਿਓ
ਸਗੋਂ ਵੱਡੇ ਹੋਇਓ
ਤੇ ਵਡੱਪਣ ਵਾਲੇ ਕੰਮ ਕਰਿਓ
ਤੁਸੀਂ ਉਹ ਕੁਝ ਕਰਿਓ
ਜੋ ਅਸੀਂ ਨਹੀਂ ਕਰ ਸਕੇ।

ਬੱਚਿਓ!
ਨਾਨਾ/ਨਾਨੀ ਦੀਆਂ ਕਹਾਣੀਆਂ
ਮਾਪਿਆਂ ਦੀਆਂ ਸੁਮੱਤਾਂ
ਮਾਸਟਰਾਂ ਦੇ ਚਾਨਣ-ਚਿਰਾਗ਼
ਤੇ ਸਾਥੀਆਂ ਸੰਗ ਖੇਡਣ,
ਰੁੱਸਣ ਅਤੇ ਮਨਾਉਣ ਦੇ ਪਲ
ਤੁਹਾਥੋਂ ਜਬਰਨ ਖੋਹੇ ਗਏ
ਤੇ ਅਸੀਂ ਦੇਖਦੇ ਹੀ ਰਹਿ ਗਏ।
ਤੁਸੀਂ ਵੱਡੇ ਹੋ ਕੇ ਇਨ੍ਹਾਂ ਨੂੰ
ਅਗਲੀ ਪੀੜ੍ਹੀ ਦੀ ਝੋਲੀ 'ਚ ਧਰਨਾ
ਤਾਂ ਕਿ ਹਰ ਬੱਚਾ ਬਚਪਣਾ ਹੰਢਾਵੇ
ਤੇ ਚੁਲਬੁਲਾਪਣ ਦਾ ਗੀਤ ਬਣ ਜਾਵੇ।
ਉਹ ਮਸੂਮੀਅਤ ਦੇ ਰੰਗ 'ਚ ਰੰਗਿਆ
ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰੇ
ਨਵੇਂ ਸੁਪਨਿਆਂ ਦੀ ਨਿਸ਼ਾਨਦੇਹੀ ਕਰੇ
ਤੇ ਸੁੰਦਰ ਸੰਸਾਰ ਦੀ ਸਿਰਜਣਾ ਕਰੇ
ਜੋ ਸਭ ਦਾ ਹੋਵੇ
ਸਭ ਲਈ ਹੋਵੇ
ਤੇ ਸਭ ਦਾ ਖ਼ੈਰ-ਖ਼ਾਹ ਹੋਵੇ।

ਯਤੀਮ ਅਤੇ ਲਾਵਾਰਸ ਹੋ
ਥੇਹ 'ਤੇ ਬੈਠੇ ਬੱਚਿਓ!
ਬਰਬਾਦ-ਜੂਹੇ ਸੁਪਨੇ ਜ਼ਰੂਰ ਬੀਜਣਾ
ਕਿਉਂਕਿ ਸੁਪਨੇ ਕਦੇ ਵੀ ਬਾਂਝ ਨਹੀਂ ਹੁੰਦੇ।

ਬੱਚਿਓ!
ਮੈਂ ਇਹ ਮੁਆਫ਼ੀ ਨਾਮਾ
ਸੰਵੇਦਨਸ਼ੀਲ ਅੱਖ 'ਚ ਉੱਗੀ ਬੇਬਸੀ
ਸਿੰਮਦੇ ਹਰਫ਼ਾਂ ਦੀ ਪੀੜਾ
ਥਥਲਾਉਂਦੇ ਬੋਲਾਂ ਵਿਚਲੇ ਹੌਕਿਆਂ
ਪਿਘਲੇ ਮਨਾਂ ਦੀ ਹਮਦਰਦੀ
ਤੇ ਉਸਾਰੂ ਬਿਰਤੀ ਦੇ ਸੋਚਵਾਨਾਂ ਵੱਲੋਂ
ਤੁਹਾਨੂੰ ਭੇਂਟ ਕਰਦਾ ਹਾਂ।

ਬੱਚਿਓ!
ਸਾਨੂੰ ਮੁਆਫ਼ ਕਰਨਾ
ਸ਼ਾਇਦ ਮੇਰੇ ਹਰਫ਼ਾਂ ਦੀ ਹਾਅ
ਹਾਕਮ ਦੇ ਮਨ ਨੂੰ ਪਿਘਲਾ ਦੇਵੇ
ਤੇ ਤੁਸੀਂ ਇਸ ਪੀੜਤ ਪਲਾਂ ਨੂੰ ਉਲੰਘ
ਸੁੱਖਦ ਪਲਾਂ ਨੂੰ ਜੀਵੰਤ ਕਰ ਸਕੋ
ਪਰ ਹਾਲੇ ਤਾਂ ਸਾਨੂੰ ਮੁਆਫ਼ ਕਰਿਓ।

ਬੱਚਿਓ!
ਅਸੀਂ ਇੱਟਾਂ-ਪੱਥਰਾਂ ਦੇ ਨਗਰੀਂ
ਪੱਥਰ ਹੋ ਗਏ ਲੋਕ
ਵੇਦਨਾ 'ਚ ਪਿਘਲਣਾ ਹੀ ਭੁੱਲ ਗਏ
ਤਾਂ ਹੀ ਅਸੀਂ ਕੁਝ ਨਹੀਂ ਕਰ ਸਕੇ।

ਅਸੀਂ ਮੁਆਫ਼ੀ ਦੇ ਕਾਬਲ ਤਾਂ ਨਹੀਂ
ਪਰ ਸਾਨੂੰ ਮੁਆਫ਼ ਕਰਿਓ।
ਸਾਨੂੰ ਮੁਆਫ਼ ਕਰਿਓ!!!

**- ਡਾ. ਗੁਰਬਖ਼ਸ਼ ਸਿੰਘ ਭੰਡਾਲ**
001-216-556-2080

ਸਫ਼ਾ 1 ਦੀ ਬਾਕੀ

## ਕੱਟੜ ਧਾਰਮਿਕ ਤੇ ਰੂੜ੍ਹੀਵਾਦੀ...

ਹੱਥ ਚੁੱਕਿਆ ਤਾਂ ਇੱਕ ਪੁਲਸ ਵਾਲੇ ਨੇ ਉਸ ਦੀ ਕਮੀਜ਼ ਪਾੜ ਦਿੱਤੀ। ਫਿਰ ਅਹੂ ਦਰਿਆਈ ਨੇ ਖੁਦ ਹੀ ਆਪਣੇ ਕੱਪੜੇ ਉਤਾਰ ਸੁੱਟੇ ਅਤੇ ਪੈਂਟੀ-ਬ੍ਰਾ ਵਿੱਚ ਤੇਹਰਾਨ ਦੀਆਂ ਸੜਕਾਂ 'ਤੇ ਘੁੰਮਣ ਲੱਗੀ। ਬਾਅਦ ਵਿੱਚ ਪੁਲਸ ਨੇ ਉਸ ਦੀ ਬੇਰਹਿਮੀ ਨਾਲ ਮਾਰਕੁੱਟ ਕੀਤੀ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਉਸ ਦਾ ਕੀ ਹੋਇਆ, ਉਹ ਕਿੱਥੇ ਗਈ, ਇਸ ਦਾ ਖੁਲਾਸਾ ਈਰਾਨ ਦੀਆਂ ਅਖ਼ਬਾਰਾਂ ਨਹੀਂ ਕਰਦੀਆਂ। ਸੋਸ਼ਲ ਮੀਡੀਆ 'ਤੇ ਕੁੜੀ ਵੱਲੋਂ ਸਿਰਫ਼ ਪੈਂਟੀ-ਬ੍ਰਾ ਵਿੱਚ ਘੁੰਮਣ ਦੀਆਂ ਤਸਵੀਰਾਂ ਵਾਇਰਲ ਹੋਈਆਂ। ਸੋਸ਼ਲ ਮੀਡੀਆ ਦੀਆਂ ਕੁਝ ਰਿਪੋਰਟਾਂ ਦੇ ਚਸ਼ਮਦੀਦ ਗਵਾਹ ਕਹਿੰਦੇ ਹਨ ਕਿ ਉਸ ਕੁੜੀ ਨੂੰ ਬੇਰਹਿਮੀ ਨਾਲ ਕੁੱਟਣ ਤੋਂ ਬਾਅਦ ਮੋਰਲ ਪੁਲਸ ਨੇ ਕਿਹਾ ਕਿ ਉਸ ਦੀ ਇਸ ਹਰਕਤ ਦੇ ਕਾਰਨ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਤਾਂ ਜੁਆਬ ਵਿੱਚ ਅਹੂ ਦਰਿਆਈ ਬੋਲੀ ਕਿ, "ਮੈਂ ਸੁੱਤੇ ਹੋਏ ਈਰਾਨੀ ਲੋਕਾਂ ਨੂੰ ਜਗਾਉਣ ਲਈ ਆਪਣੀ ਕੁਰਬਾਨੀ ਦੇਣਾ ਚਾਹੁੰਦੀ ਹਾਂ ਕਿ ਲੋਕੋ ਉੱਠੋ ਅਤੇ ਇਸ ਤਾਨਾਸ਼ਾਹੀ ਸ਼ਾਸਨ ਨੂੰ ਉਖਾੜ ਸੁੱਟੋ।"

ਕਿਹਾ ਜਾ ਰਿਹਾ ਹੈ ਕਿ ਨਿਰਦੈਤਾ ਨਾਲ ਪਿਟਾਈ ਕਰਨ ਤੋਂ ਬਾਅਦ ਅਹੂ ਦਰਿਆਈ ਦਾ ਰੇਪ ਕਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਹੈ। ਲੋਕ ਅੰਦਰ ਹੀ ਅੰਦਰ ਸੁਲਘ ਰਹੇ ਹਨ ਅਤੇ ਕਦੇ ਵੀ ਬਗਾਵਤ ਹੋ ਸਕਦੀ ਹੈ।

ਸ਼ੀਰੀਨ ਏਬਾਦੀ 2009 ਤੋਂ ਆਪਣੇ ਦੇਸ਼ ਈਰਾਨ ਤੋਂ ਬੇਦਖ਼ਲ ਹੋ ਕੇ ਬ੍ਰਿਟੇਨ ਵਿੱਚ ਰਹਿ ਰਹੀ ਹੈ। ਉਹ ਇੱਕ ਵਕੀਲ, ਸਾਬਕਾ ਜੱਜ ਅਤੇ ਮਨੁੱਖੀ ਅਧਿਕਾਰ ਕਾਰਜ ਕਰਤਾ ਹੈ। ਉਸ ਨੇ ਈਰਾਨੀ ਔਰਤਾਂ ਦੇ ਅਧਿਕਾਰਾਂ ਲਈ ਲੰਮੀ ਲੜਾਈ ਲੜੀ। 2003 ਵਿੱਚ ਸ਼ੀਰੀਨ ਏਬਾਦੀ ਨੂੰ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ, ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਲਈ ਕੀਤੇ ਕੰਮਾਂ ਲਈ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਉਹ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਈਰਾਨੀ ਅਤੇ ਪਹਿਲੀ ਮੁਸਲਿਮ ਔਰਤ ਹੈ। ਉਸ ਦੀ ਨਿਰਵਾਸਿਤ ਜ਼ਿੰਦਗੀ ਇੱਕ ਅਜਿਹਾ ਖ਼ੂੰਖਾਰ ਚਿਹਰਾ ਸਾਹਮਣੇ ਲਿਆਉਂਦੀ ਹੈ, ਜੋ ਮਨੁੱਖਤਾ ਨੂੰ ਸ਼ਰਮਸਾਰ ਕਰਦਾ ਹੈ। ਸ਼ੀਰੀਨ ਏਬਾਦੀ ਨੇ ਆਪਣੀਆਂ ਕਈ ਕਿਤਾਬਾਂ ਵਿੱਚ ਖੁਲਾਸਾ ਕੀਤਾ ਹੈ ਕਿ ਧਾਰਮਿਕ ਕੱਟੜਤਾ ਅਤੇ ਰੂੜ੍ਹੀਵਾਦਿਤਾ ਨਾਲ ਗ੍ਰਸਤ ਸਰਕਾਰਾਂ ਆਪਣੀ ਜ਼ਿੱਦ ਪੂਰੀ ਕਰਨ ਲਈ ਲੋਕਾਂ ਤੇ ਕਿਸ ਤਰ੍ਹਾਂ ਨਾਲ ਤਸ਼ੱਦਦ ਕਰਦੀਆਂ ਹਨ, ਖਾਸ ਕਰਕੇ ਔਰਤਾਂ 'ਤੇ। ਕਈ ਸਾਲਾਂ ਤੀਕ ਏਬਾਦੀ ਦੇ ਪਤੀ, ਉਸ ਦੀਆਂ ਬੇਟੀਆਂ ਅਤੇ ਭੈਣ ਨੂੰ ਨਿਸ਼ਾਨਾ ਬਣਾਇਆ ਗਿਆ। ਉਸ ਦੇ ਪਤੀ ਨੂੰ ਇੱਕ ਦਿਨ ਅਚਾਨਕ ਗਾਇਬ ਕਰ ਦਿੱਤਾ ਗਿਆ। ਬਾਅਦ ਵਿੱਚ ਪੁਲਸ ਨੇ ਉਸ ਨੂੰ ਸ਼ਰਾਬ, ਸੈਕਸ ਅਤੇ ਵਿਭਚਾਰ ਦੇ ਮਾਮਲੇ ਵਿੱਚ ਫਸਾ ਕੇ ਅਦਾਲਤ ਵਿੱਚ ਪੇਸ਼ ਕੀਤਾ। ਅਖੀਰ ਉਸ ਨੂੰ ਜੇਲ੍ਹ ਵਿੱਚ ਕੋੜੇ ਮਾਰੇ ਗਏ, ਵਿਭਚਾਰ ਦਾ ਦੋਸ਼ੀ ਠਹਿਰਾਇਆ ਗਿਆ ਤੇ ਕੋਰਟ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ, ਪਰ ਉਹ ਇੱਕ ਸੌਦਾ ਕਰਕੇ ਮੌਤ ਤੋਂ ਬਚ ਗਿਆ। ਆਪਣੀ ਆਜ਼ਾਦੀ ਲਈ ਏਬਾਦੀ ਦੇ ਪਤੀ ਨੂੰ ਜਨਤਕ ਰੂਪ ਨਾਲ ਉਸ ਦੀ ਨਿੰਦਾ ਕਰਨੀ ਪਈ ਅਤੇ ਕਹਿਣਾ ਪਿਆ ਕਿ ਸ਼ੀਰੀਨ ਏਬਾਦੀ ਨੋਬਲ ਪੁਰਸਕਾਰ ਦੀ ਹੱਕਦਾਰ ਨਹੀਂ ਸੀ। ਉਸ ਨੂੰ ਪੁਰਸਕਾਰ ਇਸ ਲਈ ਦਿੱਤਾ ਗਿਆ ਕਿ ਉਹ ਮੁਸਲਿਮ ਗਣਰਾਜ ਨੂੰ ਗਿਰਾਉਣ ਵਿੱਚ ਸਹਾਇਤਾ ਕਰ ਸਕੇ। ਉਹ ਪੱਛਮ, ਖਾਸ ਤੌਰ 'ਤੇ ਅਮਰੀਕਾ ਦੀ ਸਮਰੱਥਕ ਹੈ।

ਏਬਾਦੀ ਲਿਖਦੀ ਹੈ ਕਿ ਮੈਂ ਆਪਣੀ ਕਹਾਣੀ ਇਸ ਲਈ ਖੁੱਲ੍ਹ ਕੇ ਦੱਸੀ, ਕਿਉਂਕਿ ਮੈਂ ਵਿਖਾਉਣਾ ਚਾਹੁੰਦੀ ਸਾਂ ਕਿ ਈਰਾਨ ਸਰਕਾਰ ਕੀ ਕੁਝ ਕਰ ਸਕਦੀ ਹੈ। ਇੱਕ ਅਜਿਹੀ ਸਰਕਾਰ, ਜੋ ਮੇਰੇ ਵਾਲ ਵਿਖਾਈ ਦੇਣ 'ਤੇ ਮੈਨੂੰ ਸੜਕ 'ਤੇ ਕੋੜੇ ਮਾਰ ਸਕਦੀ ਹੈ ਅਤੇ ਇਸਲਾਮ ਦੇ ਨਾਂਅ 'ਤੇ ਰਾਜਨੀਤੀ ਦੇ ਲਈ ਇੱਕ ਸੈਕਸ ਵਰਕਰ ਨੂੰ ਕੰਮ 'ਤੇ ਰੱਖਦੀ ਹੈ।

ਈਰਾਨ ਦੀ ਸ਼ੀਰੀਨ ਏਬਾਦੀ ਹੋਵੇ ਜਾਂ ਨਰਗਿਸ ਮੁਹੰਮਦੀ, ਪਾਕਿਸਤਾਨ ਦੀ ਮਲਾਲਾ ਯੂਸਫਜ਼ਈ ਜਾਂ ਬੰਗਲਾਦੇਸ਼ ਦੀ ਨਿਰਵਾਸਿਤ ਲੇਖਿਕਾ ਤਸਲੀਮਾ ਨਸਰੀਨ, ਇਹ ਸਾਰੀਆਂ ਧਾਰਮਿਕ ਕੱਟੜਤਾਵਾਦ ਨੂੰ ਉਜਾਗਰ ਕਰਨ ਵਾਲੀਆਂ ਔਰਤਾਂ ਹਨ।

ਦੁਨੀਆ ਵਿੱਚ ਪੰਜਾਹ ਤੋਂ ਜ਼ਿਆਦਾ ਮੁਸਲਿਮ ਦੇਸ਼ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਦੇਸ਼ਾਂ ਦੀਆਂ ਔਰਤਾਂ ਦੀ ਹਾਲਤ ਤਰਸਯੋਗ ਹੈ। ਈਰਾਨ, ਇਰਾਕ ਹੋਵੇ ਜਾਂ ਸੀਰੀਆ, ਅਫ਼ਗਾਨਿਸਤਾਨ, ਹਰ ਦੇਸ਼ ਵਿੱਚ ਔਰਤਾਂ ਨੂੰ ਹਿਜਾਬ ਪਹਿਨਣ, ਮਰਦਾਂ ਦੀਆਂ ਸਰੀਰਕ ਇੱਛਾਵਾਂ ਨੂੰ ਪੂਰਾ ਕਰਨ ਤੇ ਉਨ੍ਹਾਂ ਦੇ ਘਰ ਪਰਵਾਰ ਦੀ ਸੰਭਾਲ ਲਈ ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾਂਦਾ ਹੈ, ਉਨ੍ਹਾਂ 'ਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਥੋਪੀਆਂ ਗਈਆਂ ਹਨ। ਮੱਧ ਅਫ਼ਰੀਕੀ ਗਣਰਾਜ ਵਿੱਚ 61 ਫ਼ੀਸਦੀ ਔਰਤਾਂ ਦੀ ਹਾਲਤ ਬਹੁਤ ਬੁਰੀ ਹੈ। ਇੱਥੇ ਜ਼ਿਆਦਾਤਰ ਔਰਤਾਂ ਦਾ ਨਿਕਾਹ ਚੌਂਦਾਂ ਸਾਲ ਦੀ ਉਮਰ ਵਿੱਚ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੱਖਣ ਅਫ਼ਰੀਕੀ ਦੇਸ਼ ਸੋਮਾਲੀਆ ਵਿੱਚ ਵੀ ਸਿਰਫ਼ ਦੋ ਫੀਸਦੀ ਔਰਤਾਂ ਹੀ ਆਧੁਨਿਕ ਸੁੱਖ-ਸਹੂਲਤਾਂ ਦਾ ਲਾਭ ਉਠਾ ਸਕਦੀਆਂ ਹਨ। ਸੋਮਾਲੀਆ ਦੀਆਂ ਔਰਤਾਂ ਦੀ ਮੌਤ ਦਰ ਵੀ ਕਾਫ਼ੀ ਉੱਚੀ ਹੈ। ਹਾਲਤ ਇਹ ਹੈ ਕਿ ਉੱਥੇ ਜੇਕਰ ਇੱਕ ਲੱਖ ਬੱਚਿਆਂ ਦਾ ਜਨਮ ਹੁੰਦਾ ਹੈ ਤਾਂ ਉਨ੍ਹਾਂ ਵਿੱਚੋਂ 829 ਔਰਤਾਂ ਮਾਰ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਚਾਡ ਵਿੱਚ ਵੀ ਸਿਰਫ਼ 16 ਸਾਲ ਦੀ ਉਮਰ ਵਿੱਚ ਕੁੜੀਆਂ ਦਾ ਨਿਕਾਹ ਕਰ ਦਿੱਤਾ ਜਾਂਦਾ ਹੈ। ਉੱਥੇ ਹਾਲਤ ਇੰਨੀ ਬਦਤਰ ਹੈ ਕਿ ਪ੍ਰਤੀ ਇੱਕ ਲੱਖ ਬੱਚਿਆਂ ਦੇ ਜਨਮ 'ਤੇ 1,140 ਔਰਤਾਂ ਦੀ ਮੌਤ ਹੋ ਜਾਂਦੀ ਹੈ। ਸੀਰੀਆ ਵਿੱਚ ਵੀ ਸਥਿਤੀ ਬਹੁਤ ਖਰਾਬ ਹੈ, ਉੱਥੇ ਇੱਕ ਲੱਖ ਔਰਤਾਂ ਦੀ ਮੌਤ ਵਿੱਚੋਂ 75 ਔਰਤਾਂ ਦੀ ਮੌਤ ਹਿੰਸਾ ਦੇ ਕਾਰਨ ਹੁੰਦੀ ਹੈ। ਔਰਤਾਂ ਦੇ ਨਾਲ ਯੌਨ ਹਿੰਸਾ ਆਮ ਗੱਲ ਹੈ। ਉੱਥੇ ਨਵੀਂ ਕ੍ਰਾਂਤੀ ਦੇ ਬਾਅਦ ਕੁਝ ਬਦਲੇਗਾ, ਇਸ ਦੀ ਉਮੀਦ ਨਹੀਂ। ਕਾਂਗੋ ਵੀ ਅਫ਼ਰੀਕਾ ਮਹਾਂਦੀਪ ਦਾ ਜਮਹੂਰੀ ਗਣਰਾਜ ਹੈ, ਉੱਥੇ 51 ਫ਼ੀਸਦੀ ਮੁਸਲਮਾਨ ਔਰਤਾਂ 'ਤੇ ਮਰਦਾਂ ਰਾਹੀਂ ਤਸ਼ੱਦਦ ਕੀਤਾ ਜਾਂਦਾ ਹੈ। ਗ੍ਰਹਿ ਯੁੱਧ ਨਾਲ ਨਿਬੜ ਰਹੇ ਸੂਡਾਨ ਦੀ ਹਾਲਤ ਕਾਫ਼ੀ ਖਰਾਬ ਹੈ। ਇਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਔਰਤਾਂ 'ਤੇ ਪਿਆ ਹੈ। ਗਰੀਬੀ ਅਤੇ ਭੁੱਖਮਰੀ ਨਾਲ ਜੂਝ ਰਹੀਆਂ ਔਰਤਾਂ ਨੂੰ ਖਾਣੇ ਲਈ ਬਲਾਤਕਾਰ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਦੇਸ਼ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਖਾਧ-ਅਸੁਰੱਖਿਆ ਦਾ ਸਾਹਮਣਾ ਕਰ ਰਹੀ ਹੈ। ਇੱਥੋਂ ਦੀ ਲੱਗਭੱਗ 91 ਫ਼ੀਸਦੀ ਆਬਾਦੀ ਮੁਸਲਮਾਨ ਹੈ। ਮਰਦ ਕੱਟੜਤਾਵਾਦ ਦੇ ਸਮਰਥਕ ਹਨ ਅਤੇ ਔਰਤਾਂ ਤੇ ਹਾਵੀ ਰਹਿੰਦੇ ਹਨ। ਇੱਥੇ ਔਰਤਾਂ ਦੀ ਸਾਖਰਤਾ ਦਰ ਵੀ ਦੁਨੀਆ ਵਿੱਚ ਸਭ ਤੋਂ ਘੱਟ ਹੈ, ਸਿਰਫ਼ ਅੱਠ ਫ਼ੀਸਦੀ ਔਰਤਾਂ ਹੀ ਸਾਖਰ ਹਨ। ਜ਼ਿਆਦਾ ਆਬਾਦੀ ਖਾਧ ਅਸੁਰੱਖਿਆ ਦਾ ਸਾਹਮਣਾ ਕਰ ਰਹੀ ਹੈ। 1923 ਵਿੱਚ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਔਰਤਾਂ ਨਾਲ ਵੱਡੇ ਪੱਧਰ 'ਤੇ ਬਲਾਤਕਾਰ ਦੀਆਂ ਖ਼ਬਰਾਂ ਆਉਣ ਲੱਗੀਆਂ।

ਇਸੇ ਤਰ੍ਹਾਂ ਤੁਰਕੀ ਵਿੱਚ ਵੀ ਔਰਤਾਂ ਦੀ ਹਾਲਤ ਬਹੁਤ ਤਰਸਯੋਗ ਹੈ। ਇਸਤਾਂਬੁਲ ਦੀ ਬਿਊਟੀਸ਼ੀਅਨ ਏਮੀਨ ਡਿਰਿਕਨ ਦੇ ਪਤੀ ਨੂੰ ਇਹ ਪਸੰਦ ਨਹੀਂ ਸੀ ਕਿ ਉਹ ਲੋਕਾਂ ਨੂੰ ਮਿਲੇ-ਜੁਲੇ ਜਾਂ ਇਕੱਲੀ ਘਰ ਤੋਂ ਬਾਹਰ ਨਿਕਲੇ। ਜਦੋਂ ਵੀ ਏਮੀਨ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਉਹ ਬੁਰੀ ਤਰ੍ਹਾਂ ਭੜਕ ਗਿਆ। ਏਮੀਨ ਨੇ ਆਪਣੇ ਮਾਤਾ-ਪਿਤਾ ਨੂੰ ਦੱਸਿਆ, 'ਉਸ ਨੇ ਮੈਨੂੰ ਬੰਨ੍ਹ ਦਿੱਤਾ, ਮੇਰੇ ਹੱਥ-ਪੈਰ ਪਿੱਛੇ ਬੰਨ੍ਹ ਦਿੱਤੇ ਅਤੇ ਬੈਲਟ ਨਾਲ ਮਾਰਿਆ ਅਤੇ ਕਿਹਾ ਕਿ ਤੂੰ ਮੇਰੇ ਕਹੇ ਅਨੁਸਾਰ ਹੀ ਚੱਲੇਂਗੀ। ਅਖੀਰ ਏਮੀਨ ਪਤੀ ਦੀ ਹਿੰਸਾ ਤੋਂ ਪ੍ਰੇਸ਼ਾਨ ਹੋ ਕੇ ਆਪਣੇ ਮਾਤਾ-ਪਿਤਾ ਨਾਲ ਰਹਿਣ ਲੱਗੀ। ਇੱਕ ਦਿਨ ਉਸ ਦਾ ਪਤੀ ਉੱਥੇ ਆ ਕੇ ਉੱਚੀ ਸਾਰੀ ਬੋਲਿਆ ਕਿ ਉਹ ਬਦਲ ਗਿਆ ਹੈ। ਜਦੋਂ ਏਮੀਨ ਨੇ ਉਸ 'ਤੇ ਭਰੋਸਾ ਕਰਕੇ ਘਰ ਵਿੱਚ ਆਉਣ ਦਿੱਤਾ। ਉਹ ਸਿੱਧਾ ਰਸੋਈ ਵਿੱਚ ਗਿਆ, ਜਿੱਥੇ ਏਮੀਨ ਦੀ ਮਾਂ ਕੰਮ ਕਰ ਰਹੀ ਸੀ। ਉਸ ਨੇ ਉਸ ਦੇ ਵਾਲ ਫੜ ਕੇ ਉਸ ਨੂੰ ਫਰਸ਼ 'ਤੇ ਸੁੱਟ ਦਿੱਤਾ ਅਤੇ ਏਮੀਨ 'ਤੇ ਗੋਲੀ ਚਲਾ ਦਿੱਤੀ। ਫਿਰ ਉਹ ਬੰਦੂਕ ਫੜੀ ਏਮੀਨ ਦੀ ਮਾਂ ਵੱਲ ਪਲਟਿਆ, ਟ੍ਰਿਗਰ ਦਬਾਇਆ, ਪਰ ਗੋਲੀ ਫਸ ਗਈ। ਉਸ ਨੇ ਖਿਝ ਕੇ ਉਸ ਦੇ ਸਿਰ 'ਤੇ ਬੰਦੂਕ ਦੇ ਪਿਛਲੇ ਹਿੱਸੇ ਨਾਲ ਵਾਰ ਕੀਤਾ। ਬਹੁਤ ਖ਼ੂਨ ਵਹਿ ਜਾਣ ਕਾਰਨ ਏਮੀਨ ਦੀ ਮੌਤ ਹੋ ਗਈ। ਆਖਰੀ ਵਕਤ ਆਪਣੇ ਪਿਤਾ ਦੀਆਂ ਬਾਹਵਾਂ ਵਿੱਚ ਰੋਂਦਿਆਂ ਹੋਇਆਂ ਉਹ ਕਹਿ ਰਹੀ ਸੀ, 'ਮੈਂ ਮਰਨਾ ਨਹੀਂ ਚਾਹੁੰਦੀ।' ਇਹ ਸਿਰਫ਼ ਏਮੀਨ ਦੀ ਕਹਾਣੀ ਨਹੀਂ ਹੈ। ਤੁਰਕੀ ਦੀਆਂ ਜ਼ਿਆਦਾਤਰ ਔਰਤਾਂ ਬਲਾਤਕਾਰ ਅਤੇ ਆਨਰ-ਕਿਲਿੰਗ ਦੀਆਂ ਸ਼ਿਕਾਰ ਹਨ, ਖਾਸ ਤੌਰ 'ਤੇ ਕੁਰਦਿਸਤਾਨ ਵਿੱਚ। ਬੁੱਧੀਜੀਵੀਆਂ ਅਤੇ ਏਜੰਸੀਆਂ ਦੁਆਰਾ ਕੀਤੀ ਗਈ ਜਾਂਚ ਤੋਂ ਪਤਾ ਚਲਦਾ ਹੈ ਕਿ ਤੁਰਕੀ ਦੇ ਲੋਕਾਂ ਦੇ ਨਾਲ-ਨਾਲ ਔਰਤਾਂ ਨਾਲ ਵੀ ਵਿਆਪਕ ਪੱਧਰ 'ਤੇ ਹਿੰਸਾ ਹੁੰਦੀ ਹੈ। ਤੁਰਕੀ ਦੀਆਂ 40 ਫ਼ੀਸਦੀ ਔਰਤਾਂ ਨੂੰ ਸਰੀਰਕ ਯੌਨ ਹਿੰਸਾ ਦਾ ਤਜਰਬਾ ਹੋਇਆ ਹੈ। ਉਨ੍ਹਾਂ ਨੂੰ ਰੁਜ਼ਗਾਰ ਅਤੇ ਹੋਰ ਖੇਤਰਾਂ ਵਿੱਚ ਕਾਫ਼ੀ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਰਕੀ ਵਿੱਚ ਮਹਿਲਾ ਹੱਤਿਆ ਦੇ ਅਧਿਕਾਰਕ ਅੰਕੜੇ ਨਹੀਂ ਰੱਖੇ ਜਾਂਦੇ ਅਤੇ ਇਸ ਬਾਰੇ ਕੋਈ ਨਿਯਮਿਤ ਡੇਟਾ ਵੀ ਜਾਰੀ ਨਹੀਂ ਕੀਤੇ ਜਾਂਦੇ। ਜ਼ਿਆਦਾਤਰ ਅੰਕੜੇ ਗੈਰ ਸਰਕਾਰੀ ਮਨੁੱਖੀ ਅਧਿਕਾਰ ਸੰਗਠਨਾਂ ਤੋਂ ਪ੍ਰਾਪਤ ਹੁੰਦੇ ਹਨ।

ਹੋਰ ਮੁਸਲਿਮ ਦੇਸ਼ਾਂ ਵਿੱਚ ਵੀ ਇਹੀ ਕਹਾਣੀ ਦੁਹਰਾਈ ਜਾਂਦੀ ਹੈ, ਕਿਤੇ ਘੱਟ, ਕਿਤੇ ਜ਼ਿਆਦਾ, ਖਾੜੀ ਦੇ ਦੇਸ਼ਾਂ ਵਿੱਚ ਜ਼ਿਆਦਾ ਤੇਲ ਹੋਣ ਕਾਰਨ ਉੱਥੋਂ ਦੀਆਂ ਔਰਤਾਂ ਰਹਿੰਦੀਆਂ ਤਾਂ ਸ਼ਾਨ ਨਾਲ ਹਨ, ਪਰ ਉਨ੍ਹਾਂ ਦੇ ਅਧਿਕਾਰ ਘੱਟ ਹਨ। ਇਹ ਮਸਲਾ ਇੰਨਾ ਵੱਡਾ ਹੈ ਕਿ ਇਸ 'ਤੇ ਕਿਤਾਬਾਂ ਲਿਖੀਆਂ ਗਈਆਂ ਹਨ। ਇੱਥੇ ਤਾਂ ਸਿਰਫ਼ ਇੱਕ ਝਲਕ ਵਿਖਾਈ ਗਈ ਹੈ।

**# ਸੰਪਰਕ : 75088-21500**

ਸਫ਼ਾ 3 ਦੀ ਬਾਕੀ

## ਕਿਸਾਨੀ ਖੁਦਕੁਸ਼ੀਆਂ ...

ਕਾਲੀ ਰਾਹੀਂ ਉਸ ਨੂੰ ਭਰਮਾ ਲੈਂਦਾ ਹੈ ਤੇ ਉਸ ਨੂੰ ਭੋਇੰ ਮਾਲਕ ਕਿਸਾਨ ਤੋਂ ਭੋਇੰ ਹੀਣ ਮਜ਼ਦੂਰ ਬਣਾ ਕੇ ਹੀ ਦਮ ਲੈਂਦਾ ਹੈ। ਉਹ ਆਤਮ-ਹੱਤਿਆ ਵੱਲ ਆਪਣਾ ਅੰਤਮ ਕਦਮ ਉਦੋਂ ਚੁੱਕਦਾ ਹੈ, ਜਦੋ ਉਸ ਦੀ ਧੀ ਨੂੰ ਕੈਨੇਡਾ ਵਿਚ ਕੰਮ ਨਹੀਂ ਮਿਲਦਾ। ਸਾਰੀ ਜ਼ਮੀਨ ਵਿਕ ਜਾਣ ਕਾਰਨ ਉਹ ਧੀ ਦੀ ਮਦਦ ਕਰਨ ਦੇ ਮਾਮਲੇ ਵਿਚ ਆਪਣੇ ਆਪ ਨੂੰ ਬੇਵੱਸ ਪਾਉਂਦਾ ਹੈ ਤਾਂ ਵਧਿਆ ਤਣਾਅ ਉਸ ਨੂੰ ਗਲ ਵਿਚ ਫਾਹਾ ਪਾ ਕੇ ਮਰਨ ਲਈ ਮਜਬੂਰ ਕਰ ਦਿੰਦਾ ਹੈ।

ਨਾਵਲ ਪੜ੍ਹਣ ਤੋਂ ਬਾਅਦ ਇਹ ਸੁਆਲ ਮੇਰੇ ਮਨ ਵਿਚ ਵਾਰ-ਵਾਰ ਉੱਠਦਾ ਹੈ ਕਿ ਕੀ ਆਰਥਿਕ ਸੰਕਟ ਗਹਿਰਾਅ ਜਾਣ 'ਤੇ ਕਿਸਾਨ ਨੂੰ ਜਿਉਂਦਾ ਰੱਖ ਸਕਦੇ ਸਾਰੇ ਰਾਹ ਬੰਦ ਹੋ ਜਾਂਦੇ ਹਨ ? ਜੇ ਸਾਡਾ ਲੇਖਕ ਵਰਗ ਇਸ ਵਰਤਾਰੇ ਨੂੰ ਸਮੇਂ ਦਾ ਯਥਾਰਥ ਮੰਨ ਕੇ ਇਸ ਨੂੰ ਵਾਰ-ਵਾਰ ਦੁਹਰਾਉਂਦਾ ਹੈ ਤਾਂ ਇਸ ਨਾਲ ਤਾਂ ਸਗੋਂ ਆਰਥਿਕ ਸੰਕਟ ਵਿੱਚ ਫਸੀ ਕਿਸਾਨੀ ਅੰਦਰ ਹੋਰ ਵੀ ਨਿਰਾਸ਼ਾ ਪੈਦਾ ਹੋਵੇਗੀ। ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਜ਼ਮੀਨਾਂ ਦੀਆਂ ਕੁਰਕੀਆਂ ਰੋਕਣ ਲਈ ਕੀਤੇ ਜਾਣ ਵਾਲੇ ਸੰਘਰਸ਼ ਦਾ ਵਿਕਲਪ ਤਾਂ ਸਾਡੇ ਸਾਰਿਆਂ ਦੇ ਸਾਹਮਣੇ ਹੈ ਤੇ ਇਹ ਵਿਕਲਪ ਬਹੁਤ ਸਾਰੇ ਕਿਸਾਨਾਂ ਨੂੰ ਆਤਮ-ਹੱਤਿਆ ਦੀ ਬਜਾਏ ਸੰਘਰਸ਼ ਨਾਲ ਜੋੜਣ ਵਿਚ ਸਫ਼ਲ ਵੀ ਹੋਇਆ ਹੈ, ਪਰ ਇਹ ਨਾਵਲ ਨਾ ਤਾਂ ਕਿਤੇ ਕਿਸਾਨੀ ਏਕੇ ਦੀ ਗੱਲ ਕਰਦਾ ਹੈ ਤੇ ਨਾ ਹੀ ਕਿਸਾਨੀ ਹਿੱਤਾਂ ਲਈ ਸਮੂਹਿਕ ਤੇ ਸੰਗਠਿਤ ਯਤਨ ਕੀਤੇ ਜਾਣ ਦੀ ਲੋੜ ਨੂੰ ਉਭਾਰਦਾ ਹੈ। ਇਹ ਨਾਵਲ ਕਿਸਾਨੀ ਆਤਮਘਾਤ ਦੇ ਵਧ ਰਹੇ ਰੁਝਾਨ ਬਾਰੇ ਸੰਵਾਦਕ ਚਰਚਾ ਛੇੜਦਾ ਹੈ, ਪਰ ਇਸ ਚਰਚਾ ਨੂੰ ਕੋਈ ਦਿਸ਼ਾ ਨਹੀਂ ਦਿੰਦਾ।

ਨਾਵਲ ਵਿਚਲਾ ਕਹਾਣੀ ਰਸ ਇਸ ਦੀ ਪਾਠ-ਯੋਗਤਾ ਨੂੰ ਵਧਾਉਣ ਵਾਲਾ ਹੈ।ਨਾਵਲ ਦੇ ਪਾਤਰਾਂ ਦਾ ਆਪਸੀ ਸੰਵਾਦ ਉਹਨਾਂ ਦੇ ਅੰਤਰ ਮਨ ਦੀਆਂ ਗੱਲਾਂ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਮਦਦਗਾਰ ਸਾਬਤ ਹੁੰਦਾ ਹੈ। ਲੇਖਕ ਕੋਲ ਠੇਠ ਮਲਵਈ ਮੁਹਾਵਰੇ ਵਾਲੀ ਠੁੱਕਦਾਰ ਭਾਸ਼ਾ ਹੈ, ਜਿਸ ਦੇ ਜ਼ਰੀਏ ਉਹ ਨਾਵਲ ਦੇ ਪਾਠ ਵਿਚਲੇ ਸੁਹਜ-ਸੁਆਦ ਨੂੰ ਵਧਾਉਣ ਵਿਚ ਸਫ਼ਲ ਰਿਹਾ ਹੈ। ਮੈਂ ਇਸ ਬਾ-ਮਕਸਦ ਨਾਵਲ ਦਾ ਹਾਰਦਿਕ ਸਵਾਗਤ ਕਰਦਾ ਹਾਂ।

**ਮੋਬਾਇਲ- 89692-82700**

## ਮਿੰਨੀ ਕਹਾਣੀ

## ਟੁਕੜੇ-ਟੁਕੜੇ ਭਾਰਤ

ਦੇਸ਼ ਦੀ ਆਜ਼ਾਦੀ ਦੀ ਪੌਣੀ ਸਦੀ ਦਾ ਵਰ੍ਹਾ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਲੇਖ਼ਕ ਤੇ ਬੁੱਧੀਜੀਵੀ ਇਸ ਦਾ ਲੇਖਾ-ਜੋਖ਼ਾ ਕਰ ਰਹੇ ਹਨ। ਪ੍ਰਗਤੀਸ਼ੀਲ ਲੇਖ਼ਕ ਸੰਘ ਵੱਲੋਂ ਕਲਕੱਤੇ ਵਿਖੇ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਮੈਨੂੰ 'ਭਾਰਤ ਦੀ ਏਕਤਾ ਤੇ ਅਨੇਕਤਾ' ਵਿਸ਼ੇ ਉਪਰ ਕੂੰਜੀਵਤ ਭਾਸ਼ਨ ਦੇਣ ਲਈ ਸੱਦਾ ਦਿੱਤਾ ਹੋਇਆ ਹੈ। ਰੇਲ ਵਿਚ ਬੈਠਾ ਮੈਂ ਇੱਕ ਵਾਰੀ ਪਿਛਲੇ 75 ਸਾਲਾਂ ਦੀਆਂ ਪ੍ਰਾਪਤੀਆਂ ਤੇ ਸਮੱਸਿਆਵਾਂ ਨੂੰ ਦੁਹਰਾ ਰਿਹਾ ਹਾਂ। ਮੈਨੂੰ ਸਮੱਸਿਆਵਾਂ ਨੇ ਘੇਰ ਲਿਆ ਹੈ। ਕਸ਼ਮੀਰ ਤੇ ਨਾਗਾਲੈਂਡ ਦੀ ਸਮੱਸਿਆ ਜਿਉਂ ਦੀ ਤਿਉਂ ਹੈ। ਅਸਾਮ, ਬੋਡੋਲੈਂਡ, ਮਨੀਪੁਰ, ਝਾਰਖੰਡ ਵਗੈਰਾ ਇਲਾਕਿਆਂ ਦੇ ਲੋਕ ਨਿਆਂ, ਸਮਾਜਿਕ ਤੇ ਆਰਥਿਕ ਆਜ਼ਾਦੀ ਲਈ ਤਾਂਘ ਰਹੇ ਹਨ। ਪਿਛਲੇ ਕੁੱਝ ਸਾਲਾਂ ਤੋਂ ਕਾਰਪੋਰੇਟ ਜਗਤ ਇਜਾਰੇਦਾਰੀ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਰਾਜਾਂ ਦੇ ਅਧਿਕਾਰਾਂ ਦੇ ਖੰਭ ਕੁਤਰਨ ਤੇ ਕੇਂਦਰੀਕਰਨ ਦਾ ਤੇਜ਼ ਅਮਲ ਰਾਜਾਂ ਨੂੰ ਕੇਂਦਰ ਵੱਲ ਮੰਗਤਿਆਂ ਵੱਲ ਹੱਥ ਅੱਡਣ ਦੀ ਮਜਬੂਰੀ ਸੰਘਵਾਦ ਦੇ ਵਿਗਠਣ ਦਾ ਵੱਡਾ ਕਾਰਨ ਬਣ ਸਕਦਾ ਹੈ। ਕੇਂਦਰ ਦੀਆਂ ਲੋਕ ਵਿਰੋਧੀ ਕਾਨੂੰਨਾਂ ਦੀਆਂ ਸ਼ਕਤੀਆਂ ਨਾਗਰਿਕਾਂ ਦੀ ਆਵਾਜ਼ ਬੰਦ ਕਰਨ ਤੇ ਅਸੰਤੋਸ਼, ਡਰ ਤੇ ਦਹਿਸ਼ਤ ਦਾ ਮਾਹੌਲ ਸਿਰਜਣ ਲਈ ਕਾਰਜਸ਼ੀਲ ਜਾਪਦੀਆਂ ਹਨ। ਘੱਟ-ਗਿਣਤੀਆਂ ਉੱਪਰ ਧਰਮ ਤੇ ਰਾਸ਼ਟਰ ਦੇ ਨਾਂਅ 'ਤੇ ਫ਼ਿਰਕਾਪ੍ਰਸਤੀ ਅਤੇ ਨਫ਼ਰਤ ਫੈਲ ਰਹੀ ਹੈ। ਜਨੂੰਨੀ ਤੇ ਹਜੂਮੀ ਦੰਗੇ, ਮਾਰਕਾਟ, ਭੰਨਤੋੜ, ਮੌਬ ਕਿਲਿੰਗ ਆਮ ਲੋਕਾਂ ਨੂੰ ਘਰਾਂ ਅੰਦਰ ਦੁਬਕਨ ਲਈ ਮਜਬੂਰ ਕਰ ਰਹੀ ਹੈ। ਪੰਜਾਬ ਤੇ ਕਸ਼ਮੀਰ ਦੀ ਟੁਕੜਿਆਂ ਵਿਚ ਵੰਡ ਨੇ ਨਵੀਂਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਅਜਿਹੇ ਹਾਲਾਤ ਬਾਰੇ ਸੋਚਦਾ ਮੈਂ ਆਪਣੇ ਭਾਸ਼ਨ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਕਰਨਾ ਹੈ ਕਿ ਆਉਂਦੇ ਸਮੇਂ ਵਿਚ ਭਾਰਤ ਟੁਕੜੇ-ਟੁਕੜੇ ਹੋ ਸਕਦਾ ਹੈ।

ਕਾਂਟੇ ਬਦਲਦੀ ਰੇਲ ਦੇ ਪਹੀਆਂ ਦੀ ਆਵਾਜ਼ ਨਾਲ ਮੇਰੀ ਸੋਚ ਲੜੀ ਟੁੱਟਦੀ ਹੈ। ਸਟੇਸ਼ਨ ਆ ਗਿਆ ਹੈ। ਰੇਲ ਦੇ ਰੁਕਦਿਆਂ ਮੈਂ ਬਾਹਰ ਆ ਕੇ ਟਰਾਮ ਵਿਚ ਚੜ੍ਹ ਗਿਆ ਹਾਂ। ਬੈਠਣ ਲਈ ਇਕ ਵੀ ਸੀਟ ਖਾਲ਼ੀ ਨਹੀਂ ਹੈ। ਇੱਕ ਭੱਦਰਪੁਰਸ਼ ਸੀਟ ਤੋਂ ਉੱਠਦਿਆਂ ਇਸ਼ਾਰਾ ਕਰਦਿਆਂ ਕਹਿੰਦਾ ਹੈ:-

'ਸੋਰਦਾਰ ਜੀ, ਆਪ ਬੈਠੋ।'

'ਨਹੀਂ-ਨਹੀਂ- ਤੁਸੀਂ ਬੈਠੇ ਰਹੋ। ਧਰਮਤਲਾ ਤੋਂ ਸੀਟ ਮਿਲ ਜਾਵੇਗੀ। ਮੈਨੂੰ ਖੜ੍ਹਣ ਵਿਚ ਕੋਈ ਦਿੱਕਤ ਨਹੀਂ।'

ਮੇਰੀ ਨਿਮਰਤਾ ਨਾਲ ਕੀਤੀ ਨਾਂਹ ਦਾ ਉਸ ਉੱਪਰ ਕੋਈ ਅਸਰ ਨਹੀਂ ਹੋਇਆ। ਬਾਂਹ ਫੜ ਕੇ ਬਿਠਾ ਹੀ ਦਿੱਤਾ।

'ਵੱਡੇ ਦਾਦਾ ਧੰਨਵਾਦ।'

'ਪੰਜਾਬ ਤੋਂ ਆਏ ਹੋ ?'

'ਹੁਣ ਤਾਂ ਪੰਜਾਬ ਤੋਂ ਆਇਆ ਹਾਂ। ਮੈਂ ਉੱਥੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਾਂ ਤੇ ਇੱਥੇ ਇੱਕ ਸੈਮੀਨਾਰ ਵਿਚ ਭਾਸ਼ਨ ਦੇਣ ਲਈ ਆਇਆ ਹਾਂ। ਜਵਾਨੀ ਵੇਲੇ ਮੈਂ ਇੱਥੇ ਰਿਹਾ ਹਾਂ ਤੇ ਕਲਕੱਤਾ ਯੂਨੀਵਰਸਿਟੀ ਦਾ ਵਿਦਿਆਰਥੀ ਰਿਹਾ ਹਾਂ। ਸਾਡਾ ਇੱਥੇ ਟੈਕਸੀਆਂ ਦਾ ਕਾਰੋਬਾਰ ਸੀ।'

ਬੰਗਾਲੀ ਬਾਬੂ ਨੇ ਮੇਰੇ ਚਿਹਰੇ ਵੱਲ ਧਿਆਨ ਨਾਲ ਦੇਖਦਿਆਂ ਤੇ ਸੋਚਦਿਆਂ ਪੁੱਛਿਆ,

'ਫਿਰ ਤਾਂ ਤੁਸੀਂ ਉਸ ਸਮੇਂ ਮੁਹੰਮਦ ਰਫ਼ੀ ਦੀ ਗੀਤਾਂ ਭਰੀ ਰਾਤ ਵੇਲੇ ਕਲਕੱਤੇ ਰਹੇ ਹੋਵੋਗੇ ?'

'ਦਾਦਾ! ਉਸ ਰਾਤ ਵਾਲੀ ਘਟਨਾ ਤਾਂ ਮੈਨੂੰ ਕਦੀ ਨਹੀਂ ਭੁੱਲੀ। ਉਸ ਰਾਤ ਸਟੇਡੀਅਮ ਨੱਕੋ-ਨੱਕ ਭਰਿਆ ਹੋਇਆ ਸੀ। ਕਿਵੇਂ ਗੁੰਡਿਆਂ ਤੇ ਲੁਟੇਰਿਆਂ ਨੇ ਭੰਨਤੋੜ ਕੀਤੀ ਸੀ। ਔਰਤਾਂ ਦੇ ਗਹਿਣੇ ਲੁੱਟੇ, ਕੱਪੜੇ ਫਾੜੇ ਤੇ ਬੇਇੱਜ਼ਤ ਕੀਤਾ।'

'ਟੈਕਸੀਆਂ ਵਾਲੇ ਡਰਾਈਵਰਾਂ ਨੇ ਉਸ ਰਾਤ ਔਰਤਾਂ ਦੀ ਬਹੁਤ ਮਦਦ ਕੀਤੀ ਸੀ।'

ਬੰਗਾਲੀ ਬਾਬੂ ਨੇ ਡਰਾਈਵਰਾਂ ਦੀ ਪ੍ਰਸੰਸਾ ਕੀਤੀ।

'ਸਾਡੇ ਟੈਕਸੀ ਡਰਾਈਵਰਾਂ ਨੇ ਅੱਖੀਂ ਦੇਖਿਆ ਹਾਲ, ਅਗਲੀ ਸਵੇਰ ਸਾਨੂੰ ਸੁਣਾਇਆ ਸੀ। ਉਸ ਰਾਤ ਦੇ ਕਹਿਰ ਨੇ ਪੂਰਾ ਕਲਕੱਤਾ ਹਿਲਾ ਦਿੱਤਾ ਸੀ। ਹੁਣ ਵੀ ਉਹ ਸੀਨ ਯਾਦ ਕਰਕੇ ਰੌਂਗਟੇ ਖੜੇ ਹੋ ਜਾਂਦੇ ਹਨ।'

'ਮੇਰੀ ਮਾਂ ਅਕਸਰ ਉਸ ਡਰਾਈਵਰ ਨੂੰ ਅਸੀਸ਼ਾਂ ਦਿੰਦੀ ਹੈ, ਜਿਸ ਨੇ ਆਪਣੀ ਪੱਗ ਉਸ ਦੇ ਸਰੀਰ 'ਤੇ ਲਪੇਟ ਕੇ ਢਕਿਆ ਸੀ ਤੇ ਘਰ ਛੱਡ ਕੇ ਗਿਆ ਸੀ।'

ਸਟੌਪ 'ਤੇ ਟਰਾਮ ਦੇ ਰੁਕਦਿਆਂ ਬੰਗਾਲੀ ਬਾਬੂ ਅਹਿਸਾਨ ਭਰੇ ਮਨ ਨਾਲ ਹੱਥ ਜੋੜਦਿਆਂ 'ਨੋਮਸਕਾਰ ਸੋਰਦਾਰ ਜੀ' ਕਹਿੰਦਿਆਂ ਉੱਤਰ ਗਿਆ। ਅਗਲੇ ਸਟੌਪ 'ਤੇ ਉੱਤਰਦਿਆਂ ਮੈਂ ਬੈਗ ਦਾ ਪਿੱਠੂ ਲਾਉਂਦਿਆਂ, ਪੈਦਲ ਜਾਣ ਦਾ ਫ਼ੈਸਲਾ ਕੀਤਾ। ਕਿਸੇ ਦੀ ਕੁੱਟਮਾਰ ਕਰ ਰਹੀ ਹਿੰਸਕ ਭੀੜ 'ਤੇ ਮੇਰੀ ਨਜ਼ਰ ਪਈ। ਲੋਕ ਖੜ੍ਹੇ ਤਮਾਸ਼ਾ ਦੇਖ ਰਹੇ ਹਨ। ਮੇਰੇ ਵਾਰਦਾਤ ਕੋਲ ਪਹੁੰਚਣ ਤੱਕ ਫ਼ਿਰਕੂ ਜਨੂੰਨੀ ਆਪਣਾ ਕੰਮ ਕਰ ਪੱਤਰਾ ਵਾਚ ਗਏ।

ਇੱਕ ਟੈਕਸੀ ਆ ਕੇ ਰੁਕੀ। ਤੜਪਦੇ ਬੰਦੇ ਨੂੰ ਦੇਖ ਟੈਕਸੀ ਡਰਾਇਵਰ ਸਰਦਾਰ ਜੀ ਨੇ ਦਰਵਾਜ਼ਾ ਖੋਲ੍ਹਿਆ। ਦੋ-ਤਿੰਨ ਬੰਦੇ ਹੋਰ ਮਦਦ ਲਈ ਆਏ। ਫੱਟੜ ਨੂੰ ਲੈ ਕੇ ਤੇਜ਼ੀ ਨਾਲ ਟੈਕਸੀ ਹਸਪਤਾਲ ਵੱਲ ਨੂੰ ਦੌੜ ਗਈ।

ਸਮਾਗਮ ਸਥਾਨ ਤੱਕ ਪਹੁੰਚਦਿਆਂ ਮੈਂ ਆਪਣੇ ਭਾਸ਼ਨ ਦਾ ਅੰਤ ਹੇਠਾਂ ਅਨੁਸਾਰ ਕਰਨ ਦਾ ਫੈਸਲਾ ਕਰ ਲਿਆ, 'ਜਦੋਂ ਤੱਕ ਲੋਕਾਂ ਵਿਚ ਭਾਈਚਾਰਾ ਤੇ ਏਕਤਾ ਕਾਇਮ ਹੈ, ਭਾਰਤ ਟੁਕੜੇ-ਟੁਕੜੇ ਨਹੀਂ ਹੋ ਸਕਦਾ।'

**- ਸੁਰਿੰਦਰ ਕੈਲੇ**

ਸਫ਼ਾ 3 ਦੀ ਬਾਕੀ

## ਇਨਸਾਫ਼ ਪਾਉਣ ਦੀ ਜੁਝਾਰੂ ਸੰਘਰਸ਼ ਯਾਤਰਾ ...

ਗਾਰੰਟੀ ਹੁੰਦੀ ਹੈ। ਬਸ ਜਦੋਂ ਇਕ ਮਿਸ਼ਨ ਮਿੱਥ ਲਿਆ ਜਾਏ ਕਿ ਇਸ ਤੋਂ ਘੱਟ ਤੇ ਮੰਨਣਾ ਨਹੀਂ, ਡਟੇ ਹੀ ਰਹਿਣਾ ਹੈ, ਨਿੱਠ ਕੇ ਲੱਗੇ ਹੀ ਰਹਿਣਾ ਹੈ। ਉਦੋਂ ਕਈ ਮੁਸ਼ਕਲਾਂ, ਮੁਸੀਬਤਾਂ, ਸਾਜ਼ਿਸ਼ਾਂ, ਘਾੜਤਾਂ ਤੋਂ ਡਰਦੀ ਸਫਲਤਾ ਹੌਲੀ-ਹੌਲੀ ਕਦਮ ਰੱਖਦੇ ਹੋਏ ਨੇੜੇ ਆਉਣ ਲੱਗਦੀ। ਇਸ ਵਿੱਚ ਜ਼ਰੂਰੀ ਸ਼ਰਤ ਸਿਦਕ, ਸਿਰੜ, ਸੰਜਮ, ਹੌਸਲਾ ਬਣਾਏ ਰੱਖਣਾ, ਲਿਫਣਾ ਨਹੀਂ, ਟੁੱਟਣਾ ਨਹੀਂ, ਸਮਝੌਤਾ ਨਹੀਂ, ਝੁਕਣਾ ਨਹੀਂ, ਲਾਲਚ ਦੇ ਨੇੜੇ ਨਹੀਂ ਜਾਣਾ, ਫਿਰ ਲੰਮੀ ਹਨੇਰੀ ਰਾਤ ਇਕ ਦਿਨ ਖਤਮ ਹੋ ਹੀ ਜਾਂਦੀ ਹੈ ਤੇ ਨਵੀਂ ਸਵੇਰ ਲੈ ਕੇ ਆਉਂਦੀ ਹੈ। ਇਹ ਸਿਰਫ਼ ਆਮ ਸਵੇਰ ਵਰਗੀ ਨਹੀਂ ਹੁੰਦੀ, ਇਹ ਇਤਿਹਾਸ ਸਿਰਜਦੀ ਹੈ, ਮਿਸਾਲ ਬਣਦੀ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਬਣਦੀ ਹੈ।

ਹਾਲਾਂਕਿ ਭਾਰਤ ਦੇਸ਼ ਅੰਦਰ ਅਜਿਹੀਆਂ ਬਦਕਾਰੀ ਦੀਆਂ ਘਟਨਾਵਾਂ ਹੁਣ ਆਮ ਹੋਣ ਲੱਗ ਪਈਆਂ ਹਨ। ਕੀ ਪਿੰਡ ਤੇ ਕੀ ਸ਼ਹਿਰ, ਵੱਡੇ ਮਹਾਂਨਗਰ ਤੇ ਯੂਨੀਵਰਸਿਟੀਆਂ, ਸਕੂਲ, ਕਾਲਜ, ਕੰਮਕਾਜੀ ਸਥਾਨ, ਵੱਡੇ-ਵੱਡੇ ਸੰਸਥਾਨ ਆਦਿ ਕੋਈ ਵੀ ਥਾਂ ਅਜਿਹੀ ਬਾਕੀ ਨਹੀਂ ਰਹੀ, ਜਿੱਥੇ ਕਿਸੇ ਵੀ ਉਮਰ ਦੀ, ਕਿਸੇ ਵੀ ਧਰਮ-ਜਾਤ ਦੀ ਤੇ ਕਿਸੇ ਵੀ ਜਮਾਤ/ਵਰਗ ਦੀ ਧੀ-ਭੈਣ ਹੁਣ ਸੁਰੱਖਿਅਤ ਨਹੀਂ ਰਹੀ। ਨਾ ਪੜ੍ਹੀਆਂ-ਲਿਖੀਆਂ ਨੂੰ ਛੱਡਿਆ ਜਾਂਦਾ ਹੈ ਤੇ ਨਾ ਹੀ ਅਨਪੜ੍ਹਾਂ ਨੂੰ। ਨਾ ਕਮਾਊ ਧੀਆਂ ਨੂੰ ਤੇ ਨਾ ਹੀ ਘਰਾਂ ਵਿੱਚ ਕੰਮ ਕਰਦੀਆਂ ਨੂੰ। ਪਿਛਲੇ ਵੀਹ-ਪੱਚੀ ਸਾਲਾਂ ਤੋਂ ਸਾਰੇ ਦੇਸ਼ ਵਿੱਚ ਹੀ ਬਲਾਤਕਾਰਾਂ ਨੂੰ ਲੈ ਕੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾਂਦੇ ਹਨ। ਦਿੱਲੀ ਦਾ 'ਦਾਮਿਨੀ ਕੇਸ' ਇਸ ਪੱਖੋਂ ਬਹੁਤ ਚਰਚਿਤ ਰਿਹਾ। ਉਸ ਵਿੱਚ ਵੀ ਜਦੋਂ ਆਮ ਲੋਕ ਤੇ ਪੜ੍ਹੇ-ਲਿਖੇ ਨੌਜਵਾਨ ਸੜਕਾਂ ਉੱਤੇ ਉੱਤਰ ਆਏ ਤੇ ਉਸ ਕੁੜੀ ਲਈ ਇਨਸਾਫ਼ ਦੀ ਮੰਗ ਕਰਨ ਲੱਗੇ ਤਾਂ ਕਿੱਧਰੇ ਜਾ ਕੇ ਉਸ ਕੇਸ ਦਾ ਫੈਸਲਾ ਕੁਝ ਜਲਦੀ ਹੋਇਆ। ਭਾਵੇਂ ਉਸ ਤੋਂ ਬਾਅਦ ਵੀ ਹਾਲਤ ਤੇ ਹਾਲਾਤ ਉਂਜ ਦੇ ਉਂਜ ਹੀ ਹਨ, ਕੋਈ ਰੱਤਾ-ਮਾਸਾ ਫ਼ਰਕ ਵੀ ਕੁੜੀਆਂ ਦੀ ਸੁਰੱਖਿਆ ਵਜੋਂ ਨਹੀਂ ਪਿਆ। 'ਬੇਟੀ ਬਚਾਓ, ਬੇਟੀ ਪੜ੍ਹਾਓ' ਜਿਹੇ ਨਾਅਰੇ ਕਿੰਨੇ ਵੀ ਸ਼ਹਿਰਾਂ ਦੀਆਂ ਕੰਧਾਂ ਉਤੇ ਲਿਖੇ ਜਾਣ, ਉਸ ਨਾਲ ਕੁਝ ਨਹੀਂ ਹੋਣ ਵਾਲਾ, ਕਿਉਂਕਿ ਭਰੂਣ ਹੱਤਿਆ ਤੋਂ ਲੈ ਕੇ ਪੜ੍ਹੀਆਂ-ਲਿਖੀਆਂ ਤੱਕ ਇਸ ਵਿਕ੍ਰਿਤ ਮਾਨਸਿਕਤਾ ਦਾ ਸ਼ਿਕਾਰ ਹੋ ਰਹੀਆਂ ਹਨ। ਐਨੀ ਮਾੜੀ ਹਾਲਤ ਦੇਖ ਕੇ ਤੇ ਕਈ ਵਾਰ ਭਰੂਣ ਹੱਤਿਆ ਠੀਕ ਵੀ ਲੱਗਣ ਲੱਗਦੀ ਹੈ। ਫਿਰ ਉਦੋਂ ਸਮਝ ਵਿੱਚ ਆਉਂਦਾ ਹੈ ਕਿ ਮਾਪੇ ਕਿਉਂ ਕੁੜੀ ਦੇ ਹੋਣ 'ਤੇ ਖੁਸ਼ ਨਹੀਂ ਹੁੰਦੇ, ਕਿਉਂਕਿ ਉਹ ਜੰਮਣੀਆਂ ਤੇ ਪਾਲਣੀਆਂ ਔਖੀਆਂ ਨਹੀਂ ਲੱਗਦੀਆਂ। ਉਨ੍ਹਾਂ ਨਾਲ ਜੁੜੇ ਦੁੱਖ ਮਾੜੇ ਲੱਗਦੇ ਹਨ।

ਪਰ ਜੇ ਕਿਸੇ ਰਿਸ਼ਮ ਨੂੰ, ਕਿਸੇ ਦਾਮਿਨੀ ਨੂੰ ਇਨਸਾਫ਼ ਦਿਵਾਉਣ ਲਈ ਲੋਕ ਡਟ ਜਾਣ, ਅੜ ਜਾਣ, ਜ਼ਿੱਦ ਹੀ ਫੜ ਲੈਣ, ਫਿਰ ਸੰਭਵ ਹੈ, ਉਪਰਲੇ ਅਹੁਦਿਆਂ ਉੱਤੇ ਬੈਠੇ ਬੰਦਿਆਂ ਦੀ ਕੁਰਸੀ ਹਿੱਲਣ ਲੱਗੇ। ਅਹੁਦੇਦਾਰਾਂ ਦੇ ਆਪਣੇ ਹੀ ਕਿੱਸੇ, ਲਾਲਚ, ਪ੍ਰਧਾਨਗੀਆਂ, ਮੰਤਰੀ ਪਦ, ਫਲਾਣਾ ਇਹ ਤੇ ਫਲਾਣਾ ਉਹ ਚਾਹੀਦਾ ਹੁੰਦਾ ਹੈ। ਹਰ ਕੋਈ ਕਿਸੇ ਦੇ ਦੁੱਖ ਦੀ ਅੱਗ ਵਿੱਚ ਆਪਣੇ ਹੀ ਲਾਲਚ ਦੀ, ਮੌਕਾਪ੍ਰਸਤੀ ਦੀਆਂ ਰੋਟੀਆਂ ਸੇਕਣਾ ਚਾਹੁੰਦਾ ਹੈ। ਇਸੇ ਕਰਕੇ ਇਨਸਾਫ਼ ਮੂੰਹ ਛੁਪਾ ਕੇ ਬੈਠ ਜਾਂਦਾ ਹੈ, ਪਰ ਜੇ ਕੁਲਦੀਪ ਕਲੇਰ, ਅਜੈਬ ਨੱਤ ਤੇ ਮੁਹੱਬਤਪਾਲ ਜਿਹੇ ਬੰਦੇ, ਹਮਦਰਦ ਬਣ, ਆਗੂ ਬਣ, ਵਿਉਂਤਕਾਰ ਦੀ ਤਰ੍ਹਾਂ ਕਿਸੇ ਨੂੰ ਮਿਲ ਜਾਣ ਤਾਂ ਸਮਝੋ ਉਸ ਨੇ ਜ਼ਰੂਰ ਕੋਈ ਚੰਗੇ ਕਰਮ ਕੀਤੇ ਹੋਣਗੇ। ਜਿਹੜੇ ਸਾਧਾਰਨ ਲਛਮਣ ਜਿਹੇ ਮਾਸਟਰ ਦੀ ਧੀ ਲਈ ਆਪਣਾ ਆਪ ਕੁਰਬਾਨ ਕਰ ਗਏ ਤੇ ਉਫ਼ ਤੱਕ ਨਹੀਂ ਕੀਤੀ। ਉਨ੍ਹਾਂ ਇਸ ਦੁਰਘਟਨਾ ਨੂੰ ਸਾਧਾਰਨ ਨਹੀਂ ਰਹਿਣ ਦਿੱਤਾ। ਉਨ੍ਹਾਂ ਇਸ ਨੂੰ ਘਟਨਾ ਤੋਂ ਮੁੱਦਾ ਬਣਾਇਆ, ਫਿਰ ਮੋਰਚੇ ਵਿੱਚ ਤਬਦੀਲ ਕੀਤੀ, ਫਿਰ ਇਸ ਨੂੰ ਜਨ-ਅੰਦੋਲਨ ਤੇ ਲਹਿਰ ਵਿੱਚ ਬਦਲ ਦਿੱਤਾ। ਸਮੇਂ ਦੀ ਪਰਵਾਹ ਨਹੀਂ ਕੀਤੀ, ਨੌਕਰੀ ਦੀ ਪਰਵਾਹ ਨਹੀਂ ਕੀਤੀ। ਬਸ ਇਕ ਮਿਸ਼ਨ ਨਾਲ ਜੁੜੇ ਰਹੇ। ਉਨ੍ਹਾਂ ਨਾਲ ਜੁੜੇ ਜਨ-ਮਾਨਸ ਨੇ ਆਪਣੇ ਆਗੂਆਂ ਦੇ ਦੱਸੇ ਰਾਹ ਨੂੰ ਸਮੇਂ ਦੀ ਧੂੜ ਵਿੱਚ ਮੱਠਾ ਨਹੀਂ ਪੈਣ ਦਿੱਤਾ। ਨੌਜਵਾਨਾਂ ਤੇ ਅਨੇਕ ਜੱਥੇਬੰਦੀਆਂ ਦੇ ਜੁੜ ਜਾਣ ਨਾਲ ਹੀ ਇਹ ਲਹਿਰ ਵਜੋਂ ਕਾਮਯਾਬ ਹੋ ਸਕਿਆ।

ਨਾਵਲਕਾਰ ਨੇ ਥੋੜ੍ਹੇ ਜਿਹੇ ਵੀ, ਪਰ ਸਮੇਂ ਨਾਲ ਆਉਂਦੇ ਬਦਲਾਵਾਂ ਦੀ ਗੱਲ ਕੀਤੀ ਹੈ, ਜਿਵੇਂ ਸ਼ੇਖਰ ਜਿਹੇ ਨੌਜਵਾਨ ਨੂੰ ਸਰਪੰਚ ਦੇ ਗਲ ਪੈਣ 'ਤੇ ਜੇਲ੍ਹ ਭੇਜ ਦਿੱਤਾ ਗਿਆ, ਪਰ ਵਾਪਸ ਆ ਕੇ ਉਸ ਨੇ ਖੇਤੀ ਨੂੰ ਅਪਨਾਇਆ ਤੇ ਆਪਣੀ ਭੈਣ ਨਿਮਰਤ ਨੂੰ ਲਾਅ ਦੀ ਪੜ੍ਹਾਈ ਕਰਵਾ, ਵਕੀਲ ਬਣਾਇਆ। ਰਿਸ਼ਮ ਦੇ ਭਰਾ ਪਵਨਦੀਪ ਨੇ ਵੀ ਵਕਾਲਤ ਪੜ੍ਹੀ ਤੇ ਨਿਮਰਤ ਦਾ ਵਿਆਹ ਸਾਦਗੀ ਨਾਲ ਜਨਤਾ ਦੇ ਮੰਚ ਉਤੇ, ਸਿਰਫ਼ ਇਕ-ਇਕ ਮਾਲਾ ਗਲੇ ਵਿੱਚ ਪਾ ਕੇ ਕਰ ਦਿੱਤਾ ਗਿਆ। ਲਛਮਣ ਨੇ ਆਵਾਰਾ ਘੁੰਮਦੀਆਂ, ਭੁੱਖੀਆਂ ਗਾਵਾਂ ਨੂੰ ਗੰਦ ਫਰੋਲਦੇ ਦੇਖ, ਘਰੇ ਇਕ ਕੋਨੇ ਵਿੱਚ ਲਿਆ ਕੇ ਉਨ੍ਹਾਂ ਨੂੰ ਹਰਾ ਤੇ ਦਾਣਾ ਦੇਣਾ ਸ਼ੁਰੂ ਕੀਤਾ। ਇਹ ਗਊ-ਰੱਖਿਆ ਕਰਨ ਵਾਲੇ ਦਲਾਂ ਉਤੇ ਕਰਾਰਾ ਥੱਪੜ ਸੀ, ਜੋ ਗਾਂ ਨੂੰ ਮਾਤਾ ਕਹਿੰਦੇ ਤੇ ਉਸ ਦੇ ਨਾਂਅ ਉਤੇ ਸਿਆਸਤ ਕਰਦੇ, ਗੁੰਡਾਗਰਦੀ ਕਰਦੇ ਹਨ, ਪਰ ਉਨ੍ਹਾਂ ਦੀ ਦੇਖਭਾਲ ਲਈ ਅੱਗੇ ਨਹੀਂ ਆਉਂਦੇ। ਲਛਮਣ ਵੱਲੋਂ ਕੀਤੀ ਇਹ ਛੋਟੀ ਜਿਹੀ ਪਹਿਲ ਵੀ ਹੌਲੀ-ਹੌਲੀ ਆਸ-ਪਾਸ ਦੇ ਪਿੰਡਾਂ ਵਿੱਚ ਮਕਬੂਲ ਹੋਣ ਲੱਗੀ ਤੇ ਲੋਕ ਉਸ ਦਾ ਸਾਥ ਦੇਣ ਲੱਗੇ। ਅਸਲ ਵਿੱਚ ਜਨਤਾ ਨੂੰ ਸੇਧ ਦੇਣ ਲਈ ਕਿਸੇ ਰਾਹ-ਦਸੇਰੇ ਦੀ ਲੋੜ ਹੁੰਦੀ ਹੈ। ਹਾਲਾਂਕਿ ਜਦੋਂ ਅਜਿਹੇ ਕਾਰਜ ਅਰੰਭ ਕੀਤੇ ਜਾਂਦੇ ਹਨ ਤਾਂ ਉਸ ਨੂੰ ਬਹੁਤ ਵੱਡਾ ਕਾਰਜ ਨਹੀਂ ਮੰਨਿਆ ਜਾਂਦਾ, ਪਰ ਜਦੋਂ ਕਿਸੇ ਕਦਮ ਦੇ ਸਾਰਥਿਕ ਪਹਿਲੂ ਦਿਸਣ ਲੱਗਣ ਤਾਂ ਲੋਕ ਆਪ-ਮੁਹਾਰੇ ਜੁੜਨ ਲੱਗਦੇ ਹਨ। ਇਸੇ ਤਰ੍ਹਾਂ ਚਿਮਨ ਨੇ ਬਾਪ ਦੇ ਚਮੜੇ ਦੇ ਕਿੱਤੇ ਨੂੰ ਭਾਵੇਂ ਨਹੀਂ ਅਪਨਾਇਆ, ਪਰ ਉਸ ਨੂੰ ਇਕ ਨਵਾਂ ਰੂਪ ਦੇ ਦਿੱਤਾ ਤੇ ਬਾਜ਼ਾਰ ਵਿੱਚ ਬਾਪ ਦੀਆਂ ਬਣਾਈਆਂ ਜੁੱਤੀਆਂ ਦੀ ਥਾਂ ਉਤੇ ਜੁੱਤੀਆਂ ਦੀ ਦੁਕਾਨ ਖੋਲ੍ਹ ਲਈ। ਬਾਪ ਦੇ ਪੁਰਾਣੇ ਗਾਹਕਾਂ ਕਰਕੇ ਦੁਕਾਨ ਜਲਦੀ ਹੀ ਚੱਲ ਨਿਕਲੀ। ਕੁਝ-ਕੁਝ ਛੋਟੇ ਜਿਹੇ ਬਦਲਾਵਾਂ ਨਾਲ ਨਾਵਲਕਾਰ ਨੇ ਸਮੇਂ ਪੱਖੋਂ ਚੰਗੇ ਸੰਕੇਤ ਦਿੱਤੇ ਹਨ।

ਨਾਵਲ ਪੰਜਾਬ ਵਿੱਚ ਵਾਪਰੀ ਇਕ ਸੱਚੀ ਘਟਨਾ ਉਤੇ ਆਧਾਰਤ ਹੈ, ਇਸ ਕਰਕੇ ਇਸ ਵਿੱਚ ਵਾਪਰੇ ਸੱਚ ਉਤੇ ਯਕੀਨ ਕੀਤਾ ਜਾ ਸਕਦਾ ਹੈ, ਨਹੀਂ ਤਾਂ ਇਸ ਨੂੰ ਮਨੋ-ਕਲਪਿਤ ਹੀ ਸਮਝਿਆ ਜਾਣਾ ਸੀ ਤੇ ਪਾਠਕਾਂ ਨੇ ਅੰਤ ਨੂੰ ਨਾਵਲਕਾਰ ਦੀ ਸਿਰਜਣਾ ਹੀ ਸਮਝ ਲੈਣਾ ਸੀ। ਨਾਵਲਕਾਰ ਨੇ ਅਜਿਹੀ ਘਟਨਾ ਨੂੰ ਨਾਵਲੀ ਰਚਨਾ ਦਾ ਹਿੱਸਾ ਬਣਾਇਆ, ਤਾਂ ਕਿ ਸਾਹਿਤਕ ਰਚਨਾ ਰਾਹੀਂ ਇਹ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚ ਸਕੇ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕੇਸ ਪ੍ਰੇਰਨਾ ਬਣ ਸਕੇ, ਪਰ ਨਾਵਲ ਦੇ ਬਾਅਦ ਦੇ ਹਿੱਸੇ ਵਿੱਚ ਕਿਉਂਕਿ ਕਹਾਣੀ ਜਾਂ ਘਟਨਾਵਾਂ ਕੋਈ ਖ਼ਾਸ ਨਹੀਂ ਰਹੀਆਂ ਸਨ, ਇਹ ਨਾਵਲ ਘੱਟ ਤੇ ਕੇਸ ਦੀ ਰਿਪੋਰਟ ਵਧੇਰੇ ਜਾਪਣ ਲੱਗ ਪਿਆ। ਹਾਲਾਂਕਿ ਨਾਵਲਕਾਰ ਨੇ ਘਟਨਾ ਦੇ ਕੇਂਦਰੀ ਥੀਮ ਨੂੰ ਬਣਾਈ ਰੱਖਿਆ, ਪਰ ਕਿਉਂਕਿ ਇਹ ਇਕ ਨਾਵਲ ਹੈ, ਸਾਹਿਤਕ ਰਚਨਾ ਹੈ, ਮੇਰਾ ਸੁਝਾਅ ਹੈ ਕਿ ਅੰਤ ਤੱਕ ਇਸ ਵਿੱਚ ਦਿਲਚਸਪੀ ਬਣਾਏ ਰੱਖਣ ਲਈ ਨਾਵਲਕਾਰ ਨੂੰ ਕੁਝ ਹੋਰ ਉਪਰਾਲਾ ਕਰਨਾ ਚਾਹੀਦਾ ਸੀ। ਭਾਵੇਂ ਉਹ ਇਸ ਵਿੱਚ ਕੁਝ ਪਾਤਰ ਜੋੜਦਾ ਜਾਂ ਤਿੱਖੇ ਸੰਵਾਦ ਜੋੜਦਾ ਜਾਂ ਕੋਈ ਇਤਿਹਾਸਕ ਜਾਂ ਮਿਥਿਹਾਸਕ ਪਾਤਰ ਤੇ ਘਟਨਾ ਰਾਹੀਂ ਇਸ ਘਟਨਾ ਦੇ ਆਲੇ-ਦੁਆਲੇ ਦਾ ਪਸਾਰਾ ਥੋੜ੍ਹਾ ਫੈਲਾ ਲੈਂਦਾ। ਕੁਝ ਕੁ ਨੌਜਵਾਨਾਂ ਨੂੰ ਇਸ ਤੋਂ ਪ੍ਰੇਰਿਤ ਕਰਕੇ ਵੀ ਸਿਰਜਿਆ ਜਾ ਸਕਦਾ ਸੀ, ਤਾਂਕਿ ਨਾਵਲ ਅੰਤ ਤੱਕ ਉਸ ਨਾਵਲੀ ਅੰਦਾਜ਼ ਨੂੰ ਕਾਇਮ ਰੱਖ ਸਕੇ। ਨਾਵਲ ਦੇ ਸਿਰੜੀ ਜਜ਼ਬੇ, ਠਾਠਾਂ ਮਾਰਦੇ ਵਲਵਲਿਆਂ ਨੂੰ ਉਸ ਨੇ ਜਿੱਥੋਂ ਤੱਕ ਹੋ ਸਕਿਆ, ਗੀਤਾਂ, ਨਾਅਰਿਆਂ ਨਾਲ ਬੰਨ੍ਹ ਕੇ ਰੱਖਿਆ। ਚੰਗਾ ਹੁੰਦਾ ਜੇ ਨਾਵਲ ਅੰਤ ਤੱਕ ਪੁੱਜਣ 'ਤੇ ਕੁਝ ਨੌਜਵਾਨ ਆਗੂਆਂ ਰਾਹੀਂ ਕਿਸੇ ਹੋਰ ਮੁਹਿੰਮ ਦਾ ਲੜ ਫੜਦੇ ਦਿਖਾਇਆ ਜਾਂਦਾ ਤਾਂਕਿ ਪਤਾ ਲੱਗਦਾ ਕਿ ਮਾੜੇ ਹਾਲਾਤ ਵਿੱਚ ਵੀ ਭਾਵੇਂ ਘੱਟ ਹੀ ਸਹੀ, ਪਰ ਅਜਿਹੇ ਮੋਰਚਿਆਂ ਨੂੰ ਸਾਂਭਣ ਤੇ ਅੱਗੇ ਲਿਜਾਉਣ ਵਾਲੀ ਪੀੜ੍ਹੀ ਵੀ ਨਾਲੋ-ਨਾਲ ਤਿਆਰ ਹੁੰਦੀ ਜਾਂਦੀ ਹੈ। ਫਿਰ ਵੀ ਜਸਪਾਲ ਮਾਨਖੇੜਾ ਦਾ ਇਹ ਨਾਵਲ ਇਸ ਪੱਖੋਂ ਕਾਬਿਲੇ-ਤਾਰੀਫ਼ ਹੈ ਕਿ ਉਸ ਨੇ ਇਕ ਘਟਨਾ ਦੇ ਜਨ-ਅੰਦੋਲਨ ਵਿੱਚ ਬਦਲਣ ਦੇ ਇਕ-ਇਕ ਪੱਖ ਨੂੰ ਇਕ-ਇਕ ਕਦਮ ਨੂੰ ਸਾਹਮਣੇ ਲਿਆਉਣ ਵਿੱਚ ਬਹੁਤ ਮਿਹਨਤ ਕੀਤੀ ਹੈ।

**ਮੋਬਾ. 98681-82835**

# ਗ਼ਦਰੀਆਂ ਦਾ ਅਖੌਤੀ ਦੋਸਤ ਅਤੇ ਅੰਗਰੇਜ਼ਾਂ ਦਾ ਜਸੂਸ ਵੈਸ਼ਨੋ ਦਾਸ ਬਗਾਈ

ਇਨਕਲਾਬੀ ਲਹਿਰਾਂ ਦੇ ਖੋਜੀ ਅਤੇ ਵਾਤਾਵਰਨ ਚਿੰਤਕ ਵਿਜੈ ਬੰਬੇਲੀ ਨੇ ਅਮਰੀਕਾ ਤੋਂ ਕੋਟਲ਼ਾ ਨੌਧ ਸਿੰਘ ਦੇ ਬਲਦੇਵ ਸਿੰਘ ਗਰੇਵਾਲ ਵੱਲੋਂ ਭੇਜੀ ਜਾਣਕਾਰੀ ਮੈਨੂੰ ਵਟਸਐਪ ’ਤੇ ਸ਼ੇਅਰ ਕਰਕੇ ਦੱਸਿਆ ਬਰਕਲੇ (ਅਮਰੀਕਾ) ਦੇ ਖੋਜੀ ਲੇਖਕ ਪ੍ਰਭਜੋਤ ਸਿੰਘ ਥਿਆੜਾ (ਜੱਦੀ ਪਿੰਡ ਢੱਕੋਵਾਲ਼, ਜ਼ਿਲ੍ਹਾ ਹੁਸ਼ਿਆਰਪੁਰ) ਨੇ ਗ਼ਦਰੀਆਂ ਦੀ ਜਸੂਸੀ ਕਰਨ ਵਾਲੇ ਵੈਸ਼ਨੋ ਦਾਸ ਬਗਾਈ ਦੀ ਪਤਨੀ ਕਲਾ ਬਗਾਈ ਦੇ ਨਾਂਅ ’ਤੇ ਬਰਕਲੇ ਸ਼ਹਿਰ ਦੀ ਇੱਕ ਸਟਰੀਟ ‘ਕਲਾ ਬਗਾਈ ਵੇਅ’ ਦਾ ਨਾਂਅ ਬਦਲ ਕੇ ਕਰਤਾਰ ਸਿੰਘ ਸਰਾਭਾ ਦੇ ਨਾਂਅ ’ਤੇ ਰੱਖਣ ਲਈ ਯਤਨ ਅਰੰਭੇ ਹੋਏ ਹਨ। ਵਿਜੈ ਬੰਬੇਲੀ ਨੇ ਮੈਨੂੰ ਤਾਕੀਦ ਕੀਤੀ - ਸੰਭਵ ਹੋਵੇ ਤਾਂ ਇਸ ਬਾਰੇ ਲੇਖ ਲਿਖ। ਪ੍ਰਭਜੋਤ ਸਿੰਘ ਥਿਆੜਾ ਨੇ ਈਮੇਲ ਰਾਹੀਂ ਸਾਰੇ ਡਾਕੂਮੈਂਟ ਭੇਜੇ ਤਾਂ ਇਹ ਲੇਖ ਲਿਖਣਾ ਸੰਭਵ ਹੋਇਆ।

ਗ਼ਦਰ ਲਹਿਰ ਦੀਆਂ ਸਰਗਰਮੀਆਂ ਤੋਂ ਘਬਰਾਏ ਹੋਏ ਅੰਗਰੇਜ਼ਾਂ ਨੇ ਗ਼ਦਰ ਪਾਰਟੀ ਵਿੱਚ ਆਪਣੇ ਜਸੂਸ ਦਾਖਲ ਕਰ ਦਿੱਤੇ ਸਨ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਲਈ ਬ੍ਰਿਟਿਸ਼ ਖੁਫ਼ੀਆ ਸੇਵਾ ਦੇ 200 ਤੋਂ ਵੱਧ ਜਸੂਸ ਦੋ ਸਾਲਾਂ ਲਈ ਸਾਨ ਫਰਾਂਸਿਸਕੋ ਵਿੱਚ ਸਨ।

ਵੈਸ਼ਨੋ ਦਾਸ ਬਗਾਈ ਸਤੰਬਰ 1915 ਵਿੱਚ ਆਪਣੀ ਪਤਨੀ ਕਲਾ ਅਤੇ ਆਪਣੇ ਤਿੰਨ ਪੁੱਤਰਾਂ ਨਾਲ 25,000 ਸੋਨੇ ਦੇ ਡਾਲਰ ਲੈ ਕੇ ਸਾਨ ਫਰਾਂਸਿਸਕੋ ਆਇਆ ਸੀ। ਇੱਥੇ ਆਉਣ ਤੋਂ ਪਹਿਲਾਂ ਬਗਾਈ ਨੇ ਬ੍ਰਿਟਿਸ਼ ਸਰਕਾਰ ਨੂੰ ਤਨਖਾਹਦਾਰ ਜਾਸੂਸ ਵਜੋਂ ਆਪਣੀਆਂ ਸੇਵਾਵਾਂ ਦਿੱਤੀਆਂ ਸਨ।

## ਸੀਤਾ ਰਾਮ ਬਾਂਸਲ

ਬ੍ਰਿਟਿਸ਼ ਸਰਕਾਰੀ ਦਸਤਾਵੇਜ਼ਾਂ ਤੋਂ ਸਪੱਸ਼ਟ ਤੌਰ ’ਤੇ ਪਤਾ ਚੱਲਦਾ ਹੈ ਕਿ ਬਗਾਈ ਦਾ ਪੇਸ਼ਾਵਰ (ਹੁਣ ਪਾਕਿਸਤਾਨ) ਤੋਂ ਆਪਣੇ ਪਰਵਾਰ ਨਾਲ ਸਾਨ ਫਰਾਂਸਿਸਕੋ ਪਹੁੰਚਣ ਦਾ ਮੁੱਖ ਉਦੇਸ਼ ਬ੍ਰਿਟਿਸ਼ ਸਰਕਾਰ ਲਈ ਗ਼ਦਰੀਆਂ ਬਾਰੇ ਖੁਫੀਆ ਜਾਣਕਾਰੀ ਇਕੱਠੀ ਕਰਨਾ ਸੀ ਜਿਹੜੇ ਭਾਰਤ ਵਿੱਚੋਂ ਹਥਿਆਰਬੰਦ ਬਗਾਵਤ ਰਾਹੀਂ ਅੰਗਰੇਜ਼ਾਂ ਨੂੰ ਕੱਢ ਕੇ ਜਮਹੂਰੀ ਢਾਂਚਾ ਬਣਾਉਣਾ ਚਾਹੁੰਦੇ ਸਨ।

ਬਗਾਈ ਨੇ ਗ਼ਦਰ ਲਹਿਰ ਨੂੰ ਖਤਮ ਕਰਨ ਲਈ ਅੰਗਰੇਜ਼ਾਂ ਦੀ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਬ੍ਰਿਟਿਸ਼ ਸਰਕਾਰ ਦੁਆਰਾ ਉਸ ਨੂੰ ਉਸ ਦੀ ਜਾਸੂਸੀ ਲਈ ਏ ਕਲਾਸ ਅਫ਼ਸਰ ਜਿੰਨੀ ਸੌ ਡਾਲਰ ਮਹੀਨਾ ਤਨਖਾਹ ਦਿੱਤੀ ਜਾਂਦੀ ਸੀ। ਬਗਾਈ ਵੱਲੋਂ ਆਪਣੇ ਦੇਸ਼ ਵਾਸੀਆਂ ਦੀ ਜਾਸੂਸੀ ਕਰਨ ਦੇ ਨਤੀਜੇ ਵਜੋਂ, ਬਹੁਤ ਸਾਰੇ ਗ਼ਦਰੀਆਂ ਨੂੰ ਲੰਬੇ ਸਮੇਂ ਲਈ ਜੇਲ੍ਹ ਭੇਜਿਆ ਗਿਆ ਅਤੇ ਇਸ ਕਰਕੇ ਗ਼ਦਰ ਪਾਰਟੀ ਦੇ ਯਤਨਾਂ ਨੂੰ ਸੱਟ ਵੱਜੀ ਸੀ।

ਇਤਿਹਾਸਕਾਰਾਂ ਅਤੇ ਵਿਦਵਾਨਾਂ ਵੱਲੋਂ ਬਗਾਈ ਦੀ ਦੋਹਰੇ ਏਜੰਟ ਵਜੋਂ ਭੂਮਿਕਾ ਨੂੰ ਉਭਾਰਿਆ ਗਿਆ ਹੈ। ਹਮਦਰਦ ਬਣ ਕੇ ਉਹ ਗ਼ਦਰ ਪਾਰਟੀ ਦੇ ਧਨ ਦੇ ਹਿਸਾਬ-ਕਿਤਾਬ ਦੀ ਸੇਵਾ ਕਰਦਾ ਰਿਹਾ ਸੀ ।

ਸਾਨ ਫਰਾਂਸਿਸਕੋ ਬ੍ਰਿਟਿਸ਼ ਕੌਂਸਲੇਟ ਤੋਂ ਕਾਰਨੇਗੀ ਰੌਸ ਨੇ 24 ਜਨਵਰੀ 1916 ਨੂੰ ਚਿੱਠੀ ਨੰਬਰ 23 ਰਾਹੀਂ ਵਾਇਸਰਾਏ ਅਤੇ ਭਾਰਤ ਦੇ ਗਵਰਨਰ-ਜਨਰਲ ਨੂੰ ਸਾਨ ਫਰਾਂਸਿਸਕੋ ਵਿੱਚ ਭਾਰਤੀ ਗਤੀਵਿਧੀਆਂ ਬਾਰੇ ਵੈਸ਼ਨੋ ਦਾਸ ਬਗਾਈ ਦੀਆਂ ਬ੍ਰਿਟਿਸ਼ ਸਰਕਾਰ ਨੂੰ ਸੂਚਨਾ ਦੇਣ ਵਾਲੀਆਂ ਸੇਵਾਵਾਂ ਬਾਰੇ ਲਿਖਿਆ ਕਿ ਬਾਗਾਈ ਨੇ ਸਭ ਤੋਂ ਪਹਿਲਾਂ 19 ਅਕਤੂਬਰ 1915 ਨੂੰ ਕੌਂਸਲ ਨਾਲ ਸੰਪਰਕ ਕੀਤਾ, “ਸਾਨ ਫਰਾਂਸਿਸਕੋ ਵਿੱਚ ਗ਼ਦਰੀਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੀ ਪੇਸ਼ਕਸ਼ ਕੀਤੀ। ਉਸ ਨੇ ਦਾਅਵਾ ਕੀਤਾ ਕਿ ਉਹ ਪੇਸ਼ਾਵਰ ਵਿਖੇ ਪੁਲਸ ਇੰਸਪੈਕਟਰ ਜਨਰਲ ਦੇ ਸਕੱਤਰ ਜੇ.ਆਰ. ਐਡਮ ਦੇ ਅਧੀਨ ਭਾਰਤ ਵਿੱਚ ਨੌਕਰੀ ਕਰਦਾ ਸੀ ਅਤੇ ਕਿਹਾ ਕਿ ਉਹ “ਰਾਮ ਚੰਦਰਾ ਦਾ ਨਜ਼ਦੀਕੀ ਦੋਸਤ” ਸੀ।

ਹਿੰਦੂ ਜਰਮਨ ਸਾਜ਼ਿਸ਼ ਕੇਸ ਮੁਕੱਦਮੇ ਦੇ 15 ਮਾਰਚ 1916 ਦੇ ਇੱਕ ਲਿਖਤੀ ਸਬੂਤ ਵਿੱਚ 14 ਮਾਰਚ 1916 ਨੂੰ ਮਿ. ਆਇਰਲੈਂਡ ਨੇ ਵੈਸ਼ਨੋ ਦਾਸ ਬਗਾਈ ਦੇ ਦੋ ਬੈਂਕ ਖਾਤਿਆਂ ਦੀ ਜਾਂਚ ਕੀਤੀ ਸੀ। ਸਾਨ ਫਰਾਂਸਿਸਕੋ ਦੀ ਯੂਨੀਅਨ ਟਰੱਸਟ ਕੰਪਨੀ ਵਿੱਚ 5000 ਡਾਲਰ ਅਤੇ ਯੂਨੀਅਨ ਬੈਂਕ ਅਤੇ ਟਰੱਸਟ ਕੰਪਨੀ ਵਿੱਚ 4000 ਡਾਲਰ ਸਨ। ਮਿਸਟਰ ਆਇਰਲੈਂਡ ਨੇ ਲਿਖਿਆ ਕਿ ਇਹ ਧਨ ਹਿੰਦੁਸਤਾਨ ਗ਼ਦਰ ਅਖਬਾਰ ਦੇ ਸੰਪਾਦਕ ਰਾਮ ਚੰਦਰਾ ਦਾ ਹੈ ਜਿਹੜਾ ਕਿ ਉਸ ਨੇ ਬਗਾਈ ਕੋਲ ਰੱਖਿਆ ਹੋਇਆ ਸੀ ਤਾਂ ਕਿ ਲੋੜ ਪੈਣ ’ਤੇ ਉਹ ਬਗਾਈ ਤੋਂ ਧਨ ਲੈ ਸਕੇ।

31 ਮਾਰਚ 1916 ਦੀ ਚਿੱਠੀ ਵਿੱਚ ਭਾਰਤ ਸਰਕਾਰ ਦੇ ਸਕੱਤਰ, ਐਚ. ਵ੍ਹੀਲਰ ਨੇ ਸਾਨ ਫਰਾਂਸਿਸਕੋ ਵਿਚਲੇ ਬ੍ਰਿਟਿਸ਼ ਕੌਂਸਲ-ਜਨਰਲ ਨੂੰ ਲਿਖਿਆ ਕਿ ਵੀ. ਡੀ. ਬਗਾਈ ਨੇ ਸਰਕਾਰ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਸੀ। ਰਾਮ ਚੰਦਰਾ ਦੁਆਰਾ ਭਰੋਸੇਮੰਦ ਹੋਣ ਕਰਕੇ ਬਗਾਈ ਕੋਲ ਸਰਕਾਰੀ ਏਜੰਟ ਵਜੋਂ ਆਪਣੀ ਭੂਮਿਕਾ ਬਾਰੇ ਚਰਚਾ ਕਰਨ ਅਤੇ ਆਪਣੇ ਯੋਗਦਾਨਾਂ ਨੂੰ ਵਧਾ-ਚੜ੍ਹਾ ਕੇ ਦੱਸਣ ਦੇ ਰੁਝਾਨ ਦੇ ਬਾਵਜੂਦ ਕੀਮਤੀ ਜਾਣਕਾਰੀ ਹੈ, ਜਦੋਂ ਕਿ ਭਾਰਤ ਸਰਕਾਰ ਬਗਾਈ ਨੂੰ ਸਿੱਧੇ ਤੌਰ ’ਤੇ ਨੌਕਰੀ ’ਤੇ ਨਹੀਂ ਰੱਖ ਸਕਦੀ, ਵ੍ਹੀਲਰ ਬਗਾਈ ਦੀਆਂ ਸੇਵਾਵਾਂ ਦੀ ਵਰਤੋਂ ਅਤੇ ਮੁਆਵਜ਼ਾ ਦੇਣ ਲਈ ਕੌਂਸਲ-ਜਨਰਲ ਲਈ ਇੱਕ ਤਰੀਕਾ ਲੱਭਣ ਦੀ ਇੱਛਾ ਪ੍ਰਗਟ ਕਰਦਾ ਹੈ।

ਬ੍ਰਿਟਿਸ਼ ਕੌਂਸਲ ਜਨਰਲ ਵਾਸ਼ਿੰਗਟਨ ਦੇ ਬ੍ਰਿਟਿਸ਼ ਰਾਜਦੂਤ ਨੂੰ ਮਿਤੀ 13 ਮਈ 1916 ਦੀ ਚਿੱਠੀ ਨੰਬਰ 223 ਵਿੱਚ ਸੂਚਿਤ ਕੀਤਾ ਗਿਆ ਹੈ ਕਿ ਜਸੂਸ ਨੰਬਰ ਇੱਕ ਆਪਣੀਆਂ ਸੇਵਾਵਾਂ ਬਦਲੇ ਮਹੀਨੇ ਦੇ ਹਿਸਾਬ ਨਾਲ ਤਨਖਾਹ ਦੀ ਮੰਗ ਕਰ ਰਿਹਾ ਹੈ। ਅਮਰੀਕਾ ਵਿੱਚ ਬ੍ਰਿਟਿਸ਼ ਕੌਂਸਲ ਦੇ ਸਾਨ ਫਰਾਂਸਿਸਕੋ ਦਫਤਰ ਤੋਂ ਵਾਇਸਰਾਏ ਹਿੰਦ ਨੂੰ ਭੇਜੀ ਖੁਫੀਆ ਇਤਲਾਹ ਵਿੱਚ ਲਿਖਿਆ ਹੈ ਕਿ ਈਸ਼ਵਰ ਚੰਦਰ ਦਸਦਾ ਹੈ ਕਿ ਰਾਮਚੰਦਰ ਦੇ ਕਿਸੇ ਨੇੜਲੇ ਸਾਥੀ ਦੇ ਬ੍ਰਿਟਿਸ਼ ਜਸੂਸ ਹੋਣ ’ਤੇ ਸ਼ੱਕ ਹੈ ਅਤੇ ਕੁਝ ਹੋਰਾਂ ਉੱਤੇ ਵੀ ਜਿਹੜੇ ਗ਼ਦਰ ਪਾਰਟੀ ਨਾਲ ਜੁੜੇ ਹੋਏ ਹਨ। ਬਰੈਕਟ ਵਿੱਚ ਲਿਖਿਆ ਹੈ ਕਿ ਇਕ ਨੰਬਰ ਭਾਵ ਵੈਸ਼ਨੋ ਦਾਸ ਬਗਾਈ ਹੈ ।

ਭਾਈ ਭਗਵਾਨ ਸਿੰਘ ਨੇ 2 ਜਨਵਰੀ 1917 ਦਿਨ ਮੰਗਲਵਾਰ ਨੂੰ ਆਪਣੀ ਡਾਇਰੀ ਵਿੱਚ ਲਿਖਿਆ “12 ਵਜੇ ਤੱਕ ਹੋਰ ਕੰਮਾਂ ਵਿੱਚ ਰੁੱਝਿਆ ਰਿਹਾ, ਰਾਮ ਸਿੰਘ ਨੂੰ ਮਿਲ ਕੇ ਬਰਕਲੇ ਬਗਾਈ ਕੋਲ ਗਿਆ, ਬਗਾਈ ਅਤੇ ਸਬਰਵਾਲ ਨਾਲ ਕਈ ਮਸਲਿਆਂ ਤੇ ਗੱਲਾਂ ਕਰਕੇ 1610 ਐਡਿਥ ਸਟਰੀਟ ’ਤੇ ਸੁਸਾਇਟੀ ਦਾ ਪਲਾਟ ਦੇਖਿਆ ਜਿਹੜਾ ਪੰਡਤ ਰਾਮ ਚੰਦਰਾ ਨੇ ਆਪਣੇ ਨਾਂਅ ’ਤੇ ਰਜਿਸਟਰ ਕਰਵਾਇਆ ਹੋਇਆ ਹੈ। ਉਹਨਾਂ ਕੋਲ ਖਾਣਾ ਖਾ ਕੇ ਮੈਂ ਰਾਤੀਂ 9 ਵਜੇ ਘਰ ਮੁੜ ਆਇਆ।”

ਗੁਪਤ ਚਿੱਠੀ ਨੰਬਰ 1236 ਮਿਤੀ 6 ਮਾਰਚ 1917 ਵਿੱਚ ਖੁਫੀਆ ਮਹਿਕਮੇ ਦੇ ਅਫਸਰ ਨੇ ਲਿਖਿਆ ਕਿ ਖੁਫੀਆ ਪੁਲਸ ਦੇ ਉੱਚ ਅਫਸਰ ਪੈਟਰੀ ਨੇ ਵੈਸ਼ਨੋ ਦਾਸ ਬਗਾਈ ਦੀਆਂ ਪਹਿਲਾਂ ਜਸੂਸੀ ਲਈ ਕੀਤੀਆਂ ਚੰਗੀਆਂ ਸੇਵਾਵਾਂ ਦੀ ਸਿਫਤ ਕਰਕੇ ਉਸ ਨੂੰ ਪੀਕਿੰਗ (ਚੀਨ) ਵਿੱਚ ਜਸੂਸੀ ਲਈ ਨੌਕਰੀ ’ਤੇ ਮੁੜ ਰੱਖਣ ਦੀ ਸਿਫਾਰਸ਼ ਕੀਤੀ ਸੀ ।

ਬਗਾਈ ਦੀ ਗ਼ਦਰ ਪਾਰਟੀ ਦੇ ਫੰਡ ਤੋਂ ਇਲਾਵਾ ਜਰਮਨ ਸਰਕਾਰ ਵੱਲੋਂ ਮਿਲੇ ਫੰਡ ਬਾਰੇ ਦਿੱਤੀ ਜਾਣਕਾਰੀ ਸਾਨ ਫਰਾਂਸਿਸਕੋ ਦੀ ਜ਼ਿਲ੍ਹਾ ਅਦਾਲਤ ਵਿੱਚ ਗ਼ਦਰੀਆਂ, ਅਮਰੀਕਨ




ਅਤੇ ਜਰਮਨ ਹਮਦਰਦਾਂ ਉੱਤੇ ਚੱਲੇ ਹਿੰਦੂ ਜਰਮਨ ਸਾਜਿਸ਼ ਕੇਸ ਵਿੱਚ ਗ਼ਦਰੀਆਂ ਖਿਲਾਫ ਵਰਤੀ ਗਈ ਸੀ।

ਗ਼ਦਰ ਲਹਿਰ ਦੇ ਅਣਫੋਲੇ ਵਰਕੇ ਕਿਤਾਬ ਵਿਚ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ-ਪਾਰਟੀ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਬੁਲਾਈ ਗਈ ਅਤੇ ਰਾਮ ਚੰਦਰਾ ਨੂੰ ਹੇਠ ਲਿਖੀਆਂ ਗੱਲਾਂ ’ਤੇ ਸਫ਼ਾਈ ਪੇਸ਼ ਕਰਨ ਲਈ ਕਿਹਾ ਗਿਆ - .....ਬਗਾਈ ਬਰਤਾਨਵੀ ਹਕੂਮਤ ਦਾ ਖੁਫ਼ੀਆ ਏਜੰਟ ਹੈ। ਰਾਮ ਚੰਦਰਾ ਨੇ ਪਾਰਟੀ ਦੇ ਖੁਫ਼ੀਆ ਕਾਗਜ਼ਾਤ ਤੇ ਹਿਸਾਬ ਕਿਤਾਬ ਦੇ ਰਜਿਸਟਰ ਉਸ ਕੋਲ ਕਿਉਂ ਰੱਖੇ? ਸਭ ਕੁਝ ਜਾਣ ਲੈਣ ਦੇ ਬਾਵਜੂਦ ਰਾਮ ਚੰਦਰਾ ਦੇ ਬਗਾਈ ਨਾਲ ਨੇੜੇ ਦੇ ਤੁਅੱਲਕਾਤ ਹਨ। ਕਿਉਂ? (ਪੰਨਾ 136) “ਬਗਾਈ ਰਾਮ ਚੰਦਰਾ ਦਾ ਪੂਰੀ ਤਰ੍ਹਾਂ ਹਿੱਸੇਦਾਰ ਸੀ। ਉਸ ਨੇ ਇਹ ਮੰਨਿਆ ਹੈ ਕਿ ਉਹ ਛੇ ਮਹੀਨੇ ਬਰਤਾਨਵੀ ਸਰਕਾਰ ਤੋਂ ਤਨਖਾਹ ਲੈਂਦਾ ਰਿਹਾ ਸੀ।” (ਪੰਨਾ 138) ਗੌਰਮਿੰਟ ਦੀ ਰਿਪੋਰਟ ਹੋਮ ਐਂਡ ਪੁਲੀਟੀਕਲ, ਮਾਰਚ 1915 ਤੋਂ ਸਾਫ਼ ਪਤਾ ਚਲਦਾ ਹੈ ਕਿ (ਵੈਸ਼ਨੋ ਦਾਸ) ਬਗਾਈ ਬਰਤਾਨਵੀ ਪੁਲਸ ਦਾ ਏਜੰਟ ਸੀ ਅਤੇ ਉਸ ਨੇ ਅੱਗੇ ਏਜੰਟ ਰੱਖੇ ਹੋਏ ਸਨ। ਰਾਮ ਚੰਦਰਾ ਦੇ ਬਗਾਈ ਨਾਲ ਡੂੰਘੇ ਤੁਅੱਲਕਾਤ ਸਨ। ਬਗਾਈ ਦੀਆਂ ਰਿਪੋਰਟਾਂ ’ਤੇ ਹੀ ਹਰਨਾਮ



ਵੈਸ਼ਨੋ ਦਾਸ ਬਗਾਈ

ਸਿੰਘ ਸੈਣੀ ਅਤੇ ਭਾਈ ਬਲਵੰਤ ਸਿੰਘ ਖੁਰਦਪੁਰ ਵਰਗੇ ਆਗੂਆਂ ਨੂੰ ਫਾਂਸੀਆਂ ਲੱਗੀਆਂ ਸਨ ਅਤੇ ਹਥਿਆਰਾਂ ਦੇ ਜਹਾਜ਼ ਫੜੇ ਗਏ ਸਨ। (ਪੰਨਾ 140)

ਪ੍ਰਭਜੋਤ ਸਿੰਘ ਥਿਆੜਾ ਨੇ ਅਲਮੇਡਾ ਕਾਊਂਟੀ ਅਸੈਸਰ ਦਫਤਰ ਵਿੱਚੋਂ ਇਸ ਪਲਾਟ ਦੀ ਖਰੀਦ ਦਾ ਰਿਕਾਰਡ ਕਢਵਾ ਕੇ ਪਤਾ ਲਗਾਇਆ ਹੈ ਕਿ ਗ਼ਦਰ ਪਾਰਟੀ ਦੇ ਫੰਡ ਨਾਲ ਵੈਸ਼ਨੋ ਦਾਸ ਬਗਾਈ ਨੇ 7 ਅਗਸਤ 1916 ਨੂੰ ਇਹ ਪਲਾਟ ਖਰੀਦਿਆ ਸੀ, ਜਿਸ ਬਾਬਤ 2 ਜਨਵਰੀ 1917 ਨੂੰ ਭਗਵਾਨ ਸਿੰਘ ਦੀ ਬਰਕਲੇ ਫੇਰੀ ਸਮੇਂ ਭਾਈ ਭਗਵਾਨ ਸਿੰਘ ਨੂੰ ਪਤਾ ਲੱਗਾ। ਬਗਾਈ ਨੇ ਸੱਤ ਮਾਰਚ 1917 ਨੂੰ ਇਹ ਪਲਾਟ ਭਾਈ ਭਗਵਾਨ ਸਿੰਘ ਦੇ ਨਾਂਅ ਲਵਾ ਦਿੱਤਾ ਤੇ ਅਗਲੇ ਦਿਨ ਭਾਈ ਭਗਵਾਨ ਸਿੰਘ ਨੇ ਇਹੀ ਪਲਾਟ ਪੈਸਿਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ ਦੇ ਨਾਂਅ ਕਰਾ ਦਿੱਤਾ ਸੀ।

ਰਾਮ ਚੰਦਰਾ ਦੀ ਪੁਲਸ ਇੰਟੈਰੋਗੇਸ਼ਨ ਵਿੱਚ ਖੁਫੀਆ ਪੁਲਸ ਦੇ ਅਫਸਰ ਮਿਸਟਰ ਅਟੰਨੀ ਨੇ ਜਦੋਂ ਕੁਝ ਸਵਾਲ ਪੁੱਛੇ ਤਾਂ ਰਾਮ ਚੰਦਰਾ ਹੱਕਾ ਬੱਕਾ ਰਹਿ ਗਿਆ ਸੀ, ਕਿਉਂਕਿ ਜਿਹੜੀਆਂ ਗੱਲਾਂ ਉਸ ਨੇ ਵੈਸ਼ਨੋ ਦਾਸ ਬਗਾਈ ਨਾਲ ਸਾਂਝੀਆਂ ਕੀਤੀਆਂ ਸਨ, ਉਹੀ ਉਸ ਨੂੰ ਪੁੱਛੀਆਂ ਜਾ ਰਹੀਆਂ ਸਨ। ਇਸ ਤੋਂ ਬਾਅਦ ਰਾਮ ਚੰਦਰਾ ਨੇ ਸਾਰੇ ਸਾਥੀਆਂ ਨੂੰ ਦੱਸਿਆ ਕਿ ਵੈਸ਼ਨੋ ਦਾਸ ਬਗਾਈ ਅੰਗਰੇਜ਼ਾਂ ਦਾ ਜਸੂਸ ਹੈ ਅਤੇ ਜਦੋਂ ਗ਼ਦਰੀਆਂ ਨੇ ਵੈਸ਼ਨੋ ਦਾਸ ਬਗਾਈ ਨੂੰ ਪੁੱਛਿਆ ਤਾਂ ਉਸ ਨੇ ਕਹਿ ਦਿੱਤਾ ਕਿ ਮੈਨੂੰ ਤਾਂ ਇਸ (ਰਾਮ ਚੰਦਰਾ) ਨੇ ਹੀ ਬ੍ਰਿਟਿਸ਼ ਜਸੂਸ ਬਣਨ ਲਈ ਕਿਹਾ ਹੋਇਆ ਸੀ।

ਮਗਰੋਂ 16 ਮਾਰਚ, 1928 ਨੂੰ ਸਾਨ ਹੋਜ਼ੇ ਵਿੱਚ ਇੱਕ ਕਿਰਾਏ ਦੇ ਕਮਰੇ ਵਿੱਚ ਗੈਸ ਨਾਲ ਖੁਦਕੁਸ਼ੀ ਕਰਕੇ ਵੈਸ਼ਨੋ ਦਾਸ ਬਗਾਈ ਮਰ ਮੁੱਕਿਆ।

ਵੈਸ਼ਨੋ ਦਾਸ ਬਗਾਈ ਦੇ ਇੱਕ ਬ੍ਰਿਟਿਸ਼ ਜਾਸੂਸ ਹੋਣ ਦੇ ਬਾਵਜੂਦ ਉਸ ਦੀ ਪਤਨੀ ਕਲਾ ਬਗਾਈ, ਉਸ ਦਾ ਪੁੱਤਰ ਰਾਮ ਬਗਾਈ ਅਤੇ ਪੋਤੀ ਰਾਣੀ ਬਗਾਈ ਨੇ ਕਿਹਾ ਕਿ ਸ੍ਰੀ ਬਗਾਈ ਭਾਰਤ ਦੀ ਆਜ਼ਾਦੀ ਦੇ “ਸੱਚੇ ਦੇਸ਼ ਭਗਤ” ਸਨ ਅਤੇ ਸਾਨ ਫਰਾਂਸਿਸਕੋ ਵਿੱਚ ਇਨਕਲਾਬੀ ਗ਼ਦਰ ਪਾਰਟੀ ਦੇ ਮੈਂਬਰ ਸਨ। ਕਲਾ ਬਗਾਈ ਦੇ ਸਨਮਾਨ ਵਿੱਚ ਗਲੀ ਦਾ ਨਾਂਅ ਬਦਲਣ ਦੀ ਮੁਹਿੰਮ ਵਿੱਚ ਬਰਕਲੇ ਦੇ ਕਾਰਕੁਨਾਂ ਦੁਆਰਾ ਵਰਤੀ ਗਈ ਰਿਕਾਰਡਿੰਗ ਵਿੱਚ, ਕਲਾ ਇਸ ਬਾਰੇ ਵਿਸਥਾਰ ਵਿੱਚ ਦੱਸਦੀ ਹੈ ਕਿ ਲੋਕ ਸ੍ਰੀ ਬਗਾਈ ਨੂੰ ਇੱਕ ਬ੍ਰਿਟਿਸ਼ ਜਾਸੂਸ ਕਿਉਂ ਮੰਨਦੇ ਸਨ:-“ਕੁਝ ਲੋਕ... ਨਾ ਸਿਰਫ਼ ਮਤਲਬੀ ਸਨ, ਸਗੋਂ ਈਰਖਾ ਕਰਦੇ ਸਨ ਕਿਉਂਕਿ ਸਾਡੇ ਕੋਲ ਪੈਸੇ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਬਗਾਈ ਅੰਗਰੇਜ਼ੀ ਜਾਸੂਸ ਸੀ । ਉਹ ਅੰਗਰੇਜ਼ੀ ਸਰਕਾਰ ਤੋਂ ਪੈਸੇ ਲੈ ਰਿਹਾ ਸੀ, ਪਰ ਅਜਿਹਾ ਨਹੀਂ ਸੀ... ”


ਵੈਸ਼ਨੋ ਦਾਸ ਬਗਾਈ ਸੰਬੰਧੀ ਇੱਕ ਚਿੱਠੀ ਵਿੱਚ ਉਸ ਦੇ ਪੁੱਤਰ ਰਾਮ ਬਗਾਈ ਨੇ ਰਾਮ ਚੰਦਰਾ ਦੁਆਰਾ ਲਗਾਏ ਗਏ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਵੈਸ਼ਨੋ ਦਾਸ ਬਗਾਈ ਇੱਕ ਬ੍ਰਿਟਿਸ਼ ਜਾਸੂਸ ਸੀ, ਇਸ ਨੂੰ ਸਿਰਫ਼ ਅਫਵਾਹ ਵਜੋਂ ਖਾਰਜ ਕਰਦੇ ਹੋਏ ਲਿਖਿਆ ਕਿ ਉਸ ਦੇ ਪਿਤਾ ਨੂੰ “ਉਸ ਦੇ ਅਖੌਤੀ ਦੋਸਤ ਪੰਡਿਤ ਰਾਮ ਚੰਦਰਾ ਦੇ ਹੱਥਾਂ ਵਿੱਚ ਇੱਕ ਸੰਦ” ਵਜੋਂ ਵਰਤਿਆ ਗਿਆ ਸੀ।

ਰਾਣੀ ਬਗਾਈ ਨੇ ਲਗਾਤਾਰ ਆਪਣੇ ਦਾਦੇ ਨੂੰ ਔਨਲਾਈਨ ਲੇਖਾਂ ਅਤੇ ਵੀਡੀਓਜ਼ ਵਿੱਚ ਇੱਕ ਭਾਰਤੀ ਦੇਸ਼ ਭਗਤ ਦੱਸਿਆ ਹੈ ਜੋ ਭਾਰਤ ਦੀ ਆਜ਼ਾਦੀ ਦੀ ਲੜਾਈ ਪ੍ਰਤੀ ਬਹੁਤ ਭਾਵੁਕ ਸੀ। ਦੱਖਣੀ ਏਸ਼ੀਆਈ ਅਮਰੀਕੀ ਡਿਜੀਟਲ ਆਰਕਾਈਵ ’ਤੇ ਪ੍ਰਦਰਸ਼ਿਤ ਇੱਕ ਵੀਡੀਓ ਇੰਟਰਵਿਊ ਹੈ, ਜਿੱਥੇ ਉਹ ਕਹਿੰਦੀ ਹੈ—“ਜਦੋਂ ਮੇਰੇ ਦਾਦਾ-ਦਾਦੀ ਆਏ...ਮੇਰੇ ਦਾਦਾ ਜੀ ਦੀ, ਮੈਨੂੰ ਲੱਗਦਾ ਹੈ, ਇੱਥੇ ਆਉਣ ਦੀ ਮੁੱਖ ਇੱਛਾ ਭਾਰਤ ਦੀ ਆਜ਼ਾਦੀ ਲਈ ਕੰਮ ਕਰਨਾ ਅਤੇ ਭਾਰਤ ਦੀ ਆਜ਼ਾਦੀ ਲਈ ਲੜਨ ਵਿੱਚ ਮਦਦ ਕਰਨ ਲਈ ਗ਼ਦਰ ਪਾਰਟੀ ਵਿੱਚ ਸ਼ਾਮਲ ਹੋਣਾ ਸੀ। ਇਹ ਉਹ ਚੀਜ਼ ਸੀ, ਜਿਸ ਵਿੱਚ ਮੇਰੇ ਦਾਦਾ ਜੀ ਬਹੁਤ ਵਿਸ਼ਵਾਸ ਕਰਦੇ ਸਨ ਅਤੇ ਚਾਹੁੰਦੇ ਸਨ ਅਤੇ ਉਹ ਨਿਰਾਸ਼ ਮਹਿਸੂਸ ਕਰਦੇ ਸਨ। ਨੌਜਵਾਨ ਦੇ ਰੂਪ ਵਿੱਚ ਬ੍ਰਿਟਿਸ਼ ਦੁਆਰਾ ਉਸ ਦਾ ਪਿੱਛਾ ਕੀਤਾ ਜਾਂਦਾ ਸੀ ਅਤੇ ਉਹ ਖਾੜਕੂ ਸੀ ਅਤੇ ਉਸ ਨੂੰ ਨਹੀਂ ਲਗਦਾ ਸੀ ਕਿ ਉਹ ਭਾਰਤ ਵਿਚ ਕੁਝ ਕਰ ਸਕਦਾ ਹੈ, ਜਿੱਥੇ ਉਸ ਸਮੇਂ ਬੋਲਣ ਦੀ ਆਜ਼ਾਦੀ ਜਾਂ ਆਜ਼ਾਦੀ ਨਹੀਂ ਸੀ। (ਅਮਰੀਕਾ ਵਿੱਚ) ਮੈਂ ਉਹ ਕਰ ਸਕਦਾ ਹਾਂ, ਜੋ ਭਾਰਤ ਵਿੱਚ ਨਹੀਂ ਕਰ ਸਕਦਾ।”

ਪਰਵਾਰ ਉਪਰੋਕਤ ਦਾਅਵੇ ਕਰਨ ਲੱਗਿਆਂ ਭੁੱਲ ਗਿਆ ਕਿ ਪਿਸ਼ਾਵਰ ਦੇ ਉੱਚ ਖੁਫੀਆ ਅਫਸਰ ਮਿ.ਐਡਮ ਨੇ ਵੈਸ਼ਨੋ ਦਾਸ ਬਗਾਈ ਨੂੰ ਅਮਰੀਕਾ ਜਾਣ ਲੱਗੇ ਨੂੰ ਉਸ ਦੀਆਂ ਪਹਿਲੀਆਂ ਜਸੂਸੀ ਸੇਵਾਵਾਂ ਬਦਲੇ 700 ਰੁਪਏ ਦਿੱਤੇ ਸਨ ਅਤੇ ਇਸ ਦਾ ਹਵਾਲਾ ਦੇ ਕੇ ਉਸ ਨੇ ਸਾਨ ਫਰਾਂਸਿਸਕੋ ਵਿੱਚ ਬ੍ਰਿਟਿਸ਼ ਕੌਂਸਲਰ ਨਾਲ਼ ਰਾਬਤਾ ਕਾਇਮ ਕਰਕੇ ਗਦਰੀਆਂ ਦੀ ਜਸੂਸੀ ਕਰਨ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਸਨ। ਬ੍ਰਿਟਿਸ਼ ਕੌਂਸਲਰ ਨੂੰ ਉਸ ਬਾਰੇ ਕੋਈ ਗਲਤ ਫਹਿਮੀ ਹੋਈ ਤਾਂ ਵੈਸ਼ਨੋ ਦਾਸ ਬਗਾਈ ਨੇ ਕਿਹਾ ਸੀ ਕਿ ਜੇ ਮੈਨੂੰ ਮੁਖਬਰ ਦੀ ਨੌਕਰੀ ਨਾ ਦਿੱਤੀ ਤਾਂ ਪਰਵਾਰ ਸਮੇਤ ਇੰਗਲੈਂਡ ਚਲਾ ਜਾਵਾਂਗਾ। ਗਦਰ ਪਾਰਟੀ ਵਿੱਚ ਸ਼ਾਮਲ ਹੋਣ ਅਮਰੀਕਾ ਜਾਣ ਦੀ ਬਜਾਏ ਉਸ ਲਈ ਵਧੀਆ ਮੌਕਾ ਸੀ, ਉਹ ਭਾਰਤ ਵਿੱਚ ਗ਼ਦਰੀਆਂ ਦਾ ਸਾਥ ਦਿੰਦਾ, ਕਿਉਂਕਿ ਉਦੋਂ ਗ਼ਦਰੀ ਦੇਸ਼ ਭਗਤ ਵੱਖ ਵੱਖ ਮੁਲਕਾਂ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਭਾਰਤ ਆਏ ਹੋਏ ਸੀ। ਜੇਕਰ ਉਹ ਸੱਚਮੁੱਚ ਹੀ ਦੇਸ਼ ਪਿਆਰ ਕਰਕੇ ਆਇਆ ਸੀ ਤਾਂ ਅਮਰੀਕਾ ਵਿੱਚ ਆਪਣੀ ਨਾਗਰਿਕਤਾ ਖੁੱਸਣ ਮਗਰੋਂ ਆਤਮ-ਹੱਤਿਆ ਕਰਨ ਨੂੰ ਪਹਿਲ ਦੇਣ ਦੀ ਬਜਾਏ ਉਹ ਕਿਸੇ ਹੋਰ ਦੇਸ਼ ਵਿੱਚ ਜਾ ਕੇ ਭਾਰਤ ਦੀ ਆਜ਼ਾਦੀ ਲਈ ਕੰਮ ਕਰਦਾ।

ਅਮਰੀਕਾ ਦੇ ਕੈਲੇਫੋਰਨੀਆ ਸੂਬੇ ਦੇ ਸ਼ਹਿਰ ਬਰਕਲੇ ਦੀ ਇੱਕ ਗਲ਼ੀ ਦਾ ਨਾਂਅ ਸੰਨ 2020 ਵਿੱਚ ਡਬਲ-ਏਜੰਟ ਗੱਦਾਰ ਬ੍ਰਿਟਿਸ਼ ਬਸਤੀਵਾਦੀ ਮੁਖਬਰ ਵੈਸ਼ਨੋ ਦਾਸ ਬਗਾਈ ਦੀ ਪਤਨੀ ਕਲਾ ਬਗਾਈ ਦੇ ਨਾਂਅ ’ਤੇ ‘ਕਲਾ ਬਗਾਈ ਵੇਅ’ ਰੱਖਿਆ ਗਿਆ ਹੈ, ਇਹ ਨਾਂਅ ਅਜਿਹੇ ਸ਼ਖਸ ਦੀ ਪਤਨੀ ਦੇ ਨਾਂਅ ’ਤੇ ਰੱਖਿਆ ਗਿਆ ਸੀ, ਜਿਸ ਨੇ ਗ਼ਦਰ ਲਹਿਰ ਦੇ ਆਜ਼ਾਦੀ ਘੁਲਾਟੀਆਂ ਨਾਲ ਧੋਖਾ ਕੀਤਾ ਸੀ, ਜਿਨ੍ਹਾਂ ਦਾ ਉਹ “ਅਖੌਤੀ ਦੋਸਤ” ਸੀ। ਗ਼ਦਰੀਆਂ ਦੇ ਅੱਖੀਂ ਘੱਟਾ ਪਾਉਣ ਲਈ ਉਹ ਗਦਰ ਪਾਰਟੀ ਦਾ ਹਮਦਰਦ ਬਣ ਕੇ ਗ਼ਦਰ ਪਾਰਟੀ ਦੇ ਧਨ ਦਾ ਹਿਸਾਬ-ਕਿਤਾਬ ਦੀ ਸੇਵਾ ਕਰਦਾ ਰਿਹਾ ਸੀ।

ਵੈਸ਼ਨੋ ਦਾਸ ਬਗਾਈ ਦੀ ਪਤਨੀ ਕਲਾ ਬਗਾਈ, ਉਸ ਦੇ ਪੁੱਤਰ ਰਾਮ ਬਗਾਈ ਅਤੇ ਪੋਤਰੀ ਰਾਣੀ ਬਗਾਈ ਦੀਆਂ ਵੀਡੀਓ ਅਤੇ ਲਿਖਤਾਂ ਦੇ ਆਧਾਰ ’ਤੇ ਬਰਕਲੇ ਦੀ ਗਲੀ ਦਾ ਨਾਂਅ ਕਲਾ ਬਗਾਈ ਵੇਅ ਰੱਖਿਆ ਗਿਆ। ਪ੍ਰਭਜੋਤ ਸਿੰਘ ਥਿਆੜਾ ਵੱਲੋਂ ਖੋਜ ਕਰਕੇ ਪ੍ਰਾਪਤ ਕੀਤੇ ਗਏ ਦਸਤਾਵੇਜ਼ਾਂ ਦੇ ਮੱਦੇਨਜ਼ਰ ਕੀ ਪਰਵਾਰ ਇਨ੍ਹਾਂ ਗੱਲਾਂ ਦਾ ਜਵਾਬ ਦੇ ਸਕੇਗਾ ਕਿ ਜੇਕਰ ਵੈਸ਼ਨੋ ਦਾਸ ਬਗਾਈ ਦੇਸ਼ ਭਗਤ ਸੀ ਤਾਂ ਉਸ ਨੂੰ ਗ਼ਦਰ ਪਾਰਟੀ ਦੇ ਦਫਤਰ ਵਿੱਚ ਕੰਮ ਕਰਨ ਬਦਲੇ ਸਾਨ ਫਰਾਂਸਿਸਕੋ ਦੀ ਜ਼ਿਲ੍ਹਾ ਅਦਾਲਤ ਵਿੱਚ ਚੱਲੇ ਹਿੰਦੂ ਜਰਮਨ ਸਾਜ਼ਿਸ਼ ਕੇਸ ਵਿੱਚ ਗ੍ਰਿਫਤਾਰ ਕਰਕੇ ਉਸ ਉਤੇ ਮੁਕੱਦਮਾ ਕਿਉਂ ਨਹੀਂ ਚਲਾਇਆ ਗਿਆ? ਭਾਰਤ ਤੋਂ ਅਮਰੀਕਾ ਆਉਣ ਤੋਂ ਪਹਿਲਾਂ ਉਹ ਅੰਗਰੇਜ਼ਾਂ ਦਾ ਤਨਖਾਹਦਾਰ ਜਸੂਸ ਸੀ, ਜਿਸ ਦੀ ਸਿਫਤ ਖੁਫੀਆ ਮਹਿਕਮੇ ਦੇ ਉੱਚ ਅਧਿਕਾਰੀ ਵੀ ਕਰਦੇ ਹਨ। ਖੁਫੀਆ ਮਹਿਕਮੇ ਦੇ ਉੱਚ ਅਧਿਕਾਰੀਆਂ ਦੀ ਸਿਫਾਰਿਸ਼ ’ਤੇ ਹੀ ਸਾਨ ਫਰਾਂਸਿਸਕੋ ਵਿਚਲੇ ਬ੍ਰਿਟਿਸ਼ ਕੌਂਸਲ ਦੇ ਦਫਤਰ ਦੇ ਅਫਸਰਾਂ ਨੇ ਉਸ ਨੂੰ ਗ਼ਦਰ ਹੈੱਡਕੁਆਰਟਰ ਵਿੱਚ ਗ਼ਦਰੀਆਂ ਦੀ ਜਾਸੂਸੀ ਲਈ ਤਨਖਾਹ ’ਤੇ ਰੱਖਿਆ ਸੀ। ਰਾਮ ਚੰਦਰਾ ਨਾਲ ਮਿਲ ਕੇ ਉਹ ਗ਼ਦਰ ਪਾਰਟੀ ਦੇ ਧਨ ਦੀ ਹੇਰਾ ਫੇਰੀ ਵਿੱਚ ਕਿਉਂ ਸ਼ਾਮਲ ਹੋਇਆ ਸੀ?




# ਬਾਲ ਕੋਨਾ

### ਬਾਲ ਕਹਾਣੀ

## ਬਾਂਦਰ ਦਾ ਵਿਆਹ

ਬਹੁਤ ਪੁਰਾਣੀ ਗੱਲ ਹੈ।ਦੂਰ ਦੇਸ਼ ਵਿੱਚ ਇੱਕ ਜੰਗਲ ਸੀ।ਜੰਗਲ ਵਿੱਚ ਮਾਨਕ ਨਾਂਅ ਦਾ ਇੱਕ ਬਾਂਦਰ ਰਹਿੰਦਾ ਸੀ।ਉਹ ਬਹੁਤ ਨਟਖੱਟ ਤੇ ਮਿਹਨਤ ਸੀ।ਮਾਨਕ ਜਦੋਂ ਵੱਡਾ ਹੋ ਗਿਆ ਤਾਂ ਦੂਰ ਦੇ ਜੰਗਲ ਵਿੱਚ ਉਸਦਾ ਵਿਆਹ ਨਿਸ਼ਚਿਤ ਹੋਇਆ।ਜਦੋਂ ਬਰਾਤ ਗਈ ਤਾਂ ਜੰਗਲ ਦਾ ਰਾਜਾ ਸ਼ੇਰ, ਗਿਲਹਰੀ, ਗੁਟਾਰ ਸਮੇਤ ਹੋਰ ਪੰਛੀ ਅਤੇ ਜਾਨਵਰ ਸਭ ਬਰਾਤ ਨਾਲ ਗਏ ਤੇ ਨਾਲ ਹੀ ਮੀਕੂ ਚੂਹਾ ਵੀ ਬਰਾਤ ਵਿੱਚ ਗਿਆ।ਜੋ ਕਿ ਆਪਣੀਆਂ ਸ਼ਰਾਰਤਾਂ ਤੇ ਲਈ ਪੂਰੇ ਜੰਗਲ ਵਿੱਚ ਜਾਣਿਆ ਜਾਂਦਾ ਸੀ।ਬਰਾਤ ਬੜੀ ਧੂਮਧਾਮ ਨਾਲ਼ ਪਹੁੰਚੀ ਤੇ ਸਭ ਨੇ ਬਰਾਤ ਦਾ ਪੂਰਾ ਅਨੰਦ ਲਿਆ। ਪਰ ਮੀਕੂ ਚੂਹੇ ਨੇ



ਭੋਜਨ ਕਾਫੀ ਬਰਬਾਦ ਕੀਤਾ।ਉਹ ਖਾਂਦਾ ਘੱਟ ਸੀ ਅਤੇ ਕੁਤਰ-ਕੁਤਰ ਕੇ ਜਿਆਦਾ ਸੁੱਟਦਾ ਰਿਹਾ।ਇਹ ਦੇਖ ਕੇ ਬਾਂਦਰ ਦੇ ਨਾਲ਼-ਨਾਲ਼ ਹੋਰ ਸਾਰੇ ਬਰਾਤੀ ਵੀ ਨਰਾਜ਼ ਹੋਏ। ਉਹਨਾਂ ਨੇ ਇਸ ਬਾਰੇ ਉਸਨੂੰ ਸਮਝਾਇਆ ਕਿ ਉਹ ਆਪਣੀਆਂ ਸ਼ਰਾਰਤਾਂ ਤੋਂ ਵਾਜ ਆ ਜਾਵੇ, ਪਰ ਮੀਕੂ ਚੂਹਾ ਕਿੱਥੇ ਸਮਝਣ ਵਾਲਾ ਸੀ। ਅਖੀਰ ਸ਼ੇਰ ਨੂੰ ਉਸ ਦੀਆਂ ਸ਼ਰਾਰਤਾਂ ਬਾਰੇ ਪਤਾ ਲੱਗਿਆ ਤੇ ਉਸਨੂੰ ਮੀਕੂ ’ਤੇ ਬਹੁਤ ਗੁੱਸਾ ਆਇਆ।ਸ਼ੇਰ ਨੇ ਉਸ ਨੂੰ ਆਪਣੇ ਕੋਲ਼ ਬੁਲਾ ਕੇ ਸਮਝਾਇਆ ਤਾਂ ਮੀਕੂ ਨੇ ਆਪਣੀ ਗਲਤੀ ਮੰਨ ਲਈ ਤੇ ਅੱਗੇ ਤੋਂ ਅਜਿਹਾ ਨਾ ਕਰਨ ਬਾਰੇ ਵਾਅਦਾ ਵੀ ਕੀਤਾ।ਇਸ ਤਰ੍ਹਾਂ ਮੀਕੂ ਨੇ ਆਪਣੀ ਸੁਭਾਅ ਵਿੱਚ ਤਬਦੀਲੀ ਲਿਆਂਦੀ ਤੇ ਚੰਗਾ ਬਣ ਗਿਆ।

ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਸੇ ਵੀ ਲੰਗਰ, ਭੰਡਾਰੇ, ਵਿਆਹ, ਪਾਰਟੀ, ਸਮਾਗਮ ਆਦਿ ਦੇ ਮੌਕੇ ਭੋਜਨ ਦੀ ਲੋੜ ਅਨੁਸਾਰ ਹੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਭੋਜਨ ਦੀ ਬੇਕਦਰੀ ਕਦੇ ਨਹੀਂ ਕਰਨੀ ਚਾਹੀਦੀ।

**- ਮਾਸਟਰ ਸੰਜੀਵ ਧਰਮਾਣੀ**
ਸੰਪਰਕ : 94785-61356







ਇਹ ਪੇਂਟਿੰਗ ਅਮੋਲਰੂਪ ਕੌਰ, ਪੰਜਵੀਂ, ਸਰਕਾਰੀ ਐਲੀਮੈਂਟਰੀ ਸਕੂਲ ਅਸਰਪੁਰ, ਪਟਿਆਲਾ ਦੀਆਂ ਹਨ।